# ਮਨੂੰ ਸਿਮ੍ਰਤੀ



ਪੂਰਾਤਨ ਹਿੰਦੂ ਧਰਮ ਸ਼ਾਸਤ੍ਰ

# ਦੋ ਸ਼ਬਦ

ਹੱਥਲਾ 'ਮਨੂੰ ਸਿਮ੍ਰਤੀ' ਸਿਮ੍ਰਤੀ ਸ਼ਾਸਤਰਾਂ ਵਿਚ ਸਭ ਤੋਂ ਪ੍ਰਮੁੱਖ ਅਤੇ ਸੰਸਾਰ ਪ੍ਰਸਿੱਧ ਗ੍ਰੰਥ ਹੈ। ਆਰੀਆ-ਸੰਸਕ੍ਰਿਤੀ ਦੇ ਪ੍ਰਾਚੀਨ ਰਹਿਣ-ਸਹਿਣ ਅਤੇ ਚਹੁੰ ਵਰਣਾਂ ਅਤੇ ਆਸ਼ਰਮਾਂ ਨਾਲ ਸੰਬੰਧਤ ਸਾਰੇ ਨੇਮਾਂ ਦਾ ਮੇਲ ਇਸ ਵਿਚ ਹੈ। ਇਹ ਗ੍ਰੰਥ ਨਿਰਾ ਧਰਮ ਗ੍ਰੰਥ ਹੀ ਨਹੀਂ, ਬਲਕਿ ਖਾਸ ਤੌਰ ਤੇ ਨੀਤੀ ਗ੍ਰੰਥ ਵੀ ਹੈ ਅਤੇ ਅੱਜ ਵੀ ਇਸ ਦੀ ਮਾਨਤਾ ਅਤੇ ਮਹੱਤਵ ਓਨਾ ਹੀ ਹੈ ਜਿੰਨਾ ਕਿ ਪੁਰਾਤਨ ਯੁੱਗ ਵਿਚ ਸੀ। ਹਿੰਦੂ ਧਰਮ ਸੰਬੰਧੀ ਵਿਵਾਦਾਂ ਵਿਚ ਹੁਣ ਵੀ ਕਾਨੂੰਨ ਗ੍ਰੰਥ ਦੇ ਰੂਪ ਵਿਚ ਇਸ ਦੇ ਪ੍ਰਮਾਣ ਕਚਹਿਰੀਆਂ ਵਿਚ ਮੰਨਣ ਯੋਗ ਹਨ।

ਇਸ ਵਿਚ ਰਾਜ-ਧਰਮ ਉਤੇ ਵੀ ਚੰਗਾ ਚਾਨਣਾ ਪਾਇਆ ਗਿਆ ਹੈ। ਰਾਜਾ ਦੇ ਲਈ ਇਹ ਜ਼ਰੂਰੀ ਹੈ ਕਿ ਉਹ ਯੋਗ ਦੰਡ ਧਾਰਨ ਕਰਨ ਵਾਲਾ (ਸੰਨਿਆਸੀ) ਹੋ ਕੇ ਨਿਆਂਪੂਰਵਕ ਰਾਜ ਦਾ ਪਾਲਣ ਕਰਨ ਵਾਲਾ ਹੋਵੇ। ਉਸਨੂੰ ਦੇਸ਼, ਕਾਲ, ਸ਼ਕਤੀ, ਵਿਦਿਆ ਅਤੇ ਵਿੱਤ ਦੇ ਅਨੁਸਾਰ ਅਪਰਾਧੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। 'ਸ. ਰਾਜਾ ਪੁਰਸ਼ੋ ਦੰਡ : ਸ ਨੇਤਾ ਸ਼ਾਸਿਤਾ ਚਸ' ਦੇ ਅਨੁਸਾਰ ਦੰਡ ਹੀ ਰਾਜਾ ਹੈ, ਉਹ ਹੀ ਨੇਤਾ, ਉਹ ਹੀ ਰਾਜ ਕਰਨ ਵਾਲਾ ਅਤੇ ਉਹ ਹੀ ਰਖਿਆ ਕਰਨ ਵਾਲਾ ਹੈ ਅਤੇ 'ਦੰਡ ਧਰਮ ਵਿਦੁਰਬੁੱਧਾ:' ਜਿਹੜੇ ਪੰਡਤ ਹਨ ਉਹ ਦੰਡ ਨੂੰ ਹੀ ਧਰਮ ਕਹਿੰਦੇ ਹਨ। ਇਸਦੇ ਅਨੁਸਾਰ ਹੀ ਰਾਜ ਧਰਮ ਸੀ ਅਤੇ ਉਹ ਰਾਜ ਧਰਮ ਨੂੰ ਅੱਜ ਵੀ ਨਕਾਰਿਆ ਨਹੀਂ ਜਾ ਸਕਦਾ।

ਮਨੂੰ ਸਿਮ੍ਰਤੀਕਾਰ ਨੇ ਬ੍ਰਹਮਚਾਰਯ, ਗ੍ਰਹਿਸਤ, ਵਨਪ੍ਰਸਤ ਅਤੇ ਸੰਨਿਆਸ ਇਹਨਾਂ ਚਾਰਾਂ ਆਸ਼ਰਮਾਂ ਦੇ ਕਰਤੱਵਾਂ ਤੇ ਪੂਰਾ ਪ੍ਰਕਾਸ਼ ਕੀਤਾ ਹੈ। ਇਸ ਵਿਚ ਜਿਸ ਵਿਹਾਰ ਦੀ ਪ੍ਰਸੰਸਾ ਕੀਤੀ ਗਈ ਹੈ ਉਹ ਆਚਾਰ ਵਿਹਾਰ ਅੱਜ ਵੀ ਪ੍ਰਸੰਸਾ ਦੇ ਯੋਗ ਹੈ ਅਤੇ ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ ਮਨੂੰ ਸਿਮ੍ਰਤੀ ਵਿਚ ਅੱਜ ਵੀ ਨਿਸ਼ਚਿਤ ਸਭਿਆਚਾਰ ਸਾਰੇ ਆਸ਼ਰਮਾਂ ਦਾ ਮਾਰਗ ਦਰਸ਼ਨ ਕਰ ਰਿਹਾ ਹੈ। ਅੱਜ ਵੀ ਉਹ ਮਨੁੱਖ ਜਿਨ੍ਹਾਂ ਦੀ ਕੋਈ ਗਿਣਤੀ ਹੀ ਨਹੀਂ, ਉਸ ਸਭਿਆਚਾਰ ਦੇ ਪਾਲਣ ਵਿਚ ਜੁੱਟੇ ਰਹਿਣ ਵਿਚ ਆਪਣੇ ਆਪ ਨੂੰ ਸਫਲ ਸਮਝਦੇ ਹਨ।

ਸਾਨੂੰ ਆਸ਼ਾ ਹੈ ਕਿ ਪਾਠਕ ਇਸ ਗ੍ਰੰਥ ਤੋਂ ਪੂਰਾ-ਪੂਰਾ ਲਾਭ ਉਠਾਉਣਗੇ।

—ਪ੍ਰਕਾਸ਼ਕ

# ਵਿਸ਼ਾ ਸੂਚੀ

## ਪਹਿਲਾ ਅਧਿਆਇ – ੧੦

ਜਗਤ ਦੀ ਉਤਪਤੀ ਕਥਨ, ਜਲ ਸ੍ਰਿਸ਼ਟੀ ਕਰਮ, ਬ੍ਰਹਮਾ ਦੀ ਉਤਪਤੀ, ਨਾਰਾਇਣ ਸ਼ਬਦ ਅਰਥ ਕਥਨ, ਬ੍ਰਹਮ ਸਰੂਪ ਕਥਨ, ਦੇਵਗਣ ਦੀ ਸ੍ਰਿਸ਼ਟੀ, ਵੇਦਾਂ ਦੀ ਸ੍ਰਿਸ਼ਟੀ, ਵਰਣਾਂ ਦੀ ਉਤਪਤੀ, ਔਰਤ ਪੁਰਸ਼ ਦੀ ਸ੍ਰਿਸ਼ਟੀ, ਮਨੂੰ ਅਤੇ ਮਰੀਚ ਆਦਿ ਦੀ ਉਤਪਤੀ, ਯਕਸ਼ ਗੰਧਰਵ ਆਦਿ ਦੀ ਉਤਪਤੀ, ਮੇਘ ਆਦਿ ਦੀ ਸ੍ਰਿਸ਼ਟੀ, ਪਸ਼ੂ ਪੰਛੀ ਆਦਿ ਦੀ ਉਤਪਤੀ, ਕੀੜੇ-ਮਕੌੜੇ ਆਦਿ ਦੀ ਉਤਪਤੀ, ਦਰੱਖਤ ਪੌਦਿਆਂ ਦੀ ਉਤਪਤੀ, ਮਹਾਲਯ ਸਥਿਤੀ, ਜੀਵਾਂ ਦਾ ਉਤਕ੍ਰਮਣ, ਜੀਵਾਂ ਦਾ ਮਰਣ, ਮਨਵੰਤਰ, ਅਹੋਰਾਤਰ, ਚਤੁਰਯੁਗ ਪਰਮਾਣ, ਬ੍ਰਹਮਾ ਦਾ ਅਹੋਰਾਤਰ, ਯੁੱਗ-ਯੁੱਗ ਵਿਚ ਆਯੂ ਪਰਮਾਣ, ਬ੍ਰਾਹਮਣ, ਖਤਰੀ-ਵੈਸ਼-ਸ਼ੂਦਰ-ਦੇ ਕਰਮ, ਬ੍ਰਹਮਾ ਦਾ ਸ੍ਰੇਸ਼ਟਤਾ ਆਦਿ।

## ਦੂਸਰਾ ਅਧਿਆਇ – ੧੧

ਧਰਮ ਦੇ ਆਮ ਲਛਣ ਧਰਮ ਦੀ ਵੇਦਮੂਲਤਾ, ਸ਼ਰੁਤੀ ਸਿਮ੍ਰਤੀ ਪਰਮਾਣ, ਧਰਮ ਦੇ ਅਨੁਸਾਰ, ਯੋਗ ਦੇਸ਼ ਕਥਨ, ਬ੍ਰਹਮਾ ਵਰਤ ਦੇਸ਼ੀਯਾ ਸਦਾਚਾਰ, ਦੋ ਜਾਤੀਆਂ ਦਾ ਵੈਦਕ ਮੰਤਰ ਦੇ ਗਰਭਾ ਧਾਨ ਆਦਿ ਕਰਤੱਵ, ਜਾਤ ਕਰਮ, ਨਾਮਕਰਣ, ਔਰਤ ਦਾ ਨਾਮਕਰਣ, ਅੰਨ ਪ੍ਰਾਸ਼ਨ, ਚੂੜਾ ਕਰਣ, ਉਪਨੈਨ, ਕ੍ਰਿਸ਼ਨਾ ਆਦਿ ਧਾਰਣ, ਭੋਜਨ ਦੇ ਨਿਯਮ, ਅਤਿਭੋਜਨ ਨਿਸ਼ੇਧ, ਆਚਮਨ ਵਿਧੀ, ਕੇਸ਼ਾਂ ਦਾ ਸੰਸਕਾਰ, ਵੇਦ ਅਧਿਐਨ ਵਿਧੀ, ਗੁਰੂ ਵੰਦਨਾ ਵਿਧੀ, ਪ੍ਰਣਾਮ, ਵਚਨਾਂ ਦੀ ਉਤਪਤੀ, ਸਾਵਿੱਤਰੀ ਦੀ ਉਤਪਤੀ, ਸਾਵਿੱਤਰੀ ਜਾਪ ਦਾ ਫਲ, ਵਚਨ-ਵਿਆਹੁਤਾ ਔਰਤ ਦੀ ਪ੍ਰਸੰਸਾ, ਵਚਨ ਪ੍ਰਸੰਸਾ, ਇੰਦਰੀਆਂ ਤੇ ਕਾਬੂ, ਸ਼ਾਮ ਦੀ ਵੰਦਨਾ, ਜਪ-ਯਗ ਫਲ ਦਾ ਅਧਿਐਨ, ਬਿਨਾਂ ਵੇਦ ਗ੍ਰਹਿਣ ਨਿਸ਼ੇਧ, ਗੁਰੂ ਦਾ ਸਵਾਗਤ, ਬਜ਼ੁਰਗਾਂ ਦਾ ਸਵਾਗਤ, ਭਰਾ ਦੀ ਪਤਨੀ ਦਾ ਸਵਾਗਤ, ਵੱਡੀ ਭੈਣ ਦਾ ਸਵਾਗਤ, ਰੋਜ਼ਾਨਾ ਇਸ਼ਨਾਨ, ਪਿੱਤਰਾਂ ਨੂੰ ਪਾਣੀ ਦੇਣਾ, ਯੱਗ ਕਰਨਾ, ਬ੍ਰਹਮਚਾਰੀ ਦੇ ਕਰਤੱਵ, ਗੁਰੂ ਦੇ ਕੁਲ ਤੇ ਰਹਿ ਕੇ ਪੜ੍ਹਾਈ ਕਰਨ ਦੇ ਨਿਯਮ, ਗੁਰੂ ਦਾ ਨਿਰਾਦਰ ਸੁਣਨ ਦੀ ਮਨਾਹੀ, ਜਵਾਨ ਗੁਰੂ ਪਤਨੀ ਦਾ ਆਦਰ, ਜ਼ਿੰਦਗੀ ਭਰ ਗੁਰੂ ਦੀ ਸੇਵਾ, ਗੁਰੂ ਦੀ ਭੇਟਾ, ਗੁਰੂ ਕੁਲ ਦੀ ਸੇਵਾ ਅਤੇ ਜਤੀ ਸਤੀ ਰਹਿਣ ਦਾ ਫਲ ਆਦਿ।

## ਤੀਸਰਾ ਅਧਿਆਇ –33

ਜਤੀ ਸਤੀ ਰਹਿਣ ਦੀ ਵਿਧੀ, ਅਸਪਿੰਡ ਕੰਨਿਆ ਨਾਲ ਵਿਆਹ, ਚਾਰਾਂ ਵਰਣਾਂ ਦਾ ਭਾਰਯਾ-ਪਰਿਗ੍ਰਹ, ਵਿਆਹ ਦੇ ਅੱਠ ਪ੍ਰਕਾਰ, ਵਿਆਹ ਦਾ ਫਲ, ਸਵਰਣ ਵਿਆਹ ਵਿਧੀ, ਅਸਵਰਣ ਵਿਆਹ ਵਿਧੀ, ਦਾਰੋਪਗਸਨ, ਰਿਤੂ ਕਾਜ ਦਾ ਸਮਾਂ, ਮਿਥੁਨ ਰਾਸ ਵਿਚ ਪੁਤਰਾਂ ਦੀ ਉਤਪਤੀ, ਕੰਨਿਆ ਵੇਚਣ ਦਾ ਅਪਰਾਧ, ਔਰਤ ਦਾ ਧਨ ਲੈਣ ਦਾ ਅਪਰਾਧ, ਕੰਨਿਆ ਆਦਿ ਦੇ ਪੂਜਨ-ਅਪੂਜਨ ਦਾ ਫਲ, ਦੰਪਤੀ-ਸੰਤੋਸ਼ ਫਲ, ਪੰਚ ਮਹਾਯਗ ਅਨੁਸ਼ਠਾਨ ਨਿਤ ਕਰਤੱਵ, ਹੋਮਸੇ ਵਰਿਸ਼ਠ, ਗ੍ਰਹਿਸਥ ਦੀ ਪ੍ਰਸੰਸਾ, ਰਿਸ਼ੀ ਆਦਿ ਦਾ ਪੂਜਨ ਜ਼ਰੂਰੀ ਕਰਤੱਵ, ਬਲਿਵੈਸ਼ਵ-ਦੇਵ, ਭਿਕਸ਼ਾ ਦਾਨ, ਸਤਪਾਤਰ ਨੂੰ ਦਾਨ, ਮਹਿਮਾਨ ਦਾ ਸਤਿਕਾਰ, ਪ੍ਰਿਯ ਵਚਨ-ਜਨ-ਆਸਨ ਦਾਨ, ਭੋਜਨ ਕੁਲ ਗੋਤ ਕਥਨ ਦੀ ਮਨਾਹੀ, ਗਰਭਵਤੀ ਔਰਤ ਪਹਿਲਾ ਭੋਜਨ ਦੇ ਯੋਗ ਹੈ, ਪਤੀ-ਪਤਨੀ ਦਾ ਕਰਤੱਵ ਅਵਸ਼ਿਸ਼ਟ ਭੋਜਨ, ਆਤਮਾਰਥਪਾਕ ਨਿਸ਼ੇਧ, ਮੌਸਿਆ ਪਾਵਨ ਸ਼੍ਰੋਤਿਆ ਪ੍ਰਸੰਸਾ, ਸ਼ਰਾਧ ਵਿਚ ਮਿਤਰਾਂ ਆਦਿ ਭੋਜਨ ਦੀ ਮਨਾਹੀ, ਸ਼ਰਾਧ ਵਿਚ ਮੂਰਖ ਬ੍ਰਾਹਮਣ ਭੋਜਨ ਦੀ ਮਨਾਹੀ, ਸ਼ਰਾਧ ਵਿਚ ਵੇਦ ਵਿਗਾਂ ਨੂੰ ਹੀ ਭੋਜਨ ਕਰਾਉਣਾ, ਕਰਤੱਵ ਪਿਤਰ ਕਰਮ ਵਿਚ ਬ੍ਰਾਹਮਣ ਦੀ ਪ੍ਰੀਖਿਆ, ਪਿੰਡ ਦਾਨ ਆਦਿ ਵਿਧੀ, ਪਿਤਰ ਆਦਿ ਬ੍ਰਾਹਮਣ ਭੋਜਨ ਦੀ ਵਿਧੀ, ਪਰਿਵੇਸ਼ਣ ਵਿਧੀ, ਸ਼ਰਧਾਪੂਰਵਕ ਦਾਨ, ਰਾਤ ਦੇ ਸ਼ਰਾਧ ਦੀ ਮਨਾਹੀ, ਪਿੱਤਰਾਂ ਨੂੰ ਪਾਣੀ ਦੇਣਾ ਫਲ ਆਦਿ।

## ਚੌਥਾ ਅਧਿਆਇ –48

ਬ੍ਰਹਮਚਾਰੀਆ, ਗ੍ਰਹਿਸਥ ਕਾਲ, ਯਗ ਕਰਦੇ ਰਹਿਣ ਦਾ ਜੀਵਨ, ਸੰਤੋਖ ਦੀ ਪ੍ਰਸੰਸਾ, ਲਾਭਦਾਇਕ ਵਰਤ, ਕਰਤੱਵ, ਇੰਦਰਯਾਰਥ ਆਸਕਤੀ ਨਿਸ਼ੇਧ, ਵੇਦਾਰਥ ਵਿਰੋਧੀ ਕਰਮ ਦਾ ਤਿਆਗ, ਵਯ-ਕੁਲ ਦੇ ਅਨੁਰੂਪ ਆਚਰਣ, ਇੰਦ੍ਰੀ ਸੰਜਮ ਪ੍ਰਸੰਸਾ, ਅਤਿਥੀ ਪੂਜਨ, ਪਖੰਡੀ ਆਦਿ ਅਰਚਨ ਨਿਸ਼ੇਧ, ਸੂਰਜ ਦਰਸ਼ਨ ਦੀ ਮਨਾਹੀ, ਮਾਹਵਾਰੀ ਇਸਤਰੀ ਨਾਲ ਭੋਗ ਕਰਨ ਦੀ ਮਨਾਹੀ, ਯਾਤਰਾ ਕਰਨ ਦੀ ਮਨਾਹੀ, ਨੰਗੇ ਸਿਰ ਸ਼ਨਾਨ ਕਰਨ ਦੀ ਮਨਾਹੀ, ਇੰਦਰ ਧਨੁਸ਼ ਦਰਸ਼ਨ ਕਰਨ ਦੀ ਮਨਾਹੀ, ਰਾਤ ਨੂੰ ਤੇਲ ਦੇ ਬਣੇ ਭੋਜਨ ਦੀ ਅਤੇ ਨੰਗੇ ਸਰੀਰ ਸੌਣ ਦੀ ਮਨਾਹੀ, ਸ਼ੂਦਰ ਨਾਲ ਵਰਤ ਵਿਚ ਗੱਲ ਕਰਨ ਦੀ ਮਨਾਹੀ, ਬ੍ਰਹਮ ਮਹੂਰਤ ਵਿਚ ਉਠਣਾ ਕਰਤੱਵ, ਸਵੇਰੇ-ਸਵੇਰੇ ਹਵਨ ਕਰਨਾ, ਵੇਦਤ੍ਰੈ, ਦੇ ਵਤਾਂ, ਕਥਨ, ਪਰਦਾਰ ਨਿੰਦਾ, ਪਿਆਰਾ ਸੱਚ ਵਚਨ ਕਰਤੱਵ, ਦੁਰਾਚਾਰ ਦੀ ਨਿੰਦਾ, ਆਚਾਰ ਪ੍ਰਸੰਸਾ, ਯਮ ਨਿਯਮ ਸ਼ਰਧਾ-ਦਾਨ ਦਾ ਫਲ, ਵੇਦਦਾਨ ਪ੍ਰਸੰਸਾ, ਝੂਠ ਦੀ ਨਿੰਦਾ ਆਦਿ।

## ਪੰਜਵਾਂ ਅਧਿਆਇ — 63

ਮਰਨ ਬਾਰੇ ਬੇਮਾਇਨੇ ਗੱਲਬਾਤ ਦੀ ਮਨਾਹੀ, ਲਸਣ ਆਦਿ ਖਾਣ ਦਾ ਪ੍ਰਾਸਚਿਤ, ਯਥਾਰਥ ਵਧ, ਜਲ ਦੀ ਸ਼ੁੱਧੀ, ਯੱਗ ਪਾਤਰ ਧਨ ਤੇ ਵਸਤਰਾਂ ਦੀ ਸ਼ੁੱਧੀ, ਧਰਤੀ ਦੀ ਸ਼ੁੱਧੀ, ਆਚਮਨ ਵਿਧੀ, ਇਸਤਰੀ ਧਰਮ ਕਥਨ, ਇਸਤਰੀ ਅਜ਼ਾਦੀ ਹਾਨੀ, ਸਵਾਮੀ ਸੁਰੂਸ਼ਾ ਇਸਤਰੀਆਂ ਨੂੰ ਅਲਗ ਯੱਗ ਦੀ ਮਨਾਹੀ, ਦੂਸਰੇ ਪੁਰਸ਼ ਕੇ ਸਾਥ ਰਹਿਨੇ ਦੀ ਨਿੰਦਾ, ਪਤੀਬ੍ਰਤਾ ਦਾ ਫਲ, ਪੁਨਰਦਾਰ ਗ੍ਰਹਿਣ, ਗ੍ਰਹਿਸਥ ਕਾਲ ਦੀ ਅਵਧੀ ਆਦਿ।

## ਛੇਵਾਂ ਅਧਿਆਇ —73

ਤੀਜਾ ਆਸ਼ਰਮ, ਪਤਨੀ ਨਾਲ ਜੰਗਲਾਂ ਵਿਚ ਵਾਸ, ਚਮੜੇ ਦੇ ਕਪੜੇ ਧਾਰਨ, ਮਹਿਮਾਨਾਂ ਦਾ ਸਵਾਗਤ, ਦਰੱਖਤਾਂ ਦੀਆਂ ਜੜ੍ਹਾਂ ਅਤੇ ਧਰਤੀ 'ਤੇ ਸੌਣਾ, ਭਿਖਿਆ ਚਾਰਣ-ਵੇਦਾਦਿ ਪਾਠ, ਵੱਡੀ ਯਾਤਰਾ, ਨਿਡਰਤਾ ਦਾ ਫਲ, ਪਰਿਬ੍ਰਾਜਕ ਨਿਯਮ, ਮੁਕਤੀ ਲੱਛਣ, ਪੂਜਾ ਤੋਂ ਪਹਿਲਾਂ ਭਿੱਖਿਆ ਦੀ ਮਨਾਹੀ, ਮਿਹਨਤ ਦਾ ਫਲ, ਗ੍ਰਹਿਸਥੀ ਦੀ ਮਹਾਨਤਾ, ਵੇਦ ਸੰਨਿਆਸ ਦਾ ਫਲ ਆਦਿ।

## ਸੱਤਵਾਂ ਅਧਿਆਇ - 80

ਰਾਜ ਧਰਮ, ਪਰਜਾ ਦੀ ਰੱਖਿਆ, ਦੰਡ ਦੀ ਉਤਪਤੀ, ਦੰਡ ਦੀ ਪ੍ਰਸੰਸਾ, ਅਧਰਮ ਦੰਡ ਦੋਸ਼, ਨਿਆਇ ਕਰਨ ਵਾਲੇ ਰਾਜਾ ਦੀ ਪ੍ਰਸੰਸਾ, ਦੁਰਵਿਹਾਰ ਕਾਮ-ਕ੍ਰੋਧ ਦਾ ਤਿਆਗ, ਚਿੰਤਾ ਦੂਰ ਕਰਨਾ, ਸੇਨਾਪਤੀ ਆਦਿ ਦੇ ਕਰਤੱਵ, ਦੂਤ ਦੀ ਪ੍ਰਸੰਸਾ, ਜੰਗਲ ਦੇਸ਼ ਆਸ਼ਰਮ, ਦੁਰਗ, ਪ੍ਰਕਾਰ, ਯੱਗ ਆਦਿ ਕਰਨਾ, ਮਹਿਸੂਲ ਲੈਣਾ, ਦਾਨ ਪੁੰਨ ਦਾ ਫਲ, ਫਲ ਰਖਿਆ ਕਰਨੀ ਤੇ ਲੁਟੇਰਿਆਂ ਤੋਂ ਰੋਕਣਾ, ਧਰਮ ਦੇ ਕੰਮ ਦਾ ਚਿੰਤਨ ਕਰਨਾ, ਦੂਤ ਸਮਪ੍ਰੇਖਣ ਆਦਿ, ਪ੍ਰਕ੍ਰਿਤੀ ਪ੍ਰਕਾਰ, ਸਮਝੌਤਾ ਕਰਨ ਦਾ ਸਮਾਂ, ਦੁਸ਼ਮਣਾਂ ਦਾ ਰਾਜ, ਘੋੜਾ, ਹਾਥੀ, ਰਥ ਆਦਿ ਸਵਾਰੀ ਦੀ ਵਿਧੀ, ਫੌਜ ਜਾਂ ਸਿਪਾਹੀਆਂ ਦੀ ਸਿਖਲਾਈ, ਦੂਸਰੇ ਰਾਸ਼ਟਰ ਨੂੰ ਦਖਾਉਣਾ, ਮਿੱਤਰ ਪ੍ਰਸੰਸਾ, ਦੁਸ਼ਮਣ ਗੁਣ, ਉਦਾਸੀ ਗੁਣ, ਮੁਸੀਬਤ ਵੇਲੇ ਸੁਝਾਵਾਂ ਨੂੰ ਯਾਦ ਕਰਨਾ, ਅੰਨ ਦੀ ਪ੍ਰੀਖਿਆ, ਭੇਤ ਭਰੀਆਂ ਗੱਲਾਂ ਸੁਣਨਾ ਆਦਿ।

## ਅੱਠਵਾਂ ਅਧਿਆਇ — 93

ਅਦਾਲਤ ਵਿਚ ਪ੍ਰਵੇਸ਼, ਅਸ਼ਟਾ ਦਸ ਵਿਵਾਦ, ਧਰਮ ਆਕਰਮਣ ਦੋਸ਼, ਗਵਾਹੀ ਦਵੈਖ, ਝੂਠੀ ਗਵਾਹੀ ਦਾ ਦੋਸ਼, ਝੂਠੇ ਵਾਕਾਂ ਦਾ ਦੋਸ਼, ਸੱਚੇ ਕਥਨ ਦੀ ਪ੍ਰਸੰਸਾ, ਬਿਨਾਂ ਵਜ੍ਹਾ ਕਸਮਾਂ ਦਾ ਦੋਸ਼, ਅਧਰਮ ਦੰਡ ਦੀ ਨਿੰਦਿਆ, ਅਮਾਨਤੀ ਦਾਨ, ਬੁਰੀ ਲੜਕੀ, ਘਰ ਲੁੱਟਣ ਦਾ ਜੁਰਮਾਨਾ, ਵਾਕਪਾਰੁਸ਼ ਦੰਡ, ਧਰਮਾ ਧਰਮ ਦੇ ਛੇਵੇਂ ਅੰਸ਼ ਦਾ ਭਾਗੀ

ਰਾਜਾ, ਅੰਨ ਅਨਾਜ, ਸੋਨਾ, ਇਸਤਰੀ ਪੁਰਸ਼ ਆਦਿ ਦਾ ਹਰਣ, ਚੋਰ ਦਾ ਸੰਨ੍ਹ ਲਾਉਣਾ, ਰਾਜਾ ਨੂੰ ਦੰਡ, ਤੁਲਾ ਆਦਿ ਦੀ ਪ੍ਰੀਖਿਆ, ਦਾਸਾਂ ਦੇ ਸਤਾਰਾਂ ਪ੍ਰਕਾਰ, ਕਰਤੱਵ ਪਾਲਣਾ ਨਾਲ ਰਾਜੇ ਨੂੰ ਮੋਖਸ਼ ਫਲ ਦੀ ਪ੍ਰਾਪਤੀ ਆਦਿ।

## ਨੌਵਾਂ ਅਧਿਆਇ —120

ਇਸਤਰੀ ਅਤੇ ਪੁਰਸ਼ ਦੇ ਧਰਮ, ਇਸਤਰੀ ਦੀ ਰੱਖਿਆ, ਗਲਤ ਕੰਮ ਕਰਨ ਤੇ ਪਛਤਾਵਾ ਕਰਨਾ, ਪਰਾਈ ਇਸਤਰੀ ਬੀਜ-ਵਪਨ ਦੀ ਮਨਾਹੀ, ਇਲਾਕੇ ਦੀ ਪ੍ਰਧਾਨਗੀ, ਨਿਯੋਗ, ਵਰਨਸੰਕਰ ਕਾਲ, ਆਪਣੀ ਮਰਜ਼ੀ ਨਾਲ ਵਰ ਚੁਣਨ ਦਾ ਕਾਲ, ਸੇਵਾ ਲੈਣ ਦੀ ਮਨਾਹੀ, ਦੇਣ ਲਾਇਕ ਹਿੱਸਾ, ਪੁੱਤਰੀ ਦਾ ਕਾਰਣ ਪੁੱਤਰ, ਦਿੱਤਾ ਕੁਪੁੱਤਰ, ਕੁਪੁੱਤਰ ਨਿੰਦਿਆ, ਸਸ਼ੇਤਰ ਵਿਭਾਗ, ਬ੍ਰਾਹਮਣ ਅਧਿਕਾਰ, ਰਾਜਾ ਦੇ ਅਧਿਕਾਰ, ਆਮਦਨੀ ਦੀ ਰੱਖਿਆ ਦਾ ਫਲ, ਨਿਡਰ ਰਾਜ ਉੱਨਤੀ ਵਾਲਾ, ਚੋਰ ਦੀ ਖੋਜ, ਸੰਧੀ, ਪੁੱਤਰ ਨੂੰ ਰਾਜ ਦੇ ਕੇ ਯੁੱਧ ਵਿਚ ਜਾਣ ਦੇਣਾ, ਵੈਸ਼ ਧਰਮ ਆਦਿ।

## ਦਸਵਾਂ ਅਧਿਆਇ —147

ਦੂਜ ਵਰਣ ਕਥਨ, ਵਰਣ ਸੰਕਰ ਚਾਰਾਂ ਵਰਣਾਂ ਦੇ ਸਧਾਰਣ ਧਰਮ, ਦੋ ਜਾਤਾਂ ਦੇ ਉੱਚੇ ਕਰਮ, ਪਰਧਰਮ ਵਿਚ ਜੀਵਨ ਦੀ ਨਿੰਦਿਆ, ਪ੍ਰਤਿਗ੍ਰਹਿ ਵਿਚ ਪਾਪ ਦਾ ਨਾਸ਼ ਕਰਨ ਵਾਲਾ, ਰਾਜਾ ਦਾ ਮੁਸੀਬਤ ਸਮੇਂ ਵਾਜਿਬ ਕੰਮ ਕਰਨਾ, ਚਾਰਾਂ ਜਾਤਾਂ ਦਾ ਮੁਸੀਬਤ ਸਮੇ ਵਾਜਿਬ ਕੰਮ ਕਰਨਾ ਆਦਿ।

## ਗਿਆਰ੍ਹਵਾਂ ਅਧਿਆਇ —160

ਸਨਾਤਕ ਦੇ ਨੌਂ ਪ੍ਰਕਾਰ, ਕੁਟੰਬ ਅਭਰਣ ਦੋਸ਼, ਯੱਗ ਸਮੇਂ ਸ਼ੂਦਰ ਦੀ ਭਿਖਿਆ ਦੀ ਮਨਾਹੀ, ਕਾਮ-ਨਿਹਕਾਮ ਕ੍ਰਤ ਪਰਪ, ਪੰਜਮਹਾਂ ਪਾਤਕ, ਮਨੁੱਖਾਂ ਦਾ ਹਰਣ ਪਸ਼ਚਾਤਾਪ, ਪਤਿਤ ਦੋਸ਼, ਪਛਤਾਵਾ, ਬਾਲ ਧਿਆਨ ਤਿਆਗ, ਗਹਿਰ ਤਾਰਿਜਤ ਧਨ ਦਾ ਤਿਆਗ, ਅਸਤ ਪ੍ਰਤਿਗ੍ਰਹਿ, ਵੇਦਾਂ ਵਿਚ ਵਰਣਨ ਕੀਤੇ ਕਰਮ ਦਾ ਤਿਆਗ, ਪਾਪਾਨੁਤਾਪ, ਪਾਪਵ੍ਰਿਤੀ, ਨਿੰਦਿਆ, ਤਪ, ਪ੍ਰਸੰਸਾ, ਵੇਦਾਂ ਦਾ ਅਭਿਆਸ, ਗ੍ਰਾਸ, ਪਸ਼ਚਾਤਾਪ ਆਦਿ।

## ਬਾਰ੍ਹਵਾਂ ਅਧਿਆਇ — 183

ਸ਼ੁਭ ਕਰਮਾਂ ਦਾ ਫਲ, ਤਿੰਨ ਪ੍ਰਕਾਰ ਦੇ ਮਾਨਵ ਕਰਮ, ਤਿੰਨ ਪ੍ਰਕਾਰ ਦੇ ਸਰੀਰਕ ਕਰਮ, ਜੋ ਸੰਨਿਆਸੀ ਗਿਆਨ ਬਲ ਨਾਲ ਮਨ ਵਾਣੀ ਤੇ ਕਰਮ ਇਹਨਾਂ ਤਿੰਨਾਂ ਨੂੰ ਵੱਸ ਵਿਚ ਕਰ ਲੈਂਦਾ ਹੈ ਇਸ ਦੀ ਜਾਣਕਾਰੀ, ਜੀਵ ਆਤਮਾ ਪ੍ਰਮਾਤਮਾ ਬਾਰੇ ਜਾਣਕਾਰੀ, ਜੀਵ

ਆਤਮਾ ਦਾ ਪਰਿਚਯ ਧਰਮ-ਅਧਰਮ ਦੇ ਵਡਮੁੱਲੇ ਭੋਗ, ਤਿੰਨੋ ਗੁਣ ਸਤੋ, ਰਜੋ ਤੇ ਤਾਮਸ, ਤ੍ਰਿਗੁਣਾਤਮਿਕਤਾ, ਗਤੀ, ਤ੍ਰੈ ਵਿਧੀ ਗਤੀ, ਪਾਪ ਨਾਲ ਨਿੰਦਿਤ, ਬਦਨਾਮੀ ਗਤੀ, ਦੋ ਤਰ੍ਹਾਂ ਦੇ ਵੈਦਿਕ ਕਰਮ, ਸਮ ਦਰਸ਼ਨ, ਵੇਦ ਪ੍ਰਸੰਸਾ, ਵੇਦਗ ਪ੍ਰਸੰਸਾ, ਤਿੰਨ ਤਰ੍ਹਾਂ ਦਾ ਪ੍ਰਮਾਣ, ਧਰਮ ਦੇ ਲੱਛਣ, ਪੈਦਾਵਾਰ-ਵਿਨਾਸ਼ ਦਾ ਚੱਕਰ ਕਥਨ ਆਦਿ।

☆☆☆

## ਕਥਾ ਦੇ ਢੰਗ ਤੇ ਸਭ ਤੋਂ ਵੱਡੀ

# ਤੁਲਸੀ ਰਾਮਾਇਣ

ਗੁਸਾਈਂ ਤੁਲਸੀ ਦਾਸ ਜੀ ਦੀ ਰਚਿਤ ਸੱਤ ਕਾਂਡ ਕਥਾ ਦਾ ਢੰਗ ਤੇ ਇਕ ਹਜ਼ਾਰ ਸਫੇ ਤੋਂ ਜ਼ਿਆਦਾ ਸਫੇ ਵਾਲੀ ਵੱਡੀ ਤੁਲਸੀ ਰਾਮਾਇਣ ਛਪਕੇ ਤਿਆਰ ਹੋ ਗਈ ਹੈ, ਇਸ ਵਿਚ ਸ੍ਰੀ ਰਾਮ ਚੰਦ੍ਰ ਜੀ ਮਹਾਰਾਜ ਦੀ ਜਨਮ ਕਥਾ, ਕਿਸ ਤਰ੍ਹਾਂ ਧਨੁਖ ਤੋੜਨਾ ਤੇ ਕਿਸ ਤਰ੍ਹਾਂ ਪਿਤਾ ਜੀ ਦੀ ਆਗਿਆ ਅਨੁਸਾਰ ਬਨ ਬਨ ਫਿਰਨਾ, ਕਿਸ ਤਰ੍ਹਾਂ ਸੀਤਾ ਜੀ ਦਾ ਛਲ ਕੇ ਲੈ ਜਾਣਾ, ਸੀਤਾ ਦਾ ਪਤੀ ਬਰਤ ਧਰਮ ਰੱਖਣਾ, ਸਮੁੰਦਰ ਦਾ ਪੁਲ ਬੰਨ੍ਹਣਾ ਤੇ ਜਤੀ ਲਛਮਣ ਜੀ ਨੂੰ ਬਰਛੀ ਵੱਜਕੇ ਮੂਰਛਾ ਹੋਣਾ ਤੇ ਰਾਵਨ ਨਾਲ ਯੁੱਧ ਕਰਨਾ, ਸ੍ਰੀ ਹਨੂੰਮਾਨ ਜੀ ਨੇ ਕਿਸ ਤਰ੍ਹਾਂ ਲੰਕਾ ਸਾੜਕੇ ਸੁਵਾਹ ਕਰ ਦੇਣੀ ਤੇ ਸ੍ਰੀ ਰਾਮਚੰਦਰ ਜੀ ਨੇ ਸੀਤਾ ਨੂੰ ਲਿਆਉਣਾ ਇਤਿਆਦਿਕ ਕੁੱਲ ਪ੍ਰਸੰਗ ਵੇਰਵੇ ਨਾਲ ਕਥਾ ਦੇ ਢੰਗ ਤੇ ਜੋ ਬਾਲ, ਬਿਰਧ ਅੰਞਾਨ, ਸਿਆਨ, ਪੜ੍ਹ ਸਕੇ, ਅੱਖਰ ਬੜੇ ਮੋਟੇ ਤੇ ਸੁੰਦਰ ਤੇ ਸੋਹਣੀਆਂ ਫੋਟੋ ਦੀਆਂ ਤਸਵੀਰਾਂ ਵਾਂਗੂੰ ਹਾਫਟੋਨ 34 ਬਲੌਕ ਆਦਿਕਾਂ ਦੇ ਹੁੰਦਿਆਂ। ਵੱਡੀ ਬਾਲਮੀਕੀ ਰਮਾਇਣ ਤਸਵੀਰਾਂ ਸਮੇਤ, ਵੱਡੀ ਜਨਮ ਸਾਖੀ ਭਗਤ ਕਬੀਰ ਸਾਹਿਬ ਜੀ ਦੀ, ਭਾਗਵਤ ਗੀਤਾ, ਸੁਚਾ ਜੀਵਨ।

# ਮਨੂੰ ਸਿਮ੍ਰਤੀ

1. ਇਕ ਸਮੇਂ ਮਨੂੰ ਜੀ ਇਕਾਗਰ ਚਿਤ ਆਪਣੇ ਆਸਣ ਤੇ ਬੈਠੇ ਸਨ ਕਿ ਮੰਨੇ-ਪ੍ਰਮੰਨੇ ਪ੍ਰਤਿੱਸ਼ਟਤ ਰਿਖੀ ਆਏ ਅਤੇ ਸ਼ਾਸਤ੍ਰ ਮਰਯਾਦਾ ਅਨੁਸਾਰ ਨਮਸਕਾਰ ਕੀਤੀ ਅਤੇ ਬੈਠ ਗਏ।

2.-3. ਹੇ ਭਗਵਾਨ! ਸਾਰੇ ਵਰਨ ਅਤੇ ਵਰਨ ਸੰਕਰਾਂ ਦਾ ਭਿੰਨ-ਭਿੰਨ ਧਰਮ ਸਾਡੇ ਤਾਈਂ ਕਥਨ ਕਰੀਏ ਕਿਉਂਕਿ ਵੇਦ ਜੋ ਬਹੁਤ ਸਾਰੇ ਭਾਗਾਂ ਵਿਚ ਹੋ ਜਾਣ ਤੋਂ ਕਰਮ ਬਹੁਤ ਪ੍ਰਕਾਰ ਦੇ ਪ੍ਰਤੀਤ ਹੁੰਦੇ ਹਨ, ਆਪ ਵੇਦਾਂ ਦੇ ਯਥਾਰਥ ਭਾਵ ਨੂੰ ਜਾਨਣ ਵਾਲੇ ਹੋ ਕ੍ਰਿਪਾ ਕਰੋ।

4. ਵੇਦਾਂ ਦੇ ਗਿਆਤਾ ਮਨੂੰ ਜੀ ਨੇ ਉਹਨਾਂ ਦੇ ਅਜਿਹੇ ਗੋਝ ਪ੍ਰਸ਼ਨ ਨੂੰ ਸੁਣਕੇ ਉਹਨਾਂ ਦਾ ਸਤਿਕਾਰ ਕੀਤਾ ਅਤੇ ਆਖਿਆ ਸੁਣੋ:—

5. ਇਹ ਦ੍ਰਿਸ਼ਟਿਮਾਨ ਸੰਸਾਰ ਇਕ ਸਮੇਂ ਮਾਇਆ ਵਿਚ ਲੀਨ ਸੀ ਕਿਸੇ ਤਰ੍ਹਾਂ ਪ੍ਰਤੀਤ ਨਹੀਂ ਹੁੰਦਾ ਸੀ ਤੇ ਨਾ ਹੀ ਕਿਸੇ ਲੱਖਣ ਦੁਆਰਾ ਪ੍ਰਤੀਤ ਹੁੰਦਾ ਸੀ ਮਾਨੋ ਉਸ ਸਮੇਂ ਗਾੜ੍ਹੀ ਨਿੰਦ੍ਰਾ ਵਿਚ ਸੁੱਤਾ ਪਿਆ ਸੀ।

6. ਉਸ ਮਹਾਂ ਗਾੜ੍ਹੀ ਦੇ ਸਮੇਂ ਮਨੁੱਖਾਂ ਦੀਆਂ ਅੱਖਾਂ ਤੋਂ ਉਹਲੇ ਅਤੇ ਵੱਡੀ ਸਮਰਥਾ ਵਾਲੇ ਈਸ਼ਰ ਨੇ ਅਕਾਸ਼ ਆਦਿ ਪੰਜ ਤੱਤ ਅਤੇ ਮਹਾਂ ਤੱਤ ਜੋ ਪ੍ਰਲੈ ਕਾਲ ਵਿਖੇ ਸੂਖਮ ਅਵਸਥਾ ਵਿਚ ਸੇ ਪ੍ਰਗਟ ਕੀਤਾ।

7. ਪਰਮ ਸੂਖਮ ਅਤੇ ਘਟ ਘਟ ਦੀ ਜਾਨਣਹਾਰ ਪ੍ਰਮਾਤਮਾ ਨੇ ਆਪ ਵੀ ਸਰੀਰ ਅਕਾਰ ਧਾਰਨ ਕੀਤਾ ਅਰਥਾਤ ਉਹਨਾਂ ਸੂਖਮ ਸਰੀਰਾਂ ਵਿਚ ਪ੍ਰਵਿਰਤ ਹੋਏ।

8. ਉਸ ਵੇਲੇ ਉਸਦੀ ਇੱਛਾ ਹੋਈ ਕਿ ਮੈਂ ਇਕ ਤੋਂ ਬਹੁਤ ਹੋਵਾਂ ਤਾਂ ਸਭ ਤੋਂ ਪਹਿਲਾਂ ਪਾਣੀ ਅਤੇ ਉਸ ਵਿਚ ਸ਼ਕਤੀ ਰੂਪ ਬੀਜ ਅਸਥਾਪਨ ਕੀਤਾ।

9. ਤਦੋਂ ਉਹ ਬੀਜ ਸੋਨੇ ਵਰਗਾ ਅਤੇ ਸੂਰਜ ਦੀ ਕ੍ਰਾਂਤੀ ਵਾਲਾ ਗੋਲਾਕਾਰ ਹੋ ਗਿਆ ਫਿਰ ਆਪਣੇ ਆਪ ਨੂੰ ਸਾਰੇ ਲੋਕਾਂ ਦਾ ਪੈਦਾ ਕਰਨ ਵਾਲਾ ਬ੍ਰਹਮਾ ਰੂਪ ਬਨਾਇਆ।

10. ਨਰ ਨਾਮ ਵਾਲੇ ਪ੍ਰਮੇਸ਼ਰ ਦੇ ਸਰੀਰ ਵਿਚੋਂ ਜਲਾਂ ਦੀ ਉਤਪਤੀ ਹੋਈ ਅਤੇ ਇਹ ਜਲ

ਹੀ ਪ੍ਰਲੈ ਕਾਲ ਵਿਚ ਈਸ਼ਵਰ ਦਾ ਅਸਥਾਨ ਹੈ, ਇਸੇ ਲਈ ਪ੍ਰਮਾਤਮਾ ਨੂੰ ਨਾਰਾਇਣ ਆਖਦੇ ਹਨ (ਨਰ ਕਹੀਏ ਜਲ, ਅਤੇ ਐਣ ਕਹੀਏ ਘਰ)।

11. ਜੋ ਪ੍ਰਮਾਤਮਾ ਸ੍ਰਿਸ਼ਟੀ ਦਾ ਰਚਨਹਾਰਾ ਅਤੇ ਅਗੋਚਰ ਸਤਿ ਰੂਪ ਜਿਸਦਾ ਨਾ ਆਦਿ ਹੈ ਨਾ ਅੰਤ ਉਸ ਪਰਮ ਪੁਰਖ ਪ੍ਰਮਾਤਮਾ ਤੋਂ ਪੈਦਾ ਹੋਇਆ ਹੋਯਾ ਪੁਰਖ ਸੰਸਾਰ ਵਿਖੇ ਉਸਦਾ ਨਾਓਂ ਬ੍ਰਹਮਾ ਕਰਕੇ ਪ੍ਰਸਿੱਧ ਹੈ।

12. ਬ੍ਰਹਮਾ ਜੀ ਨੇ ਉਸ ਬਰਾਟ ਵਿਚ ਆਪਣੇ ਇਕ ਵਰ੍ਹੇ ਤਾਈਂ ਰਹਿ ਕੇ ਪ੍ਰਮਾਤਮਾ ਦਾ ਧਿਆਨ ਕਰਕੇ ਉਸ ਅੰਡੇ ਅਰਥਾਤ ਬਰਾਟ ਨੂੰ ਦੋ ਭਾਗਾਂ ਤੇ ਵੰਡਿਆ।

13. ਉਹਨਾਂ ਨੇ ਦੋਹਾਂ ਭਾਗਾਂ ਵਿਚੋਂ ਉਤਲੇ ਦਾ ਨਾਮ ਸਵਰਗ ਤੇ ਹੇਠਲੇ ਦਾ ਨਾ ਪ੍ਰਿਥਵੀ ਅਤੇ ਵਿਚਕਾਰ ਆਕਾਸ਼ ਰਚਿਆ ਅਤੇ ਅਠ ਦਿਸ਼ਾਂ ਤੇ ਸਮੁੰਦਰ ਬਣਾਏ।

14. ਫਿਰ ਬ੍ਰਹਮਾ ਜੀ ਨੇ ਪ੍ਰਮਾਤਮਾ ਤੋਂ ਸੰਕਲਪ ਵਿਕਲਪ ਰੂਪ ਮਨ ਨੂੰ ਉਤਪਤ ਕੀਤਾ ਅਤੇ ਮਨ ਦੇ ਪੈਦਾ ਕਰਨ ਤੋਂ ਪਹਿਲਾਂ ਅਭਿਮਾਨ ਤੇ ਆਪਣੇ ਕਾਰਜ ਨੂੰ ਸਾਧਨ ਦੇ ਸਮਰੱਥ ਅਹੰਕਾਰ ਤਾਈਂ ਰਚਿਆ।

15. ਹੰਕਾਰ ਤੋਂ ਪਹਿਲਾਂ ਆਤਮਾ ਦਾ ਉਪਕਾਰ ਕਰਨ ਵਾਲੀ ਬੁੱਧੀ ਨੂੰ ਅਤੇ ਵਿਸ਼ੇ ਭੋਗ ਕਰਨ ਵਾਲੇ ਪੰਜ ਗਿਆਨ ਅਤੇ ਪੰਜ ਕਰਮ ਇੰਦ੍ਰਿਆਂ ਨੂੰ ਰਚਿਆ।

16. ਸਾਰੇ ਪਦਾਰਥਾਂ ਵਿਚੋਂ ਅਨੰਤ ਕਾਰਜਾਂ ਦੇ ਰਚਨ ਨੂੰ ਸਮਰਥਾ ਹੰਕਾਰ ਅਤੇ ਸਾਰੇ ਤਨ ਮਾਤ੍ਰ ਅਤੇ ਉਹਨਾਂ ਦੇ ਸੂਖਮ ਭਾਗਾਂ ਨੂੰ ਅਤੇ ਇੰਦ੍ਰੇ ਤੇ ਪੰਜ ਭੂਤਾਂ ਨੂੰ ਨਾਲ ਰਲਾ ਕੇ ਦੇਵਤੇ, ਮਨੁੱਖ, ਪਸ਼ੂ, ਪੰਛੀ ਆਦਿ ਸਾਰੇ ਜੀਵਾਂ ਨੂੰ ਰਚਿਆ।

17. ਤਨ ਮਾਤ੍ਰ ਅਤੇ ਹੰਕਾਰ ਅਰ ਪ੍ਰਕ੍ਰਿਤੀ (ਮਾਇਆ) ਸਹਿਤ ਬ੍ਰਹਮ ਦੇ ਛੇ ਸੂਖਮ ਅਵੈਵ ਅਤੇ ਇੰਦ੍ਰੀਆਂ ਤੋਂ ਬ੍ਰਹਮ ਦੀ ਮੂਰਤੀ ਨੂੰ ਸਰੀਰ ਆਖਦੇ ਹਨ।

18. ਫਿਰ ਉਸ ਅਬਿਨਾਸੀ ਅਤੇ ਜਗਤ ਕਰਤਾ ਤੋਂ ਆਪਣੇ ਆਪਣੇ ਕਾਰਜਾਂ ਸਹਿਤ ਅਕਾਸ਼ ਆਦਿ ਮਹੱਤਤ ਅਤੇ ਸੂਖਮ ਭਾਗਾਂ ਦੇ ਨਾਲ ਮਨ ਉਤਪਤ ਹੋਇਆ ਜੋ ਸੁਖ ਦੁਖ ਆਦਿ ਕਾਰਜਾਂ ਦਾ ਸਹਿਕਾਰੀ ਹੈ।

19. ਉਸਦੇ ਪਿਛੋਂ ਨਾਸ ਰਹਿਤ ਬ੍ਰਹਮ ਨੇ ਉਹਨਾਂ ਸੱਤ ਵੱਡੇ ਪ੍ਰਾਕਰਮ ਰੱਖਣ ਵਾਲਿਆਂ ਮਹੱਤਤਾਂ ਨੂੰ ਅਤੇ ਹੰਕਾਰ ਅਤੇ ਪੰਚ ਤਨ ਮਾਤ੍ਰਾਂ ਦੇ ਸੂਖਮ ਭਾਗਾਂ ਤੋਂ ਨਾਸ਼ ਹੋਣ ਵਾਲੇ ਜਗਤ ਨੂੰ ਬਣਾਇਆ।

20. ਸ਼ਬਦ ਸਪਰਸ਼ ਆਦਿ ਮਹਾਂ ਭੂਤਾਂ ਦੇ ਗੁਣ ਇਕ ਦੂਜੇ ਵਿਚ ਆਪਣੇ-ਆਪਣੇ ਗੁਣਾਂ ਦੇ ਸਵਾ ਪਹਿਲੇ-ਪਹਿਲੇ ਦੇ ਗੁਣ ਨੂੰ ਗ੍ਰਹਿਣ ਕਰਦੇ ਹਨ।

21. ਫਿਰ ਪ੍ਰਮਾਤਮਾ ਨੇ ਸਾਰੇ ਜੀਵਾਂ ਦਾ ਨਾਮ ਅਤੇ ਕਰਮ ਵਖਰੇ ਵੱਖਰੇ ਜਿਹੜੇ ਪਹਿਲੀ ਸ੍ਰਿਸ਼ਟੀ ਵਿਚ ਸਨ ਸੰਸਾਰ ਵਿਚ ਪ੍ਰਗਟ ਕੀਤੇ।

22. ਫਿਰ ਪ੍ਰਮਾਤਮਾ ਨੇ ਇੰਦ੍ਰਾਦਿ ਦੇਵਤਾ ਅਤੇ ਰਿਸ਼ੀ ਅਰ ਉਨ੍ਹਾਂ ਦੇ ਸੂਖਮ ਭਾਗਾਂ ਅਤੇ ਸਰੀਰ ਤੇ ਯੁੱਗ ਨੂੰ ਬਣਾਇਆ।

23. ਫਿਰ ਪ੍ਰਮਾਤਮਾ ਨੇ ਅਗਨ ਵਾਯੂ ਅਤੇ ਸੂਰਜ ਨੂੰ ਰਚ ਕੇ ਯੱਗ ਕਾਰਜਾਂ ਦੀ ਸਿੱਧੀ ਵਾਸਤੇ ਰਿਗ ਵੇਦ, ਸਾਮ ਵੇਦ ਅਤੇ ਰਿਗਵੇਦ ਦੇ ਅਭਿਮਾਨੀ ਤਿੰਨ ਸਨਾਤਨ ਦੇਵਤੇ ਪ੍ਰਗਟ ਕੀਤੇ ਅਰਥਾਤ ਅਗਨ, ਵਾਯੂ ਆਦਿ ਨਾਮਕ ਨੂੰ ਵੇਦ ਦਾ ਉਪਦੇਸ਼ ਕੀਤਾ।

24. ਫਿਰ ਕਾਲ ਤੇ ਉਸਦੇ ਭਾਗ ਵਰ੍ਹੇ, ਮਹੀਨੇ ਅਤੇ ਦਿਨ ਆਦਿ ਅੰਤ ਜੋਗ ਨਛੱਤਰ ਤੇ ਸੂਰਜ ਆਦਿ ਨੌਂ ਗ੍ਰਹਿ ਅਤੇ ਨਦੀ ਸਮੁੰਦਰ ਪਰਬਤ ਆਦਿ ਵਿੰਗੇ ਟੇਢੇ ਅਸਥਾਨਾਂ ਨੂੰ ਬਣਾਇਆ।

25. ਨਾਨਾ ਪ੍ਰਕਾਰ ਦੀ ਪਰਜਾ ਦੇ ਰਚਨ ਤੋਂ ਪਹਿਲਾਂ ਪਰਜਾਪਤ ਆਦਿ ਤਪ ਵਾਕ ਅਤੇ ਚਿਤ ਦਾ ਸੰਤੋਖ ਅਭਿਲਾਖਾ ਅਤੇ ਕਾਮ ਕਰੋਧ ਆਦਿ ਚਿਤ ਦੇ ਵਿਕਾਰਾਂ ਨੂੰ ਰਚਿਆ।

26. ਫਿਰ ਧਰਮ ਦੇ ਫਲ ਸੁਖ ਅਤੇ ਅਧਰਮ ਦੇ ਫਲ ਦੁਖ ਅਤੇ ਕਰਨ ਯੋਗ ਅਤੇ ਨਾ ਕਰਨੇ ਯੋਗ ਕਰਮਾਂ ਨੂੰ ਦੱਸਿਆ।

27. ਪੰਜ ਤੱਤਾਂ ਦੇ ਭਿੰਨ-ਭਿੰਨ ਗੁਣਾਂ ਨੂੰ ਉਤਪਤ ਕਰਕੇ ਸੰਸਾਰ ਦਾ ਕੰਮ ਚਲਾਇਆ।

28. ਪ੍ਰਮਾਤਮਾ ਨੇ ਸ੍ਰਿਸ਼ਟੀ ਰਚਨ ਸਮੇਂ ਜਿਸ ਜਿਸ ਕਰਮ ਵਿਚ ਪ੍ਰਾਣੀ ਨੂੰ ਲਾਇਆ ਉਹ ਹੁਣ ਤਕ ਉਸੇ ਤਰ੍ਹਾਂ ਹੀ ਕਰਦੇ ਹਨ ਅਤੇ ਮਨੁਖ ਤੋਂ ਬਿਨਾਂ ਹੋਰ ਸਭ ਭੋਗ ਯੋਨੀ ਅਖਵਾਉਂਦੇ ਹਨ।

29. ਹਿੰਸਾ, ਦਇਆ, ਕੋਮਲਤਾ ਅਤੇ ਦੁੱਖ ਦੇਣਾ ਆਦਿ ਸੁਭਾਵ ਪਸ਼ੂ ਪੰਛੀ ਆਦਿ ਜੀਵ ਧਾਰੀਆਂ ਵਿਚ ਆਦਿ ਕਾਲ ਤੋਂ ਲਗਾ ਆਉਂਦਾ ਹੈ ਕੇਵਲ ਕਰਮਾਂ ਦਾ ਹੇਰ ਫੇਰ ਮਨੁਖ ਵਾਸਤੇ ਹੀ ਹੈ।

30. ਜਿਸ ਤਰ੍ਹਾਂ ਬਨਾਸਪਤੀ ਦੇ ਫੁੱਲਣ ਸੁੱਕਣ ਤੋਂ ਰੁਤ ਦਾ ਗਮਨ ਅਗਮਨ ਪ੍ਰਤੀਤ ਹੁੰਦਾ ਹੈ ਇਸੇ ਤਰ੍ਹਾਂ ਪਸ਼ੂ ਪੰਛੀ ਵੀ ਆਪਣੇ ਸੁਭਾਵ ਵਿਚ ਲਗਨ ਤੋਂ ਪ੍ਰਤੀਤ ਹੋ ਜਾਂਦੇ ਹਨ।

31. ਫਿਰ ਮਨੁਖ ਜਾਤੀ ਦੇ ਚਾਰ ਭਾਗ ਗੁਣ ਕਰਮ ਤੋਂ ਭਿੰਨ ਬਣਾਏ ਗਏ ਮੁੱਖ ਤੋਂ ਪੰਜ ਗਿਆਨ ਇੰਦਰੇ ਅਤੇ ਉਪਦੇਸ਼ ਕਰਨ ਵਾਲੀ ਬਾਣੀ ਅਰਥਾਤ ਉਪਦੇਸ਼ ਦਾ ਕੰਮ ਇਹ ਬ੍ਰਾਹਮਣ ਨੂੰ ਦਿੱਤਾ ਗਿਆ ਅਤੇ ਭੁਜਾਂ ਤੋਂ ਰਾਖੀ ਦਾ ਕੰਮ ਖੱਤਰੀ ਨੂੰ ਸੌਂਪਿਆ ਅਤੇ ਬਿਯਰ ਦਾ ਕੰਮ ਵੈਸ਼ ਨੂੰ ਅਤੇ ਸੇਵਾ ਟਹਿਲ ਸ਼ੂਦਰ ਨੂੰ ਦਿੱਤੀ ਗਈ।

32. ਫਿਰ ਮਨੁਖ ਦੇ ਦੋ ਭਾਗ ਇਸਤਰੀ ਅਤੇ ਪੁਰਸ਼ ਬਣਾਏ ਜੋ ਮਨੁੱਖ ਜਾਤੀ ਅਖਵਾਉਂਦੇ ਹਨ।

33. ਫਿਰ ਮਨੂੰ ਜੀ ਨੇ ਆਖਿਆ ਕਿ ਹੇ ਸ੍ਰੇਸ਼ਟ ਰਿਸ਼ੀਓ! ਮਨੁਖ ਜਾਤੀ ਦਾ ਪੈਦਾ ਕਰਨਾ ਅਤੇ ਸਭ ਦੇ ਪੈਦਾ ਕਰਨੇ ਵਾਲਾ ਮੈਂ ਹੀ ਹਾਂ।

34. ਫਿਰ ਮੈਂ ਸ੍ਰਿਸ਼ਟੀ ਦੀ ਰਚਨਾ ਲਈ ਇੱਛਾ ਕਰਦਿਆਂ ਹੋਇਆਂ ਬੜੀ ਕਰੜੀ ਤਪੱਸਿਆ ਕੀਤੀ ਅਤੇ ਦਸ ਰਿਸ਼ੀਆਂ ਨੂੰ ਜੋ ਪਰਜਾਪਤ ਹਨ ਪੈਦਾ ਕੀਤਾ।

35. ਉਹਨਾਂ ਦੇ ਨਾਮ 1 ਮਰੀਚ, 2 ਅਤ੍ਰਿ, 3. ਅੰਗਰਾ, 4. ਪੁਲਸਿਤ, 5. ਪੁਲਹ, 6. ਰਿਤੂ, 7. ਪਰਾਚਿਤ, 8. ਵਿਸਿਸ਼ਟ, 9. ਭ੍ਰਿਗੂ ਹਨ। ਇਹ ਨੌਂ ਨਾਮ ਹਨ।

36. ਇਹਨਾਂ ਰਿਸ਼ੀਆਂ ਨੇ ਸੱਤ ਵੱਡੇ ਤੇਜੱਸਵੀ ਮੁਨੀਆਂ ਅਤੇ ਦੇਵਤਿਆਂ ਨੂੰ ਤੇ ਉਹਨਾਂ ਦੇ ਅਸਥਾਨਾਂ ਅਰਥਾਤ ਸੁਰਗ ਨੂੰ ਬਣਾਇਆ ਅਤੇ ਵੱਡੇ ਪ੍ਰਤਾਪੀ ਰਿਸ਼ੀਆਂ ਨੂੰ ਬਣਾਇਆ।

37. ਪੁਖ, ਰਾਖਸ਼, ਪਿਸਾਚ, ਗੰਧਰਬ, ਅਪਛਰਾਂ, ਅਸੁਰ, ਨਾਗ, ਸਰਪ, ਗਰੁੜ ਆਦਿ ਅਤੇ ਪਿਤ੍ਰਾਂ ਦੇ ਟੋਲੇ ਨੂੰ ਬਣਾਇਆ।

38. ਉਸਦੇ ਪਿਛੋਂ ਬਦਲੀ, ਬਦਲ, ਮੀਂਹ, ਟੇਢਾ ਇੰਦਰ ਧਨਖ, ਸਿਧ ਧਨਖ, ਉਲਕਾ (ਅਕਾਸ਼ ਵਿਚੋਂ ਡਿੱਗਣ ਵਾਲਾ ਰੇਖਾਂ ਦੇ ਅਕਾਰ ਦਾ ਪ੍ਰਕਾਸ਼) ਧਰੂ ਅਤੇ ਕੇਤੂ ਆਦਿ ਛੋਟੇ ਵੱਡੇ ਤਾਰੇ ਬਣਾਏ।

39. ਕਿੰਨਰ, ਬਾਂਦਰ, ਮੱਛੀਆਂ ਅਤੇ ਭਾਂਤ-ਭਾਂਤ ਦੇ ਪਸ਼ੂ, ਪੰਛੀ, ਗਊ, ਹਰਨ, ਘੋੜੇ ਆਦਿਕਾਂ ਨੂੰ ਬਣਾਇਆ।

40. ਫਿਰ ਛੋਟੇ ਵੱਡੇ ਕੀੜੇ, ਮੱਛਰ, ਮੱਖੀ ਆਦਿਕ ਅਤੇ ਭਾਂਤ-ਭਾਂਤ ਦੇ ਬ੍ਰਿਛ ਬਣਾਏ।

41. ਮਨੂੰ ਜੀ ਆਖਦੇ ਹਨ ਇਸੇ ਤਰ੍ਹਾਂ ਵੱਡੇ ਵੱਡੇ ਰਿਸ਼ੀਆਂ ਨੇ ਆਪਣੀ ਬੰਦਗੀ ਦੇ ਬਲ ਨਾਲ ਮੇਰੇ ਹੁਕਮ ਨੂੰ ਮੰਨਕੇ ਪ੍ਰਾਨ ਧਾਰੀਆਂ ਨੂੰ ਉਹਨਾਂ ਗੁਣ, ਕਰਮ ਤੇ ਸੁਭਾਉ ਦੇ ਸਹਿਤ ਬਣਾਇਆ ਅਤੇ ਉਹਨਾਂ ਦੇ ਵਿਚ ਬਹਿਣ ਖਲੋਣ ਦੀ ਤਾਕਤ ਬਣਾਈ।

42. ਜਿਹੇ ਕਰਮ ਜੀਵਾਂ ਦੇ ਅਗਲੇ ਅਚਾਰਜਾਂ ਨੇ ਆਖੇ ਹਨ ਉਹ ਜਿਹੇ ਹੀ ਅਸੀਂ ਆਖਾਂਗੇ।

43. ਪਸ਼ੂ ਮਿਰਗ ਦੋਹੀਂ ਪਾਸੀਂ ਦੰਦਾਂ ਵਾਲੇ ਹਿੰਸਕ ਜੀਵ ਪਿਸਾਚ ਅਤੇ ਮਨੁਖ ਇਹ ਸਾਰੇ ਜੇਰਜ ਹਨ।

44. ਪੰਛੀ ਅਤੇ ਸਰਪ ਮੱਛੀ ਆਦਿ ਇਹ ਸਾਰੇ ਅੰਡਜ ਹਨ ਇਸੇ ਤਰ੍ਹਾਂ ਜੋ ਪਾਣੀ ਅਤੇ ਧਰਤੀ ਵਿਚੋਂ ਪੈਦਾ ਹੋਣ ਵਾਲੇ ਹਨ ਉਹ ਵੀ ਅੰਡਜ ਹਨ।

45. ਮੱਛਰ, ਮੱਖੀ, ਜੂੰ, ਆਦਿ ਜੋ ਮੁੜ੍ਹਕੇ ਤੋਂ ਉਤਪੰਨ ਹੁੰਦੇ ਹਨ ਇਹਨਾਂ ਨੂੰ ਸਵੇਤਜ ਆਖਦੇ ਹਨ ਇਸ ਤਰ੍ਹਾਂ ਗਰਮੀ ਤੋਂ ਉਤਪੰਨ ਹੋਣ ਵਾਲੇ ਵੀ ਸਵੇਤਜ ਹਨ।

46. ਅਸਥਾਵਰ ਆਦਿ ਜੋ ਬੀਜ ਤੋਂ ਉਤਪੰਨ ਹੁੰਦੇ ਹਨ ਉਹ ਉਤਭੁਜ ਹਨ।

47. ਜਿਨ੍ਹਾਂ ਨੂੰ ਫੁਲ ਨਹੀਂ ਲਗਦੇ ਫਲ ਲਗਦੇ ਹਨ ਉਹਨਾਂ ਨੂੰ ਬਨਾਸਪਤੀ ਤੇ ਜਿਨ੍ਹਾਂ ਨੂੰ ਫਲ ਅਤੇ ਫੁਲ ਦੋਵੇਂ ਲੱਗਦੇ ਹਨ ਬ੍ਰਿਛ ਆਖਦੇ ਹਨ।

48. ਗੱਛ ਗਲਮ ਬਹੁਤ ਪ੍ਰਕਾਰ ਦੇ ਹੁੰਦੇ ਹਨ ਅਤੇ ਤ੍ਰਿਣ ਕਈ ਤਾਂ ਬੀਜ ਤੋਂ ਅਤੇ ਕਈ ਟਾਹਣੀਆਂ ਲਾਉਣ ਤੋਂ ਹੁੰਦੇ ਹਨ।

49. ਇਹਨਾਂ ਸਾਰਿਆਂ ਵਿਚ ਤਮੋ ਗੁਣ ਅਧਿਕ ਹੁੰਦਾ ਹੈ ਕਿਉਂਕਿ ਦੁਖ ਸੁਖ ਦਾ ਗਿਆਨ ਅੰਦਰ ਹੀ ਰਹਿੰਦਾ ਹੈ।

50. ਇਹ ਨਾਸ਼ਮਾਨ ਸੰਸਾਰ ਬ੍ਰਹਮਾ ਤੋਂ ਲੈ ਕੇ ਚੀਊਂਟੀ ਪ੍ਰਯੰਤ ਜੋ ਦਸ਼ਾ ਜੀਵ ਸਾਰਿਆਂ ਦੀ ਹੁੰਦੀ ਹੈ ਉਹ ਮੈਂ ਤੁਹਾਨੂੰ ਦਸ ਦਿੱਤੀ ਹੈ।

51. ਇਸ ਤਰ੍ਹਾਂ ਬ੍ਰਹਮਾ ਜੀ ਅਚਿੰਤ ਪ੍ਰਾਕਰਮੀ ਮੈਨੂੰ ਅਤੇ ਸਾਰੀ ਸ੍ਰਿਸ਼ਟੀ ਬਣਾਕੇ ਪਰਲੈ ਕਾਲ ਵਿਚ ਸਾਰਿਆਂ ਨੂੰ ਨਾਸ਼ ਕਰਕੇ ਬ੍ਰਹਮ ਵਿਚ ਮਿਲ ਜਾਂਦੇ ਹਨ।

52. ਜਦੋਂ ਤਾਈਂ ਜੀਵ ਆਤਮਾ ਵੇਖਦਾ ਰਹਿੰਦਾ ਹੈ ਤਦ ਤਾਈਂ ਇਹ ਜਗਤ ਬਣਿਆ ਰਹਿੰਦਾ ਹੈ ਜਦੋਂ ਗਾੜ੍ਹੀ ਨਿੰਦਰਾ ਵਿਚ ਸੌਂ ਜਾਂਦਾ ਹੈ ਤਿਸ ਸਮੇਂ ਪਰਲੈ ਹੋ ਜਾਂਦੀ ਹੈ ਅਰਥਾਤ ਉਸ ਕਾਲ ਨੂੰ ਪਰਲੈ ਕਾਲ ਆਖਦੇ ਹਨ।

53. ਜੀਵ ਆਤਮਾ ਜਦੋਂ ਗਾੜ੍ਹੀ ਨਿੰਦਰਾ ਵਿਚ ਮਸਤ ਹੋ ਜਾਂਦਾ ਹੈ ਤਦੋਂ ਇੰਦਰੇ ਅਤੇ ਮਨ ਆਪਣੇ ਕਰਮਾਂ ਤੋਂ ਵੱਖ ਹੋ ਜਾਂਦੇ ਹਨ।

54. ਜਦੋਂ ਸਮੇਰ ਇੰਦਰੇ ਤੇ ਮਨ ਜੀਵਾਤਮਾ ਵਿਚ ਲੈ ਹੋ ਜਾਂਦੇ ਹਨ ਤਦੋਂ ਇਹ ਸਾਰੇ ਭੂਤਾਂ ਦਾ ਆਤਮਾ ਅਨੰਦ ਨਾਲ ਸੌਂਦਾ ਹੈ ਅਰਥਾਤ ਮਹਾਂ ਪਰਲੈ ਹੋ ਜਾਂਦੀ ਹੈ।

55. ਇਹ ਜੀਵ ਇੰਦ੍ਰਿਆਂ ਦੇ ਅਧੀਨ ਚਿਰ ਕਾਲ ਤਾਈਂ ਅਗਿਆਨ ਤੋਂ ਜੰਮਦਾ ਤੇ ਮਰਦਾ ਰਹਿੰਦਾ ਹੈ।

56. ਜਦੋਂ ਇਹ ਜੀਵ ਪੰਜ ਮਹਾਂ ਭੂਤ ਗਿਆਨ ਇੰਦਰੇ ਅਤੇ ਕਰਮ ਇੰਦਰੇ, ਮਨ, ਬੁੱਧੀ ਵਾਸ਼ਨਾ, ਕਰਮ, ਵਾਯੂ, ਅਗਜਾਨ ਯੁਕਤ ਸਥਾਵਰ ਬੀਜ ਵਿਚ ਪ੍ਰਵੇਸ਼ ਕਰਦਾ ਹੈ ਉਸ ਸਮੇਂ ਬ੍ਰਿੱਛ ਆਦਿ ਰੂਪ ਨੂੰ ਧਾਰਨ ਕਰਦਾ ਹੈ ਅਰ ਜਿਸ ਸਮੇਂ ਜੰਗਮ ਬੀਜ ਵਿਚ ਪ੍ਰਵੇਸ਼ ਕਰਦਾ ਹੈ ਉਸ ਸਮੇਂ ਮਨੁੱਖ ਆਦਿ ਸਰੀਰ ਨੂੰ ਪ੍ਰਾਪਤ ਹੁੰਦਾ ਹੈ।

57. ਇਸੇ ਤਰ੍ਹਾਂ ਬ੍ਰਹਮਾ ਜੀ ਜਾਗਣ ਅਤੇ ਸੌਣ ਤੋਂ ਸਾਰੇ ਮਨੁੱਖ ਆਦਿ ਜੀਵ ਧਾਰੀਆਂ ਨੂੰ ਅਰਥਾਤ ਅਸਥਾਵਰ, ਜੰਗਮਾਂ ਨੂੰ ਘੜ੍ਹੀ ਜੀਵਾਂਦਾ ਤੇ ਮਾਰਦਾ ਹੈ।

58. ਬ੍ਰਹਮਾ ਨੇ ਇਸ ਸ਼ਾਸਤ੍ਰ ਨੂੰ ਬਣਾ ਕੇ ਪਹਿਲਾਂ ਮੈਨੂੰ ਬਿਧੀ ਸੰਜੁਕਤ ਦਸਿਆ ਫੇਰ ਮਰੀਚ ਆਦਿ ਰਿਖੀਆਂ ਨੂੰ ਸਿਖਾਇਆ।

59. ਹੁਣ ਇਸ ਸ਼ਾਸਤ੍ਰ ਨੂੰ ਭ੍ਰਿਗੂ ਰਿਖੀ ਜਿਸਨੇ ਮੇਰੇ ਕੋਲੋਂ ਪੜ੍ਹਿਆ ਹੈ ਤੁਹਾਨੂੰ ਸੁਣਾਇਗਾ।

60. ਭ੍ਰਿਗੂ ਰਿਸ਼ੀ ਨੇ ਮਨੂੰ ਜੀ ਦੀ ਆਗਿਆ ਨੂੰ ਪ੍ਰਸੰਨ ਚਿਤ ਮੰਨਕੇ ਰਿਖੀਆਂ ਨੂੰ ਆਖਿਆ ਸੁਣੋ :—

61. ਬ੍ਰਹਮਾ ਜੀ ਤੋਂ ਪੈਦਾ ਹੋਏ ਰਿਸ਼ੀਆਂ ਦੀ ਸੰਤਾਨ ਵਿਚੋਂ ਛੇ ਮਹਾਂ ਤੇਜੱਸਵੀ ਮਹਾਤਮਾ ਨੇ ਆਪਣੇ-ਆਪਣੇ ਬਲ ਨਾਲ ਆਪਣੀ ਸ੍ਰਿਸ਼ਟੀ ਉਤਪਤ ਕੀਤੀ।

62. ਉਹਨਾਂ ਦੇ ਨਾਂ ਸੁਆਰੋਚਿਸ਼, ਔਤਿਮ, ਤਾਮਸ, ਰੈਵਤ, ਚਾਖਸ਼, ਵਵੇਸੁਤ।

63. ਸੁਅੰਭੂ ਆਦਸਤ ਮੁਨੀ ਜੋ ਬੜੇ ਤੇਜਵਾਨ ਹਨ ਉਹਨਾਂ ਨੇ ਆਪਣੇ-ਆਪਣੇ ਬਲ ਨਾਲ ਸਥਾਵਰ ਜੰਗਮ ਸ੍ਰਿਸ਼ਟੀ ਦੀ ਪਾਲਣਾ ਆਰੰਭ ਕਰ ਦਿੱਤੀ।

64. 18 ਪਲ ਦਾ ਇਕ ਕਾਸ਼ਟਾ, 30 ਕਾਸ਼ਟੇ ਦੀ 1 ਕਲਾ ਅਤੇ 30 ਕਲਾ ਦਾ 1 ਮਹੂਰਤ, 30 ਮਹੂਰਤ ਦਾ ਇਕ ਦਿਨ ਰਾਤ।

65. ਮਨੁੱਖ ਅਰ ਦੇਵਤਾ ਦੀ ਰਾਤ ਦਿਨ ਦੀ ਪਛਾਣ ਸੂਰਜ ਤੋਂ ਹੁੰਦੀ ਹੈ, ਸਾਰੇ ਜੀਵ ਧਾਰੀਆਂ ਦੇ ਆਰਾਮ ਲਈ ਰਾਤ ਤੇ ਕੰਮ ਧੰਦੇ ਲਈ ਦਿਨ ਨਿੱਯਤ ਕੀਤਾ।

66. ਮਨੁਖਾਂ ਦੇ ਇਕ ਮਹੀਨੇ ਦੇ ਤੁੱਲ ਪਿਤ੍ਰਾਂ ਦਾ 1 ਰਾਤ ਦਿਨ ਹੁੰਦਾ ਹੈ ਇਸ ਵਿਚ ਕ੍ਰਿਸ਼ਨ ਪੱਖ ਕੰਮ ਕਰਨ ਲਈ ਦਿਨ ਹੈ ਅਤੇ ਸ਼ੁਕਲਾ ਪੱਖ ਸੌਣ ਲਈ ਰਾਤ ਹੈ।

67. ਮਨੁੱਖਾਂ ਦੇ ਇਕ ਬਰਸ ਤੁਲ ਦੇਵਤਿਆਂ ਦਾ ਇਕ ਦਿਨ ਰਾਤ ਹੈ ਜਦੋਂ ਤੱਕ ਸੂਰਜ ਉਤ੍ਰਾਇਣ ਰਹੇ ਤਦ ਤਕ ਦਿਨ ਤੇ ਜਦ ਦਖਨਾਇਣ ਰਹੇ ਤਦ ਤਕ ਰਾਤ ਹੈ।

68. ਬ੍ਰਹਮਾ ਦੇ ਰਾਤ ਦਿਨ ਦੀ ਗਿਣਤੀ ਤੇ ਹਰ ਇਕ ਯੁਗਾਂ ਦੀ ਗਿਣਤੀ ਦੀ ਲੜੀ ਸੁਣੋ :—

69. ਦੇਵਤਿਆਂ ਦੇ 400 ਵਰ੍ਹੇ ਦਾ ਸਤਿਯੁਗ ਹੁੰਦਾ ਹੈ ਯੁਗ ਦੇ ਪਹਿਲਾਂ ਦੇਵਤਿਆਂ ਦੀ ਚਾਰ ਸੌ ਵਰ੍ਹੇ ਦੀ ਸੰਧਿਆ ਅਖਵਾਉਂਦੀ ਹੈ ਅਤੇ ਯੁਗ ਦੇ ਛੇਕੜ ਇਨਾਂ ਦੀ ਸੰਧਿਆਸ਼ ਅਖਵਾਉਂਦੀ ਹੈ।

70. ਤ੍ਰੇਤਾ, ਦੁਆਪਰ, ਕਲਜੁਗ ਦੀ ਸੰਧਿਆ ਅਤੇ ਸੰਧਿਆਸ਼ ਦੀ ਗਿਣਤੀ ਇਕ ਹਜ਼ਾਰ ਇਕ ਵਰ੍ਹੇ ਘਟਾਨ ਤੋਂ ਹੁੰਦੀ ਹੈ।

71. ਇਹ ਜੋ ਚਾਰ ਜੁਗਾਂ ਦਾ ਅੰਦਾਜ਼ਾ ਦਸਿਆ ਹੈ ਉਸ ਦਾ 12000 ਗੁਣਾ ਦੇਵਤਿਆਂ ਦਾ ਯੁੱਗ ਹੁੰਦਾ ਹੈ।

72. ਦੇਵਤਿਆਂ ਦੇ ਹਜ਼ਾਰ ਯੁਗ ਤਾਈਂ ਬ੍ਰਹਮਾ ਦੀ ਇਕ ਰਾਤ ਅਤੇ ਉਨਾਂ ਹੀ ਦਿਨ ਹੁੰਦਾ ਹੈ।

73. ਬ੍ਰਹਮਾ ਦੇ ਹਜ਼ਾਰ ਦੇ ਬਰਾਬਰ ਤਪੋ ਬ੍ਰਹਮ ਦਾ ਇਕ ਦਿਨ ਹੁੰਦਾ ਹੈ ਸੋ ਉਹ ਦਿਨ ਬੜਾ ਪਵਿੱਤਰ ਹੈ ਅਰ ਉਨੀ ਹੀ ਰਾਤ ਵੀ ਹੁੰਦੀ ਹੈ ਉਸ ਰਾਤ ਦੇ ਜਾਨਣ ਵਾਲੇ ਨੇ ਆਖਿਆ ਹੈ।

74. ਉਹ ਬ੍ਰਹਮਾ ਆਪਣੇ ਦਿਨ ਵਿਚ ਜਦੋਂ ਜਾਗਦੇ ਹਨ ਤਦੋਂ ਸੰਕਲਪ ਵਿਕਲਪ ਰੂਪ ਮਨ ਨੂੰ ਸ੍ਰਿਸ਼ਟੀ ਰਚਨ ਵਾਸਤੇ ਆਗਿਆ ਦੇਂਦੇ ਹਨ ਰਾਤ ਨੂੰ ਸੌਂਦੇ ਹਨ।

75. ਮੁਨੀ ਨੇ ਬ੍ਰਹਮਾ ਦੀ ਆਗਿਆ ਅਨੁਸਾਰ ਆਪਣੇ ਆਪ ਤੋਂ ਅਕਾਸ਼ ਬਣਾਇਆ ਜਿਸਦਾ ਗੁਣ ਸ਼ਬਦ ਹੈ।

76. ਅਕਾਸ਼ ਪਿਛੋਂ ਵਾਯੂ ਪੈਦਾ ਕੀਤੀ ਜਿਸਦਾ ਗੁਣ ਸਪਰਸ਼ ਹੈ।

77. ਵਾਯੂ ਤੋਂ ਪਿਛੋਂ ਅਗਨੀ ਜਿਸਦਾ ਗੁਣ ਰੂਪ ਹੈ।

78. ਅਗਨੀ ਦੇ ਪਿਛੋਂ ਪਾਣੀ ਜਿਸਦਾ ਗੁਣ ਰਸ ਹੈ ਅਤੇ ਪਾਣੀ ਤੋਂ ਪਿਛੋਂ ਧਰਤੀ ਬਣਾਈ ਜਿਸਦਾ ਗੁਣ ਗੰਧ ਹੈ ਇਸਦਾ ਸ੍ਰਿਸ਼ਟੀ ਦੇ ਆਦਿ ਵਿਚ ਵੀ ਇਹ ਸੁਭਾ ਹੈ।

79. ਬਾਰਾਂ ਹਜ਼ਾਰ ਸਾਲ ਦਾ ਇਕ ਯੁੱਗ ਹੁੰਦਾ ਹੈ ਅਤੇ ਉਸਦਾ ਇਕੜ੍ਹ ਗੁਣਾ ਇਕ ਮਨਵੰਤਰ ਹੁੰਦਾ ਹੈ ਇਹ ਸਾਲ ਦੇਵਤਿਆਂ ਦੇ ਹਨ ਮਨੁੱਖਾਂ ਦੇ ਨਹੀਂ।

80. ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਉਤਪਤੀ ਅਤੇ ਲੈ ਤੇ ਮਨਵੰਤਰ ਆਦਿ ਅਤਿਅੰਤ ਵਾਰੀ ਆਪਣੀ ਸੁਭਾਵਕ ਤਾਕਤ ਨਾਲ ਕੀਤੇ ਹਨ।

81. ਸਤਯੁਗ ਵਿਚ ਸਾਰੇ ਮਨੁੱਖ ਸੱਚ ਬੋਲਦੇ ਅਤੇ ਕੋਈ ਕਾਰਜ ਅਧਰਮ ਦਾ ਨਹੀਂ ਕਰਦੇ ਸਨ।

82. ਤ੍ਰੇਤਾ ਆਦਿ ਤਿੰਨ ਯੁਗਾਂ ਵਿਚ ਧਰਮ ਦਾ ਇਕ ਇਕ ਚਰਨ ਘਟਦਾ ਗਿਆ ਅਤੇ ਲੋਕ ਝੂਠ ਫਰੇਬ ਕਰਨ ਲੱਗੇ ਇਸ ਲਈ ਯੁਗ-ਯੁਗ ਪ੍ਰਯੰਤ ਇਕ ਇਕ ਚਰਨ ਘਟਦਾ ਗਿਆ।

83. ਸਤਿਯੁਗ ਵਿਚ ਕੋਈ ਮਨੁਖ ਰੋਗੀ ਨਾ ਹੁੰਦਾ ਅਰ ਆਯੂ ਚਾਰ ਸੌ ਵਰ੍ਹੇ ਦੀ ਹੁੰਦੀ ਸੀ, ਤ੍ਰੇਤਾ ਆਦਿ ਤਿੰਨਾਂ ਯੁਗਾਂ ਵਿਚ ਮਨੁੱਖਾਂ ਦੀ ਆਯੂ ਇਕ-ਇਕ ਚਰਨ ਘੱਟ ਗਈ।

84. ਵੇਦ ਅਨੁਸਾਰ ਉਮਰ ਅਤੇ ਅਸੀਸ ਬਦ-ਅਸੀਸ ਤੇ ਮਨੁੱਖ ਦੀ ਕਰਨੀ ਇਹ ਸਭ ਗੱਲਾਂ ਜੁਗਾਂ ਦੇ ਅਨੁਸਾਰ ਫਲ ਦੇਂਦੀਆਂ ਹਨ।

85. ਮਨੁੱਖ ਧਰਮ ਵੀ ਯੁਗਾਂ ਦੇ ਅਨੁਸਾਰ ਭਿੰਨ-ਭਿੰਨ ਹੁੰਦੇ ਹਨ ਯਥਾ ਸਤਿਜੁਗ ਵਿਚ ਸਾਧੂ ਸੁਭਾ।

86. ਸਤਿਜੁਗ ਵਿਚ ਕੇਵਲ ਭਜਨ ਅਤੇ ਤ੍ਰੇਤਾ ਵਿਚ ਈਸ਼ਵਰ ਗਿਆਨ ਅਤੇ ਦੁਆਪਰ ਵਿਚ ਯੱਗ ਅਤੇ ਕਲਯੁਗ ਵਿਚ ਦਾਨ ਨੂੰ ਮੁੱਖ ਰਖਿਆ ਗਿਆ ਹੈ।

87. ਸੰਸਾਰ ਦੇ ਕੰਮ ਚਲਾਉਣ ਵਾਸਤੇ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਚਾਰ ਵਰਨ ਆਪਣੇ ਮੁੱਖ ਬਾਹੀ ਅਰ ਟੰਗਾਂ ਤੇ ਚਰਨਾਂ ਤੋਂ ਬਣਾਏ ਅਰ ਉਹ ਕਰਮ ਭਿੰਨ-ਭਿੰਨ ਨਿੱਯਤ ਕੀਤੇ।

88. ਵੇਦਾਂ ਦਾ ਪੜ੍ਹਨਾ ਤੇ ਪੜ੍ਹਾਉਣਾ, ਯੱਗ ਕਰਨਾ ਤੇ ਕਰਾਉਣਾ ਤੇ ਦਾਨ ਦੇਣਾ ਤੇ ਲੈਣਾ ਛੇ ਕਰਮ ਬ੍ਰਾਹਮਣ ਲਈ ਬਣਾਏ।

89. ਪਰਜਾ ਦੀ ਰਾਖੀ ਕਰਨੀ, ਦਾਨ ਦੇਣਾ, ਯੱਗ ਕਰਨਾ, ਵੇਦ ਪੜ੍ਹਨਾ, ਸੰਸਾਰ ਦਿਆਂ

ਪਦਾਰਥਾਂ ਵਿਚ ਦਿਲ ਨਾ ਲਗਾਉਣਾ ਖੱਤਰੀਆਂ ਦੇ ਧਰਮ ਹਨ।

90. ਪਸ਼ੂ ਆਦਿਕਾਂ ਦੀ ਰਾਖੀ ਅਤੇ ਦਾਨ ਦੇਣਾ, ਯੱਗ ਕਰਨਾ, ਵੇਦ ਪੜ੍ਹਨਾ, ਵਪਾਰ ਕਰਨਾ, ਵਿਆਜ ਲੈਣੀ, ਵਾਹੀ ਕਰਨਾ ਇਹ ਸੱਤ ਧਰਮ ਵੈਸ਼ ਲਈ ਨਿੱਯਤ ਕੀਤੇ।

91. ਸੱਚੇ ਦਿਲ ਨਾਲ ਇਹਨਾਂ ਤਿੰਨਾਂ ਵਰਨਾਂ ਦੀ ਸੇਵਾ ਕਰਨੀ ਸ਼ੂਦਰ ਧਰਮ ਹੈ।

92. ਬ੍ਰਹਮਾ ਜੀ ਨੇ ਧੁੰਨੀ ਤੋਂ ਲੈ ਕੇ ਸਾਰੇ ਜੋੜ ਪਵਿੱਤ੍ਰ ਮੰਨੇ ਹਨ ਪਰ ਮੂੰਹ ਵਿਸ਼ੇਸ਼ ਮੰਨਿਆ ਹੈ।

93. ਸੰਸਾਰ ਵਿਚ ਬ੍ਰਾਹਮਣ ਸਭ ਤੋਂ ਉੱਤਮ ਹੈ ਇਸ ਲਈ ਕਿ ਉਹ ਵੇਦਾਂ ਦਾ ਵਕਤਾ ਹੈ।

94. ਬ੍ਰਹਮਾ ਜੀ ਨੇ ਆਪਣੀ ਤਪੱਸਿਆ ਤੋਂ ਸਾਰੇ ਸੰਸਾਰ ਦੀ ਰਾਖੀ ਅਤੇ ਦੇਵ ਲੋਕ ਤੋਂ ਪਿਤਰ ਲੋਕ ਨੂੰ ਹਬ ਕਬ ਪੁਚਾਉਣ ਲਈ ਆਪਣੇ ਮੁਖਾਰਬਿੰਦ ਤੋਂ ਵੇਦਾਂ ਦਾ ਉਪਦੇਸ਼ ਕੀਤਾ।

95. ਬ੍ਰਾਹਮਣ ਨਾਲੋਂ ਵਧਕੇ ਦੇਵਤਾ ਲੋਕ ਅਰ ਪਿਤਰ ਲੋਕਾਂ ਨੂੰ ਕਬ ਖੁਆਉਣ ਲਈ ਹੋਰ ਕੋਈ ਨਹੀਂ।

96. ਸਥਾਵਰ ਜੰਗਮ ਪਸ਼ੂਆਂ ਨਾਲੋਂ ਕੀੜਾ ਅਤੇ ਉਸ ਤੋਂ ਪਸ਼ੂ ਅਰ ਉਸ ਤੋਂ ਮਨੁਖ ਅਰ ਉਸ ਤੋਂ ਬ੍ਰਾਹਮਣ ਬੜਾ ਉੱਤਮ ਹੈ।

97. ਵੇਦ ਸ਼ਾਸਤ੍ਰ ਦੇ ਗਿਆਤਾ ਅਰ ਉਹਨਾਂ ਦੇ ਅਨੁਸਾਰ ਕਰਨੀ ਕਰਨ ਵਾਲੇ ਬ੍ਰਾਹਮਣਾਂ ਵਿਚੋਂ ਬ੍ਰਹਮਗਿਆਨੀ ਉੱਤਮ ਹੈ।

98. ਬ੍ਰਾਹਮਣ ਧਰਮ ਮੂਰਤ ਅਰ ਧਰਮ ਕਰਨ ਲਈ ਪੈਦਾ ਕੀਤਾ ਹੈ ਮੁਕਤੀ ਵੀ ਇਸੇ ਲਈ ਹੈ।

99. ਧਰਮ ਭੰਡਾਰ ਦੀ ਰਾਖੀ ਕਰਨ ਵਾਸਤੇ ਪ੍ਰਮਾਤਮਾ ਨੇ ਵਿਦਵਾਨ ਬ੍ਰਾਹਮਣ ਪੈਦਾ ਕੀਤੇ।

100. ਸੰਸਾਰ ਦੇ ਸਾਰੇ ਪਦਾਰਥ ਬ੍ਰਾਹਮਣ ਲਈ ਪੈਦਾ ਕੀਤੇ ਕਿਉਂਕਿ ਲਾਭ ਦੇ ਉਠਾਉਣ ਦੀ ਜੁਗਤੀ ਇਸੇ ਨੂੰ ਹੀ ਆਉਂਦੀ ਹੈ ਅਰ ਧਰਮ ਪ੍ਰਚਾਰ ਲਈ ਪੈਦਾ ਕੀਤਾ ਇਸ ਲਈ ਸ੍ਰੇਸ਼ਟ ਹੈ।

101. ਬ੍ਰਾਹਮਣ ਬਿਨਾਂ ਆਪਣੀ ਚੀਜ਼ ਦੇ ਕਿਸੇ ਦੀ ਚੀਜ਼ ਅੰਗੀਕਾਰ ਨਹੀਂ ਕਰਦਾ। ਇਸੇ ਦੀ ਦਿਆਲਤਾ ਨਾਲ ਖੱਤਰੀ ਅਨੰਦ ਲੈਂਦੇ ਹਨ।

102. ਬ੍ਰਾਹਮਣ ਅਤੇ ਖੱਤਰੀ ਦੇ ਕਰਮ ਜਾਨਣ ਵਾਸਤੇ ਮਨੂੰ ਜੀ ਨੇ ਇਸ ਸ਼ਾਸਤ੍ਰ ਨੂੰ ਬਣਾਇਆ।

103. ਪੰਡਿਤ ਬ੍ਰਾਹਮਣਾਂ ਲਈ ਇਸ ਸ਼ਾਸਤ੍ਰ ਨੂੰ ਯਤਨ ਨਾਲ ਪੜ੍ਹਨਾ ਅਰ ਪੜ੍ਹਾਉਣਾ

ਉਚਿਤ ਹੈ ਪਰ ਖੱਤਰੀ ਪੜ੍ਹਾ ਨਹੀਂ ਸਕਦਾ ਪੜ੍ਹ ਸਕਦਾ ਹੈ।

104. ਇਸ ਸ਼ਾਸਤ੍ਰ ਦਾ ਗਿਆਤਾ ਬ੍ਰਹਮ ਮਨ, ਬਾਣੀ ਅਰ ਸਰੀਰ ਕਰਕੇ ਪਵਿੱਤ੍ਰ ਹੁੰਦਾ ਹੈ।

105. ਐਸਾ ਬ੍ਰਾਹਮਣ ਆਪਣੀਆਂ ਸੱਤ ਕੁਲਾਂ ਨੂੰ ਪਵਿੱਤ੍ਰ ਕਰਦਾ ਹੈ ਅਰ ਪਾਪੀਆਂ ਦੀ ਪੰਗਤ ਨੂੰ ਪਵਿੱਤ੍ਰ ਕਰਦਾ ਹੈ ਅਰ ਅਕਲ ਪ੍ਰਿਥਵੀ ਨੂੰ ਧਾਰਨ ਕਰ ਸਕਦਾ ਹੈ।

106. ਇਹ ਸ਼ਾਸਤ੍ਰ ਬੁੱਧੀ, ਜੱਸ, ਅਵਸਥਾ, ਮੁਕਤੀ ਕਲਿਆਨ ਦਾਤਾ ਹੈ।

107. ਇਸ ਸ਼ਾਸਤ੍ਰ ਵਿਚ ਸਾਰੇ ਧਰਮ ਕਰਮਾਂ ਦੇ ਗੁਣ ਦੋਸ਼ ਅਰ ਆਚਾਰ ਦੱਸੇ ਹਨ।

108. ਇਸ ਸ਼ਾਸਤ੍ਰ ਵਿਚ ਦੱਸੇ ਹੋਏ ਆਚਾਰਾਂ ਉਪਰ ਅਮਲ ਕਰਨਾ ਚੌਹਾਂ ਵਰਨਾਂ ਨੂੰ ਉਚਿਤ੍ਰ ਹੈ।

109. ਆਚਾਰ ਰਹਿਤ ਬ੍ਰਹਮ ਵੇਦ ਦੇ ਫਲ ਨੂੰ ਭੋਗ ਨਹੀਂ ਸਕਦਾ ਆਚਾਰ ਸਹਿਤ ਭੋਗ ਸਕਦਾ ਹੈ।

110. ਮਨੂੰ ਜੀ ਨੇ ਧਰਮ ਦੀ ਪ੍ਰਾਪਤੀ ਆਚਾਰ ਤੋਂ ਮੁਖ ਮੰਨੀ ਹੈ।

111. ਸ੍ਰਿਸ਼ਟੀ ਦੀ ਉਤਪਤੀ, ਸੰਸਕਾਰ ਕਰਨ ਦੀ ਬਿਧੀ ਅਰ ਬੱਚਤ ਦੀ ਲੋੜ ਅਰ ਇਸ਼ਨਾਨ ਦਾ ਢੰਗ ਇਸ ਸ਼ਾਸਤ੍ਰ ਵਿਚ ਦੱਸਿਆ ਹੈ।

112. ਇਸਤਰੀ ਪਰਸੰਗ ਵਿਵਾਹ ਲੱਖਣ, ਮਹਾਂਯੋਗ ਸ਼ਰਾਧ ਦਾ ਢੰਗ।

113. ਜੀਵ ਲੱਖਣ ਅਤੇ ਬ੍ਰਹਮਚਾਰੀ ਦੇ ਨਿਯਮ ਭੋਜਨ ਸੰਬੰਧੀ ਅਰ ਚੀਜ਼ਾਂ ਦੇ ਪਵਿੱਤ੍ਰ ਰੱਖਣ ਦੀ ਰੀਤੀ।

114. ਇਸਤਰੀ ਧਰਮ ਅਰ ਸੰਨਿਆਸ ਦੀ ਪ੍ਰਸੰਸਾ ਅਰ ਰਾਜਿਆਂ ਦੇ ਧਰਮ, ਸਾਰੇ ਕੰਮਾਂ ਦਾ ਵਿਚਾਰ।

115. ਗਵਾਹੀ ਦਾ ਢੰਗ ਇਸਤਰੀ ਪੁਰਸ਼ ਦੇ ਧਰਮ, ਧਰਮ ਦੀ ਵੰਡ, ਜੁਆਰੀਆਂ ਨੂੰ ਡੰਡ।

116. ਵੈਸ਼ ਅਰ ਸ਼ੂਦਰਾਂ ਦੇ ਧਰਮ, ਵਰਨ ਸੰਕਰਾਂ ਦੀ ਉਤਪਤੀ, ਔਖੇ ਵੇਲੇ ਵਰਨਾਂ ਦਾ ਧਰਮ, ਪਾਪ ਤੋਂ ਛੁਟਨ ਦੀ ਬਿਧੀ।

117. ਸ਼ੁਭ ਅਸ਼ੁਭ ਕਰਮਾਂ ਤੋਂ ਜਨਮ ਮਰਨ ਮਿਲਦਾ ਹੈ, ਉੱਤਮ ਗਿਆਨ ਦਾ ਭਲਾ ਬੁਰਾ ਫਲ ਹੁੰਦਾ ਹੈ।

118. ਦੇਸ, ਜਾਤੀ, ਕੁਲ ਅਰ ਪਾਖੰਡੀ ਦਾ ਧਰਮ ਇਹ ਗੱਲਾਂ ਸਾਰੀਆਂ ਮਨੂੰ ਜੀ ਦੇ ਸ਼ਾਸਤ੍ਰ ਵਿਚ ਹਨ।

119. ਭ੍ਰਿਗੂ ਜੀ ਨੇ ਆਖਿਆ ਕਿ ਜਿਸ ਤਰ੍ਹਾਂ ਅਸਾਂ ਨੇ ਇਸ ਸ਼ਾਸਤ੍ਰ ਨੂੰ ਮਨੂੰ ਜੀ ਕੋਲੋਂ ਪੜ੍ਹਿਆ ਹੈ ਮੈਂ ਤੁਹਾਨੂੰ ਸੁਣਾਉਂਦਾ ਹਾਂ।

ਮਨੂੰ ਜੀ ਦਾ ਧਰਮ ਸ਼ਾਸਤ੍ਰ ਭ੍ਰਿਗੂ ਜੀ ਦੀ ਸੰਘਤਾ ਦਾ ਪਹਿਲਾ ਅਧਿਆਇ ਸਮਾਪਤ।

# ਦੂਸਰਾ ਅਧਿਆਇ

1. ਰਾਗ ਦਵੈਸ਼ ਰਹਿਤ ਪੰਡਿਤਾਂ ਨੇ ਜਿਸ ਕਲਿਆਣਕਾਰੀ ਧਰਮ ਨੂੰ ਧਾਰਨ ਕੀਤਾ ਹੈ ਸੁਣੋ :—
2. ਸਕਾਮ ਕਰਮ ਤੋਂ ਜਨਮ ਮਰਨ ਬਣਿਆ ਰਹਿੰਦਾ ਹੈ ਅਰ ਨਿਸਕਾਮ ਤੋਂ ਮੁਕਤੀ ਇਸ ਸ਼ਾਸਤ੍ਰ ਵਿਚ ਸਕਾਮ ਕਰਮਾਂ ਦੇ ਕਰਨ ਤੋਂ ਰੋਕਿਆ ਨਹੀਂ ਗਿਆ।
3. ਇੱਛਾ ਯੱਗ, ਬ੍ਰਤ, ਨੇਮ, ਧਰਮ, ਫਲ ਦੀ ਇੱਛਾ ਤੋਂ ਕੀਤੇ ਜਾਂਦੇ ਹਨ।
4. ਬਿਨਾਂ ਇੱਛਾ ਦੇ ਕੋਈ ਕੰਮ ਨਹੀਂ ਹੈ ਜੋ ਕੁਝ ਹੁੰਦਾ ਹੈ ਸਾਰਾ ਇੱਛਾ ਤੋਂ ਹੁੰਦਾ ਹੈ।
5. ਬਿਨਾਂ ਇੱਛਾ ਦੇ ਕਰਮ ਮੁਕਤੀ ਦਾਤਾ ਹਨ ਅਰ ਭੁਗਤੀ ਵੀ ਦੇਂਦੇ ਹਨ।
6. ਵੇਦ ਬਚਨ ਅਰ ਵੇਦਰਾਯ ਦੇ ਬਚਨ ਅਰ ਕਰਮ ਅਰ ਸਧਾਰਨ ਪੁਰਸ਼ਾਂ ਦੇ ਕਰਮ ਤੇ ਉਹ ਕਰਮ ਜਿਨ੍ਹਾਂ ਤੋਂ ਚਿਤ ਅਨੰਦ ਹੋਵੇ ਸਾਰੇ ਧਰਮ ਦਾ ਮੂਲ ਹਨ।
7. ਮਨੂੰ ਜੀ ਨੇ ਸਾਰੇ ਧਰਮ ਵੇਦ ਅਨੁਸਾਰ ਦੱਸੇ ਹਨ।
8. ਸਾਰੇ ਪੁਰਸ਼ਾਂ ਨੂੰ ਬੁੱਧੀ ਅਰ ਨਿਸਚੇ ਨਾਲ ਇਹਨਾਂ ਧਰਮਾਂ ਦਾ ਪਾਲਨ ਕਰਨਾ ਉਚਿਤ ਹੈ।
9. ਜੋ ਪੁਰਸ਼ ਵੇਦ ਸ਼ਾਸਤ੍ਰ ਅਨੁਸਾਰ ਧਰਮਾਂ ਨੂੰ ਪਾਲਦਾ ਹੈ ਉਹ ਲੋਕ ਪ੍ਰਲੋਕ ਦੀ ਵਡਿਆਈ ਪਾਉਂਦਾ ਹੈ।
10. ਵੇਦ ਸ਼ਾਸਤ੍ਰਾਂ ਉਪਰ ਝਗੜਾ ਕਰਨਾ ਠੀਕ ਨਹੀਂ।
11. ਜੋ ਵੇਦ ਸ਼ਾਸਤ੍ਰ ਦੇ ਦੱਸੇ ਹੋਏ ਧਰਮ ਦੀ ਨਿੰਦਾ ਕਰਦਾ ਹੈ ਉਹ ਪੁਰਸ਼ ਨਾਸਤਕ ਹੈ।
12. ਵੇਦ ਅਰ ਸ਼ਾਸਤ੍ਰ ਅਰ ਹੱਛੇ ਕੌਲਾਂ ਦਾ ਢੰਗ ਜਿਸ ਤੋਂ ਮਨ ਸ਼ਾਂਤ ਹੋਵੇ ਇਹ ਧਰਮ ਲੱਖਣ ਹਨ।
13. ਧਰਮ ਅਰ ਗਿਆਨ ਦਾ ਅਧਿਕਾਰੀ ਬਿਨਾਂ ਕਾਮ ਅਰਥ ਦੀ ਇੱਛਾ ਦੇ ਹੁੰਦਾ ਹੈ ਜੋ ਪੁਰਸ਼ ਧਰਮ ਦੀ ਇੱਛਾ ਰੱਖਦਾ ਹੈ ਉਹਦੇ ਲਈ ਕੇਵਲ ਵੇਦ ਹੀ ਪ੍ਰਮਾਨ ਹਨ।
14. ਵੇਦ ਅਨੁਸਾਰ ਸਾਰੇ ਕਰਮ ਕਰਨੇ ਯੋਗ ਹਨ ਭਾਵੇਂ ਕਿਸ ਤਰ੍ਹਾਂ ਵੀ ਦੱਸੇ।
15. ਵੇਦ ਵਿਚ ਤਿੰਨ ਕਾਲ ਹਵਨ ਕਰਨਾ ਦੱਸਿਆ ਹੈ ਸਵੇਰੇ ਸੂਰਜ ਦੇ ਚੜ੍ਹਨ ਤੋਂ ਪਹਿਲਾਂ ਅਰ ਸੰਝ ਨੂੰ ਸੂਰਜ ਡੁੱਬਣ ਵੇਲੇ ਅਰ ਮਧਿਆਨ ਕਾਲ।

16. ਬ੍ਰਾਹਮਣ ਖੱਤ੍ਰੀ ਅਰ ਵੈਸ਼ ਇਨ੍ਹਾਂ ਵਰਨਾਂ ਦੇ ਅਧਿਕਾਰ ਇਸ ਸ਼ਾਸਤ੍ਰ ਵਿਚ ਹਨ ਜਿਨ੍ਹਾਂ ਦੇ ਜਨਮ ਮਰਨ ਵਿਚ ਸੰਸਕਾਰ।
17. ਸੁਰਸਤੀ ਅਰ ਵਰਖ ਦੋਤੀ ਨਦੀ ਦੇ ਵਿਚਕਾਰਲੇ ਦੇਸ਼ ਨੂੰ ਬ੍ਰਹਮਾ ਵਰਤ ਆਖਦੇ ਹਨ।
18. ਇਸ ਦੇਸ਼ ਵਿਚ ਸਾਰੇ ਵਰਨ ਆਸ਼ਰਮਾਂ ਜੋ ਸਦੀਵ ਚਲਾ ਆਉਂਦਾ ਹੈ ਸਦਾਚਾਰ ਹੈ।
19. ਬ੍ਰਹਮਾ ਵਰਤ ਦੇ ਨੇੜੇ ਕੁਲਖੇਤ੍ਰ, ਪੰਜਾਲ, ਸ਼ੋਸੀਂਗ, ਭਦ ਵਾਰ ਇਹ ਸਾਰੇ ਦੇਸ਼ ਬ੍ਰਹਮ ਰਿਖੀਆਂ ਦੇ ਹਨ।
20. ਸਾਰੇ ਸੰਸਾਰ ਦੇ ਪੁਰਸ਼ ਆਪਣੇ ਆਪ ਨੂੰ ਉਸ ਦੇਸ ਦੇ ਵਾਸੀ ਜਾਨਣ।
21. ਹਿਮਾਚਲ ਅਤੇ ਵਿੰਧਿਆਚਲ ਦੇ ਪੂਰਬ ਅਰ ਪਰਯਾਗ ਦੇ ਪਸਚਮ ਤਾਈਂ ਮਧ ਦੇਸ ਹੈ।
22. ਪੂਰਬੀ ਸਮੁੰਦਰ ਤੋਂ ਪਸਚਮੀ ਸਮੁੰਦਰ ਤਕ ਅਤੇ ਹਿਮਾਚਲ ਅਰ ਬਿੰਧਿਆਚਲ ਪਹਾੜ ਦੇ ਵਿਚਕਾਰਲੇ ਦੇਸ ਨੂੰ ਭਾਰਤ ਵਰਸ਼ ਆਖਦੇ ਹਨ।
23. ਜਿਸ ਦੇਸ ਸੁਭਾਵਕ ਹੀ ਕਾਲਾ ਹਰਨ ਰਹੇ ਉਸ ਦੇਸ਼ ਵਿਚ ਯੱਗ ਹੋ ਸਕਦਾ ਹੈ ਉਸ ਤੋਂ ਪਰਾਂ ਮਲੇਛ ਹਨ।
24. ਬ੍ਰਾਹਮਣ, ਖੱਤਰੀ, ਅਰ ਵੈਸ਼ ਇਸ ਦੇਸ਼ ਵਿਚ ਰਹਿਣ ਨਿਰਬਾਹ ਵਾਸਤੇ ਹੋਰ ਦੇਸ ਵਿਚ ਜਾਣਾ ਮਨਾ ਨਹੀਂ।
25. ਭ੍ਰਿਗੂ ਜੀ ਆਖਦੇ ਹਨ ਹੁਣ ਤਕ ਆਪ ਤੋਂ ਉਤਪਤ ਲੋਕਾਂ ਦੇ ਧਰਮ ਕਥਨ ਕੀਤੇ ਹਨ ਹੁਣ ਵਰਨਾਂ ਦੇ ਧਰਮ ਸੁਣੋ :—
26. ਬ੍ਰਾਹਮਣ, ਖੱਤਰੀ, ਵੈਸ਼ ਨੂੰ ਗਰਭਾਧਾਨ ਆਦਿ ਸਰੀਰ ਦੇ ਸੰਸਕਾਰ ਲੋਕ ਪ੍ਰਲੋਕ ਵਿਚ ਪਵਿੱਤ੍ਰ ਕਰਦੇ ਹਨ।
27. ਇਨ੍ਹਾਂ ਤੋਂ ਬੀਜ ਦਾ ਦੋਸ਼ ਤੇ ਗਰਭਦੋਸ਼ ਛੁੱਟ ਜਾਂਦਾ ਹੈ।
28. ਵੇਦਾਂ ਦਾ ਪੜ੍ਹਨਾ ਵਰਤ ਹਵਨ ਆਦਿ ਕਰਨੇ ਮੁਕਤੀ ਦਾਤਾ ਜਾਣੀਦਾ ਹੈ।
29. ਨਾਲ ਛੇਦਨ ਸਮੇਂ ਸੋਨੇ ਦੇ ਵਰਕ, ਘਿਓ, ਮਾਖੀ ਬਾਲਕ ਨੂੰ ਚਟਾਉਣੀ ਉਚਿਤ ਹੈ।
30. ਜੰਮਨ ਤੋਂ ਯਾਰ੍ਹਵੇਂ ਜਾਂ ਬਾਰ੍ਹਵੇਂ ਦਿਨ ਸੰਸਕਾਰ ਕਰਨਾ ਯੋਗ ਹੈ।
31. ਬ੍ਰਾਹਮਣ ਦੇ ਨਾਮ ਵਿਚ ਮੰਗਲ ਅੱਖਰ ਅਰ ਖੱਤਰੀ ਦੇ ਨਾਂ ਵਿਚ ਮਲ ਅਤੇ ਵੈਸ਼ ਦੇ ਨਾਮ ਵਿਚ ਅੱਖਰ ਧਨ ਅਤੇ ਸ਼ੂਦਰ ਦੇ ਨਾਂ ਵਿਚ ਨੰਦ ਰਖਣਾ ਚਾਹੀਏ।
32. ਇਹਨਾਂ ਵਰਨਾਂ ਦੇ ਨਾਮ ਦੇ ਛੇਕੜ ਸ਼ਰਮ ਰਖਕ ਪਦ ਜ਼ਰੂਰ ਹੋਵੇ।
33. ਇਸਤਰੀ ਦਾ ਨਾਮ ਪਿਆਰ ਅਰ ਸੌਖਾ, ਕੋਮਲ ਤੇ ਪ੍ਰਸੰਨਤਾ ਦੇਣ ਵਾਲਾ ਹੋਣਾ

ਯੋਗ ਹੈ।

34. ਚੌਥੇ ਮਹੀਨੇ ਪਿਛੋਂ ਬਾਲਕ ਨੂੰ ਘਰੋਂ ਬਾਹਰ ਕੱਢੋ ਅਰ ਅੰਨ ਆਦਿ ਕਰੋ।
35. ਬ੍ਰਾਹਮਣ, ਖੱਤਰੀ, ਵੈਸ਼ ਤੀਜੇ ਵਰ੍ਹੇ ਦੇ ਅੰਦਰ ਮੁੰਡਨ ਸੰਸਕਾਰ ਜ਼ਰੂਰ ਕਰਨ।
36. ਅੱਠਵੇਂ ਜਾਂ ਦਸਵੇਂ ਵਰ੍ਹੇ ਤਕ ਜਨੇਊ ਸੰਸਕਾਰ ਜ਼ਰੂਰ ਕਰਨਾ ਚਾਹੀਏ।
37. ਅੱਠਵੇਂ ਵਰ੍ਹੇ ਜਾਂ ਛੇਵੇਂ ਪੰਜਵੇਂ ਵਰ੍ਹੇ ਜਨੇਊ ਸੰਸਕਾਰ ਲਾਭਕਾਰੀ ਹਨ।
38. ਸੋਲਾਂ, ਬਾਈ, ਚੱਵੀਂਵੇ ਵਰ੍ਹੇ ਤਕ ਬ੍ਰਾਹਮਣ ਖੱਤਰੀ ਵੈਸ਼ ਗਾਇਤ੍ਰੀ ਅਰ ਵਰਨ ਰਹਿੰਦੇ ਹਨ।
39. ਇਸ ਤੋਂ ਪਿਛੋਂ ਤਿੰਨੇ ਵਰਨ ਅਧਿਕਾਰੀ ਨਹੀਂ ਰਹਿੰਦੇ।
40. ਜਦੋਂ ਤਕ ਬ੍ਰਾਹਮਣ ਇਸ ਪ੍ਰਾਸਚਿਤ ਨੂੰ ਨਾ ਕਰੇ ਉਹਦੇ ਨਾਲ ਪੜ੍ਹਨਾ ਪੜ੍ਹਾਉਣਾ ਵਿਆਹ ਆਦਿ ਨਾ ਕਰੇ।
41. ਬ੍ਰਹਮਚਾਰੀ ਕਾਲੇ ਹਰਨ ਚਮੜਾ ਜਾਂ ਸਣ ਉਨ ਦਾ ਕਪੜਾ ਲੈ ਕੇ ਉਸ ਨਾਲ ਸਰੀਰ ਢੱਕੇ।
42. ਬ੍ਰਾਹਮਣ ਦੀ ਮੇਖਲਾ ਤਿੰਨ ਲੜਾਂ ਦੀ ਅਰ ਖੱਤਰੀ ਦੋ ਲੜਾਂ ਦੀ ਘੋਰਧੇ ਦੀ ਅਰ ਵੈਸ਼ ਦੀ ਸਣ ਦੀ ਤਿੰਨਾਂ ਦੀਆਂ ਲੜਾਂ।
43. ਜੇਕਰ ਮੁੰਜ ਸਣ ਨਾ ਮਿਲਣ ਤਾਂ ਦਭ ਦੀ ਤਿੰਨਾਂ ਲੜਾਂ ਦੀ ਕਰ ਲੈਣ।
44. ਬ੍ਰਾਹਮਣ ਨੂੰ ਕਪਾਹ ਦਾ ਅਰ ਖੱਤਰੀ ਨੂੰ ਸਣ ਦਾ, ਵੈਸ਼ ਨੂੰ ਉਨ ਦਾ ਹੋਣਾ ਚਾਹੀਏ।
45. ਬ੍ਰਾਹਮਣ ਛਿਛਰਾ ਅਰ ਖੱਤਰੀ ਬੇਰ, ਵੈਸ਼ ਪੀਲੂ ਦਾ ਡੰਡਾ ਧਾਰਨ ਕਰਨ।
46. ਬ੍ਰਾਹਮਣ ਸਿਰ ਅਰ ਖੱਤਰੀ ਮੱਥੇ ਅਰ ਵੈਸ਼ ਨੱਕ ਤੱਕ ਲੰਮਾ ਸੋਟਾ ਰੱਖਿਆ ਕਰੇ।
47. ਸਾਰੇ ਡੰਡੇ ਕੋਮਲ ਸੋਹਣੇ ਅਰ ਬਿਨਾਂ ਛੇਕਾਂ ਦੇ ਹੋਣ ਅਗਨੀ ਕਰਕੇ ਸੜਿਆ ਨ ਹੋਵੇ।
48. ਡੰਡਾ ਹੱਥ ਵਿਚ ਧਾਰ ਕੇ ਸੂਰਜ ਦੇ ਸਾਹਮਣੇ ਅਗਨੀ ਦੀ ਪਰਦੱਖਣਾ ਲਵੇ ਅਰ ਬੇਨਤੀ ਕਰੇ।
49. ਇਹਨਾਂ ਤਿੰਨਾਂ ਵਰਨਾਂ ਦੀ ਬ੍ਰਹਮਚਾਰੀ ਭਿੱਖਿਆ ਮੰਗਨ ਸਮੇਂ ਭੂਤ ਪਦ ਨੂੰ ਜ਼ਰੂਰ ਉਚਾਰਨ ਕਰਨ।
50. ਬ੍ਰਹਮਚਾਰੀ ਪਹਿਲਾਂ ਆਪਣੇ ਸੰਬੰਧੀਆਂ ਦੇ ਘਰੋਂ ਭੀਖ ਮੰਗੇ ਤਾਂਕਿ ਉਹ ਨਿਰਬਾਨ ਹੋ ਜਾਵੇ।
51. ਭਿਖਿਆ ਮੰਗ ਕੇ ਪਵਿੱਤਰ ਹੋ ਕੇ ਪੂਰਬ ਮੁੱਖ ਬੈਠ ਕੇ ਖਾਏ।
52. ਪੂਰਬ, ਦੱਖਣ, ਉਤਰ, ਪੱਛਮ ਵਾਲੇ ਪਾਸੇ ਧਿਆਨ ਕਰਕੇ ਭੋਜਨ ਖਾਣਾ ਲਾਭਕਾਰੀ ਹੈ, ਉਮਰ ਅਰ ਸਚਾਈ ਆਦਿ ਵੱਧਦੇ ਹਨ।

53. ਚਿਤ ਇਕਾਗਰ ਕਰਕੇ ਭੋਜਨ ਕਰਨਾ ਉਚਿਤ ਹੈ।
54. ਅੰਨ ਦਾ ਸਤਿਕਾਰ ਕਰਨਾ ਅਤਿ ਜ਼ਰੂਰੀ ਹੈ।
55. ਅੰਨ ਦੀ ਪੂਜਾ ਤੋਂ ਤੇਜ ਅਤੇ ਇੰਦਰੇ ਸ਼ਕਤੀ ਵਧਦੀ ਹੈ ਅਰ ਨਾ ਕਰਨ ਤੋਂ ਨਾਸ ਹੁੰਦੀ ਹੈ।
56. ਨਾ ਜੂਠਾ ਖਾਏ ਅਰ ਨਾ ਕਿਸੇ ਦੇਵੇ, ਜੂਠੇ ਮੂੰਹ ਕਿਧਰੇ ਜਾਣਾ ਵੀ ਨਹੀਂ ਚਾਹੀਏ।
57. ਬਹੁਤਾ ਅੰਨ ਖਾਣ ਤੌਂ ਕੋਈ ਵਡਿਆਈ ਲੋਕਕ ਜਾਂ ਪ੍ਰਲੋਕਕ ਨਹੀਂ ਹੈ।
58. ਬ੍ਰਾਹਮਣ ਭੋਜਨ ਸਦੀਵ ਬ੍ਰਹਮ ਤੀਰਥ ਤੋਂ ਹੀ ਛਕਣਾ ਅਰੰਭ ਕਰਨਾ ਚਾਹੀਏ।
59. ਅੰਗੂਠਾ, ਤਰਜਨੀ ਕਨਿਸਟਾ ਇਹਨਾਂ ਤਿੰਨਾਂ ਦਾ ਨੇਮ ਪਰਜਾ ਪਤ ਤੀਰਥ ਹੈ।
60. ਪਹਿਲਾਂ ਤਿੰਨ ਵਾਰੀ ਆਚਮਨ ਕਰਕੇ ਦੋ ਵਾਰੀ ਧੋਵੇ ਅਰ ਨੱਕ, ਮੂੰਹ, ਕੰਨ, ਛਾਤੀ ਅੱਖਾਂ ਨੂੰ ਪਾਣੀ ਨਾਲ ਧੋਏ।
61. ਪੂਰਬ ਜਾਂ ਉਤਰ ਮੂੰਹ ਕਰਕੇ ਠੰਢੇ ਪਾਣੀ ਨਾਲ ਪਵਿੱਤਰਤਾ ਨਾਲ ਆਚਮਨ ਕਰੇ।
62. ਆਚਮਨ ਕਰਨ ਵਿਚ ਬ੍ਰਾਹਮਣ ਛਾਤੀ ਤਾਈਂ ਅਰ ਖੱਤਰੀ ਗੱਲ ਤਕ, ਵੈਸ਼ ਜੀਭ ਤਾਈਂ ਪਾਣੀ ਪੈ ਜਾਵੇ।
63. ਸੱਜੇ ਮੋਢੇ ਤੇ ਜਨੇਊ ਰੱਖਣ ਵਾਲੇ ਨੂੰ ਉਪ ਬੀਤੀ ਅਤੇ ਗਲ ਵਿਚ ਰੱਖਣ ਵਾਲੇ ਨੂੰ ਨੀਵੀਤੀ ਆਖਦੇ ਹਨ।
64. ਮੇਖਲਾ, ਚਮੜਾ, ਡੰਡਾ ਅਰ ਜਨੇਊ ਆਦਿ ਟੁੱਟ ਜਾਣ ਤੋਂ ਪਾਣੀ ਵਿਚ ਸੁੱਟ ਦਿਓ ਅਰ ਨਵੇਂ ਧਾਰਨ ਕਰੋ।
65. ਬ੍ਰਾਹਮਣ ਸੋਲ੍ਹਵੇਂ ਅਰ ਖੱਤ੍ਰੀ ਬਾਈਵੇਂ ਅਰ ਵੈਸ਼ ਨੂੰ ਚਵੀਵੇਂ ਬਰਸ ਕਸ਼ਾਂਤ ਕਰਨਾ ਯੋਗ ਹੈ।
66. ਇਸਤਰੀਆਂ ਨੂੰ ਸਮੇਂ-ਸਮੇਂ ਇਹ ਸਾਰੇ ਸੰਸਕਾਰ ਬਿਨ ਮੰਤਰਾਂ ਦੇ ਕਰਨੇ ਯੋਗ ਹਨ।
67. ਇਸਤਰੀ ਦਾ ਵਿਆਹ ਸ਼ਾਸਤ੍ਰ ਅਨੁਸਾਰ ਹੋਣਾ ਹੀ ਮੰਤਰ ਸੰਸਕਾਰ ਹੈ ਪਤੀ ਦੀ ਸੇਵਾ ਹੀ ਉੱਤਮ ਸੰਸਕਾਰ ਹੈ।
68. ਤਿੰਨਾਂ ਵਰਨਾਂ ਦਾ ਜਨੇਊ ਪਾਉਣਾ ਮਹਾਂ ਪੁੰਨ ਹੈ ਇਸ ਤੋਂ ਪਿਛੋਂ ਕਰਮ ਯੋਗ ਦਸਦੇ ਹਨ।
69. ਗੁਰੂ ਨੂੰ ਉਚਿਤ ਹੈ ਕਿ ਪਵਿੱਤਰਤਾ, ਆਚਾਰ, ਸੰਧਿਆ ਅਗਨੀ ਦੀ ਸੇਵਾ ਸਿਖਾ ਕੇ ਪਿਛੋਂ ਵਿੱਦਿਆ ਪੜ੍ਹਾਏ।
70. ਜਗਿਆਸੂ ਜਿਤਇੰਦਰੇ ਅਰ ਸ਼ਾਸਤ੍ਰ ਮਰਯਾਦਾ ਅਨੁਸਾਰ ਚੇਲਾ ਬਣਿਆ ਰਹੇ।
71. ਨਿਤਾ ਪ੍ਰਤੀ ਸੰਥਾ ਦੇ ਅਰੰਭ ਅਰ ਸਮਾਪਤੀ ਕਾਲ ਗੁਰੂ ਜੀ ਨੂੰ ਨਮਸਕਾਰ ਕਰੇ।

72. ਦੋਵੇਂ ਹੱਥ ਗੁਰੂ ਦੇ ਦੋਹਾਂ ਚਰਨਾਂ ਨੂੰ ਲਾਵੇ ਸੱਜਾ ਸੱਜੇ ਨੂੰ ਅਰ ਖੱਬਾ ਖੱਬੇ ਨੂੰ।

73. ਗੁਰੂ ਦੀ ਆਗਿਆ ਅਨੁਸਾਰ ਪੜ੍ਹੇ ਅਰ ਚੁਪ ਕਰੇ।

74. ਸੰਥਾ ਦੇ ਆਰੰਭ ਅਰ ਸਮਾਪਤੀ ਸਮੇਂ ਓਂਕਾਰ ਅੱਖਰ ਉਚਾਰਨ ਕਰੇ ਤਾਕਿ ਸੰਥਾ ਭੁੱਲੇ ਨਾ।

75. ਪੂਰਬ ਮੂੰਹ ਕੁਸ਼ਾ ਦੇ ਆਸਨ ਤੇ ਬੈਠ ਕੇ ਪਵਿੱਤ੍ਰ ਮੰਤ੍ਰ ਤੋਂ ਪਵਿੱਤ੍ਰ ਹੋ ਕੇ ਪ੍ਰਾਣਾਯਾਮ ਕਰੇ ਤਦ ਓਂਕਾਰ ਆਖਣ ਦਾ ਅਧਿਕਾਰੀ ਬਣਦਾ ਹੈ।

76. ਅਕਾਰ, ਓਕਾਰ, ਮਕਾਰ ਇਹਨਾਂ ਤਿੰਨਾਂ ਅੱਖਰਾਂ ਨੂੰ ਬ੍ਰਹਮਾ ਜੀ ਨੇ ਵੇਦਾਂ ਵਿਚੋਂ ਕੱਢਿਆ ਹੈ।

77. ਗਾਇਤ੍ਰੀ ਮੰਤਰ ਦੇ ਤਿੰਨੇ ਪਦ ਤਿੰਨਾਂ ਵੇਦਾਂ ਵਿਚੋਂ ਕੱਢੇ ਹਨ।

78. ਸੰਧਿਆ ਸਮੇਂ ਵੇਦ ਪਾਠੀ ਪੰਡਿਤ ਗਾਇਤ੍ਰੀ ਦੇ ਤਿੰਨ ਚਰਨ ਭੂਰ, ਭਵਾ, ਸੁਆਹ ਸਹਿਤ ਪਾਠ ਕਰੇ।

79. ਇਹਨਾਂ ਨੂੰ ਹਜ਼ਾਰ ਵਾਰ ਇਕ ਮਹੀਨੇ ਤਕ ਪੜ੍ਹਨ ਵਿਚਾਰਨ ਕਰਨ ਤੋਂ ਅਗਿਆਨ ਦੂਰ ਹੁੰਦਾ ਹੈ।

80. ਜੇ ਤਿੰਨੇ ਵਰਨ ਸਮੇਂ ਇਸਨੂੰ ਪੜ੍ਹਨ ਤਾਂ ਧਰਮ ਤੋਂ ਉਹ ਖਾਲੀ ਮੰਨੇ ਹਨ।

81. ਬੁੱਧੀ ਦੀ ਸ਼ੁੱਧੀ ਗਿਆਨ ਤੋਂ ਅਰ ਗਿਆਨ ਗਾਇਤ੍ਰੀ ਤੋਂ ਪ੍ਰਗਟ ਹੁੰਦਾ ਹੈ ਕਿਉਂਕਿ ਇਹ ਵੇਦ ਦਾ ਸਾਰ ਹੈ।

82. ਜੋ ਪੁਰਸ਼ ਸ਼ਾਸਤ੍ਰ ਅਨੁਸਾਰ ਤਿੰਨ ਬਰਸ ਤਕ ਨੇਮ ਨਾਲ ਪੜ੍ਹੇ ਉਹ ਵਾਯੂ ਰਿਸ਼ੀ ਵਰਗਾ ਗਿਆਨਵਾਨ ਹੋ ਜਾਂਦਾ ਹੈ।

83. ਗਾਇਤ੍ਰੀ ਤੋਂ ਵੱਧਕੇ ਹੋਰ ਕੋਈ ਪ੍ਰਾਣਾਯਾਮ ਨਹੀਂ।

84. ਓਂਕਾਰ ਤੋਂ ਉਤਪੰਨ ਹੋਇਆ ਗਿਆਨ ਸਦੀਵ ਰਹਿੰਦਾ ਹੈ ਹੋਰ ਸਭ ਕਿਰਿਆ ਨਾਸ਼ਵਾਨ ਹੈ।

85. ਚੁੱਪ ਚਾਪ ਜਪ ਕਰਨਾ ਸਭ ਤੋਂ ਅਧਿਕ ਫਲ ਦੇਣ ਵਾਲਾ ਹੈ।

86. ਚਾਰ ਪਾਕ ਯੱਗ ਅਤੇ ਵੱਧ ਯੱਗ ਤੋਂ ਜਪ ਯੱਗ ਸ੍ਰੇਸ਼ਟ ਹੈ।

87. ਮਨ ਦਾ ਇਸਥਿਤ ਹੋਣਾ ਹੀ ਗਿਆਨ ਹੈ ਇਸ ਤੋਂ ਹੀ ਸ਼ੁਧੀ ਪ੍ਰਾਪਤ ਹੁੰਦੀ ਹੈ, ਬ੍ਰਾਹਮਣ ਨੂੰ ਯੋਗ ਹੈ ਕਿ ਸਭ ਨਾਲ ਪਿਆਰ ਕਰੇ।

88. ਵਿਦਵਾਨ ਨੂੰ ਯੋਗ ਹੈ ਕਿ ਰਥਵਾਹੀ ਦੀ ਤਰ੍ਹਾਂ ਆਪਣੇ ਇੰਦ੍ਰਿਆਂ ਨੂੰ ਰੋਕ ਕੇ ਚਲਾਏ।

89 ਪੁਰਾਣੇ ਵਿਦਵਾਨਾਂ ਨੇ ਜੋ 11 ਇੰਦ੍ਰੇ ਦਸੇ ਹਨ ਉਨ੍ਹਾਂ ਦਾ ਵਰਨਣ ਕਰਦੇ ਹਾਂ ਸੁਣੋ:

90. ਕੰਨ, ਤੁਚਾ, ਨੇਤਰ, ਜੀਭ, ਅਰ ਨਾਸਕਾ ਅਰ ਵਾਯੂ ਅਰ ਓਮ ਸਥ ਆਦਿ ਹਨ।

91. ਪੰਜ ਕਰਮ ਇੰਦ੍ਰੇ ਅਰ ਪੰਜ ਗਿਆਨ ਇੰਦ੍ਰੇ ਆਖਦੇ ਹਨ।

92. ਗਿਆਰ੍ਹਵਾਂ ਮਨ ਹੈ ਜਿਸਨੂੰ ਵੱਸ ਵਿਚ ਲਿਆਉਣਾ ਇਹਨਾਂ ਸਾਰਿਆਂ ਦਾ ਵੱਸ ਕਰਨਾ ਹੈ।

93. ਇਹਨਾਂ ਪਿਛੇ ਲੱਗਣ ਤੋਂ ਦੁੱਖ ਅਰ ਇਹਨਾਂ ਨੂੰ ਪਿਛੇ ਲਾਉਣ ਤੋਂ ਸੁਖ ਮਿਲਦਾ ਹੈ।

94. ਮਨ ਬਹੁਤ ਆਸਾ ਤ੍ਰਿਸ਼ਨਾ ਹੋਣ ਨਾਲ ਦੁੱਖੀ ਹੁੰਦਾ ਹੈ ਜਿਸ ਤਰ੍ਹਾਂ ਘਿਓ ਪਾਉਣ ਨਾਲ ਅੱਗ ਬਹੁਤ ਭੜਕਦੀ ਹੈ।

95. ਜੋ ਪੁਰਸ਼ ਸੰਸਾਰਕ ਸਾਰੇ ਪਦਾਰਥਾਂ ਨੂੰ ਪਾ ਕੇ ਤਿਆਗ ਦੇਵੇ ਉਹ ਵਡਿਆਈ ਯੋਗ ਹੈ।

96. ਪਦਾਰਥ ਵਰਤਕੇ ਛੱਡੇ ਜਾਂਦੇ ਹਨ ਕਿਉਂਕਿ ਵਰਤਨ ਨੂੰ ਚਿਤ ਉਪਰਾਮ ਹੁੰਦਾ ਹੈ।

97. ਦੁਰਾਚਾਰੀ ਪੁਰਸ਼ ਵੇਦ ਦੇ ਪੜ੍ਹਨ ਅਰ ਯੱਗ ਆਦਿਕਾਂ ਦੇ ਕਰਨ ਦਾ ਅਧਿਕਾਰੀ ਨਹੀਂ ਹੁੰਦਾ।

98. ਜੋ ਪੁਰਸ਼ ਇੰਦ੍ਰੀਆਂ ਨੂੰ ਵੱਸ ਵਿਚ ਰਖਦਾ ਹੈ ਉਹ ਜਿੱਤਇੰਦ੍ਰੀ ਹੁੰਦਾ ਹੈ।

99. ਸਾਰੇ ਇੰਦਰੀਆਂ ਵਿਚੋਂ ਇਕ ਭੀ ਜੋਰ ਵਿਚ ਹੋ ਜਾਵੇ ਤਾਂ ਸਾਰੇ ਇੰਦ੍ਰੇ ਬਲ ਪਾ ਜਾਂਦੇ ਹਨ।

100. ਭਲੀ ਭਾਂਤ ਇੰਦਰੀਆਂ ਨੂੰ ਵੱਸ ਕਰਨਾ ਮੁਕਤੀ ਭੁਗਤੀ ਪ੍ਰਾਪਤ ਕਰਦਾ ਹੈ।

101. ਗਾਇਤ੍ਰੀ ਦਾ ਜਪ ਪ੍ਰਾਤਾਕਾਲ ਸੂਰਜ ਚੜ੍ਹੇ ਤੱਕ ਅਰ ਦਿਨ ਲੱਥੇ ਤੋਂ ਤਾਰੇ ਚੜ੍ਹੇ ਤਾਈਂ ਕਰੇ।

102. ਪ੍ਰਾਤਾਕਾਲ ਦੀ ਸੰਧਿਆਂ ਤੋਂ ਰਾਤ ਦੇ ਪਾਪ ਅਰ ਸੰਝ ਦੀ ਸੰਧਿਆਂ ਤੋਂ ਦਿਨ ਦਾ ਪਾਪ ਦੂਰ ਹੁੰਦਾ ਹੈ।

103. ਜੋ ਪੁਰਸ਼ ਦੋਵੇਂ ਵੇਲੇ ਸੰਧਿਆ ਨਹੀਂ ਕਰਦਾ ਉਹ ਸ਼ੂਦਰਾਂ ਦੀ ਨਿਆਈਂ ਹੈ।

104. ਜੰਗਲ ਵਿਚ ਪਾਣੀ ਦੇ ਕੰਢੇ ਗਾਇਤ੍ਰੀ ਜਪ ਕਰਨਾ ਬਹੁਤ ਉਚਿਤ ਹੈ।

105. ਸੰਥਾ, ਕਰੋਕਤ, ਛੰਦ, ਜੋਤਸ਼ ਆਦਿ ਪੜ੍ਹਨੇ ਅਤੇ ਨਿਤ ਕਰਮਾਂ ਦੇ ਕਰਨ ਵਿਚ ਆਲਸ ਨਾ ਕਰੋ।

106. ਨਿਤ ਕਰਮ ਵਿਚ ਮੰਤਰ ਜੋ ਪੜ੍ਹੇ ਜਾਂਦੇ ਹਨ ਉਹਨਾਂ ਦਾ ਸਾਰਿਆਂ ਦਿਨਾਂ ਵਿਚ ਪੜ੍ਹਨਾ ਫਲ ਦਾਤਾ ਹੈ।

107. ਜੋ ਪੁਰਸ਼ ਇਕ ਵਰ੍ਹੇ ਤਕ ਵੇਦ ਪੜ੍ਹੇ ਉਸ ਲਈ ਵੇਦ ਕਾਮਧੇਨ ਗਊ ਦੀ ਨਿਆਈਂ ਹੈ।

108. ਜਨੇਊ ਧਾਰੀ ਪੁਰਸ਼ ਵੇਦ ਪੜ੍ਹੇ ਹਵਨ ਕਰੇ ਗੁਰੂ ਦੀ ਸੇਵਾ ਕਰੇ ਜਿੰਨਾ ਚਿਰ ਵੇਲਾ ਨਾ ਹੋਵੇ।

109. ਗੁਰੂ ਦਾ ਪੁਤ੍ਰ ਸੇਵਾਦਾਰ, ਧਰਮਾਤਮਾ, ਪਵਿੱਤ੍ਰ ਰਹਿਣ ਵਾਲਾ ਆਦਿ ਪੜ੍ਹਾਣ ਦੇ ਅਧਿਕਾਰੀ ਹਨ।

110. ਬੁੱਧਵਾਨ ਪੁਰਸ਼ ਨੂੰ ਅਡੋਲ ਅਤੇ ਗੰਭੀਰ ਹੋਣਾ ਉਚਿਤ ਹੈ ਜਦੋਂ ਤਕ ਕੋਈ ਪੁਛੇ ਨਾ, ਦੱਸੇ ਨਾ।

111. ਅਧਰਮ ਤੋਂ ਪੁਛਨ ਅਰ ਦੱਸਣ ਵਾਲਿਆਂ ਵਿਚੋਂ ਇਕ ਮਰ ਜਾਂਦਾ ਹੈ ਜਾਂ ਵੈਰ ਵੱਧਦਾ ਹੈ।

112. ਅਧਿਕਾਰੀ (ਸ਼ਾਸਤ੍ਰ ਅਨੁਸਾਰ) ਨੂੰ ਵਿਦਿਆ ਸਿਖਾਉਣੀ ਉਚਿਤ ਹੈ।

113. ਅਨ ਅਧਿਕਾਰੀ ਨੂੰ ਕਦੀ ਵਿੱਦਿਆ ਸਿਖਾਣੀ ਸਖਤ ਮਨ੍ਹਾਂ ਹੈ।

114. ਵਿੱਦਿਆ ਅਨ ਅਧਿਕਾਰੀ ਦੇ ਪਾਸ ਜਾਣੀ ਬੁਰਾ ਸਮਝਦੀ ਹੈ ਬ੍ਰਾਹਮਣ ਦੇ ਪਾਸ ਰਹਿਣਾ ਹੱਛਾ ਹੈ।

115. ਜੋ ਪੁਰਸ਼ ਪਵਿਤ੍ਰ ਬ੍ਰਹਮਚਾਰੀ ਅਰ ਬ੍ਰਾਹਮਣ ਮਾਇਆ ਦੀ ਰਾਖੀ ਕਰਨ ਵਾਲਾ ਹੁਸ਼ਿਆਰ ਹੋਵੇ ਉਸ ਬ੍ਰਾਹਮਣ ਪੁਰਸ਼ ਨੂੰ ਮਾਇਆ ਦਿਉ।

116. ਵੇਦ ਦਾ ਅਰਥ ਗੁਰੂ ਦੇ ਬਿਨਾਂ ਕਰਨ ਵਾਲੇ ਵੇਦ ਚੋਰ ਤੇ ਨਰਕ ਗਾਮੀ ਹਨ।

117. ਜਿਸ ਕੋਲੋਂ ਕੋਈ ਵਿੱਦਿਆ ਲਈ ਜਾਏ ਉਸਦਾ ਵੱਡਾ ਸਨਮਾਨ ਕਰੋ।

118. ਜਿਹੜਾ ਪੁਰਸ਼ ਸ਼ਾਸਤ੍ਰ ਅਨੁਸਾਰ ਨਿਯਮਾਂ ਨੂੰ ਕਰਨ ਵਾਲਾ ਅਰ ਕੇਵਲ ਗਾਇਤ੍ਰੀ ਜਪ ਕਰਦਾ ਹੋਵੇ ਉਹ ਵਡਿਆਈ ਜੋਗ ਹੈ ਅਰ ਸ਼ਾਸਤ੍ਰ ਅਨੁਸਾਰ ਕਰਮ ਨਾ ਕਰਦਾ ਹੋਵੇ ਭਾਵੇਂ ਵਕਤਾ ਭੀ ਹੋਵੇ ਮਾਨਨੀਯ ਨਹੀਂ।

119. ਪ੍ਰਤਿੱਸ਼ਟਤ ਪੁਰਸ਼ ਸਨਮਾਨ ਤੇ ਪ੍ਰਸੰਨ ਹੁੰਦੇ ਹਨ ਅਰ ਛੋਟੇ ਦਾ ਦਿਲ ਖੁਸ਼ ਹੁੰਦਾ ਹੈ।

120. ਜੋ ਪੁਰਸ਼ ਵੱਡੇ ਅਰ ਪ੍ਰਤਿਸ਼ਟਤ ਪੁਰਸ਼ਾਂ ਦੀ ਸੇਵਾ ਅਰ ਆਦਰ ਕਰਦੇ ਹਨ ਉਹ ਵੱਡੀ ਆਯੂ ਅਰ ਵਿੱਦਿਆ ਤੇ ਬਲ ਸਹਿਤ ਪੂਰੇ ਹੋ ਜਾਂਦੇ ਹਨ।

121-122. ਆਦਰ ਪ੍ਰਣਾਮ ਕਰਕੇ ਆਪਣਾ ਆਪ ਦੱਸ ਦੇਵੇ।

123. ਜੋ ਪ੍ਰਣਾਮ ਨਹੀਂ ਜਾਣਦਾ ਉਹ ਕੇਵਲ ਆਪਣਾ ਨਾਮ ਹੀ ਦੱਸ ਦੇਵੇ।

124. ਪ੍ਰਣਾਮ ਸਮੇਂ ਭਵਾਹ ਅੱਖਰ ਨੂੰ ਜ਼ਰੂਰ ਕਥਨ ਕਰੇ ਕਿਉਂਕਿ ਇਹ ਰਿਖੀਆਂ ਦੇ ਨਾਮ ਦੇ ਦੱਸਣ ਲਈ ਆਖਿਆ ਹੈ।

125. ਵੱਡਾ ਪੁਰਸ਼ ਅਸ਼ੀਰਵਾਦ ਅਰ ਉਮਰ ਵੱਡੀ ਹੋਵੇ ਜ਼ਰੂਰ ਆਖਿਆ ਕਰੇ।

126. ਵੱਡਾ ਪੁਰਸ਼ ਅਸ਼ੀਰਵਾਦ ਨੂੰ ਨਾ ਜਾਣਦਾ ਹੋਵੇ ਉਸਨੂੰ ਪ੍ਰਣਾਮ ਕਰੋ ਕਿਉਂਕਿ ਉਹ ਸ਼ੂਦਰ ਹੈ।

127. ਬ੍ਰਾਹਮਣ ਤੋਂ ਕੁਸ਼ਲ ਖੱਤਰੀ ਤੋਂ ਅਨਾਤ, ਵੈਸ਼ ਤੋਂ ਖੇਮ, ਅਰ ਸ਼ੂਦਰ ਕੋਲੋਂ ਅਰੋਗਤ

ਪੁੱਛਣਾ ਯੋਗ ਹੈ।

128. ਜੋ ਪੁਰਸ਼ ਛੋਟਾ ਹੋਵੇ ਅਰ ਯੱਗ ਕਰੇ ਉਸਨੂੰ ਯੱਗ ਵਿਚ ਭੂ, ਭੂਤ ਅੱਖਰ ਉਚਾਰਨ ਕਰਨਾ ਚਾਹੀਏ।

129. ਜੋ ਇਸਤਰੀ ਦਾ ਕੋਈ ਸਬੰਧੀ ਨਾ ਹੋਵੇ ਉਸ ਨੂੰ ਭੈਣ ਸੱਦਣਾ ਚਾਹੀਏ।

130. ਮਾਮਾ, ਚਾਚਾ, ਸਹੁਰਾ ਅਰ ਗੁਰੂ ਇਹ ਸਾਰੇ ਆਪ ਤੋਂ ਛੋਟੇ ਵੀ ਹੋਣ ਤਦ ਵੀ ਆਦਰ ਪ੍ਰਣਾਮ ਕਰੋ।

131. ਮਾਸੀ, ਮਾਮੀ, ਸੱਸ, ਭੂਆ, ਇਹਨਾਂ ਦੀ ਸੇਵਾ ਗੁਰੂ ਦੀ ਇਸਤਰੀ ਦੇ ਤੁਲ ਕਰਨੀ ਚਾਹੀਦੀ ਹੈ।

132. ਵੱਡੀ ਭਰਜਾਈ ਅਰ ਜਾਤੀ ਦੀ ਭੈਣ ਭਰਜਾਈ ਦੇ ਚਰਨਾਂ ਨੂੰ ਹੱਥ ਲਾਉਣਾ ਉਚਿਤ ਹੈ ਪਰ ਜਦੋਂ ਪਰਦੇਸੋਂ ਆਵੇ ਤਦ ਨਾ।

133. ਭੂਆ, ਮਾਸੀ, ਵੱਡੀ ਭੈਣ ਇਹ ਸਾਰੀਆਂ ਮਾਂ ਦੇ ਤੁਲ ਜਾਣੋ।

134. ਜੋ ਪੁਰਸ਼ ਗੁਣ ਰਹਿਤ ਅਰ ਆਪਣੇ ਪਿੰਡ ਦਾ ਹੋਵੇ ਅਰ ਕੁਛ ਵੱਡਾ ਹੋਵੇ ਪਿਆਰ ਕਰੋ ਅਰ ਗੁਣੀ ਦੇ 5 ਵਰ੍ਹੇ ਵੱਡਾ ਹੋਵੇ ਪਿਆਰ ਕਰੋ ਵੇਦ ਪਾਠੀ ਅਰ ਤਿੰਨ ਵਰ੍ਹੇ ਵੱਡਾ ਹੋਵੇ ਤਦ ਵੀ ਪਿਆਰ ਕਰੋ, ਸਬੰਧੀ ਹੋਵੇ ਅਰ ਸਾਰੀ ਉਮਰ ਤੋਂ ਵੱਡੇ ਹੋਣ ਸੇਵਾ ਕਰੋ ਅਰ ਉਸਨੂੰ ਵੱਡਾ ਸਮਝੋ।

135. ਦਸ ਵਰ੍ਹੇ ਦਾ ਬ੍ਰਾਹਮਣ ਅਰ ਸੌ ਵਰ੍ਹੇ ਦਾ ਖੱਤਰੀ ਪਿਓ ਪੁੱਤਰ ਹਨ, ਬ੍ਰਾਹਮਣ ਪਿਓ ਅਰ ਖੱਤਰੀ ਪੁੱਤਰ।

136. ਧਨ ਸਬੰਧੀ ਆਯੂ ਕਰਮ ਵਿੱਦਿਆ ਵਡਿਆਈ ਜੋਗ ਹਨ ਅਰ ਇਕ ਦੂਜੇ ਤੋਂ ਵੱਧ ਹਨ।

137. ਤਿੰਨਾਂ ਵਰਨਾਂ ਵਿਚ ਕਿਸੇ ਪੁਰਸ਼ ਕੋਲ ਇਹ ਚੀਜ਼ਾਂ ਹੋਣ ਉਸਦਾ ਆਦਰ ਕਰੋ ਨਵੇਂ ਵਰ੍ਹੇ ਦਾ ਸ਼ੂਦਰ ਭੀ ਵੱਡਾ ਜਾਣੋ।

138. ਰਥੀ ਬ੍ਰਿਧ ਰੋਗੀ ਪਾਂਡੀ ਇਸਤਰੀ ਬ੍ਰਹਮਚਾਰੀ ਰਾਜ ਲਾੜਾ ਇਹਨਾਂ ਨੂੰ ਰਾਹ ਛੱਡ ਦਿਉ।

139. ਉਪਰਲੇ ਪੁਰਸ਼ ਰਾਜੇ ਨੂੰ ਰਾਹ ਦੇਣ ਅਰ ਰਾਜਾ ਬ੍ਰਹਮਚਾਰੀ ਨੂੰ ਰਾਹ ਦੇਵੇ।

140. ਜੋ ਜਨੇਊ ਪਵਾਏ ਅਰ ਵੇਦ ਅੰਗਾਂ ਨੂੰ ਪੜ੍ਹਾਵੇ ਉਸਨੂੰ ਅਚਾਰੀਆ ਆਖਦੇ ਹਨ।

141. ਜੋ ਵੇਦ ਦੇ ਛੇ ਅੰਗਾਂ ਨੂੰ ਅਰ ਵੇਦ ਨੂੰ ਉਪਜੀਵਕਾ ਲਈ ਪੜ੍ਹੇ ਉਸਨੂੰ ਉਪਾਧਿਆ ਕਹਿੰਦੇ ਹਨ।

142. ਗਰਭਾਧਾਨ ਆਦਿ ਸੰਸਕਾਰਾਂ ਨੂੰ ਸ਼ਾਸਤ੍ਰ ਅਨੁਸਾਰ ਕਰਾਉਣ ਵਾਲਾ ਬ੍ਰਾਹਮਣ ਗੁਰੂ

ਹੁੰਦਾ ਹੈ।

143. ਜੋ ਅਗਨੀ ਹੋਤ੍ਰ ਕਰਮ ਆਦਿਕਾਂ ਨੂੰ ਕਰਾਉਂਦਾ ਹੈ ਉਸ ਨੂੰ ਰਤੁਜ ਆਖਦੇ ਹਨ।

144. ਜੋ ਨਿਤਾਪ੍ਰਤੀ ਵੇਦ ਸੁਣਾਉਂਦਾ ਹੈ ਉਸ ਨਾਲ ਕਦੀ ਵੈਰ ਨਾ ਕਰਨਾ ਚਾਹੀਏ।

145. ਅਚਾਰੀਆ ਮਾਤਾ ਪਿਤਾ ਉਪਾਧਿਆ ਤੋਂ ਬਹੁਤ ਵੱਡਾ ਹੁੰਦਾ ਹੈ।

146. ਮਾਤਾ ਪਿਤਾ ਤੋਂ ਵੇਦ ਦੇ ਪੜ੍ਹਾਉਣ ਵਾਲਾ ਬਹੁਤ ਵੱਡਾ ਹੈ।

147. ਮਾਤਾ ਪਿਤਾ ਆਪਣੇ ਕਾਮ ਦੇ ਵੱਸ ਹੋ ਕੇ ਪੁੱਤਰ ਪੈਦਾ ਕਰਦੇ ਹਨ ਇਸ ਲਈ ਜਨਮ ਦਾਤਾ ਹਨ।

148. ਗਾਇਤ੍ਰੀ ਦਾ ਅਚਾਰੀਆ ਵੀ ਜਨਮ ਦਾਤਾ ਹੈ ਪਰ ਮਾਤਾ ਪਿਤਾ ਤੋਂ ਵੱਧ ਹੈ।

149. ਵੇਦ ਪੜ੍ਹਾਉਣ ਵਾਲਾ ਭਾਵੇਂ ਥੋੜ੍ਹਾ ਵੀ ਪੜ੍ਹਾਵੇ ਗੁਰੂ ਹੈ।

150. ਵੇਦ ਪੜ੍ਹਾਉਣ ਵਾਲਾ ਬ੍ਰਾਹਮਣ ਉਮਰ ਵਿਚ ਭਾਵੇਂ ਛੋਟਾ ਹੋਵੇ ਪਰ ਉਸਨੂੰ ਗੁਰੂ ਜਾਣੋ।

151. ਅਰਾਗ ਦੇ ਪੁੱਤਰ ਨੇ ਆਪਣੇ ਚਾਚੇ ਨੂੰ ਪੁੱਤਰ ਆਖਿਆ ਕਿਉਂਕਿ ਉਹ ਗਿਆਨ ਕਰਕੇ ਵੱਡਾ ਸੀ।

152. ਤਦੋਂ ਉਸ ਦੇ ਚਾਚੇ ਨੇ ਗੁੱਸੇ ਹੋ ਕੇ ਦੇਵਤਿਆਂ ਪਾਸੋਂ ਪੁੱਛਿਆ ਉਹਨਾਂ ਨੇ ਆਖਿਆ ਸ਼ਾਸਤ੍ਰ ਅਨੁਸਾਰ ਠੀਕ ਹੈ।

153. ਕਿਉਂਕਿ ਜੋ ਕੁਝ ਨਹੀਂ ਜਾਣਦਾ ਉਹ ਬਾਲਕ ਹੈ ਅਤੇ ਜੋ ਪੜ੍ਹਾਉਂਦਾ ਹੈ ਉਹ ਪਿਤਾ ਸਮਾਨ ਹੈ।

154. ਉਮਰ ਦੌਲਤ ਅਤੇ ਸਬੰਧੀਆਂ ਦੀ ਅਧਿਕਤਾ ਵੱਡਾ ਹੋਣ ਦਾ ਕਾਰਨ ਨਹੀਂ ਵਿਦਿਆ ਦਾਤਾ ਵੱਡਾ ਹੈ।

155. ਬ੍ਰਾਹਮਣ ਵਿੱਦਿਆ ਤੋਂ ਅਰ ਖੱਤਰੀ ਬਲ ਤੋਂ ਵੈਸ਼ ਧਨ ਤੋਂ ਸ਼ੂਦਰ ਤੋਂ ਵੱਡੇ ਸਮਝੇ ਜਾਂਦੇ ਹਨ।

156. ਕੇਸਾਂ ਦੇ ਚਿੱਟੇ ਹੋ ਜਾਣ ਤੇ ਵੱਡਾ ਨਹੀਂ ਹੁੰਦਾ ਜੇ ਵਿਦਵਾਨ ਹੈ ਤੇ ਛੋਟਾ ਹੈ ਉਹ ਵੱਡਾ ਜਾਣੋ।

157. ਕਾਠ ਦਾ ਹਾਥੀ, ਚਮੜੇ ਦਾ ਹਰਨ, ਮੂਰਖ ਬ੍ਰਾਹਮਣ ਇਕੋ ਜਿਹੇ ਹਨ।

158. ਅਨਪੜ੍ਹ ਬ੍ਰਾਹਮਣ ਇਸ ਤਰ੍ਹਾਂ ਜਿਸ ਤਰ੍ਹਾਂ ਨਾਮਰਦ ਪੁਰਸ਼ ਇਸਤਰੀਆਂ ਵਿਚ ਇਸਨੂੰ ਦੇਣਾ ਨਿਸਫਲ ਹੈ।

159. ਕੰਮ ਉਹ ਕਰੋ ਜਿਸ ਤੋਂ ਕਿਸੇ ਜੀਵ ਮਾਤ੍ਰ ਨੂੰ ਦੁੱਖ ਨਾ ਹੋਵੇ ਅਰ ਮਿੱਠਾ ਬੋਲਣਾ ਧਰਮ ਸਮਝੋ।

160. ਮਨ ਬਾਣੀ ਤੇ ਸ਼ੁੱਧ ਅਰ ਮਾਇਆ ਦੇ ਤਿਆਗੀ ਪੁਰਸ਼ ਨੂੰ ਵੇਦਾਂਤ ਦਾ ਫਲ ਮਿਲਦਾ ਹੈ।

161. ਜਿਥੋਂ ਤਕ ਹੋ ਸਕੇ ਕਿਸੇ ਦੇ ਦਿਲ ਨੂੰ ਬਾਣੀ ਕਰਕੇ ਨਾ ਦੁਖਾਵੇ।

162. ਬ੍ਰਾਹਮਣ ਆਪਣੀ ਵਡਿਆਈ ਨੂੰ ਵਿਖ ਅਤੇ ਨਿੰਦਿਆ ਨੂੰ ਅੰਮ੍ਰਿਤ ਸਮਝੇ।

163. ਜਿਸਦੀ ਨਿੰਦਾ ਕੀਤੀ ਜਾਵੇ ਉਹ ਵੱਧਦਾ ਫੁਲਦਾ ਤੇ ਨਿੰਦਾ ਕਰਨ ਵਾਲਾ ਦਿਨੋ ਦਿਨ ਘਟਦਾ ਹੈ।

164. ਇਸ ਤਰ੍ਹਾਂ ਸਹਾਰਨ ਵਾਲਾ ਪੁਰਸ਼ ਤਪ ਕਰਦਾ ਅਰ ਗਿਆਨਵਾਨ ਹੋ ਕੇ ਸ਼ਾਂਤੀ ਪ੍ਰਾਪਤ ਕਰਦਾ ਹੈ।

165. ਤਪ, ਬਰਤ ਨੂੰ ਧਾਰਨ ਕਰੇ ਅਰ ਵੇਦ ਦਾ ਚੁੱਪ ਚਾਪ ਪੜ੍ਹਨਾ ਆਤਮਕ ਗਿਆਨ ਨੂੰ ਵਧਾਉਣ ਵਾਲਾ ਹੈ।

166. ਬ੍ਰਹਮਚਾਰੀ ਨੂੰ ਮਾਲਾ ਪਾਉਣੀ ਮਨ੍ਹਾ ਹੈ ਪਰ ਇਸ ਨੂੰ ਪਾ ਕੇ ਵੀ ਵੇਦ ਪੜ੍ਹੇ ਤਦ ਵੀ ਉਹ ਤਪ ਹੈ।

167. ਬ੍ਰਾਹਮਣ ਤਪ ਕਰਦਾ ਹੋਇਆ ਵੇਦ ਨੂੰ ਪੜ੍ਹੇ ਵੱਡਾ ਤਪ ਹੈ।

168. ਵੇਦਾਂ ਨੂੰ ਛੱਡਕੇ ਸ਼ਾਸਤ੍ਰ ਪੜ੍ਹਾਉਣਾ ਸ਼ੂਦਰ ਭਾਵ ਨੂੰ ਪ੍ਰਾਪਤ ਕਰਨਾ ਹੈ।

169. ਬ੍ਰਾਹਮਣ ਦੇ ਜਨਮ ਤਿੰਨ ਹਨ 1 ਮਾਤਾ ਤੋਂ, 2 ਜਨੇਊ ਤੋਂ, 3. ਯੱਗ ਕਰਨ ਤੋਂ।

170. ਜਨੇਊ ਤੋਂ ਜਨਮ ਹੁੰਦਾ ਹੈ ਇਸ ਵਿਚ ਗਾਇਤ੍ਰ ਮਾਤ ਅਰ ਅਚਾਰੀਆ ਪਿਤਾ ਹੈ।

171. ਬਿਨਾਂ ਜਨੇਊ ਪੁਰਸ਼ ਕਿਸੇ ਕੰਮ ਦਾ ਅਧਿਕਾਰੀ ਨਹੀਂ, ਵੇਦ ਦੇ ਪੜ੍ਹਾਉਣ ਵਾਲਾ ਅਚਾਰੀਆ ਹੈ।

172. ਬਾਲ ਬਿਨਾਂ ਜਨੇਊ ਦੇ ਸਰਾਧ ਦਾ ਅਧਿਕਾਰੀ ਹੈ ਪਰ ਸ਼ੂਦਰ ਦੇ ਤੁਲ ਹੈ।

173. ਜਨੇਊ ਤੋਂ ਪਿਛੋਂ ਵਰਤ ਕਰਨਾ ਉਚਿਤ ਹੈ ਅਰ ਵੇਦ ਪੜ੍ਹੇ ਇਹ ਹੀ ਮਨੁੱਖ ਦੇ ਜੀਵਨ ਦਾ ਫਲ ਹੈ।

174. ਜੋ ਮਖਲਾ ਧਾਰਨ ਕੀਤਾ ਹੋਵੇ ਵਰਤ ਸਮੇਂ ਵੀ ਉਹੋ ਹੀ ਹੋਣਾ ਯੋਗ ਹੈ।

175. ਬ੍ਰਹਮਚਾਰੀ ਜਿਤਇੰਦ੍ਰੀ ਹੋ ਕੇ ਭਜਨ ਕਰੇ ਅਰ ਹੇਠ ਲਿਖੀਆਂ ਰੀਤੀਆਂ ਵਰਤੇ :-

176. ਨਿਤਾਪ੍ਰਤਿ ਇਸ਼ਨਾਨ ਕਰੇ ਦੇਵਤਿਆਂ ਦਾ ਪੂਜਨ ਅਰ ਹਵਨ ਕਰੇ।

177. ਸ਼ਰਾਬ, ਮਾਸ, ਗੰਧ, ਮਾਲਾ ਰਸ ਆਦਿਕਾਂ ਦੇ ਸੇਵਨ ਨਾ ਕਰੇ ਅਰ ਇਸਤਰੀ ਭੋਗ ਅਤੇ ਜੀਵ ਨਾ ਮਾਰੇ।

178. ਵਟਣਾ, ਸੁਰਮਾ, ਕਾਮ, ਕਰੋਧ, ਲੋਭ ਆਦਿ ਅਰ ਗਾਨਾ, ਬਜਾਨਾ ਛਤਰੀ, ਜੁੱਤੀ।

179. ਜੂਆ, ਚੋਰੀ, ਝਗੜਾ, ਅਰ ਪਰ ਤ੍ਰਿਆ ਰੂਪ ਅਰ ਗਿਲਾ ਆਦਿਕਾਂ ਤੋਂ ਪ੍ਰਹੇਜ਼।

180. ਇਕੱਲਾ ਸਵੇਂ ਅਤੇ ਵੀਰਜ ਦੀ ਰਖਿਆ ਕਰੇ।

181. ਜੇਕਰ ਸੁਪਨੇ ਵਿਚ ਵੀਰਜ ਗਿਰ ਵੀ ਜਾਵੇ ਤਾਂ ਇਸ਼ਨਾਨ ਕਰਕੇ ਸੂਰਜ ਪੂਜੇ।

182. ਭਿਖਿਆ ਦਾ ਅੰਨ ਖਾਏ ਅਰ ਪਾਣੀ, ਗੋਹਾ, ਮਿੱਟੀ, ਕੁਸ਼ਾ, ਆਦਿਕਾਂ ਨੂੰ ਵਰਤੇ।

183. ਵੇਦ ਵਕਤਾ ਅਰ ਸਦਾਚਾਰੀ ਪੁਰਸ਼ ਦੇ ਘਰੋਂ ਭੀਖ ਮੰਗੇ।

184. ਗੁਰੂ ਅਰ ਆਪਣੀ ਕੁੱਲ ਵਿਚੋਂ ਭੀਖ ਨਾ ਮੰਗੇ।

185. ਜੇ ਸਾਰੇ ਘਰ ਇਸ ਪ੍ਰਕਾਰ ਦੇ ਹੋਣ ਤਾਂ ਮੋਨ ਕਰੇ ਅਤੇ ਇੰਦ੍ਰੇ ਵੱਸ ਕਰੇ।

186. ਇਕ ਲਕੜੀ ਦੂਰੋਂ ਲਿਆ ਕੇ ਉੱਚੀ ਰਖੇ ਅਤੇ ਉਸ ਨਾਲ ਹਵਨ ਕਰੇ ਦਰਿਦ੍ਰ ਨਾ ਕਰੇ।

187. ਜੇਕਰ ਹੋ ਸਕੇ ਤਾਂ ਸਤ ਦਿਨ ਤਕ ਭੀਖ ਨਾ ਮੰਗੇ ਅਤੇ ਹਵਨ ਕਰੇ।

188. ਇਕ ਘਰੋਂ ਰੋਜ਼ ਨਾ ਮੰਗੇ ਕਿਉਂਕਿ ਇਸ ਤਰ੍ਹਾਂ ਵਰਤ ਖੰਡਣ ਹੁੰਦਾ ਹੈ।

189. ਜੇਕਰ ਸਰਾਧ ਖੁਆਵੇ ਤਾਂ ਖਾ ਲਵੇ ਮਦ, ਮਾਸ ਆਦਿਕ ਨਾ ਖਾਏ ਇਸ ਤੋਂ ਵਰਤ ਖੰਡਣ ਹੁੰਦਾ ਹੈ।

190. ਖੱਤਰੀ ਵੈਸ਼ ਬ੍ਰਹਮਚਾਰੀ ਸਰਾਧ ਨਾ ਖਾਏ ਬ੍ਰਾਹਮਣ ਖਾ ਸਕਦਾ ਹੈ।

191. ਭਾਵੇਂ ਗੁਰੂ ਦੀ ਆਗਿਆ ਨਾ ਹੋਵੇ ਪਰ ਵੇਦ ਜ਼ਰੂਰ ਪੜ੍ਹੇ ਅਤੇ ਗੁਰੂ ਦਾ ਭਲਾ ਸੋਚੇ।

192. ਮਨ ਬਾਣੀ ਸਰੀਰ ਕਰਕੇ ਗੁਰੂ ਅਰਪਣ ਰਹੇ।

193. ਚੰਚਲਤਾ ਨੂੰ ਤਿਆਗਕੇ ਸਾਧੂ ਸੁਭਾ ਰਹੇ ਅਤੇ ਗੁਰੂ ਦੇ ਸਨਮੁਖ ਰਹੇ।

194. ਹਰ ਇਕ ਵਿਹਾਰ ਅਰਥਾਤ ਕੱਪੜਾ ਭੋਜਨ ਆਦਿਕ ਗੁਰੂ ਵਰਗੇ ਨਾ ਕਰੇ।

195. ਭਾਵੇਂ ਕੋਈ ਕੰਮ ਵੀ ਕਰੇ ਗੁਰੂ ਵੱਲ ਕੰਡ ਨਾ ਕਰੇ।

196. ਗੁਰੂ ਨਾਲ ਬਾਤਚੀਤ ਖੜਾ ਹੋ ਕੇ ਕਰੇ ਜਾਂ ਜਿਸ ਦਸ਼ਾ ਵਿਚ ਹੋਵੇ ਅਨਕੂਲ ਸਨਮਾਨ ਕਰੇ।

197. ਗੁਰੂ ਭਾਵੇਂ ਕਿਸ ਤਰ੍ਹਾਂ ਬੈਠੇ ਜਾਂ ਸੁੱਤੇ ਹੋਣ ਸਨਿੰਮ੍ਰ ਬਿਨੈ ਕਰੇ ਉਹ ਉਹਨਾਂ ਦੇ ਬਚਨ ਸੁਣੇ।

198. ਗੁਰੂ ਦੇ ਬਰਾਬਰ ਬਿਸਤਰਾ ਨਾ ਕਰੇ ਹਰ ਵਿਹਾਰ ਵਿਚ ਗੁਰੂ ਦਾ ਲਿਹਾਜ਼ ਕਰੇ।

199. ਗੁਰੂ ਦੀ ਚਾਲ ਨੂੰ ਭੁਲਾਵੇ ਅਰ ਆਗਿਆ ਪਾਲਣ ਕਰੇ, ਉਸੇ ਤਰ੍ਹਾਂ ਬੋਲੀ ਬੋਲੇ।

200. ਗੁਰੂ ਨਿੰਦਾ ਨੂੰ ਨਾ ਸੁਣੇ ਭਾਵੇਂ ਸੱਚੀ ਹੋਵੇ ਜਾਂ ਝੂਠੀ।

201. ਗੁਰੂ ਦੇ ਦੋਸ਼ ਭਾਵੇਂ ਸਚੇ ਹੋਣ ਭਾਵੇਂ ਝੂਠੇ ਕਦੀ ਨਾ ਕਹੇ ਕਿਉਂਕਿ ਇਹਨਾਂ ਤੋਂ ਨੀਚ ਜੋਨਾਂ ਨੂੰ ਪ੍ਰਾਪਤ ਹੁੰਦਾ ਹੈ।

202. ਗੁਰੂ ਦੀ ਪੂਜਾ ਭਾਵੇਂ ਕਿਸ ਤਰ੍ਹਾਂ ਹੋ ਸਕੇ ਆਪ ਕਰੇ ਸਾਰੇ ਕੰਮ ਛੱਡਕੇ ਤੇ ਜ਼ਰੂਰ ਕਰੇ।
203. ਗੁਰੂ ਤੋਂ ਛਿਪਾ ਕੇ ਕੋਈ ਗੱਲ ਨਾ ਕਰੇ ਜੋ ਕਹੇ ਸਾਹਮਣੇ ਕਹੇ।
204. ਛੂੜੀ, ਪੱਥਰ, ਲਕੜੀ, ਗੱਡੀ, ਬੇੜੀ ਆਦਿਕਾਂ ਤੇ ਗੁਰੂ ਨਾਲ ਬੈਠ ਸਕਦਾ ਹੈ।
205. ਗੁਰੂ ਦੇ ਗੁਰੂ ਨੂੰ ਵੀ ਗੁਰੂ ਸਮ ਜਾਣੇ ਅਰ ਉਸ ਦੇਸ਼ ਦੇ ਆਏ ਹੋਏ ਨੂੰ ਚਾਹੇ ਪ੍ਰਣਾਮ ਕਰੇ।
206. ਅਚਾਰੀਆ ਆਦਿ ਉਪਾਧਿਆਏ 10 ਗੁਰੂ ਹਨ ਅਤੇ ਹੋਰ ਧਰਮ ਸਿਖਾਉਣ ਵਾਲੇ ਵੀ ਗੁਰੂ ਤੁਲ ਹਨ।
207. ਗੁਰੂ ਦੇ ਸਬੰਧੀ ਵੀ ਗੁਰੂ ਤੁਲ ਸਮਝੋ ਅਤੇ ਪਿਆਰ ਕਰੋ।
208. ਗੁਰੂ ਦਾ ਪੁੱਤਰ ਵਿਦਵਾਨ ਹੋਵੇ ਚਾਹੇ ਛੋਟਾ ਹੋਵੇ ਨਮਸਕਾਰ ਕਰੋ।
209. ਗੁਰੂ ਪੁੱਤਰ ਦਾ ਜੂਠਾ ਨਾ ਖਾਏ ਅਰ ਚਰਨ ਨਾ ਧੋਵੇ।
210. ਗੁਰੂ ਜਾਤੀ ਦੀ ਇਸਤਰੀ ਦੀ ਪੂਜਾ ਪ੍ਰਣਾਮ ਆਦਿ ਕਰਨੀ ਯੋਗ ਹੈ।
211. ਗੁਰੂ ਦੀ ਇਸਤਰੀ ਨੂੰ ਵਟਣਾ ਨਾ ਮਲੇ ਅਰ ਤੇਲ ਨਾ ਲਾਵੇ।
212. ਵੀਹ ਬਰਸ ਦਾ ਚੇਲਾ ਗੁਰੂ ਦੀ ਇਸਤਰੀ ਨੂੰ ਦੂਰੋਂ ਪ੍ਰਣਾਮ ਕਰੇ ਅਤੇ ਚਰਨਾਂ ਨੂੰ ਹੱਥ ਨਾ ਲਾਵੇ।
213. ਇਸਤਰੀ ਜਾਤੀ ਤੋਂ ਦੂਰ ਰਹਿਣਾ ਅਤੀ ਉੱਤਮ ਹੈ ਕਿਉਂਕਿ ਝਟ ਪਟ ਦੋਸ਼ ਲਾ ਦੇਂਦੀਆਂ ਹਨ।
214. ਭਾਵੇਂ ਕਿਤਨਾ ਵੀ ਵਿਦਵਾਨ ਹੋਵੇ ਇਸਤਰੀ ਸੰਗ ਪਤਿਤ ਕਰ ਦੇਣ ਵਾਲਾ ਹੈ।
215. ਮਾਂ, ਭੈਣ, ਲੜਕੀ ਦੇ ਨਾਲ ਇਕੱਲਾ ਮਕਾਨ ਵਿਚ ਨਾ ਰਹੇ।
216. ਗੁਰੂ ਦੀ ਇਸਤਰੀ ਨੂੰ ਜੁਆਨ ਚੇਲਾ ਆਪਣਾ ਨਾਮ ਦੱਸਕੇ ਪ੍ਰਣਾਮ ਕਰੇ।
217. ਪੰਧ ਕਰਕੇ ਆਵੇ ਅਤੇ ਗੁਰੂ ਦੀ ਇਸਤਰੀ ਨੂੰ ਪ੍ਰਣਾਮ ਕਰੇ।
218. ਗੁਰੂ ਦੀ ਸੇਵਾ ਤੋਂ ਚੇਲਾ ਸੰਪੂਰਨ ਵਿੱਦਿਆ ਅਤੇ ਸ਼ਕਤੀ ਨੂੰ ਪਾ ਸਕਦਾ ਹੈ।
219. ਬ੍ਰਹਮਚਾਰੀ ਕੇਸ ਰੱਖੇ ਜਾਂ ਚੋਟੀ, ਦੋਵੇਂ ਵੇਲੇ ਪਿੰਡੋਂ ਬਾਹਰ ਨਿਵਾਸ ਕਰੇ।
220. ਜੇਕਰ ਇਹਨਾਂ ਵੇਲਿਆਂ ਵਿਚ ਘਰ ਹੋਵੇ ਤਾਂ ਜਪ ਕਰੇ।
221. ਜੇਕਰ ਇਸ ਤਰ੍ਹਾਂ ਨਾ ਕਰੇ ਤਾਂ ਬੜਾ ਪਾਪ ਹੈ।
222. ਆਚਮਨ ਕਰਕੇ ਪਵਿੱਤਰ ਅਸਥਾਨ ਉਤੇ ਬੈਠ ਕੇ ਗਾਇਤ੍ਰੀ ਜਪ ਕਰੇ।
223. ਇਸਤਰੀ ਜਾਂ ਛੋਟਾ ਮਨੁੱਖ ਸ਼ਾਸਤਰ ਅਨੁਸਾਰ ਕਥਨ ਕਰਦਾ ਹੋਵੇ ਤਾਂ ਸੁਣੇ।
224. ਆਪਣੇ-ਆਪਣੇ ਮਤ ਅਨੁਸਾਰ ਸਾਰੇ ਕਥਨ ਕਰਦੇ ਹਨ ਪਰ ਧਰਮ, ਅਰਥ, ਕਾਮ ਇਹਨਾਂ ਤਿੰਨਾਂ ਤੋਂ ਸਭ ਕੁਝ ਮਿਲਦਾ ਹੈ।

225. ਅਚਾਰੀਆ, ਮਾਤਾ, ਪਿਤਾ, ਭਾਈ ਨੂੰ ਯੋਗ ਸਨਮਾਨ ਕਰਨਾ ਉਚਿਤ ਹੈ।
226. ਇਹਨਾਂ ਦੀ ਨਿੰਦਿਆ ਕਦੀ ਨਾ ਕਰੇ ਭਾਵੇਂ ਕਿੰਨੀ ਵੀ ਤਕਲੀਫ ਪਹੁੰਚੇ।
227. ਇਹ ਸਾਰੇ ਦੇਵ ਰੂਪ ਹਨ ਇਹਨਾਂ ਦਾ ਅਪਮਾਨ ਨਾ ਕਰੋ।
228. ਇਹਨਾਂ ਨੂੰ ਪ੍ਰਸੰਨ ਰਖਣ ਨਾਲ ਭਗਤੀ ਦ੍ਰਿਢ ਹੋ ਜਾਂਦੀ ਹੈ।
229. ਇਹਨਾਂ ਤਿੰਨਾਂ ਦੀ ਸੇਵਾ ਪਰਮ ਤਪ ਹੈ।
230. ਇਹ ਤਿੰਨ ਤਿੰਨੇ ਲੋਕ, ਆਸ੍ਰਮ, ਵੇਦ ਅਰ ਅਗਨੀ ਹਨ।
231. ਤਿੰਨੇ ਅਗਨੀਆਂ ਬਹੁਤ ਬੜੀਆਂ ਹਨ ਜੋ ਮਾਤਾ ਪਿਤਾ ਗੁਰੂ ਦੀ ਨਿਆਈਂ ਹਨ।
232. ਇਹਨਾਂ ਤਿੰਨਾਂ ਦੀ ਸੇਵਾ ਤੋਂ ਤਿੰਨ ਲੋਕ ਜਿੱਤ ਕੇ ਸੂਰਗ ਵਿਚ ਚਲਾ ਜਾਂਦਾ ਹੈ।
233. ਮਾਤਾ ਦੀ ਸੇਵਾ ਤੋਂ ਭੂਲੋਕ ਪਿਤਾ ਦੀ ਤੋਂ ਅੰਤਰਖਸ਼ ਅਤੇ ਗੁਰੂ ਦੀ ਤੋਂ ਬ੍ਰਹਮ ਲੋਕ ਪਾਉਂਦਾ ਹੈ।
234. ਇਹਨਾਂ ਦਾ ਆਦਰ ਸਭ ਧਰਮਾਂ ਦਾ ਆਦਰ ਹੈ।
235. ਇਹਨਾਂ ਦੇ ਜੀਂਵਦਿਆਂ ਤਾਈਂ ਇਨ੍ਹਾਂ ਦੀ ਸੇਵਾ ਹੀ ਪਰਮ ਧਰਮ ਜਾਣੇ।
236. ਇਹਨਾਂ ਦੀ ਸੇਵਾ ਵਿਚ ਤਤਪਰ ਕੋਈ ਅਧਰਮ ਵੀ ਕਰੇ ਤਾਂ ਇਹਨਾਂ ਨੂੰ ਆਖ ਦੇ।
237. ਇਨ੍ਹਾਂ ਦੀ ਸੇਵਾ ਧਰਮ ਅਤੇ ਨਾ ਕਰਨੀ ਸਾਰੇ ਅਧਰਮ ਹਨ।
238. ਸਰਧਾ ਕਰਕੇ ਵਿਦਿਆ ਨੂੰ ਨੀਚ ਕੋਲੋਂ ਵੀ ਲੈ ਲਵੇ ਪਰਮ ਧਰਮ ਸਮਝੇ।
239. ਵਿਖ ਅੰਮ੍ਰਿਤ ਮਿਲੇ ਵਿਚੋਂ ਅੰਮ੍ਰਿਤ ਅਰਥਾਤ ਅਪਵਿਤ੍ਰ ਸਥਾਨ ਵਿਚੋਂ ਪਵਿੱਤ੍ਰ ਪਦਾਰਥ ਲੈ ਲੋ।
240. ਇਸਤਰੀ, ਰਤਨ, ਧਰਮ, ਵਿੱਦਿਆ, ਸੌਚ ਆਦਿਕ ਜਿਥੋਂ ਮਿਲੇ ਪ੍ਰਾਪਤ ਕਰੋ।
241. ਜੇਕਰ ਵਿਦਵਾਨ ਬ੍ਰਾਹਮਣ ਨਾ ਮਿਲੇ ਤਾਂ ਖੱਤਰੀ ਵਿਦਵਾਨ ਤੋਂ ਵਿੱਦਿਆ ਪੜ੍ਹਨੀ ਕੋਈ ਪਾਪ ਨਹੀਂ।
242. ਉੱਤਮ ਗਤ ਦੀ ਇੱਛਾ ਵਾਲਾ ਪਰ ਖੱਤਰੀ ਗੁਰੂ ਅਰ ਮੂਰਖ ਬ੍ਰਾਹਮਣ ਕੋਲ ਨਾ ਬੈਠੇ।
243. ਸੇਵਾ ਕਰਨ ਲਈ ਗੁਰੂ ਦੇ ਕੋਲ ਬਹਿਣਾ ਕੋਈ ਦੋਸ਼ ਨਹੀਂ ਪਰ ਸਮੇਂ-ਸਮੇਂ।
244. ਜੋ ਬ੍ਰਹਮਚਾਰੀ ਮ੍ਰਿਤੂ ਕਾਲ ਤੱਕ ਗੁਰੂ ਦੀ ਸੇਵਾ ਕਰਦਾ ਹੈ ਉਹ ਅਬਿਨਾਸੀ ਲੋਕ ਨੂੰ ਜਾਂਦਾ ਹੈ।
245. ਬ੍ਰਹਮਚਾਰੀ ਵਿੱਦਿਆ ਪੜ੍ਹਨ ਤਕ ਹੋਰ ਕੁਝ ਨ ਕਰੇ ਪਿਛੋਂ ਗੁਰੂ ਦੀ ਆਗਿਆ ਅਨੁਸਾਰ ਵਰਤੇ।
246. ਅਰਥਾਤ ਦਖਨਾਧਾਰੀ ਸੋਨਾ, ਗਊ, ਘੋੜਾ, ਬਸਤ੍ਰ ਆਦਿ ਗੁਰੂ ਨੂੰ ਦੇਵੇ।

247. ਗੁਰੂ ਦੇ ਮ੍ਰਿਤ ਹੋ ਜਾਣ ਦੇ ਪਿਛੇ ਉਸ ਦੇ ਪੁੱਤਰ ਇਸਤਰੀ ਆਦਿ ਦੀ ਅਤੇ ਉਸਦੀ ਕੁਲ ਦਾ ਸਨਮਾਨ ਕਰੇ।

248. ਜੇ ਗੁਰੂ ਦੀ ਕੋਈ ਸੰਤਾਨ ਜਾਂ ਸੰਬੰਧੀ ਨਾ ਹੋਵੇ ਤਾਂ ਉਸਦੇ ਆਸਨ ਤੇ ਬਹਿਕੇ ਹਵਨ ਕਰੇ।

249. ਇਸ ਰੀਤੀ ਦਾ ਬ੍ਰਹਮਚਾਰੀ ਜੰਮਣ ਮਰਨ ਤੋਂ ਰਹਿਤ ਹੋ ਜਾਂਦਾ ਹੈ।

ਮਨੂੰ ਜੀ ਦੇ ਧਰਮ ਸ਼ਾਸਤ੍ਰ ਭ੍ਰਿਗੂ ਸੰਘਤਾ ਦਾ ਦੂਜਾ ਅਧਿਆਇ ਸਮਾਪਤ ਹੋਇਆ।

☆☆☆

# ਤੀਜਾ ਅਧਿਆਇ

1. ਛੱਤੀ ਜਾਂ ਅਠਾਰਾਂ ਜਾਂ ਨੌ ਵਰ੍ਹੇ ਤੱਕ ਵੇਦ ਵਿੱਦਿਆ ਨੂੰ ਪੜ੍ਹਾਉਣ ਲਈ ਨਿਸਚਿਤ ਕਰਨਾ ਉਚਿਤ ਹੈ।
2. ਬ੍ਰਹਮਚਰਜ ਅਰ ਵੇਦ ਵਿੱਦਿਆ ਬਿਨਾਂ ਗ੍ਰਹਿਸਥ ਆਸ਼ਰਮ ਨਹੀਂ ਕਰਨਾ ਚਾਹੀਏ।
3. ਬ੍ਰਹਮਚਾਰੀ ਜਦੋਂ ਘਰ ਆਵੇ ਪਹਿਲਾਂ ਆਪਣੇ ਪਿਤਾ ਨੂੰ ਕੇਵਲ ਜਲ ਦੇ ਕੇ ਪੂਜਾ ਕਰੇ ਕਿਉਂਕਿ ਉਹ ਕੋਲਧ ਨਹੀਂ।
4. ਫਿਰ ਗੁਰੂ ਆਗਿਆ ਅਨੁਸਾਰ ਯੋਗ ਲੜਕੀ ਦੇ ਨਾਲ ਵਿਆਹ ਕਰੇ।
5. ਤਿੰਨ ਵਰਨਾਂ ਦੇ ਪੁਰਸ਼ ਮਾਤਾ ਪਿਤਾ ਦੇ ਗੋਤ ਦੀ ਲੜਕੀ ਨਾਲ ਵਿਆਹ ਨਾ ਕਰੇ।
6. ਗਊ, ਬੈਲ, ਬਕਰਾ ਆਦਿ ਧਨ ਆਦਿ ਸੇ ਸੰਪੰਨ ਹੋ ਤੋ ਨੀਵੀਂ ਕੁਲੋਂ ਮੇਂ ਸੰਬੰਧ ਨਾ ਕਰੇ।
7. ਜਿਸ ਕੁਲ ਵਿਚ ਅਸਾਧ ਰੋਗ ਹੋਣ ਅਰ ਵੇਦ ਅਨੁਸਾਰ ਨਿਤ ਕਰਮਾਂ ਤੋਂ ਰਹਿਤ ਹੋਵੇ ਵਿਆਹ ਨਾ ਕਰੋ।
8. ਕਪਲ ਰੰਗ ਅਰ ਬਹੁਤ ਜੋੜਾਂ ਵਾਲੀ ਬਹੁਤੇ ਵਾਲਾਂ ਵਾਲੀ ਪਿੰਗਲ ਰੰਗ ਵਾਲੀ।
9. ਜਿਸ ਇਸਤ੍ਰੀ ਦਾ ਭਿਆਨਕ ਨਾਂ ਅਰਥਾਤ ਨਖਤ੍ਰ, ਬ੍ਰਿਖ, ਨਦੀ ਸਰਪ, ਪੰਛੀ ਆਦਿ ਹੋਵੇ ਨਾ ਕਰੋ।
10. ਹਾਥੀ ਅਤੇ ਹੰਸ ਦੀ ਚਾਲ ਵਾਲੀ ਅਤੇ ਅਰੋਗ ਤੇ ਛੋਟੇ ਵਾਲ ਅਤੇ ਦੰਦਾਂ ਵਾਲੀ ਨਾਲ ਕਰੋ।
11. ਜਿਸਦਾ ਕੋਈ ਭਰਾ ਅਤੇ ਪਿਤਾ ਨਾ ਹੋਵੇ ਉਸ ਦੇ ਨਾਲ ਵਿਆਹ ਨਾ ਕਰੋ।
12. ਤਿੰਨਾਂ ਵਰਨਾਂ ਦੇ ਪੁਰਸ਼ ਆਪਣੇ ਵਰਨਾਂ ਅੰਦਰ ਵਿਆਹ ਕਰਨ।
13. ਸ਼ੂਦਰ ਆਪਣੀ ਜਾਤ ਅਰ ਵੈਸ਼ ਆਪਣੀ ਜਾਤ, ਸ਼ੂਦਰ ਦੀ ਲੜਕੀ ਨਾਲ ਬ੍ਰਾਹਮਣ ਚਹੁੰ ਵਰਨਾਂ ਨਾਲ ਵਿਆਹ ਕਰੇ।
14. ਬ੍ਰਾਹਮਣ ਅਤੇ ਖੱਤਰੀ ਕਦੀ ਵੀ ਇਤਰਜ਼ਾਤੀ ਨਾਲ ਵਿਆਹ ਨਹੀਂ ਕਰਦਾ।
15. ਤਿੰਨੇ ਵਰਨ ਨੀਚ ਜ਼ਾਤੀ ਨਾਲ ਵਿਆਹ ਕਰਨ ਤੋਂ ਆਪਣੀ ਕੁਲ ਦਾ ਨਾਸ ਕਰਦੇ ਹਨ।

16. ਕਈ ਰਿਸ਼ੀ ਦਸਦੇ ਹਨ ਨੀਚ ਜ਼ਾਤੀ ਦੀ ਲੜਕੀ ਨਾਲ ਵਿਆਹ ਪਤਿਤ ਕਰਦਾ ਹੈ।
17. ਬ੍ਰਾਹਮਣ ਸ਼ੂਦਰ ਦੀ ਲੜਕੀ ਨੂੰ ਅੰਗ ਲਾਉਣ ਤੋਂ ਨਰਕ-ਗਾਮੀ ਹੁੰਦਾ ਹੈ।
18. ਜਿਸ ਬ੍ਰਾਹਮਣ ਦੇ ਘਰ ਸ਼ੂਦਰ ਦੀ ਕੰਨਿਆਂ ਨਿਤ ਕਰਮਾਂ ਨੂੰ ਕਰਦੀ ਹੈ ਉਹ ਨਰਕ ਗਾਮੀ ਹੁੰਦੀ ਹੈ।
19. ਜੋ ਬ੍ਰਾਹਮਣ ਸ਼ੂਦਰ ਦੀ ਕੰਨਿਆਂ ਨਾਲ ਅੰਗ ਮਿਲਾ ਕੇ ਪ੍ਰਾਸਚਿਤ ਨਹੀਂ ਕਰਦਾ ਉਹ ਪਾਪੀ ਹੈ।
20. ਚੌਹਾਂ ਵਰਨਾਂ ਦੇ ਹਿਤ ਅਤੇ ਅਹਿਤ ਵਿਆਹ ਅੱਠ ਪ੍ਰਕਾਰ ਦੇ ਸੁਣੀਏ।
21. ਬ੍ਰਹਮ ਦੇਵ ਆਰਸ਼ ਪਰਜਾਪਤ, ਅਸੁਰ, ਗੰਧਰਬ, ਰਾਖਸ਼ ਇਹ ਅਧਮ ਵਿਆਹ ਹੈ।
22. ਜੋ ਵਿਆਹ ਜੋਗ ਅਤੇ ਜੋ ਅਜੋਗ ਹਨ ਸੋ ਸੁਣੋ:
23. ਪ੍ਰਥਮ ਛੇ ਵਿਆਹ ਬ੍ਰਾਹਮਣ ਨੂੰ ਅਰ ਪਿਛਲੇ ਖੱਤਰੀ ਨੂੰ ਉਚਿਤ ਹਨ।
24. ਪ੍ਰਥਮ ਚਾਰ ਵਿਆਹ ਬ੍ਰਾਹਮਣ ਅਰ ਖੱਤਰੀ ਵੈਸ਼ ਨੂੰ ਅਸੁਰ ਵਿਆਹ ਆਖਦੇ ਹਨ।
25. ਪਰ ਛੇਕੜਲੇ ਪੰਜ ਵਿਆਹ ਤਿੰਨ ਯੋਗ ਅਰ ਦੋ ਅਯੋਗ ਹਨ।
26. ਗੰਧਰਬ ਅਤੇ ਰਾਖਸ਼ ਵਿਆਹ ਕੇਵਲ ਖੱਤਰੀ ਲਈ ਹੀ ਹਨ।
27. ਭਰਾ ਆਪਣੀ ਭੈਣ ਭਨਵੱਯੇ ਨੂੰ ਸੱਦਕੇ ਕੱਪੜੇ ਅਤੇ ਗਹਿਣੇ ਦੇਵੇ ਤਾਂ ਬ੍ਰਹਮ ਆਖਦੇ ਹਨ।
28. ਯੱਗ ਵਿਚ ਰਤੋਜ ਨੂੰ ਅਤੇ ਕੰਨਿਆਂ ਨੂੰ ਅਲੰਕਾਰ ਸਹਿਤ ਦੇਣ ਤੋਂ ਦੇਵ ਵਿਆਹ ਹੁੰਦਾ ਹੈ।
29. ਗਊ ਅਰ ਢੱਗਾ ਵਰ ਕੰਨਿਆਂ ਨੂੰ ਦੇਣ ਤੋਂ ਅਰਸ਼ ਵਿਆਹ ਹੁੰਦਾ ਹੈ।
30. ਵਰ ਅਤੇ ਕੰਨਿਆਂ ਦੋਵੇਂ ਮਿਲ ਕੇ ਧਰਮ ਕਰਨ ਤੋਂ ਪਰਜਾ ਪਤ ਆਖਦੇ ਹਨ।
31. ਕੰਨਿਆਂ ਅਤੇ ਉਸਦੀ ਜ਼ਾਤੀ ਵਾਲਿਆਂ ਨੂੰ ਦੌਲਤ ਦੇ ਕੇ ਵਿਆਹ ਅਸੁਰ ਵਿਆਹ ਅਖਵਾਉਂਦਾ ਹੈ।
32. ਇੱਛਾ ਅਨੁਸਾਰ ਸੰਜੋਗ ਕਰਨਾ ਗੰਧਰਬ ਵਿਆਹ ਅਖਵਾਉਂਦਾ ਹੈ।
33. ਰੋਂਦੀ ਪਿਟਦੀ ਕੰਨਿਆਂ ਨੂੰ ਧੱਕੇ ਨਾਲ ਲੈ ਆਉਣਾ ਰਾਖਸ਼ ਵਿਆਹ ਆਖਦੇ ਹਨ।
34. ਦਰਿੱਦ੍ਰ ਅਤੇ ਕਾਮੀ ਇਸਤਰੀ ਅਤੇ ਰੋਗੀ ਦੇ ਨਾਲ ਵਿਆਹ ਅਧਰਮ ਹੈ।
35. ਜਲ ਨਾਲ ਕੰਨਿਆਂ ਦਾਨ ਕਰਨਾ ਬ੍ਰਾਹਮਣ ਲਈ ਅਤੇ ਖੱਤਰੀ ਲਈ ਜ਼ਬਾਨ ਨਾਲ।
36. ਹਰ ਵਿਆਹ ਦਾ ਗੁਣ ਜੋ ਮਨੂੰ ਜੀ ਨੇ ਆਖਿਆ ਹੈ ਸੁਣੋ:—
37. ਬ੍ਰਹਮ ਵਿਆਹ ਤੋਂ ਉਤਪਤ ਬਾਲਕ ਨਾਨਕੇ ਦਾਦਕੇ ਕੁੱਲ ਨੂੰ ਤਾਰ ਦੇਂਦਾ ਹੈ।

38. ਦੇਵ ਵਿਆਹ ਤੋਂ ਉਤਪੱਤ ਬਾਲਕ 7 ਕੁਲਾਂ ਤਾਰ ਦੇਂਦਾ ਹੈ ਅਰ ਅਰਸ਼ ਵਿਆਹ ਤੋਂ ਉਤਪਤ ਬਾਲਕ ਤਿੰਨ ਪੀੜ੍ਹੀਆਂ ਅਰ ਪਰਜਾਪਤ ਵਿਆਹ ਤੋਂ ਛੇ ਪੁਸ਼ਤਾਂ ਤਾਰ ਦੇਂਦਾ ਹੈ।

39. ਉਪਰਲੇ ਵਿਆਹਾਂ ਤੋਂ ਉਤਪਤ ਬਾਲਕ ਬੜਾ ਬਲਵਾਨ ਹੁੰਦਾ ਹੈ।

40. ਰੂਪ, ਗੁਣ ਭਾਗ ਅਤੇ ਧਰਮ ਧਨ ਵਾਲਾ ਹੁੰਦਾ ਹੈ।

41. ਬਾਕੀ ਚਾਰ ਵਿਆਹਾਂ ਤੋਂ ਉਤਪਤ ਬਾਲਕ ਝੂਠਾ ਅਧਰਮੀ ਹੁੰਦਾ ਹੈ।

42. ਨਿੰਦਤ ਵਿਆਹ ਦੀ ਸੰਤਾਨ ਅਨਿੰਦਤ ਦੀ ਅਨਿੰਦਤ ਹੁੰਦੀ ਹੈ।

43. ਅੱਗੋਂ ਹੁਣ ਆਪਣੀ ਜ਼ਾਤੀ ਅਤੇ ਇਤ੍ਰਜ਼ਾਤੀ ਨਾਲ ਗ੍ਰਹਿਸਤ ਕਰਨ ਦਾ ਢੰਗ।

44. ਖੱਤਰੀ ਦੀ ਕੰਨਿਆਂ ਪੁਤਰ ਅਤੇ ਵੈਸ਼ ਦੀ ਹੱਥ ਅਤੇ ਸ਼ੂਦਰ ਦੀ ਕਪੜੇ ਦੀ ਕੰਨੀ ਪਕੜੇ।

45. ਰਿਤੂ ਕਾਲ ਤੋਂ ਸੋ ਦਿਨ ਪਿਛੋਂ ਭੋਗ ਕਰੇ ਆਪਣੀ ਇਸਤਰੀ ਨਾਲ ਪਰ ਇਸਤਰੀ ਨਾਲ ਕਦੀ ਵੀ ਨਾ ਕਰੇ ਇਸ ਸਮੇਂ ਜੇਕਰ ਕੋਲ ਹੋਵੇ ਅਤੇ ਬਲ ਰੱਖਦਾ ਹੋਵੇ ਤਾਂ ਜ਼ਰੂਰ ਭੋਗ ਕਰੇ।

46. ਰਿਤੂ ਕਾਲ ਦੀਆਂ ਸੋਲਾਂ ਰਾਤਾਂ ਵਿਚ ਚਾਰ ਅਪਵਿੱਤ੍ਰ ਹਨ।

47. ਪਹਿਲੀਆਂ ਚਾਰ ਯਾਰ੍ਹਵੀਂ ਤੇਰ੍ਹਵੀਂ ਰਾਤ ਖਰਾਬ ਹੈ ਬਾਕੀ ਹੱਛੀਆਂ ਹਨ।

48. ਜੇਕਰ ਹੋ ਸਕੇ ਤਾਂ (ਸਮ੍ਰਾਤ) ਵਾਲੀ ਰਾਤ ਭੋਗ ਕਰੇ ਬਿਖਮ ਰਾਤ ਨੂੰ ਨਾ ਕਰੇ।

49. ਬਾਲਕ ਬਿਖਮ ਰਾਤ ਦੇ ਭੋਗ ਤੋਂ ਵੀ ਹੋ ਜਾਂਦਾ ਹੈ ਪਰ ਕਮਜ਼ੋਰ ਹੁੰਦਾ ਹੈ, ਬੀਰਜ ਹੱਛਾ ਅਤੇ ਬਲਕਾਰੀ ਬਲਵਾਨ ਪੈਦਾ ਕਰਦਾ ਹੈ।

50. ਅਯੋਗ ਅੱਠ ਰਾਤਾਂ ਨੂੰ ਛੱਡ ਦੇਣ ਤੋਂ ਹਰ ਇਕ ਆਸ਼੍ਰਮ ਵੀ ਬ੍ਰਹਮਚਾਰੀ ਹੁੰਦਾ ਹੈ।

51. ਲੜਕੀ ਦਾ ਪਿਤਾ ਪੈਸੇ ਤੱਕ ਨਾ ਲਵੇ ਪਾਪ ਹੈ।

52. ਇਸਤਰੀ ਦੀ ਅਯੋਗ ਕਮਾਈ ਤੋਂ ਜੋ ਨਿਰਬਾਹ ਕਰਦੇ ਹਨ ਪਾਪੀ ਹਨ।

53. ਕਿਸੇ ਵੀ ਰਿਸ਼ੀ ਨੇ ਧੀ ਦਾ ਪੈਸਾ ਲੈਣਾ ਜੋਗ ਨਹੀਂ ਰਖਿਆ।

54. ਲੜਕੀ ਦੇ ਬਦਲੇ ਕੁਝ ਨਾ ਲੈਣਾ ਪੁੰਨ ਹੈ।

55. ਕਲਿਆਨ ਦੀ ਇੱਛਾ ਵਾਲੇ ਪੁਰਸ਼ ਜੋ ਸਰੇ ਬਣੇ ਪੂਜਾ ਕਰੇ।

56. ਇਸਤਰੀਆਂ ਦੀ ਪੂਜਾ ਅਨੰਦ ਦਾਇਕ ਹੈ ਅਤੇ ਨਾ ਕਰਨੀ ਦੁਖਦਾਇਕ ਹੈ।

57. ਇਸਤਰੀ ਦੀ ਪਾਲਨਾ ਲਾਭਕਾਰੀ ਹੈ ਨਹੀਂ ਤਾਂ ਛੇਤੀ ਨਾਸ ਕਰਨ ਵਾਲੀ ਹੁੰਦੀ ਹੈ।

58. ਇਸਤਰੀ ਦੀ ਬਦ ਅਸੀਸ ਛੇਤੀ ਨਾਸ ਕਰਨ ਵਾਲੀ ਹੈ ਜੇ ਉਸਦੀ ਪਾਲਨਾ ਨਾ ਹੋਵੇ ਤਾਂ।

59. ਇਸਤਰੀਆਂ ਸੰਤਾਨ ਨੂੰ ਲਾਇਕ ਬਣਾਉਣ ਲਈ ਹਨ ਇਨ੍ਹਾਂ ਦੀ ਪਾਲਨਾ ਅਧਿਕ

ਜ਼ਰੂਰੀ ਹੈ।

60. ਇਸਤਰੀ ਪੁਰਸ਼ ਦੀ ਪ੍ਰੀਤੀ ਅਨੇਕ ਸੁੱਖਾਂ ਦੇ ਦੇਣ ਵਾਲੀ ਹੈ।
61. ਆਪਸ ਦੇ ਝਗੜੇ ਤੋਂ ਸੰਤਾਨ ਪੈਦਾ ਨਹੀਂ ਕਰ ਸਕਦੇ।
62. ਇਸਤਰੀ ਦਾ ਰਾਜੀ ਰਖਣਾ ਸਾਰੀ ਖੁਸ਼ੀ ਇਸ ਦੀ ਨਰਾਜ਼ਗੀ ਦੁਖਦਾਈ ਹੈ।
63. ਅਯੋਗ ਵਿਆਹ ਕਰਨਾ ਅਤੇ ਧਰਮ, ਵੇਦਾਂ ਦਾ ਨਾ ਕਰਨਾ ਕੁਲ ਨਾਸ਼ ਕਰਦਾ ਹੈ।
64. ਬ੍ਰਾਹਮਣ ਦੀ ਕੁਲ ਦਾ ਨਾਸ ਵਿਆਜ ਲੈਣ ਤੋਂ ਪਸ਼ੂਆਂ ਦੇ ਵਪਾਰ ਤੋਂ ਅਤੇ ਸ਼ੂਦਰ ਦੀ ਲੜਕੀ ਤੋਂ ਬੱਚਾ ਪੈਦਾ ਕਰਨ ਤੋਂ ਹੋ ਜਾਂਦਾ ਹੈ।
65. ਅਨ ਅਧਿਕਾਰੀ ਬ੍ਰਾਹਮਣ ਲੋਭ ਕਰਕੇ ਯੱਗ ਆਦਿ ਨਾ ਕਰਾਵੇ ਇਹ ਕੁਲ ਨਾਸ ਕਰਦਾ ਹੈ।
66. ਜਿਸ ਕੁਲ ਵਿਚ ਸਾਰੇ ਕਰਮ ਵੇਦ ਅਨੁਸਾਰ ਹੁੰਦੇ ਹੋਣ ਉਹ ਉੱਤਮ ਹੈ।
67. ਪੰਚ ਯਗ ਨਿਤ ਭੋਜਨ ਗ੍ਰਾਹਜ ਸੂਤਰ ਆਦਿਕ ਕਰਮਾਂ ਨੂੰ ਵਿਆਹ ਸਮੇਂ ਹੋਸ਼ ਨਾਲ ਕਰੇ।
68. ਘਰ ਦੇ ਸਰਬ ਕੰਮ ਕਰਨ ਅਰਥਾਤ ਝਾੜੂ ਚੁੱਲ੍ਹਾ ਆਦਿਕ ਦੇ ਵਿਹਾਰ ਤੋਂ ਜੀਵ ਮਰਦੇ ਹਨ ਜਿਸ ਨੂੰ ਹਿੰਸਾ ਆਖਦੇ ਹਨ ਇਹਨਾਂ ਦਾ ਪ੍ਰਾਸਚਿਤ ਕਰਾਉਣਾ ਅਤੀ ਯੋਗ ਹੈ।
69. ਇਹਨਾਂ ਕਰਮਾਂ ਦੇ ਪ੍ਰਾਸਚਿਤ ਲਈ ਨਿਤਾਪ੍ਰਤੀ ਪੰਚ ਯੱਗ ਕਰਨੇ ਜ਼ਰੂਰੀ ਹਨ।
70. ਪੰਚ ਯੱਗ ਇਹ ਹਨ : ਵੇਦ ਪੜ੍ਹਨਾ, ਸੰਧਜਾ ਕਰਨੀ, ਹਵਨ, ਬਲੀਦਾਨ, ਅਨਾਥ ਪੂਜਨ ਕਰਨਾ।
71. ਇਨ੍ਹਾਂ ਦੇ ਕਰਨ ਤੋਂ ਰੋਜ਼ ਦੇ ਹਿੰਸਾ ਦੇ ਪਾਪ ਤੋਂ ਛੁੱਟ ਜਾਂਦਾ ਹੈ।
72. ਜੋ ਪ੍ਰਾਹੁਣੇ ਦੇਵਤਾ ਆਦਿਕਾਂ ਦੀ ਸੇਵਾ ਨਹੀਂ ਕਰਦਾ ਉਹ ਮਨੁਖ ਨਵਿੱਟ ਭੈੜਾ ਹੈ।
73. ਮਮਹਿਤ, ਹਿਤ, ਪ੍ਰਹਿਤ, ਬ੍ਰਾਹਮ ਹਿਤ ਪ੍ਰਾਸ਼ਤ ਇਹ ਪੰਚ ਯੱਗ ਹਨ।
74. ਇਹਨਾਂ ਦੀ ਲੜੀ ਦਾ ਨਾਮ ਪਿੜ੍ਹ ਯੱਗ, ਦੇਵ ਮਨੁੱਖ ਭੂਤ ਯੱਗ ਹੈ।
75. ਵੇਦ ਗਿਆਤਾ ਅਗਨ ਹੋਤ੍ਰੀ ਬ੍ਰਾਹਮਣ ਆਪਣੇ ਉਪਦੇਸ਼ ਦੁਆਰਾ ਸੰਸਾਰ ਨੂੰ ਸੁਖੀ ਕਰ ਸਕਦਾ ਹੈ।
76. ਹਵਨ ਦੀ ਸੁਗੰਧੀ ਨਾਲ ਸੂਰਜ ਪ੍ਰਸੰਨ ਹੋ ਕੇ ਪਾਣੀ ਵਸਾਉਂਦਾ ਹੈ ਜਿਸ ਤੋਂ ਪਰਜਾ ਸੁਖੀ ਹੁੰਦੀ ਹੈ।
77. ਗ੍ਰਹਿਸਤ ਆਸ਼੍ਰਮ ਵੀ ਪਵਨ ਦੀ ਨਿਆਈਂ ਸਭ ਤੋਂ ਉੱਤਮ ਆਸ਼੍ਰਮ ਹੈ।
78. ਗ੍ਰਹਿਸਤੀ ਭੋਜਨ ਦਾਨ ਕਰਨ ਲਈ ਸਭ ਤੋਂ ਉੱਤਮ ਹੈ।
79. ਅਜਿਹੇ ਗ੍ਰਹਿਸਤੀ ਨੂੰ ਲੋਕ ਪ੍ਰਲੋਕ ਦੇ ਸਾਰੇ ਸੁਖ ਪ੍ਰਾਪਤ ਹੁੰਦੇ ਹਨ।

80. ਬਾਕੀ ਸਾਰੇ ਆਸ਼੍ਰਮ ਗ੍ਰਹਿਸਤੀ ਦੀ ਕਮਾਈ ਤੋਂ ਆਪਣਾ ਨਿਰਬਾਹ ਕਰਦੇ ਹਨ।
81. ਗ੍ਰਹਿਸਤੀ ਸਾਧੂ ਬ੍ਰਾਹਮਣ ਆਦਿਕਾਂ ਦੀ ਯੋਗ ਸਮਝਕੇ ਸੇਵਾ ਕਰਨੀ ਚਾਹੀਏ।
82. ਆਪਣੇ ਪਿਤ੍ਰਾਂ ਦੇ ਨਮਿਤ ਨਿਤਾਪ੍ਰਤੀ ਸ਼ਰਾਧ ਕਰਾਵੇ ਫਲ ਫੁਲ ਆਦਿ ਤੋਂ।
83. ਜੇ ਬਿਧੀ ਪੂਰਬਕ ਨਾ ਕਰ ਸਕਦਾ ਹੋਵੇ ਕੇਵਲ ਇਕ ਬ੍ਰਾਹਮਣ ਨੂੰ ਭੋਜਨ ਕਰਾਵੇ।
84. ਸੰਸਕਾਰ ਸਹਿਤ ਨਿਤਾਪ੍ਰਤੀ ਅਗਨੀ ਵਿਚ ਅਹੂਤੀ ਦੇਵੇ।
85. ਅਗਨ ਸਵਮ ਮੰਤ੍ਰ ਪੜ੍ਹੇ।
86. ਪ੍ਰਿਥਵੀ ਸੁਸ਼ਤ ਕਰਤ ਆਦਿ ਸਾਰਿਆਂ ਨੂੰ ਅਹੂਤੀ ਦੇਵੇ।
87. ਭਲੀ ਭਾਂਤ ਅਹੂਤੀ ਕਰਕੇ ਸਭ ਦਿਸ਼ਾ ਵੱਲ ਫਿਰਕੇ ਇੰਦ੍ਰਾਯਮ ਆਦਿ ਨੂੰ ਬਲੀ ਦੇਵੇ।
88. ਦੁਆਰ ਵਿਚ ਜਲ ਅਤੇ ਮੂਸਲ ਉਖਲੀ ਵਿਚ (ਬਨਸਪਤੀ ਤਿਓਨਮਾ) ਆਖ ਕੇ ਬਲੀ ਦੇਵੇ।
89. ਵਾਸਤਵ ਪੁਰਸ਼ ਦੇ ਸਿਰ ਪੈਰ ਮੱਧ ਵਿਚ ਕਰਮ ਤੋਂ ਭੱਦਰ ਕਾਲੀ ਸਭ ਨੂੰ ਦੇਵੇ।
90. ਵਿਸ਼ਵ ਦੇਸ਼ ਅਤੇ ਰਾਤ ਦਿਨ ਵਿਚ ਫਿਰਨ ਵਾਲੇ ਦੇਵਤਿਆਂ ਨੂੰ ਅਕਾਸ਼ ਵਿਚ ਬਲੀ ਦੇਵੇ।
91. ਵਾਸਤਵ ਪੁਰਸ਼ ਦੀ ਪਿੱਠ ਵਿਚ ਸਰਬੋਤਮ ਭੂਤ ਨੂੰ ਬਲੀ ਦੇਵੇ।
92. ਫਿਰ ਕਾਂ, ਕੁੱਤਾ, ਪਾਪ ਰੋਗੀ ਅਤੇ ਛੋਟੇ ਕੀੜਿਆਂ ਲਈ ਧਰਤੀ ਤੇ ਰਖ ਦੇਵੇ।
93. ਜੋ ਬ੍ਰਾਹਮਣ ਇਸੇ ਤਰ੍ਹਾਂ ਸਾਰਿਆਂ ਜੀਵਾਂ ਨੂੰ ਦੇਵੇ ਉਹ ਸਹਿਜੇ ਹੀ ਮੁਕਤੀ ਪਾਉਂਦੇ ਹਨ।
94. ਆਪ ਤਦ ਖਾਵੇ ਜਦ ਬ੍ਰਹਮਚਾਰੀ ਆਦਿਕਾਂ ਨੂੰ ਅਤਿਥੀ ਭੋਜਨ ਖਵਾ ਲਵੇ।
95. ਗੁਰੂ ਨੂੰ ਗਊ ਦਾਨ ਦੇਣ ਤੁਲ ਹੈ ਇਕ ਭਿਛੂ ਨੂੰ ਦਾਨ ਦੇਣ ਦੇ।
96. ਵੇਦ ਵਕਤਾ ਪੰਡਿਤ ਨੂੰ ਪਿਆਰ ਨਾਲ ਅੰਨ ਪਾਣੀ ਖੁਆਓ।
97. ਮੂਰਖ ਬ੍ਰਾਹਮਣ ਨੂੰ ਦਾਨ ਦੇਣਾ ਠੀਕ ਨਹੀਂ।
98. ਭਜਨੀਕ ਅਤੇ ਵਿਦਵਾਨ ਬ੍ਰਾਹਮਣ ਨੂੰ ਭੋਜਨ ਦੇਣਾ ਮੁਕਤੀ ਦਾ ਸਾਧਨ ਹੈ।
99. ਅਨ ਵਾਕਫ ਪ੍ਰਾਹੁਣੇ ਦੀ ਭਲੀ ਭਾਂਤ ਸੇਵਾ ਕਰੋ।
100. ਜਿਹੜਾ ਬ੍ਰਾਹਮਣ ਆਵੇ ਕਿਸੇ ਦੇ ਘਰ ਰਹੇ ਭਾਵੇਂ ਕਿੰਨਾ ਵੀ ਸ਼ਕਤੀ ਵਾਲਾ ਹੋਵੇ ਉਸਦਾ ਧਰਮ ਨਾਸ ਹੋ ਜਾਂਦਾ ਹੈ।
101. ਮਿੱਠੀ ਬੋਲੀ ਅਤੇ ਘਾਹ ਪਾਣੀ ਵਾਲਾ ਘਰ ਕਦੀ ਨਹੀਂ ਰਹਿਣਾ ਚਾਹੁੰਦਾ ਹੈ।
102. ਅਤਿਥੀ ਨੂੰ ਇਕ ਰਾਤ ਤੋਂ ਵੱਧ ਕਦੀ ਵੀ ਨਹੀਂ ਰਹਿਣਾ ਚਾਹੀਦਾ ਹੈ।

103. ਵਸਦੇ ਘਰ ਵਿਚ ਅਤਿਥੀ ਆਵੇ ਤਾਂ ਠੀਕ ਹੈ ਪਰ ਹੋਰ ਕਥਾ ਆਦਿ ਸੁਣਾ ਕੇ ਖੁਸ਼ ਕਰਨ ਵਾਲਾ ਅਤਿਥੀ ਨਹੀਂ।

104. ਜੋ ਪੁਰਸ਼ ਦੂਸਰੇ ਦਾ ਭੋਜਨ ਮੂਰਖਤਾ ਨਾਲ ਖਾਣਗੇ ਉਹ ਪਸ਼ੂ ਬਨਣਗੇ।

105. ਅਤਿਥੀ ਭਾਵੇਂ ਕਿਹੜੇ ਵੇਲੇ ਆਵੇ ਅੰਨ ਆਦਿ ਜ਼ਰੂਰ ਦੇਵੋ।

106. ਜੋ ਚੀਜ਼ ਆਪ ਖਾਵੇ ਉਹੋ ਹੀ ਅਤਿਥੀ ਨੂੰ ਦੇਵੇ।

107. ਜਿਹੋ ਜਿਹਾ ਪ੍ਰਾਹੁਣਾ ਆਵੇ ਉਹੋ ਜਿਹੀ ਸੇਵਾ ਕਰੋ।

108. ਅਤਿਥੀ ਯੱਗ ਕਰਨ ਤੋਂ ਪਿਛੇ ਕੋਈ ਆਵੇ ਉਸ ਨੂੰ ਵੀ ਭੋਜਨ ਦੇਵੇ।

109. ਭੋਜਨ ਸਮੇਂ ਬ੍ਰਾਹਮਣ ਨੂੰ ਆਪਣੀ ਕੁਲ ਤੇ ਗੋਤ ਨ ਦੱਸੇ।

110. ਬ੍ਰਾਹਮਣ ਦੇ ਘਰ ਇਤ੍ਰ ਵਰਨ ਅਤਿਥੀ ਨਹੀਂ ਜੋ ਪ੍ਰਭਤਾਵਾਨ ਹੋਵੇ ਉਹ ਸਭ ਵਰਨਾਂ ਦਾ ਅਤਿਥੀ ਹੈ।

111. ਜੇਕਰ ਬ੍ਰਾਹਮਣ ਦੇ ਘਰ ਅਤਿਥੀ ਆ ਜਾਵੇ ਤਦ ਉਸ ਦਾ ਸਤਿਕਾਰ ਕਰਨਾ ਜ਼ਰੂਰੀ ਹੈ।

112. ਵਿਦਵਾਨ ਵੈਸ਼ ਸ਼ੂਦਰ ਨੂੰ ਵੀ ਭੋਜਨ ਦੇਣਾ ਯੋਗ ਹੈ।

113. ਮਿਤ੍ਰ ਪਿਆਰੇ ਘਰ ਵਿਚ ਆਉਣ ਤਾਂ ਯਥਾ ਸ਼ਕਤ ਉਨ੍ਹਾਂ ਨੂੰ ਵੀ ਭੋਜਨ ਦੇਵੇ।

114. ਆਪਣੇ ਭਾਈ ਬੰਦ ਨੂੰਹ ਲੜਕੀ ਲੜਕਾ ਆਦਿਕਾਂ ਨੂੰ ਅਤਿਥ ਭੋਜਨ ਤੋਂ ਪਹਿਲਾਂ ਦੇਵੇ।

115. ਉਪਰ ਦੱਸੇ ਹੋਏ ਪੁਰਸ਼ਾਂ ਨੂੰ ਭੋਜਨ ਨਾ ਦੇਣ ਵਾਲਾ ਟੇਢੀਆਂ ਜੋਨਾਂ ਵਿਚ ਜਾਂਦਾ ਹੈ।

116. ਬ੍ਰਾਹਮਣ ਅਤੇ ਹੋਰ ਸਬੰਧੀਆਂ ਨੂੰ ਖੁਆਇਕੇ ਆਪ ਇਸਤਰੀ ਸਮੇਤ ਭੋਜਨ ਕਰੇ।

117. ਸਾਰੇ ਯੱਗ ਕਰਾ ਕੇ ਜੋ ਬਚੇ ਉਹ ਖਾਵੇ।

118. ਜੋ ਪੁਰਸ਼ ਕੇਵਲ ਆਪਣੇ ਲਈ ਭੋਜਨ ਕਰਦਾ ਹੈ ਪਾਪੀ ਹੈ।

119. ਵਿਦਵਾਨ ਅਤੇ ਰਾਜ ਯੱਗ ਕਰਨ ਵਾਲੇ ਬ੍ਰਹਮਚਾਰੀ ਗੁਰੂ ਆਦਿਕਾਂ ਦੀ ਪੂਜਾ ਕਰਨੀ।

120. ਰਾਜਾ ਵਿਦਵਕਤਾ ਦੀ ਮਧਪਰਕ ਸਮੇਂ ਪੂਜਾ ਕਰੇ।

121. ਰਾਤ ਦੇ ਅੰਨ ਤੋਂ ਬਿਨਾਂ ਨਿਤਾਪ੍ਰਤਿ ਪੰਚ ਯੱਗ ਕਰਨੇ ਜ਼ਰੂਰੀ ਹਨ।

122. ਹਰ ਮੌਸਿਆ ਨੂੰ ਪਿਤ੍ਰਯੱਗ ਅਗਨੀ ਹੋਤ੍ਰੀ ਸਰਾਧ ਆਦਿ ਕਰੇ।

123. ਇਸ ਪ੍ਰਕਾਰ ਦੇ ਸਰਾਧ ਨੂੰ ਈਸ਼ਰਵਾਦੀ ਆਖਦੇ ਹਨ ਭਲੇ ਪੁਰਸ਼ ਤੋਂ ਕਰਾਉਣਾ ਠੀਕ ਹੈ।

124. ਇਸ ਸਰਾਧ ਦੇ ਅਧਿਕਾਰੀ ਅਨ ਅਧਿਕਾਰੀ ਸਰਬੱਤ ਨੂੰ ਭਿੰਨ-ਭਿੰਨ ਦੱਸਾਂਗੇ।

125. ਸਰਾਧ ਦੇ ਕਰਮ ਪਿਤ੍ਰ ਅਰੰ ਦੇਵ ਤੋਂ ਕੀਤਾ ਜਾਂਦਾ ਹੈ ਦੋਹਾਂ ਵਿਚ ਇਕ ਬ੍ਰਾਹਮਣ ਨੂੰ ਖੁਆਣਾ ਠੀਕ ਹੈ।

126. ਬਿਸਤਾਰ ਕਰਨ ਤੋਂ ਸਤਿਕਾਰ ਦੇਸ਼ ਕਾਲ ਸਭ ਨਾਸ ਹੋ ਜਾਂਦੇ ਹਨ।

127. ਮੱਸਿਆ ਨੂੰ ਸ਼ਰਾਧ ਕਰਨ ਤੋਂ ਪਿਤ੍ਰ ਧਨ, ਪੁਤ੍ਰ, ਗੁਣ ਆਦਿਕ ਬਖਸ਼ਦੇ ਹਨ।

128. ਪਿਤ੍ਰ ਦੇਵਤਾ ਨਮਿਤ ਕੁਝ ਵੀ ਦਿਓ ਵਿਦਵਾਨ ਪੰਡਿਤ ਨੂੰ ਦਿਓ ਮੂਰਖ ਬ੍ਰਾਹਮਣ ਨੂੰ ਨਾ ਦਿਓ।

129. ਦੇਵਤਾ ਪਿਤ੍ਰ ਨਮਿਤ ਇਕ ਹੀ ਬ੍ਰਾਹਮਣ ਨੂੰ ਖੁਆਓ।

130. ਵੇਦ ਪਠਤ ਬ੍ਰਾਹਮਣ ਦੀ ਪ੍ਰੀਖਿਆ ਕਰਕੇ ਦਿਓ।

131. ਵੇਦ ਪਠਤ 1 ਬ੍ਰਾਹਮਣ ਦੱਸ ਲੱਖ ਮੂਰਖ ਬ੍ਰਾਹਮਣ ਕੋਲੋਂ ਹੱਛਾ ਹੈ।

132. ਦੇਵਤਾ ਪਿਤ੍ਰਾਂ ਦੇ ਨਮਿਤ ਕੋਈ ਚੀਜ਼ ਦਿਓ ਗਿਆਨੀ ਬ੍ਰਾਹਮਣ ਨੂੰ ਦੇਣਾ ਫਲਦਾਇਕ ਹੈ।

133. ਜਿੰਨੇ ਗ੍ਰਾਸ ਮੂਰਖ ਬ੍ਰਾਹਮਣ ਖਾਂਦਾ ਹੈ ਉਨੇ ਲੋਹੇ ਦੇ ਤੱਤੇ ਕੀਤੇ ਸਰਾਧ ਕਰਨ ਵਾਲੇ ਨੂੰ ਖਾਣੇ ਪੈਂਦੇ ਹਨ।

134. ਬ੍ਰਾਹਮਣ ਚਾਰ ਪ੍ਰਕਾਰ ਦੇ ਹਨ ਗਿਆਨੀ, ਤਪਸੀ, ਵੇਦ ਪਾਠੀ, ਕਰਮ ਕਾਂਡੀ।

135. ਪਿਤ੍ਰਾਂ ਦੇ ਨਮਿਤ ਗਿਆਨੀ ਪੰਡਿਤ ਨੂੰ ਦੇਵੇ।

136. ਜਿਸਦਾ ਪਿਉ ਵੇਦ ਪਾਠੀ ਹੋਵੇ ਅਤੇ ਆਪ ਮੂਰਖ ਹੋਵੇ ਜਾਂ ਇਸਦਾ ਉਲਟ ਹੋਵੇ।

137. ਇਹਨਾਂ ਵਿਚੋਂ ਜਿਸਦਾ ਪਿਉ ਵੇਦ ਪਾਠੀ ਹੈ ਉਹ ਵੱਡਾ ਹੈ ਦੂਜਾ ਵੀ ਸਤਿਕਾਰ ਦਾ ਅਧਿਕਾਰੀ ਹੈ।

138. ਅਨਜਾਣੂ ਬ੍ਰਾਹਮਣ ਨੂੰ ਸਰਾਧ ਖੁਆਉਣਾ ਫਲਦਾਇਕ ਹੈ ਸਗੋਂ ਵੈਰੀ ਨੂੰ ਖੁਆਵੇ।

139. ਮਿਤ੍ਰ ਬ੍ਰਾਹਮਣ ਨੂੰ ਭੋਜਨ ਛਕਾਉਣਾ ਫਲਦਾਇਕ ਨਹੀਂ।

140. ਜੋ ਬ੍ਰਾਹਮਣ ਕੇਵਲ ਸਰਾਧ ਖਾਣ ਵਾਸਤੇ ਮਿਤ੍ਰਤਾ ਕਰਦਾ ਹੈ ਉਹ ਨੀਚ ਹੈ।

141. ਮਿਤ੍ਰ ਆਦਿ ਦੇ ਨਾਲ ਭੋਜਨ ਵਾਲਾ ਦਾਨ ਕਰਮ 'ਪੈਸ਼ਾਚੀ' ਹੁੰਦਾ ਹੈ।

ਅੰਨ੍ਹੀ ਗਊ ਦੀ ਨਿਆਈਂ ਇਕੋ ਲੋਕ ਵਿਚ ਹੀ ਫਲ ਦੇਣ ਵਾਲਾ ਹੈ ਅਜਿਹਾ ਸਰਾਧ ਛਕਾਉਣਾ।

142. ਅਜਿਹੇ ਬ੍ਰਾਹਮਣ ਨੂੰ ਖੁਆਉਣਾ ਕਲਰੀ ਧਰਤੀ ਤੇ ਬੀ ਪਾਉਣਾ ਹੈ।

143. ਵਿਦਵਾਨ ਬ੍ਰਾਹਮਣ ਨੂੰ ਦਾਨ ਦੇਣਾ ਲੋਕ ਪ੍ਰਲੋਕ ਵਿਚ ਫਲਦਾਇਕ ਹੈ।

144. ਗੁਣੀ ਮਿਤ੍ਰ ਨੂੰ ਆਦਰ ਸਹਿਤ ਭੋਜਨ ਕਰਾਵੇ, ਕਿਉਂਕਿ ਸ਼ਤਰੂ ਦ੍ਵਾਰਾ ਖਾਧਾ ਹੋਇਆ ਭੋਜਨ ਪਰਲੋਕ ਵਿਚ ਫਲਹੀਨ ਰਹਿੰਦਾ ਹੈ।

145. ਚੌਹਾਂ ਵੇਦਾਂ ਜਾਂ ਉਹਨਾਂ ਦੀਆਂ ਸ਼ਾਖਾਂ ਦੇ ਗਿਆਤਾ ਬ੍ਰਾਹਮਣ ਨੂੰ ਭੋਜਨ ਕਰਾਓ।

146. ਅਜਿਹੇ ਪੰਡਿਤ ਨੂੰ ਭੋਜਨ ਕਰਾਉਣਾ ਸੱਤ ਵਰ੍ਹੇ ਤੱਕ ਪਿਤ੍ਰਾਂ ਨੂੰ ਤ੍ਰਿਪਤ ਰਖਦਾ ਹੈ।

147. ਹਬ, ਕਬ, ਦਾਨਾ ਲਈ ਜੋ ਪੱਖ ਮਹਾਂ ਪੁਰਸ਼ਾਂ ਨੇ ਮੰਨਿਆ ਹੈ ਆਖਦੇ ਹਾਂ :–

148. ਆਪਣੇ ਨਾਨਕੇ ਅਤੇ ਦੋਹਤੇ ਵਿਦਿਆ ਗੁਰ ਆਦਿਕਾਂ ਨੂੰ ਮੁਖ ਪਖਸ਼ ਵਿਚ ਭੋਜਨ ਨਾ ਕਰਾਓ।

149. ਵੇਦ ਕਰਮ ਵਿਚ ਬ੍ਰਾਹਮਣ ਦੀ ਪਰੀਖਾ ਨ ਕਰੋ ਪਰ ਪਿਤ੍ਰ ਕਰਮ ਵਿਚ ਅਤਿ ਜ਼ਰੂਰੀ ਹੈ।

150. ਚੋਰ, ਮਹਾਂ ਪਾਪੀ, ਨਾਮਰਦ, ਨਾਸਤਕ ਬ੍ਰਾਹਮਣ ਦਾ ਅਧਿਕਾਰੀ ਨਹੀਂ।

151. ਜਟਾਧਾਰੀ, ਨਿਰਬਲ, ਅਨਪੜ੍ਹ, ਮਤਲਬੀ ਪੁਰਸ਼ ਸਰਾਧ ਨਾ ਖੁਆਵੇ।

152. ਵੇਦ ਮਜੂਰੀ ਲੈ ਕੇ ਤਿੰਨ ਵਕਤ ਤਕ ਮੂਰਤੀ ਪੂਜਾ ਕਰਨ ਵਾਲਾ ਕਸਾਈ ਬਣਿਆ।

153. ਨੌਕਰ ਦਰਿੱਦ੍ਰੀ ਕਾਲੇ ਦੰਦਾਂ ਵਾਲਾ ਅਰ ਗੁਰੂ ਤੋਂ ਬੇਮੁਖ ਪੂਜਾ ਲੈਣ ਵਾਲਾ ਹਵਨ ਨਾ ਕਰਨ ਵਾਲਾ।

154. ਰੋਗੀ ਜੀਵਾਂ ਦੀ ਰੱਖਿਆ ਨਾ ਕਰਨ ਵਾਲਾ, ਬ੍ਰਾਹਮਣਾਂ ਦਾ ਵੈਰੀ ਪੰਜ ਯੱਗ ਦਾ ਨਾ ਕਰਨ ਵਾਲਾ।

155. ਕਾਮੀ ਅਤੇ ਅੰਨ ਅਹਾਰੀ, ਸ਼ੂਦਰ ਦੀ ਲੜਕੀ ਨਾਲ ਵਿਵਾਹ ਕਰਨ ਵਾਲਾ ਏਨ੍ਹਾਂ ਨੂੰ ਹੱਬ ਕਬ ਵਿਚ ਦਾਨ ਨਾ ਦੇਵੇ।

156. ਮਜੂਰੀ ਲੈ ਕੇ ਪੜ੍ਹਨ ਪੜ੍ਹਾਉਣ ਵਾਲਾ ਸ਼ੂਦਰ ਦਾ ਗੁਰੂ ਅਤੇ ਚੇਲਾ ਕਟਬਚਨੀ ਨੀਚ ਨੂੰ ਪੜ੍ਹਾਉਣ ਵਾਲਾ।

157. ਮਾਤਾ, ਪਿਤਾ ਗੁਰੂ ਤੋਂ ਬੇਮੁਖ, ਧਰਮ ਤੋਂ ਪਤਿਤ ਇਹਨਾਂ ਨੂੰ ਪੜ੍ਹਾਉਣ ਵਾਲਾ ਅਤੇ ਇਹਨਾਂ ਨਾਲ ਸੰਬੰਧ ਕਰਨ ਵਾਲਾ।

158. ਕਈ ਪ੍ਰਕਾਰ ਦੇ ਅਯੋਗ ਪਾਪਾਂ ਦੇ ਕਰਨ ਵਾਲਾ ਤੇ ਬਹੁਤ ਬੋਲਣ ਵਾਲਾ ਆਦਿਕ।

159. ਸ਼ਰਾਬੀ, ਕੋੜ੍ਹੀ ਜੁਆਰੀਆ ਅਤੇ ਰਸ ਵੇਚਣ ਵਾਲਾ।

160. ਤੀਰ ਕਮਾਨ ਵਾਲਾ ਅਤੇ ਵੱਡੀ ਭੈਣ ਦੇ ਬੈਠਿਆਂ ਵਿਆਹ ਕਰਨ ਵਾਲਾ ਅਤਿ ਮਿਤ੍ਰ ਘਾਤਕ।

161. ਮਿਰਗੀ, ਫੁਲਬਹਿਰੀ ਦਾ ਰੋਗੀ, ਖੋਟਾ, ਕਮਲਾ ਪੁਰਸ਼ ਅਰ ਵੇਦ ਨਿੰਦਕ।

162. ਜੀਵ ਘਾਤਕ, ਜੋਤਸ਼ੀ, ਪੰਛੀ ਪਾਲਕ ਯੁੱਧ ਲਈ ਹਥਿਆਰ ਰੱਖਣ ਵਾਲਾ।

163. ਪਾਣੀ ਨੂੰ ਇਧਰ ਓਧਰ ਕਰਨ ਵਾਲਾ ਤਰਖਾਨ ਮਾਲੀ ਆਦਿਕ।

164. ਪਸ਼ੂ ਪੰਛੀਆਂ ਦੀ ਲੜਾਈ ਕਰਾਉਣ ਵਾਲਾ, ਕਵਾਰੀ ਨਾਲ ਭੋਗ ਕਰਨ ਵਾਲਾ।

165. ਦੁਰਾਚਾਰੀ, ਜੱਟ ਅਤੇ ਮੋਟੇ ਪੈਰਾਂ ਵਾਲਾ ਅਤੇ ਭਿਛੂ।

166. ਭੇਡਾਂ ਆਦਿ ਤੋਂ ਨਿਰਬਾਹ ਕਰਨ ਵਾਲਾ ਇਕ ਖਸਮ ਨੂੰ ਛੱਡਕੇ ਦੂਜੇ ਨੂੰ ਕਰਨ ਵਾਲੀ ਇਸਤਰੀ।

167. ਇਹ ਸਾਰੇ ਨਿੰਦਕ ਹਨ ਬ੍ਰਾਹਮਣ ਹੋਵੇ ਤਾਂ ਨੀਚ ਹੈ ਉਸ ਨੂੰ ਪੰਗਤ ਵਿਚ ਭੋਜਨ ਨਾ ਖੁਆਓ।

168. ਕੱਖਾਂ ਦੀ ਅੱਗ ਦੀ ਨਿਆਈਂ ਮੂਰਖ ਬ੍ਰਾਹਮਣ ਹੈ ਇਸ ਦੇ ਵਿਚ ਹਵਨ ਨਾ ਕਰਨਾ ਚਾਹੀਏ।

169. ਨਿੰਦਤ ਬ੍ਰਾਹਮਣਾਂ ਨੂੰ ਦੇਵ ਕਰਮ ਜਾਂ ਪਿਤ੍ਰ ਕਰਮਾਂ ਵਿਚ ਭੋਜਨ ਨਾ ਖੁਆਉਣ ਦਾ ਫਲ ਮਨੂੰ ਜੀ ਦਸਦੇ ਹਨ।

170. ਅਜਿਹੇ ਨਿੰਦਤ ਬ੍ਰਾਹਮਣ ਨੂੰ ਜੋ ਭੋਜਨ ਕਰਾਉਂਦੇ ਹਨ ਉਸ ਦਾ ਕੁਝ ਫਲ ਨਹੀਂ ਮਿਲਦਾ ਹੈ।

171. ਵੱਡੇ ਭਰਾ ਦੇ ਕਵਾਰੇ ਬੈਠਿਆਂ ਛੋਟਾ ਭਾਈ ਵਿਆਹ ਕਰੇ ਤਾਂ ਵੱਡਾ ਛੋਟਾ ਪਰਬਤੀਆਂ ਭਾਈ ਨੂੰ ਪਰਬਤ ਆਖਦੇ ਹਨ।

172. ਪਰਬਤ, ਪਰਬਤਾ, ਪਰਬਤੀਆਂ ਆਦਿਕਾਂ ਨਾਲ ਵਿਆਹ ਕਰਨ ਵਾਲੇ ਬ੍ਰਾਹਮਣ ਨਰਕ ਨੂੰ ਜਾਂਦੇ ਹਨ।

173. ਮੋਏ ਹੋਏ ਭਰਾ ਦੀ ਇਸਤ੍ਰੀ ਨਾਲ ਭੋਗ ਕਰਨਾ ਜਿਸਦੀ ਬਿਧੀ ਅੱਗੇ ਦੱਸਾਂਗੇ ਦੂੱਧ ਸਪੁੱਤ ਆਖਦੇ ਹਨ।

174. ਪਰ ਇਸਤਰੀ ਤੋਂ ਦੋ ਪੁੱਤਰ ਹੁੰਦੇ ਹਨ ਜਿਸਦਾ ਪਤੀ ਜਿਊਂਦਾ ਹੋਵੇ ਉਸ ਨੂੰ ਕੁੰਡ ਦੂਜੇ ਨੂੰ ਗੋਲਕ।

175. ਇਹਨਾਂ ਦੋਹਾਂ ਨੂੰ ਭੋਜਣ ਦੇਣ ਵਾਲੇ ਨੂੰ ਕੁਝ ਫਲ ਨਹੀਂ ਪ੍ਰਾਪਤ ਹੁੰਦਾ।

176. ਨੀਚ ਬ੍ਰਾਹਮਣ ਭੋਜਨ ਕਰਦੇ ਬ੍ਰਾਹਮਣਾਂ ਨੂੰ ਵੇਖੇ ਤਦ ਖਾਣ ਖੁਆਉਣ ਵਾਲਿਆਂ ਨੂੰ ਕੁਝ ਫਲ ਨਹੀਂ ਮਿਲਦਾ।

177. ਅੰਨ੍ਹਾਂ, ਕਾਣਾ, ਕੋੜ੍ਹਾ ਆਦਿ ਰੋਗੀ ਬ੍ਰਾਹਮਣ ਦੀ ਨਜ਼ਰ ਦਾ ਵੀ ਏਹੋ ਹਾਲ ਹੈ।

178. ਸ਼ੂਦਰ ਦਾ ਯੱਗ ਕਰਾਉਣ ਵਾਲੇ ਕੋਲੋਂ ਬ੍ਰਾਹਮਣ ਨਾਲ ਛੋਹਣ ਤੋਂ ਉਹਨਾਂ ਦੇ ਦਾਤੇ ਨੂੰ ਵੀ ਕੁਝ ਫਲ ਨਹੀਂ ਲਭਦਾ ਜੇਕਰ ਅੱਛੇ ਬ੍ਰਾਹਮਣਾਂ ਦੀ ਪੰਗਤ ਵਿਚ ਬੈਠ ਜਾਵੇ ਤਦ ਵੀ ਏਹੋ ਹਾਲ ਹੈ।

179. ਸ਼ੂਦਰ ਦਾ ਯੱਗ ਕਰਾਉਣ ਵਾਲੇ ਕੋਲੋਂ ਜੋ ਵੇਦ ਵਕਤਾ ਪੰਡਿਤ ਲੋਭ ਕਰਕੇ ਦਾਨ ਲਵੇ ਤਦ ਵੀ ਨਿਸਫਲ ਹੈ ਜਿਸ ਤਰ੍ਹਾਂ ਕੱਚਾ ਘੜਾ ਪਾਣੀ ਵਿਚ।

180. ਸੋਮਰਸ ਵੇਚਣ ਵਾਲਾ ਅਤੇ ਲੋਭੀ ਵੈਦ ਅਤੇ ਮੂਰਤੀ ਪੂਜਾ ਮਜੂਰੀ ਲੈ ਕੇ ਕਰਨ ਵਾਲਾ ਵਿਆਜ ਖਾਣ ਵਾਲੇ ਬ੍ਰਾਹਮਣ ਨੂੰ ਦਾਨ ਦੇਣਾ ਫਲ ਨਹੀਂ ਦੇਂਦਾ।

181. ਹੱਟੀ ਪੱਟੀ ਕਰਨ ਵਾਲੇ ਬ੍ਰਾਹਮਣ ਅਤੇ ਪਤੀ ਨੂੰ ਛੱਡ ਕੇ ਵਿਭਚਾਰ ਕਰਨ ਵਾਲੀ ਇਸਤਰੀ ਨੂੰ ਦਾਨ ਦੇਣਾ ਰਾਖ ਵਿਚ ਹਵਨ ਕਰਨਾ ਹੈ।

182. ਪੰਗਤ ਦੇ ਅਨ ਅਧਿਕ੍ਰਾਰੀ ਬ੍ਰਾਹਮਣ ਨੂੰ ਦਾਨ ਦੇਣਾ ਟੇਢੀਆਂ ਜੂਨਾਂ ਨੂੰ ਦੇਣ ਵਾਲਾ ਹੈ।

183. ਪੰਗਤ ਚੋਰ ਦੂਸ਼ਤ ਬ੍ਰਾਹਮਣਾਂ ਨੂੰ ਸੁਖ ਕਰਨ ਵਾਲੇ ਬ੍ਰਾਹਮਣਾਂ ਦਾ ਹਾਲ ਸੁਣੋ।

184. ਜਿਸਦੀ ਕੁਲ ਚਾਰੇ ਵੇਦ ਅਗੁਾਂ ਸਹਿਤ ਪੜ੍ਹਾਉਂਦੀ ਆਈ ਹੋਵੇ ਅਤੇ ਆਪ ਵੀ ਪੜ੍ਹਾ ਸਕਦਾ ਹੋਵੇ।

185. ਤ੍ਰਾਮਚਕੇਤ, ਅਗਨੀ ਹੋਤ੍ਰੀ, ਵਿਆਕਰਨ ਆਦਿ ਛੇ ਅੰਗ ਦਾ ਗਿਆਤਾ ਅਰ ਬ੍ਰਹਮ ਵਿਵਾਹ ਤੋਂ ਉਤਪਤ ਬ੍ਰਹਮ ਗਿਆਤਾ ਵੀ ਸੁੱਧ ਕਰ ਸਕਦਾ ਹੈ।

186. ਵੇਦ ਸਾਰ ਗਿਆਤਾ, ਉਪਦੇਸ਼ਕ, ਹਜ਼ਾਰ ਗਊ ਦਾਨੀ 100 ਵਰਖ ਦੀ ਆਯੂ ਵਾਲਾ ਵੀ ਕਰ ਸਕਦਾ ਹੈ।

187. ਸਰਾਧ ਕਰਨ ਤੋਂ 1 ਦਿਨ ਪਹਿਲਾਂ ਜਾਂ ਉਸੇ ਦਿਨ ਤਿੰਨ ਤੋਂ ਜ਼ਿਆਦਾ ਬ੍ਰਾਹਮਣ ਨੂੰ ਨਿਓਤਾ ਦਿਓ।

188. ਸਰਾਧ ਕਰਤਾ ਅਰ ਭੋਗਤਾ ਦੋਵੇਂ ਉਸ ਦਿਨ ਭੋਗ ਨਾ ਕਰਨ ਅਤੇ ਵੇਦ ਆਦਿ ਨਾ ਪੜ੍ਹਨ।

189. ਕਿਉਂ ਉਹਨਾਂ ਦੇ ਪਿਛੇ ਪਿਤ੍ਰ ਪੌਣ ਰੂਪ ਹੋ ਕੇ ਲਗੇ ਫਿਰਦੇ ਹਨ।

190. ਦੇਵ ਜਾਂ ਪਿਤ੍ਰ ਕਰਮ ਵਿਚ ਨਿਓਤਾ ਪਾ ਕੇ ਭੋਜਨ ਨਾ ਕਰਨ ਵਾਲਾ ਬ੍ਰਾਹਮਣ ਸੂਰ ਜੋਨ ਨੂੰ ਪਾਉਂਦਾ ਹੈ।

191. ਸਰਾਧ ਭੋਜਨ ਨੂੰ ਪਾ ਕੇ ਸ਼ੂਦਰ ਦੀ ਇਸਤਰੀ ਨਾਲ ਭੋਗ ਕਰਨ ਵਾਲਾ ਸਰਾਧ ਕਰਤਾ ਦੇ ਸਾਰੇ ਪਾਪਾਂ ਦਾ ਭਾਗੀ ਬਣਦਾ ਹੈ।

192. ਦੇਵਤਾ ਕਾਮ ਆਦਿਕਾਂ ਤੇ ਰਹਿਤ ਅਰ ਵਿੱਦਜਾ ਗੁਣਾਂ ਦੇ ਸਪੰਨ ਹੁੰਦੇ ਹਨ। ਇਸ ਲਈ ਯੋਗ ਹੈ ਕਿ ਸਰਾਧ ਕਰਤਾ ਅਤੇ ਭੋਗਤਾ ਦੋਵੇਂ ਕ੍ਰੋਧ ਰਹਿਤ ਹੋਣ।

193. ਇਹਨਾਂ ਦੀ ਉਤਪਤੀ ਅਤੇ ਯੋਗ ਨਿਯਮਾਂ ਨੂੰ ਸੁਣੋ :—

194. ਬ੍ਰਹਮਾ ਦੇ ਪਿਤ੍ਰ ਮਨੂੰ ਜੀ ਦੇ ਮਰੀਚ ਆਦਿ ਜੋ ਪਿਤ੍ਰ ਹਨ ਅਤੇ ਉਹਨਾਂ ਦੇ ਸਵਤ ਗੁਣ ਹਨ।

195. ਸਾਧ ਗੁਣ ਦੇ ਪਿਤ੍ਰ ਬਰਾਟ ਦੇ ਪਿਤ੍ਰ ਸੋਮ ਸਿਧ ਹਨ ਦੇਵਤਿਆਂ ਦੇ ਪਿਤ੍ਰ ਅਗਨ

ਸੁਆਤ ਹਨ ਇਹ ਸਾਰੇ ਮਰੀਚ ਦੇ ਪਿਤ੍ਰ ਲੋਕ ਵਿਖੇ ਪ੍ਰਸਿੱਧ ਹਨ।

196. ਦੈਤ, ਦਾਨੋ, ਯੱਖ, ਗੰਧਰਬ ਆਦਿਕਾਂ ਦਾ ਪਿਤ੍ਰ ਉਤਰ ਦਾ ਪਿਤ੍ਰ ਬ੍ਰਿਸ਼ਦ ਹੈ।

197. ਬ੍ਰਾਹਮਣ ਆਦਿ ਵਰਨਾਂ ਦੇ ਪਿਤ੍ਰ ਸੋਮ, ਅਜੀਪ, ਸਕਾਲੀ ਹੈ।

198. ਅੰਗਰਾ, ਪੁਲਸਥ, ਵਿਸਿਸ਼ਟ ਦੇ ਪਿਤ੍ਰ ਭੀ ਏਹੋ ਹਨ।

199. ਅਗਨੀ ਦਗਧ, ਕਾਵਜ, ਬ੍ਰਿਸ਼ਦ ਆਦਿ ਬ੍ਰਾਹਮਣਾਂ ਦੇ ਪਿਤ੍ਰ ਜਾਨੋ।

200. ਉੱਪਰ ਦੱਸੇ ਹੋਏ ਪਿਤ੍ਰਾਂ ਦੇ ਅਨੰਦ ਪੁੱਤ੍ਰ ਪੋਤ੍ਰਾਦ ਹਨ।

201. ਮਰੀਚ ਆਦਿਕਾਂ ਤੋਂ ਪਿਤ੍ਰ ਅਰ ਇਹਨਾਂ ਤੋਂ ਦੇਵਤਾ ਅਰ ਦਾਨਵ ਉਤਪਤ ਹੋਏ।

202. ਚਾਂਦ ਜਾਂ ਚਾਂਦੀ ਮਿਲੇ ਭਾਂਡਿਆਂ ਵਿਚ ਜਲ ਦਿੱਤਾ ਹੋਇਆ ਅਨੰਤ ਸੁਖਦਾਤਾ ਹੈ।

203. ਦੇਵ ਕਾਰਜ ਪਿਤ੍ਰ ਕਾਰਜ ਤੋਂ ਵੱਡਾ ਹੈ ਇਸ ਲਈ ਦੇਵ ਕਾਰਜ ਪਹਿਲਾਂ ਕਰੋ।

204. ਪਿਤ੍ਰ ਕਾਰਜ ਰਖਿਆ ਲਈ ਪਿਤ੍ਰ ਕਾਰਜ ਨੂੰ ਕਰਨਾ ਅਤੀ ਜ਼ਰੂਰੀ ਹੈ।

205. ਪਿਤ੍ਰ ਕਾਰਜ ਦੇ ਅਰੰਭ ਅਰ ਅੰਤ ਵਿਚ ਦੇਵ ਕਾਰਜ ਜ਼ਰੂਰੀ ਹੈ ਅਰ ਦੇਵ ਕਾਰਜ ਦੇ ਆਦਿ ਅੰਤ ਵਿਚ ਨਾ ਕਰੋ।

206. ਦੱਖਣ ਦਿਸ਼ਾ ਦੀ ਧਰਤੀ ਗੋਹੇ ਨਾਲ ਲਿਪ ਕੇ ਸਰਾਧ ਕਰਮ ਕਰੇ।

207. ਸੁਤੇ ਸੁਧ ਬਨ, ਨਦੀ ਆਦਿਕਾਂ ਦੇ ਕੰਢੇ ਤੇ ਸਰਾਧ ਕਰਨਾ ਬੜਾ ਲਾਭਕਾਰੀ ਹੈ।

208. ਵੱਖਰੇ-ਵੱਖਰੇ ਕੁਸ਼ਾ ਦੇ ਆਸਨਾਂ ਤੇ ਸੱਦੇ ਹੋਏ ਬ੍ਰਾਹਮਣਾਂ ਨੂੰ ਆਚਮਨ ਕਰਕੇ ਬਹਾਵੇ।

209. ਪਹਿਲਾਂ ਦੇਵ ਕਾਰਜ ਦੇ ਬ੍ਰਾਹਮਣ ਦੀ ਪੁਸ਼ਪ ਆਦਿਕਾਂ ਤੋਂ ਪੂਜਾ ਕਰੇ ਫਿਰ ਪਿਤ੍ਰ ਕਾਰਜ ਵਾਲਿਆਂ ਦੀ।

210. ਕੁਸ਼ਾ ਤਿਲ ਸਹਿਤ ਜਲ ਬ੍ਰਾਹਮਣ ਦੀ ਆਗਿਆ ਪਾ ਕਰ ਹਵਨ ਕਰੇ।

211. ਪਹਿਲਾਂ ਸੋਮ, ਯਮ ਆਦਿ ਨੂੰ ਅਹੂਤੀ ਦੇਵੇ ਪਿਛੋਂ ਪਿਤ੍ਰਾਂ ਨੂੰ।

212. ਅੱਗ ਨਾ ਹੋਵੇ ਤਾਂ ਬ੍ਰਾਹਮਣ ਦੇ ਹੱਥ ਵਿਚ ਹੀ ਅਹੂਤੀ ਦੇਵੇ।

213. ਗੁੱਸਾ ਹੀਨ ਪੁਰਸ਼ ਪ੍ਰਸੰਨਤਾ ਯੁਕਤ ਸਨਾਤਨ ਵਿਦਵਾਨ ਬ੍ਰਾਹਮਣ ਕੋਲੋਂ ਦੇਵਤਾ ਰੂਪ ਸਰਾਧ ਕਰਾਉਣਾ ਉਚਿਤ ਹੈ ਅਰ ਇਸਦੇ ਕਾਰਨ ਦੇ ਅਧਿਕਾਰੀ ਬ੍ਰਾਹਮਣ ਹੀ ਹਨ।

214. ਹਵਨ ਦੀ ਅਗਨੀ ਨੂੰ ਦੱਖਣ ਪਾਸੇ ਵੱਲ ਕਰਕੇ ਜੰਞੂ ਸੱਜੇ ਮੋਢੇ ਪਾ ਕੇ ਸੱਜੇ ਹੱਥ ਨਾਲ ਪਿੰਡ ਦੇਵੇ।

215. ਹਵਨ ਤੋਂ ਬਚਿਆ ਹੋਇਆ ਹਬ ਦੇ ਤਿੰਨ ਪਿੰਡ ਬਣਾ ਕੇ ਦੱਖਣ ਪਾਸੇ ਮੂੰਹ ਕਰਕੇ ਉਹਨਾਂ ਪਿੰਡਾਂ ਨੂੰ ਇਕ ਚਿਤ ਹੋ ਕੇ ਧਰਤੀ ਤੇ ਰਖਕੇ ਜਲ ਦੇਵੇ।

216. ਕਰਮ ਕਾਂਡ ਦੀ ਰੀਤੀ ਅਨੁਸਾਰ ਪਿੰਡਾਂ ਦੀ ਹੇਠਲੀ ਕੁਸ਼ਾ ਦੀ ਜੜ੍ਹ ਨੂੰ ਪੂੰਝੇ ਅਰ ਪਿਤਾ ਪਿਤਾਮਾ ਨੂੰ ਖੁਸ਼ ਕਰੇ।

217. ਮੰਤ੍ਰ ਗਿਆਤਾ ਉਤਰ ਮੂੰਹ ਕਰਕੇ ਆਚਮਨ ਅਤੇ ਪ੍ਰਾਣਾਯਾਮ ਅਤੇ ਛੇ ਰੁਤਾਂ ਅਤੇ ਪਿਤ੍ਰਾਂ ਨੂੰ ਪ੍ਰਣਾਮ ਕਰੇ।

218. ਪਿੰਡ ਦਾਨ ਤੋਂ ਪਹਿਲਾਂ ਪਿੰਡ ਰੱਖਣ ਵਾਲੇ ਅਸਥਾਨ ਬਚਿਆ ਹੋਇਆ ਜਲ ਥੋੜ੍ਹਾ-ਥੋੜ੍ਹਾ ਕਰਕੇ ਛੱਡ ਦੇਵੇ ਫੇਰ ਸਾਰਿਆਂ ਪਿੰਡਾਂ ਨੂੰ ਸੁੰਘੇ।

219. ਫਿਰ ਥੋੜ੍ਹਾ-ਥੋੜ੍ਹਾ ਅੰਨ ਉਹਨਾਂ ਵਿਚੋਂ ਲੈ ਕੇ ਨਿਓਤੇ ਹੋਏ ਬ੍ਰਾਹਮਣਾਂ ਨੂੰ ਭੋਜਨ ਕਰਾਏ।

220. ਪਿਤਾ ਜੀਉਂਦਾ ਵੀ ਹੋਵੇ ਪਰ ਪਿਤਾਮਾ ਅਤੇ ਤਿੰਨ ਪੁਰਸ਼ਾਂ ਦਾ ਸਰਾਧ ਕਰੇ।

221. ਪਰ ਜਿਸਦਾ ਪਿਤ੍ਰਾ ਮਰ ਗਿਆ ਹੋਵੇ ਅਤੇ ਪਿਤਾਮਾ ਜੀਉਂਦਾ ਹੋਵੇ ਉਹ ਪਿਤ੍ਰਾ ਦਾ ਨਾਮ ਲੈ ਕੇ ਸਰਾਧ ਕਰੇ।

222. ਮਨੂੰ ਜੀ ਦੀ ਆਗਿਆ ਹੈ ਪਿਤਾ ਨੂੰ ਭੋਜਨ ਨਾ ਕਰਾਕੇ ਪਿਤਾਮਾ ਪਰ ਪਿਤਾਮਾ ਦਾ ਸਰਾਧ ਕਰੇ ਜਿਸ ਤਰ੍ਹਾਂ ਕਿ ਜੀਊਂਦੇ ਪਿਤਾ ਦੇ ਹੁੰਦਿਆਂ ਉਹਨਾਂ ਦਾ ਸਰਾਧ ਕਰਾਇਆ ਜਾਂਦਾ ਹੈ।

223. ਉਹਨਾਂ ਬ੍ਰਾਹਮਣਾਂ ਦੇ ਹੱਥ ਵਿਚ ਤਿਲ, ਕੁਸ਼ਾ ਜਲ ਆਦਿ ਪਿੰਡ ਵਿਚੋਂ ਕੱਢਿਆ ਹੋਇਆ ਥੋੜ੍ਹਾ-ਥੋੜ੍ਹਾ ਪਿਤਾ ਆਦਿ ਤਿੰਨਾਂ ਪੁਰਸ਼ਾਂ ਦੇ ਬ੍ਰਾਹਮਣਾਂ ਨੂੰ ਦੇਵੇ।

224. ਦੋਹਾਂ ਹੱਥਾਂ ਵਿਚ ਸਾਰੀਆਂ ਚੀਜ਼ਾਂ ਰਸੋਈ ਤੋਂ ਬਾਹਰ ਲੈ ਕੇ ਪਿਤ੍ਰਾਂ ਦਾ ਧਿਆਨ ਕਰਦਾ ਹੋਇਆ ਹੌਲੀ-ਹੌਲੀ ਬ੍ਰਾਹਮਣਾਂ ਨੂੰ ਪਰੋਸੇ ਅਰਥਾਤ ਦੇਵੇ।

225. ਅੰਨ ਦੋਹਾਂ ਹੱਥਾਂ ਨਾਲ ਦੇਵੇ ਕਿਉਂਕਿ ਇਕ ਹੱਥ ਵਿਚੋਂ ਅਸੁਰ ਲੋਕ ਖੋਹ ਲੈਂਦੇ ਹਨ।

226. ਮਾਖਿਓਂ, ਘਿਓ, ਦਹੀਂ ਆਦਿਕਾਂ ਤੋਂ ਬਣਿਆ ਹੋਇਆ ਭੋਜਨ ਸੰਭਾਲਕੇ ਰਖੇ।

227. ਮਨ ਪ੍ਰਸੰਨ ਕਰਨ ਵਾਲੀਆਂ ਵਸਤੂਆਂ ਨੂੰ ਅਤੇ ਫਲ ਫੁਲ ਆਦਿਕਾਂ ਨੂੰ ਰਖੇ।

228. ਇਕ ਚਿਤ ਹੋ ਕੇ ਸਾਰੀਆਂ ਚੀਜ਼ਾਂ ਨੂੰ ਭਿੰਨ-ਭਿੰਨ ਦੱਸਕੇ ਪ੍ਰੋਸੇ।

229. ਰੋਣਾ, ਕ੍ਰੋਧ ਕਰਨਾ, ਝੂਠ ਬੋਲਣਾ ਸਭ ਛੱਡ ਦੇਵੇ ਅਤੇ ਪੈਰਾਂ ਨਾਲ ਨਾ ਲਾਵੇ।

230. ਕਿਉਂਕਿ ਉਹ ਅੰਨ ਭਿੰਨ-ਭਿੰਨ ਜੀਵਾਂ ਨੂੰ ਮਿਲਦਾ ਹੈ ਰੋਣ ਤੋਂ ਪ੍ਰੇਤ ਨੂੰ, ਕ੍ਰੋਧ ਤੋਂ ਵੈਰੀ ਨੂੰ, ਝੂਠ ਤੋਂ ਕੁੱਤੇ ਨੂੰ, ਪੈਰਾਂ ਨਾਲ ਛੋਹਣ ਤੋਂ ਰਾਖਸ਼ ਨੂੰ ਅਤੇ ਟਪਾਨ ਤੋਂ ਪਾਪੀ ਨੂੰ।

231. ਬ੍ਰਾਹਮਣਾਂ ਦੀ ਰੁਚੀ ਅਨੁਸਾਰ ਈਰਖਾ ਰਹਿਤ ਸਭ ਚੀਜ਼ਾਂ ਦੇਵੇ ਅਤੇ ਪ੍ਰਮਾਤਮਾ ਨੂੰ ਯਾਦ ਕਰੇ।

232. ਹਰ ਵੇਲੇ ਵੇਦ ਸ਼ਾਸਤ੍ਰ ਆਦਿ ਬ੍ਰਾਹਮਣਾਂ ਨੂੰ ਸੁਣਾਵੇ।

233. ਆਪਣੀ ਮਿੱਠੀ ਬੋਲੀ ਨਾਲ ਬ੍ਰਾਹਮਣਾਂ ਨੂੰ ਖ਼ੁਸ਼ ਕਰੇ।

234. ਜੇਕਰ ਦੋਹਤਾ ਵੀ ਬਰਤੀ ਹੋਵੇ ਉਸ ਨੂੰ ਵੀ ਸਰਾਧ ਵਿਚ ਭੋਜਨ ਦੇਵੇ।

235. ਸਰਾਧ ਵਿਚ ਨਾਤੀ ਨੀਪਾਲ ਕਮਲ, ਤਿਲ ਇਹ ਪਵਿੱਤ੍ਰ ਹਨ, ਪਵਿੱਤ੍ਰਤਾ, ਸ਼ਾਂਤੀ, ਧੀਰਜ।
236. ਚੁੱਪ ਚਾਪ ਭੋਜਨ ਕਰਨਾ ਉਚਿਤ ਹੈ ਭਾਵੇਂ ਸਰਾਧ ਕਰਤਾ ਬੁਲਾਏ ਵੀ ਪਰ ਨਾ ਬੋਲੋ।
237. ਜਦੋਂ ਤਾਈਂ ਭੋਜਨ ਤੱਤਾ ਰਹਿੰਦਾ ਹੈ ਬ੍ਰਾਹਮਣ ਨਾ ਬੋਲੇ ਦੇਵਤੇ ਪ੍ਰਸੰਨ ਹੁੰਦੇ ਹਨ।
238. ਦੱਖਣ ਪਾਸੇ ਮੂੰਹ ਕਰਕੇ ਜੁੱਤੀ ਸਮੇਤ ਅਤੇ ਪਗੜੀ ਸਮੇਤ ਭੋਜਨ ਰਾਖਸ਼ ਭੋਜਨ ਹੈ।
239. ਚੰਡਾਲ ਪੁਰਸ਼ ਅਤੇ ਨਾਮਰਦ ਅਤੇ ਹੈਜ਼ ਵਾਲੀ ਇਸਤਰੀ ਸੂਰ, ਕੁੱਤਾ ਆਦਿ ਭੋਜਨ ਖਾਂਦੇ ਬ੍ਰਾਹਮਣ ਨੂੰ ਦੇਖਣ।
240. ਹੇਠ ਲਿਖੇ ਪਸ਼ੂਆਂ ਦਾ ਮੂੰਹ ਦੇਵ ਅਤੇ ਪਿਤ੍ਰ ਯੱਗ ਸਮੇਂ ਨਾ ਵੇਖੇ।
241. ਸੂਰ ਦਾ ਸੁੰਘਣਾ ਅਤੇ ਕੁੱਕੜ ਦੇ ਪੰਖ ਦੀ ਪੌਣ ਕੁੱਤੇ ਦਾ ਵੇਖਣਾ ਸ਼ੂਦਰ ਦਾ ਛੋਹ ਨਾਸ ਕਰਦੇ ਹਨ।
242. ਕਾਣਾ, ਗੰਜਾ ਇਕ ਅੰਗ ਹਨ ਪੁਰਸ਼ ਭਾਵੇਂ ਆਪਣਾ ਪਿਆਰਾ ਵੀ ਹੋਵੇ ਕੱਢ ਦਿਉ।
243. ਜੇਕਰ ਉਸ ਸਮੇਂ ਕੋਈ ਹੋਰ ਬ੍ਰਾਹਮਣ ਜਾਂ ਭਿਛੂ ਆ ਜਾਵੇ ਤਾਂ ਆਗਿਆ ਪਾ ਕੇ ਉਹਨਾਂ ਦਾ ਵੀ ਪੂਜਨ ਕਰੇ।
244. ਇਸ ਪ੍ਰਕਾਰ ਦੇ ਅੰਨ ਨੂੰ ਇਕੱਠਾ ਕਰਕੇ ਪਾਣੀ ਪਾ ਕੇ ਧਰਤੀ ਤੇ ਕੁਸ਼ਾ ਉਤੇ ਪਾ ਦੇਵੇ।
245. ਇਹ ਅੰਨ ਨਿਰਦੂਸ਼ਤ ਇਸਤਰੀਆਂ ਨੂੰ ਤਿਆਗ ਕੇ ਮੋਏ ਤੇ ਅਗਨਦਾਰ ਨਾ ਕਰਨ ਦੀ ਉਮਰ ਦੇ ਬਾਲਕਾਂ ਮੋਇਆਂ ਹੋਇਆਂ ਨੂੰ ਅਪੜਦਾ ਹੈ।
246. ਜੂਠਾ ਅੰਨ ਉਹਨਾਂ ਦਾਸਾਂ ਦਾ ਹੈ ਜੋ ਕੁਟਲ ਅਰ ਨਟਖਟ ਨਾ ਹੋਣ।
247. ਤਿੰਨੇ ਵਰਨ ਮ੍ਰਿਤੂ ਦੇ ਦਿਨ ਤੋਂ ਪ੍ਰੇਤ ਨਮਿਤ ਇਕ ਬ੍ਰਾਹਮਣ ਨੂੰ ਰੋਜ਼ ਭੋਜਨ ਕਰਾਵੇ ਅਤੇ ਇਕ ਪਿੰਡ ਦੇਵੇ ਵਿਸਵੇ ਦੇਵ ਨਮਿਤ ਭੋਜਨ ਨਾ ਕਰਾਵੇ।
248. ਇਸ ਪਿੰਡ ਕਰਨ ਤੋਂ ਪਿਛੋਂ ਮੱਸਿਆ ਦਾ ਸਰਾਧ ਕਰਾਵੇ ਅਤੇ ਪੁੱਤਰ ਪਿੰਡ ਦੇਵੇ।
249. ਜੋ ਸਰਾਧ ਦਾ ਜੂਠਾ ਅੰਨ ਸ਼ੂਦਰ ਨੂੰ ਦੇਂਦਾ ਹੈ ਉਹ ਮੂੜ ਨੀਚ ਸੂਤਰ ਕਾਲ ਨਰਕ ਨੂੰ ਜਾਂਦਾ ਹੈ।
250. ਸਰਾਧ ਭੋਜਨ ਕਰਕੇ ਜੋ ਇਸਤਰੀ ਭੋਗ ਕਰਦਾ ਹੈ ਉਸਦੇ ਪਿਤ੍ਰ ਮਹੀਨਾ ਭਰ ਗੰਦ ਵਿਚ ਰਹਿੰਦੇ ਹਨ।
251. ਪ੍ਰਸੰਨਤਾ ਪੁੱਛਕੇ ਪ੍ਰੇਮ ਨਾਲ ਚੁੱਲ੍ਹਾ ਕਰਾਕੇ ਸਰਾਧ ਕਰਤਾ ਬ੍ਰਾਹਮਣ ਤਾਈਂ ਵਿਦਾ ਕਰੇ।
252. ਉਸਦੇ ਉੱਤਰ ਵਿਚ ਸੁਭਾਵਕ ਅਸ਼ੀਰਵਾਦ ਆਖੇ।
253. ਤਿਸਦੇ ਉਪਰੰਤ ਬਚੇ ਹੋਏ ਅੰਨ ਦੀ ਬਾਬਤ ਜੋ ਬ੍ਰਾਹਮਣ ਆਖਣ ਕਰੇ।
254. ਏਕੋ ਦ੍ਰਿਸ਼ਟ ਸਰਾਧ ਵਿਚ ਤ੍ਰਿਪਤ ਅਰ ਪ੍ਰਸੰਨ ਪਿਤ੍ਰ ਕਰਮ ਵਿਚ ਸੰਪੰਨ ਅਤੇ ਦੇਵ

ਕਰਮ ਵਿਚ ਰਚਤੰਗ ਆਖੇ।

255. ਅਪ੍ਰਾਹਨ ਸਮੇਂ ਕੁਸ਼ਾ ਤਿਲ ਆਦਿ ਤੋਂ ਧਰਤੀ ਪਵਿੱਤ੍ਰ ਕਰਨ ਵਾਲੀ ਸੰਪਤ ਹੈ।

256. ਮੰਤ੍ਰ ਪੁਰਬਾਹਨ ਸਮੇਂ ਧਰਤੀ ਸੋਧਨ ਕਰਨਾ ਦੇਵ ਕਰਮ ਦੀ ਸੰਪਤ ਹੈ।

257. ਮਨੀਆਂ ਦੇ ਅੰਨ ਦੁੱਧ ਸੋਮਲਤਾ ਦਾ ਰਸ, ਮਾਸ ਅਰ ਬਿਨਾਂ ਬਣਾਇਆ ਲੋਨ ਸੁਭਾਵਕ ਹਬ ਹਨ।

258. ਗੋਸ਼ਤੀ ਸਰਾਧ ਵਿਚ ਸਸ੍ਰਤੰਗ ਆਖਣਾ ਜ਼ਰੂਰੀ ਹੈ ਅਤੇ ਸਰਾਧ ਕਰਤਾ ਬ੍ਰਾਹਮਣਾਂ ਨੂੰ ਪ੍ਰਸੰਨ ਕਰਕੇ ਨਿਸਚਿਤ ਹੋ ਕੇ ਦੱਖਣ ਪਾਸੇ ਮੂੰਹ ਕਰਕੇ ਪਿਤ੍ਰਾਂ ਕੋਲੋਂ ਵਰ ਮੰਗੇ।

259. ਸਾਡੀ ਕੁਲ ਵਿਚ ਦਾਤਾ, ਵੇਦ ਦਾ ਵਾਧਾ ਅਤੇ ਸਰਧਾ ਬਣੀ ਰਹੇ ਅਤੇ ਦੌਲਤ ਹੋਵੇ।

260. ਪਸਚਾਤ ਪਿੰਡਾਂ ਨੂੰ ਅਗਨੀ ਵਿਚ ਪਾਵੇ ਜਾਂ ਗਊ ਬਕਰੇ ਨੂੰ ਖੁਆਵੇ।

261. ਕਈ ਅਚਾਰੀ ਪਿੰਡਾਂ ਨੂੰ ਜਲ ਆਦਿਕਾਂ ਵਿਚ ਪਾਣਾ ਅਤੇ ਕਈ ਖੁਆ ਦੇਣਾ ਮੁੱਖ ਰਖਦੇ ਹਨ।

262. ਪੁੱਤਰ ਦੀ ਇੱਛਾ ਵਾਲੀ ਪਤੀਬ੍ਰਤ ਇਸਤਰੀ ਪਿਤਾਮਾ ਦੇ ਪਿੰਡਾਂ ਨੂੰ ਭੋਜਨ ਕਰੇ।

263. ਤਦ ਉਸਦੇ ਅਰ ਸੁਰੀ ਸੰਪਤਾ ਵਾਲਾ ਪੁੱਤਰ ਹੋਵੇਗਾ।

264. ਸੁਚੇਤ ਹੋ ਕੇ ਬਚਿਆ ਹੋਇਆ ਅੰਨ ਆਪਣੀ ਜਾਤੀ ਵਾਲਿਆਂ ਨੂੰ ਖੁਆਏ ਪਿਛੋਂ ਸਬੰਧੀਆਂ ਨੂੰ।

265. ਬ੍ਰਾਹਮਣਾਂ ਦੇ ਪਿਛੋਂ ਸਾਰੀ ਜੂਠ ਉਠਾਵੇ ਅਤੇ ਉਸ ਥਾਂ ਨੂੰ ਸਾਫ ਕਰੇ ਅਤੇ ਗ੍ਰਹਿ ਬਲ ਕਰੇ।

266. ਜੋ ਹਬ ਪਿਤ੍ਰਾਂ ਨੂੰ ਕਈ ਦਿਨ ਸੌਖਿਆਂ ਰਖਦੀ ਹੈ ਦਸਦੇ ਹਾਂ।

267. ਤਿਲ, ਧਾਨ, ਜੌਂ, ਆੜੂ, ਜਲ, ਮੂਲ, ਫਲ ਇਹਨਾਂ ਵਿਚੋਂ ਕਿਸੇ ਇਕ ਦਾ ਦੇਣਾ 1 ਮਹੀਨੇ ਤਾਈਂ ਪਿਤ੍ਰਾਂ ਨੂੰ ਸੌਖਿਆਂ ਰਖਦਾ ਹੈ।

268. ਮਛਲੀ ਦੇ ਮਾਸ ਤੋਂ ਦੋ ਮਹੀਨਿਆਂ ਤੱਕ ਅਤੇ ਹਰਨ ਦੇ ਤੋਂ ਤਿੰਨ ਮਹੀਨੇ ਤੱਕ, ਭੇਡ ਦੇ ਤੋਂ 4 ਮਹੀਨੇ ਤੱਕ ਅਤੇ ਹੋਰ ਪੰਛੀਆਂ ਦੇ ਮਾਸ ਤੋਂ ਪੰਜ ਮਹੀਨੇ ਤਾਈਂ ਸੌਖੇ ਰਹਿੰਦੇ ਹਨ।

269. ਬੱਕਰੇ ਦੇ ਮਾਸ ਤੋਂ 6 ਮਹੀਨੇ ਭਿੰਨ-ਭਿੰਨ ਹਰਨ ਦੇ ਤੋਂ 9 ਮਹੀਨੇ ਤਾਈਂ।

270. ਜੰਗਲੀ ਸੂਰ ਜਾਂ ਝੋਟੇ ਦੇ ਮਾਸ ਤੋਂ 10 ਮਹੀਨੇ ਤੱਕ ਅਤੇ ਸੇਹਾ ਕੱਛੂ ਦੇ ਤੋਂ 11 ਮਹੀਨੇ ਤੱਕ।

271. ਗਊ ਦੇ ਦੁੱਧ ਜਾਂ ਖੀਰ ਤੋਂ 1 ਵਰਖ ਤਕ ਅਤੇ ਅਜਿਹਾ ਬਕਰਾ ਜੋ ਰੰਗ ਦਾ ਚਿੱਟਾ ਇੰਦ੍ਰੀ ਹੀਨ ਅਤੇ ਪਾਣੀ ਪੀਣ ਵੇਲੇ ਦੋਵੇਂ ਕੰਨ ਪਾਣੀ ਨਾਲ ਲਗਦੇ ਹੋਣ ਦੇ ਮਾਸ ਤੋਂ 12 ਬਰਸ ਤਾਈਂ।

272. ਹੋਰ ਕਈ ਪ੍ਰਕਾਰ ਦੀਆਂ ਮੱਛੀਆਂ ਤੇ ਬੱਕਰਿਆਂ ਦੇ ਮਾਸ ਤੋਂ ਅਨੰਤ ਸਾਲਾਂ ਤੱਕ।

273. ਵਰਖਾ ਰੁਤਵਿ ਮਘਾਂ ਨਖਤ੍ਰ ਤ੍ਰਿਓਦਸੀ ਨੂੰ ਮਿੱਠੇ ਭੋਜਨ ਤੋਂ ਅਖੈ ਫਲ ਮਿਲਦਾ ਹੈ।

274. ਪਿਤ੍ਰ ਖੁਸ਼ ਹੋ ਕੇ ਆਪਣੀ ਕੁਲ ਵਿਚ ਅਜਿਹੇ ਦਾਤੇ ਪੈਦਾ ਕਰਾਉਣ ਦੀ ਅਰਦਾਸ ਕਰਦੇ ਹਨ।

275. ਜੋ ਚੀਜ਼ ਸ਼ਰਧਾ ਸਹਿਤ ਪਿਤਰਾਂ ਨੂੰ ਦਿੱਤੀ ਜਾਂਦੀ ਹੈ। ਉਹ ਪ੍ਰਲੋਕ ਵਿਚ ਫਲ ਦੇਂਦੀ ਹੈ।

276. ਕ੍ਰਿਸ਼ਨ ਪੱਖ ਵਿਚ ਦਸਮੀ ਤੇ ਚੌਦੇਂ ਬਿਨ ਮੱਸਿਆ ਜੇਹੀ ਥਿਤ ਹੋਰ ਕੋਈ ਨਹੀਂ ਹੈ।

277. ਸਮ ਥਿਤ ਅਤੇ ਸਮ ਨਖੱਤ੍ਰ ਵਿਚ ਸਰਾਧ ਕਰਨਾ ਸੰਪੂਰਨ ਕਾਮਨਾ ਦਾ ਦਾਤਾ ਹੈ ਅਤੇ ਬਿਖਮ ਥਿਤ ਤੇ ਬਿਖਮ ਨਖੱਤ੍ਰ ਵਿਚ ਕਰਨਾ ਵਿੱਦਿਆ ਧਨ ਦੀ ਬ੍ਰਿਧੀ ਕਰਦਾ ਹੈ।

278. ਜਿਸ ਤਰ੍ਹਾਂ ਸ਼ੁਕਲ ਪੱਖ ਤੋਂ ਕ੍ਰਿਸ਼ਨ ਪੱਖ ਉੱਤਮ ਹੈ ਇਸ ਤਰ੍ਹਾਂ ਬ੍ਰਾਹਨ ਕਾਲ ਤੋਂ ਅਪ੍ਰਾਹਨ ਕਾਲ ਦਾ ਸਰਾਧ ਉੱਤਮ ਹੈ।

279. ਸੱਜੇ ਮੋਢੇ ਤੇ ਜੰਜੂ ਨੂੰ ਰੱਖ ਕੇ ਕੁਸ਼ਾ ਹੱਥ ਵਿਚ ਲੈ ਕੇ ਸ਼ਾਸਤ੍ਰ ਅਨੁਸਾਰ ਕਰਮ ਕਰੇ।

280. ਰਾਤ ਸਮਾਂ ਰਾਖਸ਼ੀ ਹੈ ਇਸ ਲਈ ਰਾਤ ਨੂੰ ਸਰਾਧ ਨਾ ਕਰੋ ਅਤੇ ਸੰਧਿਆ ਕਾਲ ਵਿਚ ਵੀ ਨਾ ਕਰੋ।

281. ਇਸੇ ਤਰ੍ਹਾਂ ਗ੍ਰੀਖਮ, ਬਰਖਾ, ਹੇਮੰਤ ਰੁੱਤਾਂ ਵਿਚ ਤਿੰਨ ਵਾਰੀ ਸਰਾਧ ਕਰੇ ਅਤੇ ਪੰਜ ਮਹਾਂ ਯੱਗ ਨਿਤਾਪ੍ਰਤ ਕਰੇ।

282. ਪਿਤ੍ਰ ਯੱਗ ਸੰਬੰਧੀ ਹਵਨ ਚੁੱਲੇ ਦੀ ਅੱਗ ਵਿਚ ਨਹੀਂ ਹੁੰਦਾ ਅਤੇ ਮੱਸਿਆ ਬਿਨਾਂ ਸਰਾਧ ਨਹੀਂ ਹੁੰਦਾ।

283. ਪੰਜ ਯੱਗ ਸੰਬੰਧੀ ਸਰਾਧ ਨਾ ਹੋ ਸਕੇ ਤਾਂ ਇਸ਼ਨਾਨ ਕਰਕੇ ਜਲ ਤ੍ਰਪਨ ਕਰੇ ਪਿਤ੍ਰ ਯੱਗ ਦੇ ਬਰਾਬਰ ਹੈ ਤੇ ਫਲ ਦੇਣ ਵਾਲਾ ਹੈ।

284. ਪਿਤਾ ਨੂੰ ਬਸੁਆ ਅਤੇ ਦਾਦੇ ਨੂੰ ਰੁਦਰ ਅਤੇ ਪੜਦਾਦੇ ਨੂੰ ਆਦਿਤ ਆਖਦੇ ਹਨ।

285. ਯੱਗ ਦਾ ਬਚਿਆ ਅੰਨ ਖਾਣਾ ਪਵਿੱਤ੍ਰ ਹੈ ਸਰਾਧ ਕਰਤਾ ਏਹੀ ਖਾਵੇ।

286. ਭ੍ਰਿਗੂ ਜੀ ਆਖਦੇ ਹਨ ਹੇ ਰਿਸ਼ੀਓ ? ਪੰਜ ਯੱਗ ਦੀ ਬਿਧੀ ਦੱਸੀ ਹੈ ਹੁਣ ਉਨ੍ਹਾਂ ਦੀ ਜੀਵਕਾ ਦੀ ਬਿਧੀ ਦਸਦੇ ਹਾਂ, ਸੁਣੋ :—

ਮਨੂੰ ਜੀ ਦਾ ਧਰਮ ਸ਼ਾਸਤ੍ਰ ਭ੍ਰਿਗੂ ਜੀ ਦੀ ਸੰਘਤਾ ਦਾ ਤੀਜਾ ਅਧਿਆਇ ਸਮਾਪਤ।

☆☆☆

# ਚੌਥਾ ਅਧਿਆਇ

1. ਆਪਣੇ ਜੀਵਨ ਦਾ ਪ੍ਰਥਮ ਭਾਗ ਵੇਦ ਪੜ੍ਹਨ ਵਾਸਤੇ ਗੁਰੂ ਕੁੱਲ ਵਿਚ ਬਿਤੀਤ ਕਰੇ ਅਤੇ ਦੂਜਾ ਭਾਗ ਸ਼ਾਸਤ੍ਰ ਅਨੁਸਾਰ ਕਰਨੀ ਕਰਦਾ ਹੋਇਆ ਗ੍ਰਹਿਸਤ ਆਸ਼ਰਮ ਵਿਚ ਬਿਤਾਵੇ।
2. ਬ੍ਰਾਹਮਣ ਆਪਣੀ ਜੀਵਕਾ ਇਸ ਤਰ੍ਹਾਂ ਕਰੇ ਜਿਸ ਤਰ੍ਹਾਂ ਕਿਸੇ ਨੂੰ ਦੁੱਖ ਨਾ ਪਹੁੰਚੇ।
3. ਨੇਕ ਕਮਾਈ ਅਤੇ ਸੌਖੇ ਢੰਗ ਨਾਲ ਨਿਰਬਾਹ ਕਰੇ ਕੇਵਲ ਖਾਣ ਪੀਣ ਲਈ ਧਨ ਇਕੱਠਾ ਕਰੇ।
4. ਸੱਚ ਨੂੰ ਗ੍ਰਹਿਣ ਅਤੇ ਝੂਠ ਨੂੰ ਤਿਆਗ ਕੇ ਦਿਨ ਕੱਟੇ।
5. ਅਨਛਿੱਤ ਜੋ ਬਿਨਾਂ ਇੱਛਾ ਦੇ ਮਿਲੇ ਅੰਮ੍ਰਿਤ ਜੋ ਬਗੈਰ ਮੰਗੇ ਦੇ ਮਿਲੇ ਅਰ ਮ੍ਰਤ ਜਿਹੜੇ ਮੰਗਣ ਤੋਂ ਲੱਭੇ ਅਤੇ ਖੇਤੀ ਨੂੰ ਪਰ ਮ੍ਰਤ ਆਖਦੇ ਹਨ।
6. ਔਖੇ ਵੇਲੇ ਬ੍ਰਾਹਮਣ ਵਪਾਰ ਕਰ ਲਵੇ ਪਰ ਸੇਵਾ ਟਹਿਲ ਕਰਕੇ ਨਿਰਬਾਹ ਨਾ ਕਰੇ।
7. ਨਿੱਤ ਨੇਮੰਨ ਤੱਕ ਧਰਮਾਂ ਦੇ ਕਰਨ ਵਾਲਿਆਂ ਨੂੰ ਆਪਣੇ ਨਿਰਬਾਹ ਮਾਤ੍ਰ ਅੰਨ ਇਕੱਠਾ ਕਰਨਾ ਜੋਗ ਹੈ।
8. ਬ੍ਰਾਹਮਣ ਚਾਰ ਪ੍ਰਕਾਰ ਦੇ ਹਨ ਪਹਿਲੇ ਤੋਂ ਦੂਜਾ ਅਤੇ ਦੂਜੇ ਤੋਂ ਤੀਜਾ, ਤੀਜੇ ਤੋਂ ਚੌਥਾ ਬੜਾ ਹੈ।
9. ਪਹਿਲਾ ਛੇ ਕਰਮਾਂ ਤੋਂ ਜੀਵਨ ਬਤੀਤ ਕਰੇ, ਛੇ ਕਰਮ ਇਹ ਹਨ :– ਯੱਗ ਕਰਨਾ ਕਰਾਉਣਾ, ਵੇਦ ਪੜ੍ਹਨਾ ਪੜ੍ਹਾਉਣਾ, ਦਾਨ ਦੇਣਾ ਦੁਆਉਣਾ। ਦੂਜਾ ਤਿੰਨ ਕਰਮਾਂ ਤੋਂ ਉਹ ਕਰਮ ਇਹ ਹਨ : ਯੱਗ ਕਰਨਾ, ਦਾਨ ਦੇਣਾ ਅਤੇ ਪੜ੍ਹਾਉਣਾ। ਤੀਜਾ ਦੋ ਕਰਮ ਤੋਂ ਅਰਥਾਤ ਪੜ੍ਹਾਉਣਾ ਯੱਗ ਕਰਨਾ। ਚੌਥਾ ਇਕ ਕਰਮ ਅਰਥਾਤ ਪੜ੍ਹਾਉਣ ਤੋਂ ਦਿਨ ਬਿਤੀਤ ਕਰਨਾ।
10. ਅਨਛਿੱਤ ਪਦਾਰਥਾਂ ਤੋਂ ਨਿਰਬਾਹ ਕਰੇ ਅਗਨੀ ਹੋੜ੍ਹੀ ਕਰੇ ਮੱਸਿਆ ਪੂਰਨਮਾਸ਼ੀ ਤੇ ਜਦੋਂ ਨਵਾਂ ਅਨਾਜ ਪੈਦਾ ਹੁੰਦਾ ਹੈ ਜੱਗ ਕਰੇ।
11. ਝੂਠ ਬੋਲ ਅਤੇ ਹਾਸੀ ਮਖੌਲ ਅਤੇ ਖੁਸ਼ਾਮਦ ਤੋਂ ਜੀਵਕਾ ਨਾ ਕਰੇ ਜਿਥੋਂ ਤੱਕ ਹੋ ਸਕੇ

ਸਤਿਕਾਰ ਨਾਲ ਗੁਜ਼ਾਰਾ ਕਰੇ।

12. ਸਿਦਕ ਸੰਤੋਖ ਆਦਿ ਜੋ ਸੁਖਾਂ ਦੀ ਜੜ੍ਹ ਹਨ ਗ੍ਰਹਿਣ ਕਰੇ ਅਤੇ ਇੰਦਰੀਆਂ ਵੱਸ ਕਰੇ।
13. ਉਪਰਲੀਆਂ ਸਾਰੀਆਂ ਜੁਗਤੀਆਂ ਵਿਚੋਂ ਕਿਸੇ ਤਰ੍ਹਾਂ ਨਿਰਬਾਹ ਕਰੇ ਪਰ ਵੇਦ ਪੜ੍ਹਨ ਤੋਂ ਵੇਹਲਾ ਹੋ ਕੇ ਇੰਦ੍ਰੀਆਂ ਨੂੰ ਵੱਸ ਕਰੇ ਅਤੇ ਸੁਰਗ ਆਦਿ ਦੇਣ ਵਾਲਾ ਵਰਤ ਆਦਿ ਧਾਰਨ ਕਰੇ।
14. ਦਰਿੱਦ੍ਰ ਛੱਡ ਕੇ ਵੇਦਾਨੁਸਾਰ ਕਰਨੀ ਕਰੇ ਅਤੇ ਮੁਕਤੀ ਪਾਵੇ।
15. ਯੱਗ ਦੇ ਅਨ ਅਧਿਕਾਰੀ ਨੂੰ ਜੱਗ ਨਾ ਕਰਾਵੇ ਅਤੇ ਭ੍ਰਿਸ਼ਟ ਪੁਰਸ਼ ਤੋਂ ਧਨ ਨਾ ਲਵੇ।
16. ਇੰਦ੍ਰੀਆਂ ਦੇ ਵਿਸ਼ੇ ਅਧਿਕਤਾ ਨੂੰ ਦੂਰ ਕਰਕੇ ਉਹਨਾਂ ਨੂੰ ਕਾਬੂ ਕਰੇ।
17. ਜੋ ਧਨ ਵੇਦ ਪੜ੍ਹਨ ਤੋਂ ਰੋਕਦਾ ਹੋਵੇ ਅਤੇ ਜਿਸ ਢੰਗ ਤੋਂ ਵਿਦਿਆ ਨਾ ਪੜ੍ਹੀ ਜਾਏ ਛੱਡ ਦੇਵੇ।
18. ਅਵਸਤਾ, ਕਰਮ, ਧਨ, ਵੇਦ ਪਾਠ ਅਤੇ ਕੁਲਾਚਾਰ ਅਨੁਸਾਰ ਵਿਚਾਰ ਕਰਦਾ ਦਿਨ ਗੁਜਾਰੇ।
19. ਵੇਦ ਅਨੁਸਾਰ ਬੁੱਧੀ ਵਧਾਨ ਵਾਲੇ ਸ਼ਾਸਤ੍ਰ ਵੇਦਕ ਵਿਚਾਰਾਂ ਆਦਿ ਵਿੱਦਿਆ ਨੂੰ ਪੜ੍ਹੇ।
20. ਮਨੁੱਖ ਜਿਸ ਜਿਸ ਸ਼ਾਸਤ੍ਰ ਦਾ ਗਿਆਤਾ ਹੁੰਦਾ ਹੈ ਉਹੀ ਉਸ ਨੂੰ ਹੱਛਾ ਪ੍ਰਤੀਤ ਹੁੰਦਾ ਹੈ।
21. ਜਿਥੋਂ ਤੱਕ ਹੋ ਸਕੇ ਪੰਜਾਂ ਜਗ੍ਹਾਂ ਨੂੰ ਨਾ ਛੱਡੇ।
22. ਯੱਗ ਸ਼ਾਸਤ੍ਰ ਦਾ ਗਿਆਤਾ ਪੁਰਸ਼ ਜੋ ਕਰਮ ਨਹੀਂ ਕਰਦਾ ਜਾਣੋ ਉਹ ਇੰਦਰੀਆਂ ਵਿਚ ਹਵਨ ਕਰਦਾ ਹੈ।
23. ਜੋ ਪੁਰਸ਼ ਬਾਣੀ ਅਤੇ ਪ੍ਰਾਣਾਂ ਕਰਕੇ ਯਤਨ ਕਰਦੇ ਹਨ ਉਹ ਬਾਣੀ ਨੂੰ ਪ੍ਰਾਣਾਂ ਵਿਚ ਹਵਨ ਕਰਦੇ ਹਨ।
24. ਬੁੱਧੀਮਾਨ ਪੁਰਸ਼ ਗਿਆਨ ਦੀ ਦ੍ਰਿਸ਼ਟੀ ਨਾਲ ਵੇਖਦਾ ਹੋਇਆ ਦੇਵਤਿਆਂ ਦੀ ਪੂਜਾ ਕਰਦਾ ਹੈ।
25. ਪ੍ਰਾਤਾ, ਸਾਯੰਕਾਲਾਂ ਵਿਚ ਅਤੇ ਮੌਸਿਆ ਪੂਰਨਮਾਸ਼ੀ ਦੇ ਦਿਨ ਹਵਨ ਕਰਨਾ ਉਚਿਤ ਹੈ।
26. ਨਵੇਂ ਅਨਾਜ ਸਮੇਂ ਇਸ਼ਟ ਤੋਂ ਅਤੇ ਫਸਲ ਦੇ ਛੇਕੜ ਚੌਮਾਸੇ ਦਾ ਜੱਗ ਤੋਂ ਅਤੇ ਵਰ੍ਹੇ ਦੇ ਛੇਕੜ ਅਗਮ ਸੋਮ ਆਦਿ ਜੱਗ ਕਰੇ ਅਤੇ ਦੋਵੇਂ ਸਮੇਂ ਤੋਂ ਪਸ਼ੂ ਤੋਂ ਹਵਨ ਕਰੇ।
27. ਜੋ ਬ੍ਰਾਹਮਣ ਪੁਰਸ਼ ਆਯੂ ਬ੍ਰਿਧੀ ਲਈ ਅਗਨੀ ਹੋਤ੍ਰੀ ਕਰਦਾ ਹੈ ਉਹ ਜਦੋਂ ਤੱਕ ਨਵੇਂ

ਅਨਾਜ ਅਤੇ ਪਸ਼ੂ ਜੱਗ ਨਾ ਕਰੇ ਭੋਜਨ ਨਾ ਕਰੇ।

28. ਜਿਹੜੀ ਅੱਗ ਨਵੇਂ ਅਨਾਜ ਅਤੇ ਪਸ਼ੂ ਮਾਨਸ ਤੋਂ ਤ੍ਰਿਪਤ ਨਹੀਂ ਹੁੰਦੀ ਉਹ ਉਸ ਮਨੁੱਖ ਦੀ ਜ਼ਿੰਦ ਦੀ ਤ੍ਰਿਹਾਈ ਰਹਿੰਦੀ ਹੈ ਜਿਸ ਨੇ ਬਿਨ੍ਹਾਂ ਜੱਗ ਦੇ ਅੰਨ ਮਾਸ ਖਾਧਾ ਹੈ।

29. ਅੰਨ ਬਸਤ੍ਰ ਜਲ ਆਦਿਕ ਤੋਂ ਯਥਾ ਸ਼ਕਤ ਅਤਿਥੀ ਦੀ ਸੇਵਾ ਕਰਨੀ ਸਭ ਗ੍ਰਹਿਸਤੀ ਲਈ ਉਚਿਤ ਹੈ।

30. ਜੇਕਰ ਪਾਖੰਡ ਅਤੇ ਖੋਟੇ ਵਿਹਾਰਾਂ ਤੋਂ ਨਿਰਬਾਹ ਕਰਨ ਵਾਲਾ ਅਗਿਆਨੀ ਨਾਸਤਕ ਆਦਿ ਅਤਿਥੀ ਆ ਜਾਵੇ ਗੱਲ ਨਾ ਕਰੋ ਪਰ ਭੋਜਨ ਜ਼ਰੂਰ ਦਿਓ।

31. ਗ੍ਰਹਿਸਤੀ ਵੇਦ ਅਨੁਸਾਰ ਕਰਨੀ ਵਾਲੇ ਦੀ ਯੋਗ ਸੇਵਾ ਪੂਜਾ ਕਰੋ ਅਤੇ ਵਿਰੁੱਧ ਪੁਰਸ਼ ਦੀ ਨਾ ਕਰੋ।

32. ਜੋ ਸੰਨਿਆਸੀ ਆਦਿ ਆਪਣੀ ਹੱਥੀਂ ਬਣਾ ਕੇ ਨਹੀਂ ਖਾਂਦੇ ਉਨ੍ਹਾਂ ਨੂੰ ਯਥਾ ਸ਼ਕਤ ਭੋਜਨ ਦਿਓ ਅਤੇ ਕਾਕੇ ਬਾਲਿਆਂ ਤੋਂ ਬਚਿਆ ਪਸ਼ੂਆਂ ਨੂੰ ਦਿਓ।

33. ਜੇਕਰ ਸਨਾਤਕ ਗ੍ਰਿਹਸਤੀ ਭੁੱਖ ਨੇ ਤੰਗ ਕੀਤਾ ਹੋਇਆ ਹੋਵੇ ਤਾਂ ਉਹ ਰਾਜਾ ਜਜਮਾਨ ਵਿਦਿਆਰਥੀ ਕੋਲੋਂ ਧਨ ਲੈ ਲਵੇ ਹੋਰ ਤੋਂ ਨਾ।

34. ਜੋ ਗ੍ਰਹਿਸਤੀ ਧਨਾਢ ਹੋਵੇ ਉਹ ਅੰਨ ਬਸਤ੍ਰ ਸੁਥਰਾ ਖਾਏ ਪਹਿਨੇ।

35. ਵੇਦ ਪੜ੍ਹਨ ਅਤੇ ਭਲੇ ਕਰਮਾਂ ਵਿਚ ਲਗਾ ਰਹੇ ਅਤੇ ਸਿਰ ਦੇ ਵਾਲ ਦਾੜ੍ਹੀ ਆਦਿ ਛੋਟੇ ਰੱਖੇ ਕਪੜੇ ਚਿੱਟੇ ਅਤੇ ਮਨ ਵੱਸ ਹੋਵੇ ਅਤੇ ਦਿਲ ਤਕੜਾ ਹੋਵੇ।

36. ਤਿੰਨੇ ਕਾਲ ਸੂਰਜ ਨੂੰ ਨਾ ਦੇਖੇ ਅਤੇ ਗ੍ਰਹਿਣ ਸਮੇਂ ਅਤੇ ਪਾਣੀ ਵਿਚ ਵੀ ਨਾ ਵੇਖੇ।

37. ਮੀਂਹ ਵਸਦੇ ਵਿਚ ਨਾ ਦੌੜੇ ਪਾਣੀ ਵਿਚ ਪ੍ਰਛਾਵਾਂ ਨਾ ਵੇਖੇ ਅਤੇ ਬੱਧੇ ਹੋਏ ਵੱਛੇ ਦੀ ਰੱਸੀ ਤੋਂ ਨਾ ਲੰਘੇ।

38. ਜਨੇਉ, ਵੇਦ, ਕੁਸ਼ ਅਤੇ ਕੁੰਡਲ ਪਾਉਣੇ ਚਾਹੀਦੇ ਹਨ।

39. ਜੇਕਰ ਕਿਧਰੇ ਜਾਨ ਲਗਿਆਂ ਗਊ, ਬ੍ਰਾਹਮਣ, ਘਿਓ, ਮਾਖਿਓਂ ਮਿਲਣ ਤਾਂ ਸੱਜੇ ਹੱਥ ਕਰਕੇ ਲੰਘ ਜਾਓ।

40. ਭਾਵੇਂ ਕਾਮਚੇਸ਼ਟਾ ਕਿੰਨਾ ਵੀ ਤੰਗ ਕਰੇ ਹੈਜ਼ ਵਾਲੀ ਇਸਤਰੀ ਨਾਲ ਭੋਗ ਨਾ ਕਰੇ ਅਤੇ ਨਾ ਹੀ ਸਵੇਂ।

41. ਹੈਜ਼ ਵਾਲੀ ਇਸਤਰੀ ਨਾਲ ਭੋਗ ਕਰਨ ਤੋਂ ਵਡਿਆਈ, ਬਲ, ਉਮਰਾ ਨਜ਼ਰ ਘਟ ਜਾਂਦੇ ਹਨ।

42. ਅਰ ਜੋ ਨਹੀਂ ਕਰਦਾ ਉਸਦੇ ਇਹ ਸਭ ਕੁਝ ਵੱਧ ਜਾਂਦੇ ਹਨ।

43. ਇਸਤਰੀ ਦੇ ਨਾਲ ਰਲ ਕੇ ਭੋਜਨ ਨਾ ਖਾਏ ਅਤੇ ਨਾਹੀਂ ਇਸ ਨੂੰ ਭੋਜਨ ਖਾਂਦੀ ਉਬਾਸੀ ਲੈਂਦੀ ਅਰਾਮ ਨਾਲ ਬੈਠੀ ਨੂੰ ਵੇਖੇ।

44. ਜੋ ਬ੍ਰਾਹਮਣ ਪ੍ਰਤਾਪ ਦੀ ਇੱਛਾ ਰਖਦਾ ਹੋਵੇ ਉਹ ਨੰਗੀ, ਸੁਰਮਾ ਪਾਉਂਦੀ, ਵਟਣਾ ਮਲਦੀ ਅਤੇ ਲੜਕਾ ਜੰਮਦੀ ਨੂੰ ਕਦੀ ਨਾ ਵੇਖੇ।

45. ਇਕ ਕਪੜਾ ਓਢਕੇ ਭੋਜਨ ਤੇ ਨੰਗੀ ਇਸ਼ਨਾਨ ਅਤੇ ਰਾਹ, ਰਾਖ, ਗਊ ਦੇ ਹੇਠਾਂ ਪੇਸ਼ਾਬ ਨਾ ਕਰੇ।

46. ਵਾਹਨ ਪੈਲੀ, ਪਾਣੀ, ਅੱਗ, ਆਵੇ, ਪਹਾੜ ਅਤੇ ਮੰਦਰ ਅਤੇ ਕੀੜਿਆਂ ਦੀ ਕੇਰ ਤੇ ਪੇਸ਼ਾਬ ਨਾ ਕਰੇ।

47. ਨਦੀ ਦੇ ਕੰਢੇ, ਪਹਾੜ ਦੀ ਟੀਸੀ ਅਤੇ ਖੜਿਆਂ ਹੋ ਕੇ ਪੇਸ਼ਾਬ ਨਾ ਕਰੇ।

48. ਅਗਨੀ, ਸੂਰਜ, ਜਲ, ਬ੍ਰਾਹਮਣ, ਗਊ ਆਦਿਕਾਂ ਦੇ ਸਾਹਮਣੇ ਪੇਸ਼ਾਬ ਨਾ ਕਰੇ।

49. ਕਾਠ ਢੇਲੇ, ਪੱਤ੍ਰ ਆਦਿਕ ਤੋਂ ਧਰਤੀ ਨੂੰ ਢੱਕ ਕੇ ਸਰੀਰ ਨੂੰ ਢੱਕ ਕੇ ਸਾਰੇ ਕੱਪੜੇ ਲਪੇਟ ਕੇ ਮੂੰਹ ਜੂਠਾ ਨਾ ਕਰਕੇ ਅਤੇ ਚੁੱਪ ਕਰਕੇ ਮਲ ਮੂਤਰ ਤਿਆਗ ਕਰੇ।

50. ਸੰਧਿਆਂ ਦੇ ਦੋਵੇਂ ਸਮੇਂ ਉੱਤਰ ਮੁਖ ਕਰਕੇ ਅਤੇ ਰਾਤ ਨੂੰ ਦੱਖਣ ਮੂੰਹ ਕਰਕੇ ਮਲ ਤਿਆਗੇ।

51. ਕਿਸੇ ਅਜਿਹੇ ਸਮੇਂ ਵਿਚ ਕਿ ਦਸ਼ਾ ਦਾ ਪਤਾ ਨਹੀਂ ਲਗਦਾ ਅਤੇ ਕਿਸੇ ਮਾਰ ਦੇਣ ਵਾਲੇ ਜੰਤੂ ਤੋਂ ਬਚਣ ਲਈ ਭਾਵੇਂ ਕਿਧਰੇ ਮੁਖ ਕਰਕੇ ਮਲ ਤਿਆਗਨ ਕਰੇ।

52. ਅਗਨੀ, ਚੰਦ੍ਰਮਾ, ਜਲ, ਬ੍ਰਾਹਮਣ, ਗਊ ਅਤੇ ਚਲਦੀ ਪੌਣ ਵੱਲ ਮੂੰਹ ਕਰਕੇ ਮਲ ਤਿਆਗਨ ਤੋਂ ਬੁੱਧੀ ਨਸ਼ਟ ਹੋ ਜਾਂਦੀ ਹੈ।

53. ਅਗਨੀ ਵਿਚ ਅਪਵਿੱਤ੍ਰ ਵਸਤੂ ਨਾ ਪਾਵੇ ਅਤੇ ਫੂਕ ਮਾਰ ਕੇ ਨਾ ਬਾਲੇ ਅਤੇ ਬਿਨਾਂ ਮੈਥੁਨ ਦੇ ਇਸਤਰੀ ਨੂੰ ਨੰਗੀ ਨਾ ਵੇਖੇ ਅਤੇ ਪੈਰ ਅੱਗ ਵੱਲ ਨਾ ਕਰੇ।

54. ਅਗਨੀ ਪਲੰਘ ਆਦਿਕਾਂ ਦੇ ਹੇਠਾਂ ਨਾ ਰੱਖੇ ਅਤੇ ਉਸਦੀ ਬੇਅਦਬੀ ਨਾ ਕਰੇ।

55. ਸੰਧਿਆਂ ਸਮੇਂ ਭੋਜਨ, ਬਿਨਾਂ ਮਤਲਬ ਦੂਜੇ ਪਿੰਡ ਜਾਣਾ ਕੇਵਲ ਨੀਂਦਰ ਆਦਿ ਕਰਮ ਨਾ ਕਰੇ।

56. ਜਲ ਵਿਖੇ ਕੋਈ ਅਪਵਿੱਤ੍ਰ ਮਲ ਆਦਿਕ ਨਾ ਪਾਵੇ ਅਤੇ ਥੁਕੇ ਨਾ।

57. ਜੋ ਵਿਦਵਾਨ ਆਪ ਤੋਂ ਵੱਡਾ ਹੋਵੇ ਉਸਨੂੰ ਸੁੱਤੇ ਨੂੰ ਨ ਜਗਾਵੇ ਅਤੇ ਘਰ ਵਿਚ ਇਕੱਲਾ ਨਾ ਸਵੇਂ ਅਤੇ ਹੈਜ਼ ਵਾਲੀ ਜਨਾਨੀ ਨਾਲ ਗੱਲਬਾਤ ਨਾ ਕਰੇ ਅਤੇ ਬਿਨਾਂ ਬੁਲਾਏ ਜੱਗ ਵਿਚ ਨਾ ਜਾਵੇ।

58. ਅਗਨੀ ਦਾ ਘਰ, ਗਊ ਅਸਥਾਨ, ਵੇਦ ਪੜ੍ਹਨ, ਭੋਜਨ ਕਰਨ ਸਮੇਂ ਸੱਜਾ ਹੱਥ ਕੱਢੇ ਅਤੇ ਲਵੇ।

59. ਦੁੱਧ ਜਾਂ ਪਾਣੀ ਪੀਂਦੀ ਗਊ ਨੂੰ ਵੇਖ ਕੇ ਨਾ ਆਪ ਹਟਾਵੇ ਅਤੇ ਨਾ ਹੀ ਕਿਸੇ ਨੂੰ ਦੱਸੇ ਅਤੇ ਇੰਦ੍ਰ ਧਨੁਖ ਵੇਖਕੇ ਕਿਸੇ ਨੂੰ ਨਾ ਦੱਸੇ।

60. ਅਧਰਮੀ ਪਿੰਡ ਅਤੇ ਰੋਗ ਤੋਂ ਭਰਪੂਰ ਨਗਰ ਵਿਚ ਨਾ ਵੱਸੇ ਇਕੱਲਾ ਪੰਧ ਨਾ ਪਵੇ ਅਤੇ ਬਹੁਤਾ ਸਮਾਂ ਪਹਾੜਾਂ ਵਿਚ ਬਤੀਤ ਨਾ ਕਰੇ।

61. ਜੋ ਨਗਰ ਅਧਰਮੀ ਚੰਡਾਲ ਆਦਿਕਾਂ ਤੋਂ ਭਰਿਆ ਹੋਇਆ ਅਤੇ ਸ਼ੂਦਰ ਦਾ ਰਾਜ ਹੋਵੇ ਉਸ ਵਿਚ ਕਦੀ ਵੀ ਨਾ ਵੱਸੇ।

62. ਜਿਸ ਚੀਜ਼ ਦਾ ਤੇਲ ਕੱਢਿਆ ਹੋਵੇ ਨਾ ਖਾਏ ਪ੍ਰਾਤਾਕਾਲ ਅਤੇ ਸਾਯੰ ਕਾਲ ਭੋਜਨ ਨਾ ਕਰੇ ਅਤੇ ਇਹਨਾਂ ਨੂੰ ਨਾ ਖਾਵੇ ਜੋ ਰੋਗ ਦਾ ਕਾਰਨ ਹੋਵੇ।

63. ਉਹ ਵਪਾਰ ਜੋ ਲੋਕ ਪ੍ਰਲੋਕ ਵਿਖੇ ਲਾਭਕਾਰੀ ਨਹੀਂ ਨਾ ਕਰੇ ਅਤੇ ਚੁਲੀਆਂ ਨਾਲ ਪਾਣੀ ਨਾ ਪੀਵੇ ਅਤੇ ਬਿਨਾਂ ਮਤਲਬ ਕਿਸੇ ਦਾ ਭੇਦ ਨਾ ਜਾਣੇ।

64. ਗਾਉਣਾ ਨੱਚਣਾ ਠੱਠਾ ਮਖੌਲ ਤੋਂ ਬਚੇ।

65. ਕੈਂਹ ਦੇ ਭਾਂਡੇ ਵਿਚ ਪੈਰ ਨਾ ਧੋਵੇ ਅਤੇ ਉਸ ਭਾਂਡੇ ਵਿਚ ਭੋਜਨ ਨਾ ਖਾਏ ਜਿਸ ਨੂੰ ਵੇਖ ਕੇ ਚਿਤ ਪ੍ਰਸੰਨ ਨਾ ਹੋਵੇ।

66. ਜੁੱਤੀ ਛੱਤਰੀ ਜੰਜੂ ਆਦਿ ਚੀਜ਼ਾਂ ਕਿਸੇ ਦੀਆਂ ਵਰਤੀਆਂ ਹੋਈਆਂ ਨਾ ਵਰਤੇ।

67. ਉਸ ਰਥ ਦੀ ਸੁਆਰੀ ਨਾ ਕਰੋ ਜਿਸਦਾ ਬਲਦ ਰੋਗੀ ਜਾਂ ਕੋਈ ਅੰਗ ਖਰਾਬ ਹੋਵੇ।

68. ਉਸ ਰਥ ਦੀ ਸੁਆਰੀ ਕਰੋ ਜਿਸਦਾ ਬਲਦ ਹੱਛਾ ਚਲਦਾ ਹੋਵੇ ਅਤੇ ਉਸਨੂੰ ਮਾਰੇ ਨਾ।

69. ਤਿੰਨ ਘੜੀ ਦਿਨ ਚੜ੍ਹੇ ਤੱਕ ਸੂਰਜ ਦੀ ਗਰਮੀ ਤੋਂ ਆਪਣੇ ਆਪ ਨੂੰ ਬਚਾਏ ਅਤੇ ਸੜਦੇ ਮੁਰਦੇ ਦੇ ਬੂਹੇ ਤੋਂ ਅਤੇ ਦੰਦਾਂ ਨਾਲ ਨਹੁੰ ਅਤੇ ਬਾਲ ਨਾ ਉਖਾੜੇ।

70. ਜਿਸ ਕੰਮ ਤੋਂ ਕੋਈ ਫਾਇਦਾ ਜਾਂ ਸੁਖ ਨਹੀਂ ਕਦੀ ਵੀ ਨਾ ਕਰੇ।

71. ਮਿੱਟੀ ਢੇਲੇ ਆਦਿਕ ਉਪਰ ਦੱਸੇ ਹੋਏ ਕੰਮਾਂ ਦਾ ਕਰਨ ਵਾਲਾ ਪੁਰਸ਼ ਛੇਤੀ ਨਾਸ ਹੋ ਜਾਂਦਾ ਹੈ ਚੁਗਲੀ ਆਦਿਕ ਨਿਕੰਮੇ ਕੰਮ ਪੁਰਸ਼ ਨੂੰ ਨਾਸ ਕਰਦੇ ਹਨ।

72. ਕਿੱਸੇ ਆਦਿਕਾਂ ਦਾ ਪੜ੍ਹਨਾ ਵੇਦ ਤੇ ਲੋਕ ਰੀਤ ਦੇ ਵਿਰੁੱਧ ਹੈ ਅਤੇ ਬਲਦ ਦੀ ਸੁਆਰੀ ਅਯੋਗ ਹੈ।

73. ਜੇ ਘਰ ਚਹੁੰ ਪਾਸੀਂ ਬੰਦ ਹੋਵੇ ਤਾਂ ਟੱਪਕੇ ਅੰਦਰ ਨਾ ਜਾਏ ਅਤੇ ਰਾਤ ਨੂੰ ਦਰੱਖਤ ਦੀ ਛਾਂ ਹੇਠ ਨਾ ਸਵੇਂ।

74. ਪਾਸਾ ਨਾ ਖੇਡੇ, ਜੁੱਤੀ ਹੱਥ ਵਿਚ ਨਾ ਫੜੇ ਅਤੇ ਮੰਜੀ ਉਪਰ ਬੈਠ ਕੇ ਭੋਜਨ ਨਾ ਕਰੇ।

75. ਤਿਲਾਂ ਨਾਲ ਰਲੀ ਹੋਈ ਰਾਤ ਨੂੰ ਨਾ ਖਾਏ ਅਤੇ ਨੰਗਾ ਨਾ ਸਵੇਂ, ਜੂਠੇ ਮੂੰਹ ਕਿਧਰੇ ਨਾ ਜਾਏ।

76. ਪੈਰ ਧੋ ਕੇ ਭੋਜਨ ਕਰਨਾ ਹੱਛਾ ਹੈ ਪਰ ਪੈਰ ਗਿੱਲੇ ਕਰਕੇ ਸੌਣਾ ਮਨ੍ਹਾ ਹੈ।

77. ਜਿਸ ਅਸਥਾਨ ਪਰ ਜਾਣ ਤੋਂ ਮ੍ਰਿਤੂ ਭੈ ਹੈ ਉਥੇ ਨਾ ਜਾਓ ਅਤੇ ਆਪਣੇ ਮਲਮੂਤ ਨੂੰ ਨਾ ਵੇਖੋ ਅਤੇ ਨਦੀ ਵਿਚ ਹੱਥਾਂ ਨਾਲ ਨ ਤਰੋ।

78. ਅਵਸਥਾ ਬ੍ਰਿਧੀ ਦੀ ਇੱਛਾ ਵਾਲਾ ਰਾਖ, ਮਿੱਟੀ ਦੇ ਟੁੱਟੇ ਭੰਨੇ ਥਿਥਰਾਂ ਅਤੇ ਭੋਹ ਵੜੇਵਿਆਂ ਤੇ ਨਾ ਖਲੋਵੇ।

79. ਹੋਰ ਪਿੰਡ ਦੇ ਨੀਚ ਚੰਡਾਲ ਅਰ ਧਨੁ ਕਰਕੇ ਮਾਨੀ ਪੁਰਸ਼ ਧੋਬੀ ਆਦਿਕਾਂ ਦੇ ਨਾਲ ਬ੍ਰਿਛ ਦੇ ਪ੍ਰਛਾਵੇਂ ਥੱਲੇ ਰਲ ਕੇ ਨਾ ਬੈਠੇ।

80. ਯੱਗ ਹਵਨ ਤੋਂ ਬਚਿਆ ਅੰਨ ਅਤੇ ਧਰਮ ਵਰਤ ਦਾ ਉਪਦੇਸ਼ ਸ਼ੂਦਰ ਤਾਈਂ ਨ ਦੇਵੇ ਅਤੇ ਕੋਈ ਸਲਾਹ ਵੀ ਨਾ ਦੇਵੇ।

81. ਜੋ ਪੁਰਸ਼ ਇਸ ਤਰ੍ਹਾਂ ਕਰਦਾ ਹੈ ਉਹ ਅਸੰਬ੍ਰਤ ਨਾਮ ਨਰਕ ਵਿਚ ਜਾਂਦਾ ਹੈ।

82. ਜੂਠੇ ਹੱਥ ਸਿਰ ਨੂੰ ਨਾ ਲਾਵੇ ਅਤੇ ਕੇਸਾਂ ਸਣੇ ਇਸ਼ਨਾਨ ਕਰੇ।

83. ਕ੍ਰੋਧ ਨਾਲ ਆਪਣੇ ਜਾਂ ਦੂਜੇ ਦੇ ਸਿਰ ਵਿਚ ਨਾ ਮਾਰੇ ਅਤੇ ਸਿਰ ਨੂੰ ਤੇਲ ਮਲਕੇ ਨ੍ਹਾਵੇ ਤਾਂ ਹੋਰ ਕਿਸੇ ਅੰਗ ਨੂੰ ਨਾ ਮਲੇ।

84. ਕਸਾਈ, ਤੇਲੀ, ਕਲਾਲ, ਵੇਸਵਾ ਆਦਿਕਾਂ ਕੋਲੋਂ ਕੋਈ ਬ੍ਰਾਹਮਣ ਦਾਨ ਨਾ ਲਵੇ ਅਤੇ ਜੇਕਰ ਰਾਜਾ ਖੱਤ੍ਰੀ ਨਾ ਹੋਵੇ ਤਦ ਵੀ ਦਾਨ ਨਾ ਲਵੇ।

85. ਦਸ ਤੇਲੀ ਦੇ ਤੁਲ ਕਲਾਲ ਦਸ ਕਸਾਈ ਦੇ ਤੁਲ 1 ਤੇਲੀ 10 ਕਲਾਲ ਦੇ ਤੁਲ ਵੇਸਵਾ ਅਰ ਦਸ ਵੇਸਵਾ ਦੇ ਤੁਲ ਰਾਜਾ ਹੈ।

86. ਦਸ ਹਜ਼ਾਰ ਜੀਵ ਮਾਰਨ ਵਾਲੇ ਕਸਾਈ ਦੇ ਤੁਲ ਰਾਜਾ ਇਸ ਲਈ ਦਾਨ ਲੈਣਾ ਠੀਕ ਨਹੀਂ।

87. ਸ਼ਾਸਤ੍ਰ ਵਿਰੁੱਧ ਨੀਤੀ ਵਾਲਾ ਅਤੇ ਲਾਲਚੀ ਰਾਜੇ ਕੋਲੋਂ ਦਾਨ ਲੈਣਾ 21 ਵਾਰਾਂ ਨਰਕਾਂ ਦਾ ਸੈਰ ਕਰਨਾ ਹੈ।

88. ਤਾਮਸਤ੍ਰ, ਅੰਧ ਤਾਮਸਤ੍ਰ, ਰੌਰਵ, ਮਹਾਂ, ਰੌਰਵ, ਨਰਕ, ਕਾਲ ਸੂਤਰ, ਮਹਾਰਕ।

89. ਬੇਅਰਥ ਜੀਵਨ, ਵਿਸ਼ਈ ਹੋਣਾ, ਪੁੱਤਰਾਂ ਦਾ ਮਰਨ, ਡੁਬਣਾ, ਸੜਨਾ, ਸੱਟ ਲੱਗਨੀ ਇਤਿਆਦਿਕ ਖੇਦ ਉਠਾ ਕੇ ਜੀਵਨਾ ਵੀ ਨਰਕ ਹੈ।

90. ਮਹਾਂ ਬੀਰ, ਤਾਪਨ, ਪਰਮ ਤਾਪਨ, ਸੰਘਾਤ, ਕਾਕੋਲ ਆਦਿ ਦੁੱਖ ਹਨ।

91. ਵੇਦ ਗਿਆਤਾ ਅਰ ਕਲਿਆਨ ਦੀ ਇੱਛਾ ਵਾਲਾ ਬ੍ਰਾਹਮਣ ਰਾਜੇ ਤੋਂ ਦਾਨ ਨਹੀਂ ਲੈਂਦਾ।

92. ਅੰਮ੍ਰਿਤ ਵੇਲੇ ਵੇਦ ਦਾ ਤੱਤ ਅਰਥ ਬ੍ਰਹਮ ਗਿਆਨ ਧਿਆਨ ਅਤੇ ਧਰਮ ਤੇ ਸੁਖ ਦੇ

ਸਾਧਨਾ ਦਾ ਵਿਚਾਰ ਕਰੇ।

93. ਇਸ਼ਨਾਨ ਕਰਕੇ ਵਿਹਲਾ ਹੋ ਕੇ ਸੰਧਿਆਂ ਜਪ ਕਰੇ ਅਤੇ ਚਿਤ ਸ਼ਾਂਤ ਕਰੇ।

94. ਸੰਧਿਆਂ ਨੂੰ ਚੁੱਪ ਚਾਪ ਕਰਨ ਤੋਂ ਹੀ ਰਿਸ਼ੀਆਂ ਨੇ ਵਿਦਜਾ ਆਦਿ ਪ੍ਰਾਪਤ ਕੀਤੇ ਹਨ।

95. ਚੁਮਾਸੇ ਵਿਚ ਚਾਰ ਮਹੀਨੇ ਵੇਦਾਂ ਨੂੰ ਪੜ੍ਹੇ ਤੇ ਵਿਚਾਰ ਕਰੇ।

96. ਚੁਮਾਸੇ ਤੋਂ ਪਸਚਾਤ ਪੁਖ ਨਖੱਤ੍ਰ ਛੰਦ ਦਾ ਤਿਆਗ ਕਰੇ ਅਤੇ ਜਾਪ ਕਰਨ ਕੀਤਾ ਹੋਵੇ ਮਾਘ ਸ਼ੁਕਲ ਪ੍ਰੀਵ ਵਿਚ ਪੂਰਬਾਹਨ ਕਾਲ ਵਿਚ ਉਪਸਰਜਨ ਕਰੇ।

97. ਚੁਮਾਸੇ ਵਿਚ ਮੀਂਹ ਪੈਂਦੇ ਰਹਿੰਦੇ ਹਨ ਇਸ ਲਈ ਹੋਰ ਕੰਮ ਘੱਟ ਹੁੰਦੇ ਹਨ ਤਾਂਤੇ ਵੇਦਾਂ ਦਾ ਵਿਚਾਰ ਕਰਨਾ ਹੀ ਉੱਤਮ ਹੈ।

98. ਇਸ ਤੇ ਉਪ੍ਰੰਤ ਸੁਕਲ ਪੱਖ ਵਿਚ ਵੇਦ ਅਤੇ ਕ੍ਰਿਸ਼ਨ ਪੱਖ ਵਿਚ ਸ਼ਾਸਤ੍ਰ ਪੜ੍ਹੇ।

99. ਪਾਠ ਸੁੱਧ ਕਰੇ ਅਤੇ ਸ਼ੂਦਰ ਨੂੰ ਨਾ ਸੁਨਾਏ ਜੇਕਰ ਰਾਤ ਨੂੰ ਪੜ੍ਹਦਿਆਂ ਹੋਇਆਂ ਥੱਕ ਜਾਵੇ ਤਾਂ ਸਵੇਂ ਨਹੀਂ।

100. ਪੂਰਬੋਕਤ ਰੀਤ ਨਾਲ ਵੇਦ ਮੰਤ੍ਰ ਪੜ੍ਹੇ।

101. ਜਿਨ੍ਹਾਂ ਦਿਨਾਂ ਵਿਚ ਪੜ੍ਹਨਾ ਯੋਗ ਨਹੀਂ ਉਹ ਦਸਦੇ ਹਾਂ।

102. ਰਾਤ ਦੇ ਸਮੇਂ ਪੌਣ ਵਗਦੀ ਅਤੇ ਦਿਨੇ ਹਨੇਰੀ ਅਤੇ ਵਰਖਾ ਦਾ ਦਿਨ ਵੀ ਅਨ ਅਧਿਆਇ ਹੈ।

103. ਵਰਖਾ ਵਿਚ ਬਿਜਲੀ ਦਾ ਲਿਸ਼ਕਨਾ ਅਤੇ ਡਿੱਗਣਾ ਵੀ ਅਨ ਅਧਿਆਇ ਹੈ।

104. ਇਸੇ ਤਰ੍ਹਾਂ ਵਰਖਾ ਰੁੱਤ ਵਿਚ ਤਾਂ ਇਹਨਾਂ ਗੱਲਾਂ ਦਾ ਹੋਣਾ ਸੰਭਵ ਹੈ ਪਰ ਜੇਕਰ ਕਰੁਤੇ ਬੱਦਲ ਹੋਣ ਤਾਂ ਵੀ ਅਨ ਅਧਿਆਇ ਜਾਣੋ।

105. ਜੇ ਹੋਰ ਉਤਪਾਤ ਅਕਾਸ਼ ਵਿਚ ਹੋਵੇ ਅਤੇ ਭੁਚਾਲ ਆਦਿ ਹੋਣ ਤਾਂ ਦੂਜੇ ਦਿਨ ਅਨ ਅਧਿਆਇ ਜਾਣੋ।

106. ਜੇ ਹਵਨ ਸਮੇਂ ਲਕੜੀਆਂ ਦੀ ਰਗੜ ਤੋਂ ਅਗਨੀ ਪ੍ਰਤੀਤ ਹੋਵੇ ਅਤੇ ਬਿਜਲੀ ਬਿਨਾਂ ਵਰਖਾ ਤੋਂ ਚਮਕੇ ਤਦ ਰਾਤ ਅਤੇ ਦੂਜਾ ਦਿਨ ਅਨ ਅਧਿਆਇ ਜਾਣੋ।

107. ਧਰਮ ਦੀ ਇੱਛਾ ਵਾਲੇ ਪੁਰਸ਼ ਦੁਰਗੰਧ ਵਾਲੇ ਅਸਥਾਨ ਵਿਚ ਵੀ ਅਨ ਅਧਿਆਇ ਜਾਣੋ।

108. ਪਿੰਡ ਵਿਚ ਮੁਰਦਾ ਪਿਆ ਹੋਵੇ ਅਤੇ ਬਹੁਤ ਆਦਮੀ ਰੋਣ ਵਾਲੇ ਹੋਣ ਤਾਂ ਵੀ ਅਨ ਅਧਿਆਇ ਜਾਣੋ।

109. ਪਾਣੀ ਅਤੇ ਮਲ ਮੂਤ੍ਰ ਦੇ ਤਿਆਗ ਦੇ ਸਮੇਂ ਜੂਠੇ ਮੂੰਹ ਵੇਦ ਨਾ ਪੜ੍ਹੇ ਅਤੇ ਸਰਾਧ ਤੋਂ ਪਿਛੋਂ ਵੀ ਵੇਦ ਨਾ ਪੜ੍ਹੇ ਅਤੇ ਅੱਧੀ ਰਾਤ ਦੇ ਸਮੇਂ ਵੀ ਨਾ ਪੜ੍ਹੇ।

110. ਏਕੋ ਦ੍ਰਿਸ਼ਟ ਸਰਾਧ ਦਾ ਭੋਜਨ ਪਾ ਕੇ ਤਿੰਨ ਦਿਨ ਤਾਈਂ ਵੇਦ ਨਾ ਪੜ੍ਹੇ ਰਾਜ ਅਤੇ ਚੰਦ੍ਰਮਾ ਦੇ ਸੂਤਕ ਵਿਚ ਵੀ ਵੇਦ ਨਾ ਪੜ੍ਹੇ।

111. ਭਾਵ ਕੀ ਜਿੰਨਾਂ ਚਿਰ ਇਕੋ ਦ੍ਰਿਸ਼ਟ ਸਰਾਧ ਦੀ ਬੋਬਾਸ ਰਹੇ ਵੇਦ ਨਾ ਪੜ੍ਹੇ।

112. ਮਾਸ ਅਤੇ ਸੂਤਕ ਦਾ ਅੰਨ ਖਾ ਕੇ ਵੇਦ ਨਾ ਪੜ੍ਹੇ।

113. ਸੰਧਿਆਂ ਸਮੇਂ ਮਸਿਆ, ਪੂਰਨਮਾਸ਼ੀ, ਅਸ਼ਟਮੀ, ਚੋਦੇਂ ਦੇ ਦਿਨਾਂ ਵਿਚ ਅਤੇ ਗੁਹੀਰ ਪੈਂਦੀ ਹੋਵੇ ਨਾ ਪੜ੍ਹੇ।

114. ਮੱਸਿਆ ਗੁਰੂ ਨੂੰ ਚੌਦੇ ਚੇਲੇ ਨੂੰ ਅਸ਼ਟਮੀ ਅਤੇ ਪੂਰਨਮਾਸ਼ੀ ਵੇਦ ਨੂੰ ਨਾਸ ਕਰਦੀ ਹੈ।

115. ਧੂਲ ਉਡਦੀ ਹੋਵੇ ਜਾਂ ਅੱਗ ਲੱਗੀ ਹੋਵੇ ਅਤੇ ਖੋਤਾ ਊਠ ਆਦਿ ਬੋਲਦੇ ਹੋਣ ਨਾ ਪੜ੍ਹੇ।

116. ਮਰਘਟ, ਗਊ ਸ਼ਾਲਾ ਅਤੇ ਪਿੰਡ ਦੇ ਕੋਲ ਭੋਗ ਸਮੇਂ ਇਤਿਆਦਿ ਸਮਿਆਂ ਵਿਚ ਵੀ ਨਾ ਪੜ੍ਹੇ।

117. ਸਰਾਧ ਦੀ ਕੋਈ ਚੀਜ਼ ਵੀ ਲੈਕਰ ਵੇਦ ਨਾ ਪੜ੍ਹੇ।

118. ਜਿਸ ਪਿੰਡ ਵਿਚ ਚੋਰੀ ਅਤੇ ਹੋਰ ਅਗਨੀ ਤੋਂ ਉਪੱਦ੍ਰਵ ਹੁੰਦੇ ਹੋਣ ਉਥੇ ਵੇਦ ਨਾ ਪੜ੍ਹੇ।

119. ਅਪਾਕਰਨ, ਉਤਸਰਗ, ਤ੍ਰਾਸਟਕਾ ਵਿਚ ਇਕ ਦਿਨ ਰਾਤ ਵੇਦ ਨਾ ਪੜ੍ਹੇ।

120. ਘੋੜਾ, ਹਾਥੀ, ਬੇੜੀ ਆਦਿਕਾਂ ਤੇ ਸੁਆਰੀ ਕਰਕੇ ਵੀ ਵੇਦ ਨਾ ਪੜ੍ਹੇ।

121. ਲੜਾਈ ਝਗੜਾ ਰੰਜ ਬੇਹਜਮੀ ਵਿਚ ਵੀ ਵੇਦ ਨਾ ਪੜ੍ਹੇ।

122. ਫੱਟ ਲੱਗਣ ਤੋਂ ਜਾਂ ਹੋਰ ਕਿਸੇ ਤਰ੍ਹਾਂ ਲਹੂ ਨਿਕਲੇ ਤਦ ਵੀ ਨਾ ਪੜ੍ਹੇ।

123. ਵੇਦ ਦਾ ਅੰਤ ਅਤੇ ਤੇਕ ਪ੍ਰਕਰਨ ਨੂੰ ਪੜ੍ਹਕੇ ਵੀ ਅਤੇ ਸਿਆਮ ਵੇਦ ਨੂੰ ਸੁਣ ਯਜੁਰ ਵੇਦ ਨੂੰ ਨਾ ਪੜ੍ਹੇ।

124. ਰਿਗ ਵੇਦ ਦਾ ਦੇਵਤਾ ਦੇਵ ਹਨ ਅਤੇ ਯਜੁਰ ਦੇ ਮਨੁਖ ਹਨ ਸਾਮ ਵੇਦ ਦੇ ਪਿਤ੍ਰ ਹਨ ਇਸ ਲਈ ਸਾਮ ਵੇਦ ਦਾ ਸ਼ਬਦ ਪਵਿੱਤ੍ਰ ਨਹੀਂ ਹੈ।

125. ਵੇਦਾਂ ਦੀ ਪੜ੍ਹਾਈ ਦੀ ਰੀਤੀ ਦੇ ਗਿਆਤਾ ਪਹਿਲਾਂ ਗਾਇਤ੍ਰੀ ਤੇ ਉਸ ਦਾ ਜਾਪ ਕਰਕੇ ਬੁੱਧ ਸੁੱਧ ਕਰਨ ਤੇ ਫਿਰ ਵੇਦ ਪੜ੍ਹੇ।

126. ਡੱਡੂ, ਬਿੱਲੀ, ਕੁੱਤਾ ਆਦਿ ਕੋਈ ਵੀ ਗੁਰੂ ਅਰ ਚੇਲੇ ਦੇ ਵਿਚਕਾਰੋਂ ਨਿਕਲ ਜਾਏ ਤਾਂ ਉਸ ਦਿਨ ਵੀ ਸੰਥਾ ਨਾ ਕਰੇ।

127. ਸਰੀਰ ਅਤੇ ਧਰਤੀ ਅਪਵਿੱਤ੍ਰ ਹੋਵੇ ਤਾਂ ਵੀ ਨਾ ਪੜ੍ਹੇ।

128. ਸਨਾਤਕ ਬ੍ਰਾਹਮਣ ਮੱਸਿਆ, ਅਸ਼ਟਮੀ, ਪੂਰਨਮਾਸ਼ੀ, ਚੋਦੇਂ ਵਿਚ ਰਿਤੂ ਕਾਲ ਵੀ ਹੋਵੇ ਭੋਗ ਨਾ ਕਰੇ।

129. ਜੋ ਜਲ ਅਸਥਾਨ ਦੇਖਿਆ ਨਹੀਂ ਅਤੀ ਅੱਧੀ ਰਾਤ ਹੋਵੇ ਜਾਂ ਭੋਜਨ ਕੀਤਾ ਹੋਵੇ

ਇਸ਼ਨਾਨ ਨਾ ਕਰੇ।

130. ਦੁਪਹਿਰ, ਅੱਧੀ ਰਾਤ, ਸ਼ਾਮ ਨੂੰ ਸਰਾਧ ਦਾ ਮਾਸ ਖਾ ਕੇ ਚੁਰਾਹੇ ਨਾ ਜਾਵੇ।

131. ਪੱਥਰ ਦੀ ਮੂਰਤੀ, ਗੁਰੂ ਆਦਿ ਜਾਂ ਯੱਗ ਕਰਦੇ ਹੋਣ ਉਨ੍ਹਾਂ ਵਿਚੋਂ ਕਿਸੇ ਦੀ ਛਾਂ ਵਿਚ ਨਾ ਖਲੋਵੇ।

132. ਵਟਣਾ, ਵਿਸਟਾ, ਮੂਤ੍ਰ, ਲਹੂ ਆਦਿਕਾਂ ਨੂੰ ਦੇਖਕੇ ਕੋਲ ਨਾ ਖਲੋਵੇ।

133. ਵੈਰੀ ਅਤੇ ਉਸਦੇ ਸਹਾਇਕ ਦੀ ਅਤੇ ਅਧਰਮੀ ਪੁਰਸ਼ ਦੀ ਇਸਤਰੀ ਦੀ ਸੇਵਾ ਨਾ ਕਰੇ।

134. ਪਰ ਇਸਤਰੀ ਨਾਲ ਭੋਗ ਕਰਨਾ ਆਯੂ ਦੇ ਨਾਸ ਕਰਨ ਦਾ ਵੱਡਾ ਸਾਧਨ ਹੈ।

135. ਧਨ, ਅੰਨ, ਆਯੂ ਦੀ ਬ੍ਰਿਧੀ ਦੀ ਇੱਛਾ ਵਾਲਾ ਪੁਰਸ਼ ਕਦੀ ਵੀ ਅਸਮਰੱਥ ਪੁਰਸ਼ਾਂ ਨੂੰ ਤੰਗ ਨਾ ਕਰੇ।

136. ਉਹ ਅਪਮਾਨੀ ਕਰਨ ਵਾਲੇ ਦਾ ਨਾਸ ਕਰਦੇ ਹਨ ਤਾਂਤੇ ਬੁੱਧੀਵਾਨ ਕਦੀ ਵੀ ਇਹਨਾਂ ਦਾ ਅਪਮਾਨ ਨਾ ਕਰੇ।

137. ਸੰਪਦਾ ਦੇ ਵਧਾਉਣ ਲਈ ਸਾਰੀ ਉਮਰ ਯਤਨ ਕਰੇ ਛੱਡੇ ਨਹੀਂ ਦੁਰਲੱਭ ਨਾ ਜਾਣੇ।

138. ਜੋ ਸੱਚਾ ਹੋਵੇ ਪਰ ਪਿਆਰਾ ਨਾ ਹੋਵੇ ਕਦੀ ਵੀ ਨਾ ਆਖੇ ਜੋ ਨੇਤਰਾਂ ਕਰਕੇ ਸੱਚ ਵੇਖਿਆ ਹੋਵੇ ਉਸਨੂੰ ਜ਼ਰੂਰ ਆਖੇ ਜਾਂ ਕੰਨਾਂ ਕਰਕੇ ਸੱਚ ਨਿਸਚਤ ਸੁਣਿਆ ਹੋਵੇ ਤਾਂ।

139. ਕਿਸੇ ਪੁਰਸ਼ ਨੂੰ ਮਿਲੋ ਤਾਂ ਉਸ ਨੂੰ ਸੁਖ ਸ਼ਾਂਤੀ ਪੁੱਛੋ, ਕਿਸੇ ਪੁਰਸ਼ ਨਾਲ ਵਿਰੋਧ ਨਾ ਕਰੋ।

140. ਤਿੰਨ ਕਾਲ ਸੰਧਿਆਂ ਦੇ ਉਸ ਪੁਰਸ਼ ਨਾਲ ਜਿਸਦੀ ਕੁਲ ਅਤੇ ਸੁਭਾ ਨਾ ਜਾਣਦੇ ਹੋਵੋ ਕਦੀ ਗੱਲ ਬਾਤ ਨਾ ਕਰੋ ਅਤੇ ਸ਼ੂਦਰ ਨਾਲ ਨਾ ਜਾਵੋ।

141. ਅੰਗਹੀਣ ਪੁਰਸ਼ ਨੂੰ ਕਦੀ ਅੰਗਹੀਣ ਅਰਥਾਤ ਕਾਣਾ ਆਦਿ ਨਾ ਸੱਦੋ।

142. ਭੋਜਨ ਕਰਕੇ ਜਾਂ ਸੁਚੇਤ ਤੋਂ ਪਿਛੇ ਜਦ ਤਕ ਸੁੱਧ ਨਾ ਹੋਵੋ ਗਊ ਬ੍ਰਾਹਮਣ ਨੂੰ ਹੱਥ ਅਤੇ ਸੂਰਜ ਚੰਦ੍ਰਮਾ ਆਦਿ ਨੂੰ ਨਾ ਦੇਖੋ।

143. ਜੇਕਰ ਭੁਲੇਖੇ ਨਾਲ ਹੱਥ ਲਗ ਜਾਵੇ ਜਾਂ ਸੂਰਜ ਆਦਿਕਾਂ ਨੂੰ ਵੇਖਿਆ ਜਾਏ ਤਾਂ ਹੱਛੀ ਤਰ੍ਹਾਂ ਇਸ਼ਨਾਨ ਕਰੋ।

144. ਬਿਨਾਂ ਲੋੜ ਦੇ ਕਿਸੇ ਇੰਦ੍ਰੀ ਨੂੰ ਅਤੇ ਗੁਦਾ, ਇੰਦ੍ਰੇ ਆਦਿਕਾਂ ਦੇ ਵਾਲਾਂ ਨੂੰ ਨਾ ਛੋਹੋ।

145. ਸਦੀਵ ਸੁੱਧ ਚਿਤ ਅਤੇ ਮਨ ਨੂੰ ਵੱਸ ਕਰਕੇ ਜਪ ਅਤੇ ਹਵਨ ਆਦਿ ਕਰੇ ਦਰਿੱਦਰ ਨਾ ਕਰੇ।

146. ਜੋ ਪੁਰਸ਼ ਸ਼ਾਸਤ੍ਰ ਵਿਰੁੱਧ ਕਰਮਾਂ ਨੂੰ ਜੋ ਉਪਰ ਦੱਸੇ ਹਨ ਨਹੀਂ ਕਰਦਾ ਉਸ ਨੂੰ ਦੇਵਤਾ

ਮਨੁੱਖ ਕੁਝ ਤਕਲੀਫ ਨਹੀਂ ਦੇ ਸਕਦੇ।

147. ਨਿਤਾਪ੍ਰਤ ਸਮੇਂ ਸਮੇਂ ਵੇਦ ਪੜ੍ਹੋ ਆਲਸ ਨਾ ਕਰੋ ਇਹ ਪਰਮ ਧਰਮ ਹੈ।

148. ਨਿਤਾਪ੍ਰਤ ਵੇਦ ਪਾਠ ਅਤੇ ਦਇਆ ਤਪ ਆਦਿਕ ਕਰਨ ਤੋਂ ਪਿਛਲੀ ਜਾਤੀ ਦਾ ਪਤਾ ਲੱਗਦਾ ਹੈ।

149. ਪਿਛਲੀ ਜਾਤੀ ਨੂੰ ਯਾਦ ਕਰਕੇ ਫਿਰ ਵੀ ਵੇਦ ਪੜ੍ਹਦਾ ਰਹੇ ਸੁਖਦਾਇਕ ਹੈ।

150. ਗਾਇਤ੍ਰੀ ਦੇਵਤਾ ਆਦਿਕ ਹਵਨ ਅਤੇ ਪਿਤ੍ਰਾਂ ਦੀ ਪੂਜਾ ਸ਼ਾਂਤ ਹਵਨ ਵਾਸਤੇ ਕਰੇ।

151. ਸੂਤ੍ਰ ਪਰ ਛਲਨ, ਜੂਠ ਅੰਨ ਬੀਰਜ ਆਦਿਕ ਅਗਨ ਦੇ ਗ੍ਰਿਹਿ ਵਿਚ ਤਿਆਗ ਦੇਵੇ।

152. ਮਲ ਮੂਤ੍ਰ ਦਾ ਤਿਆਗ ਇਸ਼ਨਾਨ ਦਾਤਨ ਆਦਿ ਦੁਪਹਿਰ ਤੋਂ ਪਹਿਲਾਂ ਕਰੇ।

153. ਦੇਵਤਾ ਧਾਰਕ ਬ੍ਰਾਹਮਣ, ਗੁਰੂ, ਰਾਜਾ ਦਾ ਦਰਸ਼ਨ ਰਖਿਆ ਲਈ ਕਰੇ।

154. ਘਰ ਆਏ ਬੁੱਢੇ ਦੀ ਖਾਤਰ ਕਰੇ ਜਦੋਂ ਤਕ ਉਹ ਚਲਾ ਨਾ ਜਾਏ ਆਦਰ ਕਰੇ।

155. ਵੇਦਾਨੁਸਾਰ ਅਚਾਰਹੀ ਪਰਮ ਧਰਮ ਹੈ ਆਲਸ ਨਾ ਕਰੋ।

156. ਅਚਾਰ ਹੀ ਧਨ, ਪੁੱਤਰ ਆਯੂ ਆਦਿਕਾਂ ਦੇ ਦੇਣ ਵਾਲਾ ਅਤੇ ਬੁਰੇ ਕਰਮਾਂ ਨੂੰ ਦੂਰ ਕਰਨ ਵਾਲਾ ਹੈ।

157. ਦੁਰਾਚਾਰੀ ਪੁਰਸ਼ ਬਦਨਾਮ ਅਤੇ ਸਦੀਵ ਦੁਖੀ ਹੁੰਦਾ ਹੈ।

158. ਸ਼ਰਧਾਲੂ, ਸਦਾਚਾਰੀ ਅਤੇ ਕਿਸੇ ਦੀ ਬੁਰਾਈ ਨਾ ਕਰਨ ਵਾਲਾ ਪੁਰਸ਼ ਬੜੀ ਆਯੂ ਵਾਲਾ ਹੁੰਦਾ ਹੈ।

159. ਪਰ ਅਧੀਨ ਕਰਮਾਂ ਦਾ ਤਾਂ ਤਿਆਗ ਅਤੇ ਸ੍ਵੈ ਅਧੀਨ ਕਰਮਾਂ ਦਾ ਗ੍ਰਹਿਣ ਕਰੇ।

160. ਪਰ ਅਧੀਨ ਕਰਮਾਂ ਦਾ ਦੁਖ ਹੈ ਅਤੇ ਸ੍ਵੈ ਅਧੀਨ ਸੁਖ ਹੈ।

161. ਜਿਸ ਕਰਮ ਨੂੰ ਦਿਲ ਚਾਹੇ ਕਰੋ ਉਲਟ ਇਸਦੇ ਹੋਵੇ ਤਾਂ ਨਾ ਕਰੋ।

162. ਵੈਦ, ਅਚਾਰੀਆ, ਮਾਤਾ, ਪਿਤਾ, ਗੁਰੂ, ਸਾਧ ਆਦਿਕਾਂ ਨੂੰ ਕਦਾਪੀ ਨਾ ਮਾਰੇ।

163. ਨਾਸਤਕਪਨ ਅਤੇ ਵੇਦ ਦੇਵਤਿਆਂ ਦੀ ਨਿੰਦਿਆ ਕਰਨੀ ਕ੍ਰੋਧ, ਵੈਰ ਭਾਵ ਸਭ ਛੱਡ ਦੇਵੇ।

164. ਕ੍ਰੋਧ ਕਰਕੇ ਕਿਸੇ ਨੂੰ ਸੱਟ ਨਾ ਮਾਰੇ ਪਰ ਪੁੱਤ੍ਰ ਅਤੇ ਚੇਲੇ ਨੂੰ ਸਿੱਖਿਆ ਲਈ ਤਾੜਨਾ ਮਨ੍ਹਾ ਨਹੀਂ।

165. ਤਿੰਨਾਂ ਵਰਨਾਂ ਵਿਚੋਂ ਕੋਈ ਬ੍ਰਾਹਮਣ ਨੂੰ ਮਾਰਨ ਲਈ ਹੱਥ ਚੁਕੇ ਉਹ ਨਰਕ ਗਾਮੀ ਹੁੰਦਾ ਹੈ।

166. ਜੇ ਕ੍ਰੋਧ ਨਾਲ ਤੀਲਾ ਵੀ ਮਾਰੇ ਫੇਰ ਵੀ ਟੇਢੀਆਂ ਜੋਨਾਂ ਵਿਚ ਪੈਂਦਾ ਹੈ।

167. ਭਲੇ ਲੋਕ ਬ੍ਰਾਹਮਣ ਦੇ ਸਰੀਰ ਵਿਚੋਂ ਲਹੂ ਕੱਢਣ ਵਾਲਾ ਦੁਖੀ ਹੁੰਦਾ ਹੈ।

168. ਜੇਕਰ ਅਜਿਹੇ ਬ੍ਰਾਹਮਣ ਤੇ ਹਥਿਆਰ ਚਲਾਵੇ ਅਤੇ ਲਹੂ ਨਿਕਲੇ ਜਿੰਨੇ ਕੱਤਰੇ ਡਿੱਗਣ ਉਨੇ ਵਰ੍ਹੇ ਨਰਕਾਂ ਵਿਚ ਮਹਾਂ ਦੁੱਖ ਪਾਵੇਗਾ ਅਤੇ ਕੁੱਤਾ ਆਦਿਕ ਹੋ ਕੇ ਜੋਨ ਬਿਤੀਤ ਕਰੇਗਾ।

169. ਸਿਆਣਾ ਪੁਰਸ਼ ਕਦੀ ਭੀ ਬ੍ਰਾਹਮਣ ਨੂੰ ਨਾ ਮਾਰੇ।

170. ਜੋ ਅਧਰਮੀ ਧਨ ਵਾਲਾ ਪੁਰਸ਼ ਹੈ ਉਹ ਕਦੀ ਸੁਖ ਨਹੀਂ ਪਾਉਂਦਾ।

171. ਅਧਰਮੀ ਪਾਪੀ ਦੇ ਧਨ ਦਾ ਨਾਸ਼ ਵੇਖਕੇ ਅਤੇ ਧਰਮ ਵਿਚ ਖੇਦ ਜਾਣਕੇ ਕਦੀ ਅਧਰਮ ਨਾ ਕਰੇ।

172. ਅਧਰਮੀ ਨੂੰ ਜਲਦੀ ਫਲ ਨਹੀਂ ਮਿਲਦਾ।

173. ਜੇਕਰ ਅਧਰਮੀ ਨੂੰ ਫਲ ਨਾ ਮਿਲੇ ਤਾਂ ਉਸਦੇ ਪੁੱਤਰ ਪੋਤ੍ਰ ਨੂੰ ਮਿਲਦਾ ਹੈ।

174. ਅਧਰਮੀ ਪਹਿਲਾਂ ਤਾਂ ਵਧਦਾ ਫੁਲਦਾ ਹੈ ਫੇਰ ਜੜ੍ਹ ਮੋਖ ਮਿਟ ਜਾਂਦੀ ਹੈ।

175. ਸਤ ਧਰਮ, ਪਵਿਤ੍ਰਤਾ ਅਤੇ ਬਾਣੀ ਦਾ ਸੰਜਮ ਅਚਾਰ ਹੈ ਅਤੇ ਇਸਤਰੀ ਪੁੱਤਰ ਚੇਲੇ ਆਦਿਕਾਂ ਨੂੰ ਸੱਤਜ ਉਪਦੇਸ਼ ਦੱਸੇ।

176. ਕਾਮ ਦਾ ਤਿਆਗ ਪਰਮ ਧਰਮ ਹੈ ਜੋ ਸਮਾਂ ਸੁਖਦਾਇਕ ਹੈ ਉਸਨੂੰ ਵਿਚਾਰੇ।

177. ਮਨ, ਬਾਣੀ, ਕਰਮ ਤੋਂ ਕੋਈ ਬੁਰਿਆਈ ਨਾ ਕਰੇ।

178. ਮੁਕਤੀ ਦੀ ਪ੍ਰਾਪਤੀ ਦੇ ਵੇਦ ਅਨੁਕੂਲ ਸਾਧਨ ਜੋ ਵਡਿਆਂ ਨੇ ਕੀਤੇ ਹਨ ਜ਼ਰੂਰ ਕਰੋ।

179. ਪ੍ਰੋਹਤ, ਅਚਾਰਯ, ਅਤਿਥੀ ਅਤੇ ਬੁੱਢਾ, ਲੜਕਾ, ਵੈਦ, ਅਰ ਸ਼ਰੀਕ ਭਰਾ।

180. ਮਾਤਾ, ਪਿਤਾ, ਜਵਾਈ, ਪੁੱਤਰ ਧੀ ਆਦਿਕਾਂ ਨਾਲ ਕਦੀ ਵੀ ਨਾ ਲੜੇ।

181. ਜੋ ਪੁਰਸ਼ ਇਹਨਾਂ ਨਾਲ ਨਹੀਂ ਲੜਦਾ ਅਤੇ ਹਾਰ ਮੰਨ ਲੈਂਦਾ ਹੈ ਉਹ ਸੰਸਾਰ ਨੂੰ ਜਿੱਤ ਜਾਂਦਾ ਹੈ।

182. ਅਚਾਰਯ ਬ੍ਰਹਮ ਗਿਆਨ ਦਾ ਮਾਲਕ ਪਿਤਾ ਪਾਲਨ ਕਰਤਾ ਅਤਿਥੀ ਇੰਦ੍ਰਵਤ ਹੈ ਰਤੁਜ ਅਗਨੀ, ਵਾਯੂ ਆਦਿ ਦੇਵਤਿਆਂ ਨੂੰ ਬਣਾ ਸਕਦਾ ਹੈ।

183. ਨਾਨਾ, ਮਾਮਾ ਆਦਿ ਸਬੰਧੀਆਂ ਦੀ ਲੜੀ ਅਪੱਛਰਾਂ ਲੋਕ ਆਦਿਕਾਂ ਦੇ ਮਾਲਕ ਹਨ।

184. ਬਾਲ ਬੁੱਢਾ ਆਦਿ ਬਰਨ ਲੋਕ ਆਦਿਕਾਂ ਦੇ ਮਾਲਕ ਹਨ ਵੱਡਾ ਭਰਾ ਪਿਤਾ ਤੁਲ ਜਾਣੋ।

185. ਟਹਿਲੂਆ ਛਾਂ ਹੈ ਅਤੇ ਧੀ ਗਰੀਬ ਹੈ ਇਸ ਲਈ ਏਨਾ ਨੂੰ ਦੁਖ ਨਾ ਦੇਵੇ।

186. ਦਾਨ ਲੈਣ ਤੋਂ ਤੇਜ ਜਾਂਦਾ ਰਹਿੰਦਾ ਹੈ।

187. ਭਾਵੇਂ ਭੁਖਾੜ੍ਹ ਭੀ ਹੋਵੇ ਤਦ ਭੀ ਦਾਨ ਨਾ ਲਵੇ।

188. ਸੋਨਾ, ਧਰਤੀ, ਘੋੜਾ, ਗਊ ਇੰਨਾ ਵਿਚੋਂ ਕਿਸੇ ਚੀਜ਼ ਦੇ ਲੈਣ ਵਾਲਾ ਮੂਰਖ ਬ੍ਰਾਹਮਣ ਰਾਖ ਹੋ ਜਾਂਦਾ ਹੈ।

189. ਇਨ੍ਹਾਂ ਦਾ ਦਾਨ ਲੈਣਾ ਆਯੂ, ਸਰੀਰ ਅਤੇ ਅੱਖੀ ਨੂੰ ਖੇਦ ਦੇਂਦਾ ਹੈ।

190. ਜੋ ਬ੍ਰਾਹਮਣ ਤਪੀ ਅਤੇ ਵੇਦ ਅਭਿਆਸੀ ਨਹੀਂ ਉਸਨੂੰ ਦਾਨ ਦੇਣ ਵਾਲਾ ਅਤੇ ਉਹ ਦੋਵੇਂ ਡੁੱਬ ਜਾਂਦੇ ਹਨ।

191. ਇਸ ਲਈ ਮੂਰਖ ਬ੍ਰਾਹਮਣ ਕਦੀ ਵੀ ਦਾਨ ਨਾ ਲਵੇ।

192. ਬੇਡਾਲ ਤੇ ਬਕ, ਬਰਤਕ ਮੂਰਖ ਇਨ੍ਹਾਂ ਨੂੰ ਗਿਆਤਾ ਪੁਰਸ਼ ਪਾਣੀ ਵੀ ਨਾ ਦੇਵੇ।

193. ਇਨ੍ਹਾਂ ਤਿੰਨਾਂ ਨੂੰ ਨੇਕ ਕਮਾਈ ਤੋਂ ਧਨ ਦਾਨ ਦੇਣਾ ਨਿਸਫਲ ਹੈ।

194. ਮੂਰਖ ਨੂੰ ਦਾਨ ਦੇਣਾ ਮਾਨੋ ਪੱਥਰ ਦੀ ਬੇੜੀ ਚੜ੍ਹਕੇ ਡੁੱਬਣਾ ਹੈ।

195. ਲੋਭੀ ਪਾਖੰਡੀ ਬਹੁਰੂਪੀਆ ਕਪਟੀ ਆਪਣੇ ਆਪ ਨੂੰ ਧਰਮਾਤਮਾ ਪ੍ਰਗਟ ਕਰਨ ਵਾਲਾ ਬੇਡਾਲ ਹੈ।

196. ਮਤਲਬੀ ਮੈਸਾ ਧੋਖੇਬਾਜ ਆਦਿ ਗੁਣਾਂ ਵਾਲਾ ਬੇਡਾਲ ਬਰਤਕ ਹੁੰਦਾ ਹੈ।

197. ਇਨ੍ਹਾਂ ਦੋਹਾਂ ਬ੍ਰਿਤੀਆਂ ਵਾਲੇ ਪੁਰਸ਼ਾਂ ਨੂੰ ਦੁਖੀ ਜੀਵਨ ਪ੍ਰਾਪਤ ਹੁੰਦਾ ਹੈ।

198. ਪਾਪ ਕਰਕੇ ਧਰਮ ਦੇ ਬਹਾਨੇ ਤੋਂ ਬਰਤੀ ਨਾ ਕਰੋ।

199. ਵੇਦਪਾਠੀ ਬ੍ਰਾਹਮਣ ਦੀ ਨਿੰਦਾ ਦੁਖਦਾਈ ਹੈ ਅਤੇ ਧੋਖੇ ਦਾ ਬਰਤ ਨਾ ਧਾਰਨ ਕਰੇ।

200. ਸੰਨਿਆਸੀ ਦਾ ਭੇਸ ਹੈ ਪ੍ਰੰਤੂ ਕਰਮ ਨਹੀਂ ਹਨ ਜਿਸ ਪੁਰਸ਼ ਵਿਚ ਉਹ ਤ੍ਰਿਗਦ ਜੋਨਾਂ ਨੂੰ ਪਾਉਂਦਾ ਹੈ।

201. ਜਿਸ ਖੂਹ, ਤਲਾ ਬਾਵਲੀ ਦੀ ਚੱਠ ਨਾ ਹੋਈ ਹੋਵੇ ਉਥੇ ਇਸ਼ਨਾਨ ਕਰਨਾ ਪਾਪ ਹੈ।

202. ਖੂਹ, ਬਾਗ, ਸੁਆਰੀ ਆਦਿਕਾਂ ਨੂੰ ਬਿਨਾਂ ਮਾਲਕ ਦੀ ਆਗਿਆ ਦੇ ਨਾ ਛੋਹੇ।

203. ਦੇਵਤਿਆਂ ਦੇ ਨਦੀ, ਤਲਾ ਆਦਿਕਾਂ ਵਿਚ ਬੇਸ਼ਕ ਇਸ਼ਨਾਨ ਕਰੋ।

204. ਯਮ ਨਿਯਮਾਂ ਵਿਚੋਂ ਯਮ ਨੂੰ ਨਾ ਛੱਡੇ ਕਿਉਂਕਿ ਕੇਵਲ ਨੇਮ ਦਾ ਕਰਨਾ ਪਾਪ ਹੈ।

205. ਅਨਪੜ੍ਹ ਬ੍ਰਾਹਮਣ ਦਾ ਕਰਾਇਆ ਹੋਇਆ ਜੱਗ ਕਦੀ ਵੀ ਨਾ ਖਾਏ।

206. ਅਜਿਹੇ ਕਰਮਾਂ ਨੂੰ ਕਰਨਾ ਵਿਦਵਾਨ ਪਸੰਦ ਨਹੀਂ ਕਰਦੇ।

207. ਕ੍ਰੋਧੀ, ਦੁਖੀ ਬੇਹੋਸ਼ ਪੁਰਸ਼ਾਂ ਦਾ ਅੰਨ ਜਾਂ ਕੀੜੇ ਵਾਲਾ ਅੰਨ ਆਦਿ ਕਦੀ ਨਾ ਖਾਏ।

208. ਜੋ ਇਸਤਰੀ ਹੈਜ਼ ਵਾਲੀ ਹੋਵੇ ਜਾਂ ਗਰਭ ਪਤਿਤ ਹੋਵੇ ਤੇ ਕੁੱਤੇ ਦਾ ਛੋਹਿਆ ਅੰਨ ਨਾ ਖਾਵੇ।

209. ਗਊ ਦਾ ਸੁੰਘਿਆ ਅਤੇ ਜੱਗ ਦਾ ਉੱਚ ਬੋਲ ਕੇ ਦਸਿਆ ਹੋਇਆ ਅੰਨ ਆਦਿ ਨਿੰਦਤ ਹਨ।

210. ਚੋਰ ਬੇਸੁਆ, ਬਨੀਆ, ਬਖੀਲ ਅਤੇ ਕੈਦੀ।

211. ਐਸੀ, ਖੁਸਰਾ, ਧੋਖੇ ਬਾਜ਼ ਅਤੇ ਸ਼ੂਦਰ ਦਾ ਜੂਠਾ ਅੰਨ ਨਾ ਖਾਓ।

212. ਵੈਦ, ਸ਼ਿਕਾਰੀ ਦੁਖੀਆ, ਜ਼ਾਲਿਮ ਆਦਿਕ ਪੁਰਸ਼ਾਂ ਦਾ ਅੰਨ ਅਤੇ ਕਰਜ਼ਾ ਅੰਨ ਤੇ ਬੁਰੀ ਨਜ਼ਰ ਵਾਲੇ ਪੁਰਸ਼ ਦੇ ਸਾਹਮਣੇ ਕਦੀ ਵੀ ਨਾ ਖਾਏ।

213. ਪ੍ਰਤਿਸ਼ਟਤ ਪੁਰਸ਼ਾਂ ਨੂੰ ਨਿਰਾਦਰੀ ਦਾ ਦਿੱਤਾ ਅੰਨ ਆਦਿ ਕਦੀ ਨਾ ਖਾਓ।

214. ਚੁਗਲ ਖੋਰ, ਕ੍ਰਿਤਘਨ ਅਤੇ ਯੱਗ ਦਾ ਅੰਨ ਵੇਚਣ ਵਾਲਾ ਨਟ ਆਦਿਕ।

215. ਲੋਹਾਰ, ਤਰਖਾਣ ਅਤੇ ਹਥਿਆਰ ਵੇਚਣ ਵਾਲੇ।

216. ਸ਼ਿਕਾਰੀ, ਧੋਬੀ, ਨੀਲਾਰੀ, ਕਸਾਈ ਅਤੇ ਦੂਜੇ ਖਸਮ ਵਾਲੀ ਇਸਤਰੀ।

217. ਵਿਭਚਾਰ ਇਸਤਰੀ ਜਾਂ ਜਿਸਦੇ ਪਤੀ ਦਾ ਦੁਸੈਹਰਾ ਨਾ ਹੋਇਆ ਹੋਵੇ ਦਾ ਅੰਨ ਨਾ ਖਾਓ।

218. ਰਾਜਾ, ਸ਼ੂਦਰ, ਸੁਨਾਰ, ਚਮਾਰ ਆਦਿਕਾਂ ਦਾ ਅੰਨ ਆਯੂ ਤੇਜ ਆਦਿ ਦਾ ਨਾਸ਼ ਕਰਤਾ ਹੈ।

219. ਦਾਲਗਰ ਧੋਬੀ ਦੇ ਅੰਨ ਖਾਣ ਤੋਂ ਸੰਤਾਨ ਦਾ ਨਾਸ ਅਤੇ ਬੇਸੁਆ ਸੁਰਗ ਦਾ ਨਾਸ਼ ਕਰਦੀ ਹੈ।

220. ਵੈਦ ਜੁਆਰੀ ਬਾਣੀਆਂ ਆਦਿਕਾਂ ਦਾ ਅੰਨ ਪੀਪ ਖੰਘਾਰ ਵਿਸ਼ਟਾ ਤੁਲ ਹੈ।

221. ਉਪਰਲੇ ਨਿੰਦਤ ਅੰਨ ਖਾਣ ਤੋਂ ਦੁਖ ਪ੍ਰਾਪਤ ਹੁੰਦਾ ਹੈ।

222. ਜੇਕਰ ਭੁਲੇਖੇ ਨਾਲ ਖਾਧਾ ਭੀ ਜਾਵੇ ਤਾਂ ਤਿੰਨ ਦਿਨ ਫਾਕਾ ਅਤੇ ਜੇ ਜਾਨ ਬੁਝਕੇ ਖਾਵੇ ਤਾਂ ਛੇ ਬਰਤ ਜੋ ਅੱਗੇ ਦਸਾਂਗੇ ਕਰੋ ਅਤੇ ਮਲ ਮੂਤਰ ਲਈ ਵੀ ਏਸੇ ਤਰ੍ਹਾਂ ਕਰੋ।

223. ਵਿਦਵਾਨ ਬ੍ਰਾਹਮਣ ਸ਼ੂਦਰ ਦੇ ਘਰ ਦਾ ਭੋਜਨ ਨਾ ਖਾਏ ਬਹੁਤੀ ਲੋੜ ਹੋਵੇ ਤਾਂ ਕੱਚਾ ਅੰਨ ਲੈ ਸਕਦਾ ਹੈ।

224. ਕੰਜੂਸ ਵੇਦ ਪਾਠੀ ਅਤੇ ਸਖੀ ਅਤੇ ਵਿਆਜ ਖਾਣ ਵਾਲੇ ਦੇ ਅੰਨ ਨੂੰ ਦੇਵਤਿਆਂ ਨੇ ਬੁਰਾ ਦੱਸਿਆ ਹੈ।

225. ਪਰ ਬ੍ਰਹਮਾ ਜੀ ਇਸ ਗੱਲ ਦੇ ਵਿਰੁੱਧ ਹਨ।

226. ਆਲਸ ਛੱਡਕੇ ਪਵਿੱਤਰ ਧਨ ਨਾਲ ਖੂਹ, ਬਾਉਲੀ ਆਦਿਕ ਬਣਾਉਣਾ ਵਡਿਆਈ ਹੈ।

227. ਅੱਛੇ ਬ੍ਰਾਹਮਣ ਨੂੰ ਯੱਗ ਅਤੇ ਖੂਹ ਆਦਿਕਾਂ ਦੇ ਦੇਣ ਤੋਂ ਰਜਾਵੇ।

228. ਹਰ ਇਕ ਭਿੱਛੂ ਨੂੰ ਯਥਾ ਸ਼ਕਤ ਦਾਨ ਦੇਵੇ ਕਿਉਂਕਿ ਕਿਸੇ ਪਰਮਾਤਮਾ ਦਾ ਦਰਸ਼ ਹੋ ਜਾਵੇਗਾ ਅਤੇ ਅਨੰਦ ਮਿਲੇਗਾ।

229. ਤ੍ਰਿਹਾਏ ਨੂੰ ਪਾਣੀ, ਭੁੱਖੇ ਨੂੰ ਅੰਨ ਅਤੇ ਰਾਹ ਵਿਚ ਦੀਵਾ ਬਾਲਨਾ ਪਰਮਸੁਖਾਂ ਦੇ ਦਾਤੇ ਹਨ।

230. ਧਰਤੀ, ਸੋਨਾ, ਘਰ ਆਦਿ ਦੇ ਦਾਨ ਦੇਣ ਵਾਲਾ ਵੱਡੀ ਆਰਬਲਾ ਅਤੇ ਧਰਤੀ ਨੂੰ ਪਾਉਂਦਾ ਹੈ।

231. ਕਪੜਾ, ਘੋੜਾ, ਗਊ ਦਾ ਦਾਨ ਦੇਣ ਤੋਂ ਚੰਦਰ ਸੂਰਜ ਲੋਕ ਅਤੇ ਅਨੰਦ ਸੁਖ ਮਿਲਦਾ ਹੈ।

232. ਸੁਆਰੀ ਚੁਪਾਏ ਵੇਦ ਦੇ ਦਾਨੀ ਨੂੰ ਇਸਤਰੀ ਧਨ ਆਦਿ ਖੁਸ਼ੀ ਲਭਦੀ ਹੈ।

233. ਜਲ, ਅੰਨ ਗਊ ਧਰਤੀ, ਕੱਪੜਾ ਤਿਲ ਸੋਨਾ ਘਿਉ ਤੋਂ ਵੇਦ ਦਾਨ ਵੱਡਾ ਹੈ।

234. ਏਥੇ ਦਾਨ ਦਿੱਤਾ ਹੋਇਆ ਪ੍ਰਲੋਕ ਵਿਚ ਉਸੇ ਤਰ੍ਹਾਂ ਲਭਦਾ ਹੈ।

235. ਹੱਛੀ ਚੀਜ਼ ਦਾ ਦਾਤਾ ਅਤੇ ਭੋਗਤਾ ਦੋਵੇਂ ਸੁਰਗ ਨੂੰ ਜਾਂਦੇ ਹਨ ਅਤੇ ਬੁਰੀ ਵਾਲੇ ਨਰਕ ਵਿਚ।

236. ਤਪੀ ਘੁਮੰਡ ਨਾ ਕਰੇ ਦਾਨ ਦੇ ਕੇ ਪ੍ਰਗਟ ਨਾ ਕਰੇ ਅਤੇ ਜੱਗ ਕਰਕੇ ਝੂਠ ਨਾ ਬੋਲੇ।

237. ਇਨ੍ਹਾਂ ਨਿੰਦਤ ਕਰਮਾਂ ਨੂੰ ਕਰਮ ਤੋਂ ਤਪ ਆਰਬਲਾ, ਦਾਨ ਨਸ਼ਟ ਹੋ ਜਾਂਦੇ ਹਨ।

238. ਕੀੜੀ ਨਿਆਈਂ ਧਰਮ ਥੋੜ੍ਹਾ-ਥੋੜ੍ਹਾ ਇਕੱਠਾ ਕਰੇ।

239. ਬਿਨਾਂ ਸਤ ਧਰਮ ਹੋਰ ਕੋਈ ਸਬੰਧੀ ਆਦਿ ਮਦਦ ਨਹੀਂ ਕਰ ਸਕਦਾ।

240. ਇਕੱਲਾ ਹੀ ਜਨਮ ਮਰਨ ਦੁਖ ਸੁਖ ਦੇ ਫਲਾਂ ਨੂੰ ਭੋਗਦਾ ਹੈ।

241. ਸਬੰਧੀ ਅਤੇ ਬਰਾਦਰੀ ਦੇ ਲੋਕ ਬਿਨਾਂ ਧਰਮ ਦੇ ਨਾਲ ਜਾ ਸਕਦੇ ਹਨ।

242. ਆਪਣੀ ਸਹਾਇਤਾ ਲਈ ਧਰਮ ਹੀ ਇਕੱਠਾ ਕਰੇ।

243. ਧਰਮ ਹੀ ਪੁਰਸ਼ ਨੂੰ ਸੁਰਗ ਵਿਚ ਲੈ ਜਾਂਦਾ ਹੈ।

244. ਕੁਲ ਦੀ ਵਡਿਆਈ ਸੰਤਾਂ ਦੀ ਸੰਗਤ ਅਤੇ ਸਾਕਤ ਦੇ ਤਿਆਗ ਤੋਂ ਹੁੰਦੀ ਹੈ।

245. ਭਲੇ ਪੁਰਸ਼ਾਂ ਦੇ ਸੰਬੰਧ ਅਤੇ ਨੀਚਾਂ ਦੇ ਤਿਆਗ ਤੋਂ ਵਡਿਆਈ ਹੈ ਨਹੀਂ ਤਾਂ ਸ਼ੂਦਰ ਹੈ।

246. ਅਡੋਲ ਚਿਤ, ਸਹਿਨਸ਼ੀਲ, ਇੰਦ੍ਰੇਜਿਤ ਨਾਲ ਸੰਬੰਧ ਨਾ ਕਰਨ ਵਾਲਾ ਆਤਮਘਾਤੀ ਅਤੇ ਕਿਸੇ ਦੀ ਹਿੰਸਾ ਨਾ ਕਰਨ ਵਾਲਾ ਸੁਖੀ ਰਹਿੰਦਾ ਹੈ।

247. ਅਨ ਮਾਂਗੇ ਲੱਕੜ, ਜਲ, ਫਲ, ਫੂਲ ਆਦਿ ਮਿਲਣ ਤਾਂ ਲੈ ਲਵੇ ਪਰ ਲੁੱਚੇ ਦੁਸ਼ਮਣ ਆਦਿਕਾਂ ਤੋਂ ਨਾ ਲਵੇ।

248. ਬ੍ਰਹਮਾ ਜੀ ਨੇ ਆਖਿਆ ਹੈ ਕਿ ਬਿਨਾਂ ਮੰਗੇ ਕੋਈ ਚੀਜ਼ ਮਿਲੇ ਤਾਂ ਸਿਵਾਏ ਪਤਿਤ ਜਾਤੀ ਦੇ ਹੋਰ ਸਭ ਤੋਂ ਲੈ ਲਵੇ।

249. ਜੋ ਅਜਿਹੀ ਚੀਜ਼ ਨੂੰ ਲੈਂਦਾ ਹੈ ਉਹਦਾ ਹਬ ਕਬ 15 ਸਾਲ ਤਾਈਂ ਦੇਵਤੇ ਨਹੀਂ ਲੈਂਦੇ।

250. ਮੰਜੀ, ਮਕਾਨ, ਮਛਲੀ, ਮਾਸ, ਦੁੱਧ, ਦਹੀਂ, ਪਾਣੀ, ਸਾਗ ਆਦਿਕਾਂ ਨੂੰ ਤਿਆਗ ਦੇਵੇ।

251. ਮਾਤਾ, ਪਿਤਾ, ਸੇਵਕ, ਇਸਤਰੀ ਦੇ ਦੁਖ ਨੂੰ ਦੂਰ ਕਰਨ ਲਈ ਅਤਿਥੀ ਭੋਜਨ ਕਰੇ ਪਤਿਤ ਜ਼ਾਤੀ ਦੇ ਸਿਵਾਏ ਸਭ ਕੋਲੋਂ ਲਵੇ ਪਰ ਆਪ ਨਾ ਖਾਏ।

252. ਮਾਤਾ ਪਿਤਾ ਦੀ ਮ੍ਰਿਤੂ ਦੇ ਪਿਛੇ ਜਾਂ ਜੀਂਵਦਿਆਂ ਕਿਸੇ ਹੋਰ ਥਾਂ ਆਪਣੀ ਜੀਵਕਾ ਭਲੇ ਪੁਰਸ਼ਾਂ ਕੋਲੋਂ ਕਰੇ।

253. ਖੇਤੀ ਕਰਨ ਵਾਲੇ ਸ਼ੂਦਰ ਦਾ ਅੰਨ ਖੇਤੀ ਦਾ ਮਾਲਕ ਖਾ ਸਕਦਾ ਹੈ ਜੋ ਦਾਸ ਅਰ ਟਹਿਲੂਆ ਹੋਵੇ ਉਸ ਦਾ ਅੰਨ ਖਾਣਾ ਉਚਿਤ ਨਹੀਂ ਹੈ।

254. ਸ਼ੂਦਰ ਆਪਣੀ ਕੁਲ ਰੂਪ ਅਤੇ ਕਰਤਬ ਜੋ ਕਰਦਾ ਹੈ ਜਾਂ ਕਰਨਾ ਚਾਹੇ ਦੱਸੇ।

255. ਜੋ ਆਪਣਾ ਆਪ ਛਪਾਉਂਦਾ ਹੈ ਉਹ ਚੋਰ ਆਤਮਾ ਹੈ।

256. ਬਾਣੀ ਸਾਰੇ ਅਰਥਾਂ ਦੀ ਮਾਂ ਹੈ ਉਹ ਜੋ ਇਸਨੂੰ ਲੁਕਾਉਂਦਾ ਹੈ ਉਹ ਸਭ ਚੀਜ਼ਾਂ ਦਾ ਚੋਰ ਹੈ।

257. ਦੇਵ, ਰਿਸ਼ੀ, ਪਿਤ੍ਰਾਂ ਤੋਂ ਛੁਟਕੇ ਦੁਨੀਆਂ ਦਾ ਤਿਆਗ ਕਰਕੇ ਸਭ ਕੁਝ ਪੁਤ੍ਰ ਨੂੰ ਦੇ ਦੇਵੇ ਅਤੇ ਆਪ ਸਭ ਨੂੰ ਏਕਤਾ ਦੀ ਨਜ਼ਰ ਨਾਲ ਵੇਖੇ।

258. ਏਕਾਂਤ ਵਿਚ ਆਤਮਾ ਕਲਿਆਣਕਾਰੀ ਦਾ ਧਿਆਨ ਕਰੇ।

259. ਬੁੱਧ ਬ੍ਰਿਧੀ ਲਈ ਅਸਨਾਤਕ ਵਰਤ ਅਰ ਬ੍ਰਾਹਮਣ ਗ੍ਰਹਸਤ ਦਾ ਨਿਤ ਬਰਤ ਦਸਿਆ ਹੈ।

260. ਵੇਦ ਸ਼ਾਸਤ੍ਰ ਦਾ ਗਿਆਤਾ ਪੰਡਿਤ ਪੂਰਬ ਉਕਤ ਰੀਤੀ ਨਾਲ ਸਾਰਿਆਂ ਪਾਪਾਂ ਤੋਂ ਛੁਟਕੇ ਬ੍ਰਹਮ ਲੋਕ ਵਿਚ ਪੂਜਨੀਯ ਹੁੰਦਾ ਹੈ।

ਮਨੂੰ ਜੀ ਦਾ ਧਰਮ ਸ਼ਾਸਤ੍ਰ ਭ੍ਰਿਗੁ ਜੀ ਦੀ ਸੰਘਤਾ ਦਾ
ਚੌਥਾ ਅਧਿਆਇ ਸਮਾਪਤ ਹੋਇਆ।

☆☆☆

# ਪੰਜਵਾਂ ਅਧਿਆਇ

1. ਅਸਨਾਤਕ ਧਰਮਾਂ ਨੂੰ ਸੁਣਕੇ ਰਿਸ਼ੀਆਂ ਨੇ ਭ੍ਰਿਗੂ ਜੀ ਤੋਂ ਇਹ ਗੱਲ ਪੁੱਛੀ।
2. ਵੇਦ ਸ਼ਾਸਤਰ ਦੇ ਗਿਆਤਾ ਅਤੇ ਕਰਨੀ ਵਾਲੇ ਬ੍ਰਾਹਮਣਾਂ ਦੀ ਮੌਤ ਕਿਉਂ ਹੁੰਦੀ ਹੈ ?
3. ਭ੍ਰਿਗੂ ਜੀ ਨੇ ਆਖਿਆ ਜਿਸ ਦੋਸ਼ ਤੋਂ ਬ੍ਰਾਹਮਣਾਂ ਦੀ ਮੌਤ ਹੁੰਦੀ ਹੈ ਸੁਣੋ:—
4. ਆਲਸ ਅਰ ਦੁਰਾਚਾਰ ਤੇ ਵੇਦ ਪਾਠ ਆਦਿਕਾਂ ਨੂੰ ਛੱਡਣ ਤੋਂ।
5. ਲਸਨ, ਗੰਢੇ, ਗਾਜਰ ਆਦਿਕ ਅਸ਼ੁੱਧ ਚੀਜ਼ਾਂ ਨੂੰ ਬ੍ਰਾਹਮਣ ਕਦੀ ਨਾ ਖਾਏ।
6. ਸਜਰ ਸੂ ਗਊ ਦਾ ਦੁੱਧ ਅਤੇ ਬ੍ਰਿਛਾਂ ਦੀ ਗੂੰਦ ਕਦੀ ਵੀ ਅੰਗੀਕਾਰ ਨਾ ਕਰੇ।
7. ਵਿਦਵਾਨ ਨੂੰ ਦਿੱਤੇ ਬਿਨਾਂ ਅਤੇ ਹਵਨ ਕੀਤੇ ਬਿਨਾਂ ਕੋਈ ਚੀਜ਼ ਅਤੇ ਮਾਸ ਬਿਨਾਂ ਦੇਵਤਿਆਂ ਦੇ ਦਾਨ ਦੇ ਕਦੀ ਵੀ ਨਾ ਖਾਏ।
8. ਗਊ ਦਾ ਦਸਾਂ ਦਿਨਾਂ ਤਕ ਅਤੇ ਹੋਰ ਇਤਿਆਦਿ ਦੁੱਧ ਕਦੀ ਵੀ ਨਾ ਪੀਵੇ।
9. ਮੱਝ ਤੋਂ ਸਿਵਾਏ ਹੋਰ ਦੁੱਧ ਅਤੇ ਉਹ ਚੀਜ਼ਾਂ ਜੋ ਸੁੱਤੇ ਹੀ ਖੱਟੀਆਂ ਹੋ ਜਾਣ ਨਾ ਖਾਏ।
10. ਪਰ ਦਹੀਂ ਜਾਂ ਇਸ ਤੋਂ ਬਣੀਆਂ ਚੀਜ਼ਾਂ ਜਾਂ ਪਾਣੀ ਤੋਂ ਉਤਪਤ ਫਲ ਫੂਲ ਮਨ੍ਹਾਂ ਨਹੀਂ।
11. ਭੇਡ, ਪਾਲਤੂ ਕਬੂਤਰ ਅਤੇ ਮਾਸ ਅਹਾਰੀ ਗਿਧ ਆਦਿ ਪੰਛੀਆਂ ਦਾ ਮਾਸ ਨਾ ਖਾਏ।
12. ਜਲ ਬਾਸੀ ਪੰਛੀ ਜਾਂ ਘਰਾਂ ਵਿਚ ਰਹਿਣ ਵਾਲੇ ਤੋਤਾ, ਮੈਨਾ, ਕਾਂਗ ਆਦਿਕ ਨਾ ਖਾਏ।
13. ਮੱਛੀ ਖਾਣ ਵਾਲੇ ਅਤੇ ਚੁੰਜ ਤੇ ਨਹੁੰ ਨਾਲ ਮਾਸ ਖਾਣ ਵਾਲੇ ਪੰਛੀ ਦਾ ਮਾਸ ਨਾ ਖਾਏ।
14. ਮੱਛੀ, ਬਗਲਾ, ਕਾਲ ਕਾਂ ਅਤੇ ਪਾਲਤੂ ਸੂਰ ਆਦਿਕਾਂ ਨੂੰ ਵੀ ਨਾ ਖਾਏ।
15. ਮੱਛੀ ਖਾਣ ਵਾਲਾ ਪੁਰਸ਼ ਸਾਰਿਆਂ ਮਾਸਾਂ ਨੂੰ ਖਾਂਦਾ ਹੈ ਇਸ ਲਈ ਮੱਛੀ ਨਾ ਖਾਉ।
16. ਸਭ ਪ੍ਰਕਾਰ ਦੇ ਸਰਪ ਆਦਿ ਅਤੇ ਬਾਂਦਰ ਆਦਿ ਨਾ ਖਾਓ।
17. ਗਜੀਵ ਸਿੰਘ ਤੁੰਡ ਆਦਿਕਾਂ ਨੂੰ ਬੜੀ ਲੋੜ ਦੇ ਵੇਲੇ ਹਵਨ ਕਰਕੇ ਖਾ ਸਕਦੇ ਹੋ।
18. ਪੰਜ ਨਹੁੰ ਵਾਲੇ ਗੋਰ, ਗੇਂਡਾ, ਕਛੂਆ ਆਦਿ ਅਤੇ ਖਾਣ ਯੋਗ ਹਨ ਊਠ ਤੋਂ ਸਿਵਾ

ਇਕ ਪਾਸੇ ਦੰਦ ਰੱਖਣ ਵਾਲਾ ਪਸ਼ੂਆਂ ਤੋਂ ਬਿਨਾਂ ਸਾਰੇ ਖਾਣੇ ਮਨ੍ਹਾਂ ਹਨ।

19. ਕੁਕੜ, ਲਸਨ, ਗੰਢੇ, ਗਾਜਰਾਂ ਅਤੇ ਪਿੰਡ ਦਾ ਸੂਰ ਖਾਣ ਤੋਂ ਪਤਿਤ ਹੋ ਜਾਂਦਾ ਹੈ।

20. ਜੇਕਰ ਭੁਲੇਖੇ ਨਾਲ ਖਾਏ ਵੀ ਜਾਣ ਤਾਂ ਚੰਦ੍ਰਾਇਣ ਬਰਤ ਕਰੇ ਅਤੇ ਬ੍ਰਿੱਛਾਂ ਦਾ ਖਾਣ ਤੋਂ ਇਕ ਦਿਨ ਫਾਕਾ ਕਰੇ।

21. ਭੁਲੇਖੇ ਨਾਲ ਅਯੋਗ ਭੋਜਨ ਹੋ ਜਾਵੇ ਤਾਂ ਇਕ ਕ੍ਰਿਛਿਰ ਬ੍ਰਤ ਵਰ੍ਹੇ ਵਿਚ ਕਰੇ।

22. ਯੱਗ ਲਈ ਅਤੇ ਨੌਕਰਾਂ ਲਈ ਹਛੇ ਪੰਛੀ ਹਰਨ ਆਦਿ ਮਾਰਨੇ ਅਗਸਤ ਰਿਸ਼ੀ ਨੇ ਕਹੇ ਹਨ।

23. ਪਿਛਲੇ ਸਮਿਆਂ ਵਿਚ ਯੱਗ ਵਾਸਤੇ ਹਰਨ ਹੀ ਮਾਰੇ ਜਾਂਦੇ ਸਨ।

24. ਘਿਓ ਦੀ ਤਲੀ ਹੋਈ ਅਤੇ ਹੱਥ ਦੀ ਬਣੀ ਹੋਈ ਚੀਜ਼ ਬੇਹੀ ਵੀ ਹੋਵੇ ਖਾਣੀ ਜੋਗ ਹੈ।

25. ਕਣਕ ਜਾਂ ਜੌਂ ਦੀ ਬਿਨਾਂ ਤਲੀ ਜਾਂ ਦੁੱਧ ਦੀ ਬਣੀ ਹੋਈ ਚੀਜ਼ ਬਾਸੀ ਹੋਵੇ ਭੋਜਨ ਕਰੋ।

26. ਉਪਰਲੀਆਂ ਖਾਣ ਦੇ ਜੋਗ ਅਤੇ ਅਯੋਗ ਦੱਸੀਆਂ ਹੋਈਆਂ ਹੁਣ ਮਾਸ ਦੀ ਬਾਬਤ ਦਸਦੇ ਹਾਂ।

27. ਯੱਗ ਤੋਂ ਬਚਿਆ ਹੋਇਆ ਮਾਸ ਭੋਜਨ ਕਰਨਾ ਚਾਹੀਦਾ ਹੈ ਜਾਂ ਭੁੱਖ ਤੋਂ ਜਾਨ ਜਾਂਦੀ ਹੋਵੇ ਤਾਂ ਖਾਣ।

28. ਬ੍ਰਹਮਾ ਜੀ ਨੇ ਆਖਿਆ ਹੈ ਕਿ ਅਸਥਾਵਰ ਜੰਗਮ ਚੀਜ਼ਾਂ ਜਾਨ ਦਾ ਭੋਜਨ ਹਨ।

29. ਚੋਰਾਂ ਦੇ ਅਚਰ, ਦਾੜ੍ਹਾਂ ਵਾਲਿਆਂ ਦੇ ਹਰਨ ਆਦਿ ਬਿਨਾਂ ਹੱਥ ਵਾਲੇ ਮੱਛੀ ਆਦਿ ਹੱਥਾਂ ਵਾਲਿਆਂ ਦੇ ਅਰ ਸਿੰਘ ਆਦਿਕਾਂ ਦੇ ਡਰਾਕਲ ਹਾਥੀ ਆਦਿ ਭੋਜਨ ਹਨ।

30. ਜੋਗ ਮਾਸ ਪ੍ਰਾਪਤ ਹੋਵੇ ਤਾਂ ਖਾ ਲੈਣ ਵਿਚ ਕੋਈ ਦੋਸ਼ ਨਹੀਂ।

31. ਯੱਗ ਵਿਚ ਖਾਣਾ ਦੇਵ ਬਿਧੀ ਅਤੇ ਬਿਨਾਂ ਯੱਗ ਰਾਖਸ ਬਿਧੀ ਹੈ।

32. ਕਿਸੇ ਤਰ੍ਹਾਂ ਪ੍ਰਾਪਤ ਹੋਇਆ ਮਾਸ ਦੇਵ ਜਾਂ ਪਿਤ੍ਰ ਕਰਮ ਕਰਕੇ ਖਾਣ ਤੋਂ ਦੋਸ਼ ਨਹੀਂ।

33. ਬਿਧੀ ਯੁਕਤ ਖਾਣਾ ਦੋਸ਼ ਨਹੀਂ ਪਰ ਬਿਧੀ ਬਿਨਾਂ ਉਹ ਪੰਛੀ ਉਸਦਾ ਮਾਸ ਖਾਣਗੇ।

34. ਮਾਸ ਵੇਚਕੇ ਨਿਰਬਾਹ ਕਰਨ ਵਾਲੇ ਨੂੰ ਇੰਨਾਂ ਪਾਪ ਨਹੀਂ ਜਿੰਨਾ ਕਿ ਬਿਨਾਂ ਜੁਗਤੀ ਖਾਧਾ ਜਾਏ।

35. ਜੋ ਅੰਤ ਸਮੇਂ ਮਾਸ ਖਾਂਦਾ ਹੈ ਪਰ ਦੇਵ ਅਰਚਨ ਨਹੀਂ ਕਰਦਾ ਉਹ 21 ਜੂਨ ਪਸ਼ੂ ਹੁੰਦਾ ਹੈ।

36. ਸ਼ਾਸਤ੍ਰ ਅਨੁਸਾਰ ਸੰਸਕਾਰ ਕੀਤੇ ਹੋਏ ਮਾਸ ਨੂੰ ਖਾਏ ਬਿਨਾਂ ਸੰਸਕਾਰ ਨਾ ਖਾਏ।

37. ਜਦੋਂ ਮਾਸ ਦੀ ਇੱਛਾ ਹੋਵੇ ਮਿੱਠੇ ਦਾ ਪਸ਼ੂ ਮਾਰ ਕੇ ਖਾ ਲਵੇ ਪਰ ਜੀਉਂਦਾ ਪਸ਼ੂ ਨਾ

ਮਾਰੇ।

38. ਜੋ ਆਦਮੀ ਬੇ-ਅਰਥ ਪਸ਼ੂ ਮਾਰਦਾ ਹੈ ਉਹ ਉਸਦੇ ਪਿੰਡੇ ਦੇ ਵਾਲ ਜਿੰਨਾ ਘੜੀ ਮਾਰਿਆ ਜਾਂਦਾ ਹੈ।

39. ਯੱਗ ਵਿਚ ਪਸ਼ੂ ਦਾ ਮਾਰਨਾ ਪਾਪ ਨਹੀਂ ਬ੍ਰਹਮਾ ਜੀ ਦਾ ਹੁਕਮ ਹੈ।

40. ਯੱਗ ਲਈ ਮਾਰੇ ਹੋਏ ਪਸ਼ੂ ਉੱਤਮ ਜਾਤੀ ਨੂੰ ਪ੍ਰਾਪਤ ਹੁੰਦੇ ਹਨ।

41. ਮਧ ਪਰਕ ਯੱਗ, ਦੇਵ, ਪਿਤ੍ਰ ਕਰਮਾਂ ਪਸ਼ੂ ਮਾਰਨਾ ਯੋਗ ਦੂਜਿਆਂ ਵਿਚ ਨਹੀਂ।

42. ਵੇਦ ਗਿਆਤਾ ਬ੍ਰਾਹਮਣ ਅਜਿਹੇ ਕਰਮਾਂ ਵਿਚ ਪਸ਼ੂ ਮਾਰੇ ਆਪ ਤੇ ਉਹਨੂੰ ਉੱਤਮ ਗਤ ਨੂੰ ਪੁਜਾਂਦਾ ਹੈ।

43. ਘਰ ਵਿਚ ਜੰਗਲ ਵਿਚ ਗੁਰੂ ਅਸਥਾਨ ਵਿਚ ਭਾਵੇਂ ਕਿੰਨੀ ਵੀ ਲੋੜ ਹੋਵੇ ਪਸ਼ੂ ਨਾ ਮਾਰੇ।

44. ਵੇਦ ਅਨੁਸਾਰ ਪਸ਼ੂ ਮਾਰਨਾ ਹਿੰਸਾ ਨਹੀਂ।

45. ਆਪਣੇ ਸੁਖ ਲਈ ਅਯੋਗ ਜੀਵਾਂ ਨੂੰ ਮਾਰਨਾ ਮਹਾਂ ਪਾਪ ਹੈ।

46. ਜੋ ਪੁਰਸ਼ ਕਿਸੇ ਜੀਵ ਨੂੰ ਪਕੜਨ, ਮਾਰਨ ਅਤੇ ਦੁੱਖ ਦੇਣ ਦੀ ਇੱਛਾ ਨਹੀਂ ਕਰਦਾ ਉਹੋ ਸੁਖ ਪਾਉਂਦਾ ਹੈ।

47. ਜੋ ਕਿਸੇ ਨੂੰ ਨਹੀਂ ਮਾਰਦਾ ਮਨ ਇੱਛਤ ਫਲ ਪਾਉਂਦਾ ਹੈ।

48. ਹਿੰਸਾ ਤੋਂ ਕਦੀ ਸੁਰਗ ਨਹੀਂ ਮਿਲਦਾ।

49. ਇਹਨਾਂ ਗੱਲਾਂ ਨੂੰ ਵਿਚਾਰ ਕੇ ਕਦੀ ਮਾਸ ਨਾ ਖਾਏ।

50. ਜੋ ਰਾਖਸ਼ ਬਿਧੀ ਮਾਸ ਨਹੀਂ ਖਾਂਦਾ ਉਹ ਸਭ ਨੂੰ ਪਿਆਰਾ ਹੈ।

51. ਖਾਣ, ਬਣਾਉਣ, ਵੇਚਣ ਆਦਿ ਕੰਮ ਕਰਨ ਵਾਲੇ ਪਾਪੀ ਹਨ।

52. ਜਿਹੜਾ ਦੂਜੇ ਮਾਸ ਤੋਂ ਆਪਣਾ ਮਾਸ ਵਧਾਨ ਦੀ ਇੱਛਾ ਕਰਦਾ ਹੈ ਵੱਡਾ ਪਾਪੀ ਹੈ।

53. ਅਸ਼ਮੇਧ ਜਗ ਸੌ ਸਾਲ ਤੱਕ ਕਰਨ ਵਾਲਾ ਅਤੇ ਮਾਸ ਨਾ ਖਾਣ ਵਾਲਾ ਤੁਲ ਹਨ।

54. ਮਨੂੰ ਜੀ ਆਖਦੇ ਹਨ ਜਿੰਨੀ ਬੁਧੀ ਤੇ ਸੁਖ ਖਾਣ ਤੋਂ ਵਧਦੇ ਹਨ ਉਨੇ ਨਾ ਖਾਣ ਤੋਂ।

55. ਵਿਦਵਾਨ ਲਿਖਦੇ ਹਨ ਕਿ ਜਿਸਦਾ ਮਾਸ ਖਾਧਾ ਜਾਏ ਉਹ ਉਸ ਦਾ ਖਾਂਦਾ ਹੈ।

56. ਸ਼ਰਾਬ, ਮਾਸ, ਇਸਤਰੀ ਭੋਗ ਆਦਿ ਅਗਿਆਨੀ ਪ੍ਰਵਿਰਤ ਹਨ ਪਰ ਇਸਦਾ ਤਿਆਗ ਫਲਦਾਤਾ ਹੈ।

57. ਹੁਣ ਚਹੁੰ ਵਰਨਾਂ ਦੀ ਪ੍ਰੇਤ ਸੁਧੀ ਅਰ ਅਸੁਧੀ ਨੂੰ ਦਸਦੇ ਹਨ :—

58. ਜਿਸ ਘਰ ਵਿਚ ਸੂਤਕ ਹੁੰਦਾ ਹੈ ਉਹਦੇ ਉਹ ਸਬੰਧੀ ਜਿੰਨਾਂ ਸੰਸਕਾਰ ਹੋ ਚੁੱਕੇ ਹਨ ਅਸ਼ੁਧ ਹਨ।

59. ਵੇਦ ਪਾਠੀ ਬ੍ਰਹਮ ਗਿਆਨੀ ਨੂੰ ਸੁਧੀ ਦੇ ਹਵਨ ਤੱਕ ਅਤੇ ਵੇਦ ਪਾਠੀ ਅਗਨੀ ਹੋਤ੍ਰੀ ਨੂੰ ਤਿੰਨ ਦਿਨ ਤਕ ਅਤੇ ਮੂਰਖ ਨੂੰ ਦਸ ਦਿਨ ਤਾਈਂ।

60. ਸਤਵੇਂ ਪੁਰਸ਼ ਵਿਚ ਸਪਿੰਡਤਾ ਦੂਰ ਹੋ ਜਾਂਦੀ ਹੈ ਅਤੇ ਜਦੋਂ ਜਨਮ ਨਾਮਕਾ ਦਾ ਗਿਆਨ਼ ਨਹੀਂ ਰਹਿੰਦਾ ਸਮਾਨੋਦਕਤਾ ਦੀ ਨਵਿਰਤੀ ਹੁੰਦੀ ਹੈ।

61. ਜਿਸ ਤਰ੍ਹਾਂ ਸਪਿੰਡੀਆਂ ਵਿਚ ਦਸ ਦਿਨ ਸੂਤਕ ਹੁੰਦਾ ਹੈ ਇਸੇ ਤਰ੍ਹਾਂ ਸੁਧੀ ਦੀ ਇੱਛਾ ਵਾਲੇ ਸਪਿੰਡਾਂ ਦੇ ਜਨਮ ਹੋਣ ਤੇ ਵੀ ਦਸ ਦਿਨ ਦਾ ਸੂਤਕ ਹੋ ਸਕਦਾ ਹੈ।

62. ਮਰਨ ਦਾ ਸੂਤਕ ਸਾਰਿਆਂ ਨੂੰ ਹੁੰਦਾ ਹੈ ਪਰ ਜਨਮ ਦਾ ਮਾਤਾ ਅਤੇ ਪਿਤਾ ਨੂੰ ਹੁੰਦਾ ਹੈ।

63. ਜੇ ਅਚਨਚੇਤ ਬੀਰਜ ਪਤਿਤ ਹੋ ਜਾਵੇ ਤਾਂ ਇਸ਼ਨਾਨ ਕਰਕੇ ਸੁਧ ਹੋਵੇ ਵਿਭਚਾਰ ਇਸਤਰੀ ਦੇ ਘਰ ਪੁੱਤਰ ਹੋਣ ਤੇ ਤਿੰਨ ਦਿਨ ਤਾਈਂ ਸੂਤਕ ਹੁੰਦਾ ਹੈ।

64. ਮ੍ਰਿਤਕ ਦੇ ਨਾਲ ਛੋਹਨ ਵਾਲਾ ਅਤੇ ਉਹਦੇ ਘਰ ਦਾ ਪਾਣੀ ਪੀਣ ਵਾਲੇ ਤਿੰਨ ਦਿਨ ਤਾਈਂ ਸੁਧ ਹੁੰਦੇ ਹਨ।

65. ਗੁਰੂ ਦੇ ਮਰਨ ਤੋਂ ਪਿਛੋਂ ਚੇਲਾ 10 ਦਿਨ ਵਿਚ ਸੁਧ ਹੁੰਦਾ ਹੈ।

66. ਗਰਭ ਪਤਿਤ ਹੋਵੇ ਜਾਂ ਹੈਜ਼ ਆਵੇ ਇਸ਼ਨਾਨ ਕਰਨ ਤੋਂ ਸੁੱਧ ਹੋ ਜਾਂਦੀ ਹੈ।

67. ਸੰਸਕਾਰ ਨਾ ਹੋ ਕੇ ਮਰਨ ਵਾਲੇ ਦਾ ਸੂਤਕ ਇਕ ਦਿਨ ਰਾਤ ਅਰ ਦੂਜੇ ਦਾ ਤਿੰਨ ਰਾਤ ਤਾਈਂ।

68. ਦੋ ਮਹੀਨੇ ਦੇ ਬਚੇ ਦੇ ਮਰਨ ਤੇ ਸਾੜਨਾ ਨਹੀਂ ਚਾਹੀਏ ਕੇਵਲ ਦੱਬ ਦੇਣਾ ਠੀਕ ਹੈ।

69. ਬਹੁਤ ਛੋਟੇ ਬੱਚਿਆਂ ਨੂੰ ਕੇਵਲ ਜੰਗਲ ਵਿਚ ਛੱਡ ਆਉਣਾ ਹੀ ਠੀਕ ਹੈ।

70. ਜਿਹੜਾ ਤਿੰਨਾਂ ਵਰ੍ਹਿਆਂ ਤੋਂ ਘੱਟ ਹੋਵੇ ਉਸ ਦਾ ਵੀ ਦਾਹ ਮਨ੍ਹਾਂ ਹੈ ਜਲ ਪਰਵਾਹ ਕਰ ਦੇਣਾ ਚਾਹੀਏ।

71. ਰਲਕੇ ਪੜ੍ਹਨ ਵਾਲੇ ਦੇ ਮਰਨ ਦਾ ਇਕ ਦਿਨ ਅਤੇ ਜਨਮ ਦਾ ਤਿੰਨ ਰਾਤ ਤੱਕ।

72. ਇਸਤਰੀ ਵਿਆਹੀ ਹੋਈ ਦੇ ਮਰਨ ਤੋਂ ਪਤੀ ਤਿੰਨ ਦਿਨ ਅਤੇ ਕਵਾਰੀ ਦੇ ਮਰਨ ਪਿਛੋਂ ਮਾਤਾ ਪਿਤਾ ਵੀ ਤਿੰਨ ਦਿਨ ਤਾਈਂ ਸੁਧ ਹੁੰਦੇ ਹਨ।

73. ਖਾਰਾ ਲੂਣ ਨਾ ਖਾਓ ਅਤੇ ਮਾਸ ਨਾ ਖਾਓ ਤਿੰਨ ਦਿਨ ਨਦੀ ਤੇ ਇਸ਼ਨਾਨ ਅਤੇ ਧਰਤੀ ਤੇ ਸਵੇਂ।

74. ਕੋਲ ਦੇ ਸਬੰਧੀਆਂ ਦਾ ਸੂਤਕ ਦਸਿਆ ਗਿਆ ਹੈ ਹੁਣ ਦੂਰ ਦਿਆਂ ਦਾ ਦਸਦੇ ਹਾਂ :—

75. ਦੂਰ ਦੇਸ਼ ਤੋਂ ਸਬੰਧੀ ਦੇ ਮਰਨ ਦੀ ਖਬਰ ਆਵੇ ਤਾਂ ਜਿੰਨੇ ਦਿਨ ਦਸ਼ਾ ਵਿਚ ਬਾਕੀ ਹਨ ਸੂਤਕ ਰਖੇ।

76. ਜੇਕਰ ਦਸਾਂ ਦਿਨਾ ਪਿਛੋਂ ਸੁਣੇ ਤਾਂ ਤਿੰਨ ਦਿਨ ਸੂਤਕ ਜਾਂ ਵਰ੍ਹੇ ਪਿਛੋਂ ਸੁਣੇ ਤਾਂ ਕੇਵਲ ਇਸ਼ਨਾਨ ਹੀ ਠੀਕ ਹੈ।

77. ਸਬੰਧ ਵਿਚ ਦਹਾਕਿਉਂ ਪਿਛੋਂ ਕੋਈ ਮ੍ਰਿਤੂ ਹੋਵੇ ਤਾਂ ਬਸਤਰਾਂ ਸਮੇਤ ਇਸ਼ਨਾਨ ਹੀ ਬਸ ਹੈ।

78. ਇਸੇ ਤਰ੍ਹਾਂ ਜੇ ਸਮਾਨੋਦਕ ਬਾਲ ਦੀ ਮ੍ਰਿਤੂ ਦੀ ਖਬਰ ਆਵੇ ਤਾਂ ਵੀ ਇਸ਼ਨਾਨ ਹੀ ਕਰਨਾ।

79. ਇਕ ਦੇ ਜਨਮ ਵਿਚ ਦੂਜੇ ਦਸਾਂ ਦਿਨ ਵਿਚ ਜਨਮ ਅਰ ਇਕ ਮ੍ਰਿਤੂ ਦੋ ਦਹਾਕੇ ਅੰਦਰ ਦੂਜੀ ਮ੍ਰਿਤੂ ਹੋਵੇ ਤਾਂ ਪਹਿਲਾਂ ਸੂਤਕ ਮੁਕ ਜਾਨ ਤੋਂ ਦੂਜਾ ਸ਼ੁਰੂ ਹੋ ਜਾਂਦਾ ਹੈ।

80. ਅਚਾਰੀਆ ਦੀ ਮ੍ਰਿਤੂ ਦਾ ਸੂਤਕ ਤਿੰਨ ਦਿਨ ਪਰ ਉਹਦੇ ਸਰਬੰਧੀਆਂ ਦੀ ਮ੍ਰਿਤੂ ਦਾ ਸੂਤਕ ਕੇਵਲ 1 ਦਿਨ।

81. ਵੇਦ ਸ਼ਾਸਤ੍ਰ ਦੇ ਗਿਆਤਾ ਮਿਤ੍ਰ ਦੀ ਮ੍ਰਿਤੂ ਦਾ ਤਿੰਨ ਦਿਨ ਸੂਤਕ ਅਤੇ ਸ਼ਾਮਾਚਲ ਆਦਿ ਭਾਈ ਬੰਧ ਦੀ ਮ੍ਰਿਤੂ ਤੋਂ ਪਹਿਲਾਂ ਤੇ ਪਿਛਲੇ ਦਿਨ ਸੂਤਕ ਹੁੰਦਾ ਹੈ।

82. ਰਾਜਾ ਅਤੇ ਮੂਰਖ ਬ੍ਰਾਹਮਣ ਆਦਿਕਾਂ ਦਾ ਸੂਤਕ ਇਕ ਦਿਨ ਅਰਥਾਤ ਜੇ ਦਿਨੇ ਮਰੇ ਤਾਂ ਸਾਰਾ ਦਿਨ ਜੇ ਰਾਤ ਮਰੇ ਤਾਂ ਸਾਰੀ ਰਾਤ ਵਿਦਿਆਰਥੀ ਉਪਰਲੀ ਜੁਗਤੀ।

83. ਬ੍ਰਾਹਮਣ 10 ਦਿਨ ਵਿਚ ਅਤੇ ਖਤਰੀ 12 ਦਿਨ ਵੈਸ਼ 15 ਦਿਨ ਸ਼ੂਦਰ 30 ਦਿਨ ਵਿਚ ਸੁਧ ਹੁੰਦੇ ਹੈ।

84. ਅਗਨੀ ਹੋਤ੍ਰੀ ਕਰਮਾਂ ਨੂੰ ਛੱਡਣਾ ਯੋਗ ਨਹੀਂ ਇਸ ਦੇ ਕਰਨ ਤੋਂ ਅਸੁਧੀ ਨਹੀਂ ਰਹਿੰਦੀ।

85. ਚੰਡਾਲ ਹੈਜ਼ ਵਾਲੀ ਇਸਤਰੀ ਜਾਂ ਪ੍ਰਸੂਤਾ ਇਸਤਰੀ ਮੁਰਦੇ ਨਾਲ ਛੋਹ ਕੇ ਇਸ਼ਨਾਨ ਕਰਨਾ ਪਵਿੱਤਰ ਕਰਦਾ ਹੈ।

86. ਅਸੁਧੀ ਪ੍ਰਤੀਤ ਹੋਣ ਤੋਂ ਬਿਧੀ ਪੂਰਬਕ ਆਚਮਨ ਕਰਕੇ ਸੂਰਜ ਮੰਤਰਾਂ ਦਾ ਜਪ ਕਰੇ।

87. ਸੁਕ ਜਾਂ ਗਿੱਲ ਹੱਡੀ ਦੇ ਲਗ ਜਾਣ ਤੋ ਕੇਵਲ ਗਊ ਜਾਂ ਸੂਰਜ ਦੇ ਦਰਸ਼ਨ ਨਾਲ ਸੁਧੀ ਹੁੰਦੀ ਹੈ।

88. ਬ੍ਰਹਮਚਾਰੀ ਜਿਸਦਾ ਅਜੇ ਬ੍ਰਤ ਪੂਰਾ ਨਾ ਹੋਵੇ ਕਿਸੇ ਨੂੰ ਜਲ ਨਾ ਦੇਵੇ ਪਿਛੋਂ ਜਲ ਦੇ ਕੇ ਤਿੰਨ ਦਿਨਾਂ ਤੱਕ ਸੁਧ ਹੋ ਸਕਦਾ ਹੈ।

89. ਅਧਰਮੀ ਪੁਰਸ਼ ਅਤੇ ਝੂਠੇ ਸੰਨਿਆਸੀ ਸ਼ਾਸਤ੍ਰ ਵਿਰੋਧੀ ਆਤਮਘਾਤੀ ਪੁਰਸ਼ ਦੇ ਮਰਨ ਪਿਛੋਂ ਜਲ ਨਾ ਦਿਓ।

90. ਪਾਖੰਡੀ ਸੁਤੰਤ੍ਰ ਵਿਭਚਾਰ ਇਸਤਰੀ ਅਤੇ ਸ਼ਰਾਬ ਪੀਣ ਵਾਲੀ ਦੇ ਮਰਨ ਵਿਚ ਜਲ

ਨਾ ਦਿਓ।

91. ਅਚਾਰੀਆ, ਮਾਤਾ ਪਿਤਾ, ਗੁਰੂ ਆਦਿ ਦੇ ਦਾਹ ਕਰਨ ਤੋਂ ਬ੍ਰਹਮਚਾਰ ਦਾ ਬਰਤ ਭ੍ਰਿਸ਼ਟ ਨਹੀਂ ਹੁੰਦਾ।

92. ਸ਼ਹਿਰ ਦੇ ਚਹੁੰ ਦਰਵਾਜਿਆਂ ਦੀ ਰਾਹੀਂ ਚਹੁੰ ਵਰਨਾਂ ਦੇ ਮੁਰਦੇ ਲਿਜਾਓ।

93. ਰਾਜਾ, ਬ੍ਰਹਮਚਾਰੀ, ਚੰਦ੍ਰਾਇਣ ਬਰਤੀ ਇਹਨਾਂ ਤਿੰਨਾਂ ਨੂੰ ਸੂਤਕ ਨਹੀਂ ਲੱਗਦਾ ਹੈ।

94. ਰਾਜਾ ਬਿਨਾਂ ਨਿਆਇ ਦੇ ਅਤੇ ਪਰਜਾ ਪਾਲਨ ਦੇ ਸੁੱਧ ਨਹੀਂ ਹੋ ਸਕਦਾ।

95. ਗਊ ਬ੍ਰਾਹਮਣ ਦੀ ਰਖਿਆ ਲਈ ਅਤੇ ਰਾਜਾ ਦੀ ਆਗਿਆ ਨਾਲ ਜੋਗ ਪੁਰਸ਼ਾਂ ਦੇ ਮਰਨ ਤੋਂ ਕੋਈ ਸੂਤਕ ਨਹੀਂ ਅਤੇ ਬਿਜਲੀ ਨਾਲ ਮੋਏ ਪੁਰਸ਼ ਦਾ ਸੂਤਕ ਨਹੀਂ।

96. ਚੰਦ੍ਰਮਾ, ਅਗਨੀ ਸੂਤਕ ਬੇਰ ਆਦਿਕਾਂ ਦੇ ਬਰਨ ਨੂੰ ਰਾਜਾ ਧਾਰਨ ਕਰਦਾ ਹੈ।

97. ਰਾਜਾ ਨੇਹਕਲੰਕ ਪਰਜਾ ਪਾਲਕ ਹੁੰਦੇ ਹਨ ਇਸ ਲਈ ਇਹਨਾਂ ਨੂੰ ਸੂਤਕ ਨਹੀਂ ਹੁੰਦਾ।

98. ਲੜਾਈ ਵਿਚ ਮਰਨ ਵਾਲਾ ਖੱਤਰੀ ਧਰਮੀ ਹੀ ਹੈ।

99. ਕਿਰਜਾ ਦੇ ਸੂਤਕ ਤੋਂ ਪਿਛੋਂ ਬ੍ਰਾਹਮਣ ਜਲ ਖਤਰੀ ਹਥਿਆਰ ਵੈਸ਼ ਪੀਨਾ ਸ਼ੂਦਰ ਲਾਠੀ ਆਦਿ ਤੋਂ ਸੁਧ ਹੋ ਜਾਵੇ।

100. ਸਪਿੰਡੀਆਂ ਦਾ ਸੂਤਕ ਦੱਸਿਆ ਗਿਆ ਹੈ ਹੁਣ ਪ੍ਰੇਤ ਸੁਧੀ ਦਸਦੇ ਹਾਂ:

101. ਅਸਪਿੰਡ ਬ੍ਰਾਹਮਣ ਨੂੰ ਮਰਘਟ ਤਾਈਂ ਲੈ ਜਾਣ ਤੋਂ ਮਾਮਾ ਮਾਸੀ ਆਦਿਕਾਂ ਪਿਛੋਂ ਤਿੰਨਾਂ ਦਿਨਾਂ ਵਿਚ ਸੁਧ ਹੋ ਸਕਦਾ ਹੈ।

102. ਮਰੇ ਹੋਏ ਸਪਿੰਡ ਦੇ ਘਰ ਭੋਜਨ ਕਰਨ ਤੋਂ 10 ਦਿਨ ਤਕ ਅਰ ਅੰਨ ਨਾ ਕਰੇ ਤਾਂ 1 ਦਿਨ ਵਿਚ ਸੁੱਧ ਹੁੰਦਾ ਹੈ।

103. ਮੁਰਦਾ ਭਾਵੇਂ ਕੌਣ ਹੋਵੇ ਉਹਦੇ ਨਾਲ ਛੋਹਕੇ ਇਸ਼ਨਾਨ ਕਰਨ ਤੋਂ ਸੁਧ ਹੋ ਜਾਂਦਾ ਹੈ।

104. ਬ੍ਰਾਹਮਣ ਮੁਰਦੇ ਨੂੰ ਸ਼ੂਦਰ ਨਾ ਲਿਜਾਏ ਕਿਉਂਕਿ ਅਹੂਤੀ ਅਗਨੀ ਵਿਚ ਦੇਣਾ ਸੁਰਗ ਵਾਸਤੇ ਨਹੀਂ ਹੁੰਦਾ।

105. ਗਿਆਨ, ਤਪ, ਅਗਨੀ, ਅਹਾਰ, ਮੱਟੀ, ਸੂਰਜ, ਜਲ ਆਦਿਕ ਸੁਧ ਕਰਨ ਵਾਲੇ ਹਨ।

106. ਸਚਾਈ ਨਾਲ ਧਨ, ਇਕੱਤ੍ਰ ਕਰਨਾ ਪਵਿੱਤ੍ਰਤਾ ਹੈ ਜਿਸਦਾ ਧਨ ਪਵਿੱਤ੍ਰ ਨਹੀਂ ਭਾਵੇਂ ਉਹ ਕਿਸੇ ਤਰ੍ਹਾਂ ਵੀ ਪਵਿੱਤ੍ਰ ਹੋਵੇ ਪਵਿੱਤ੍ਰ ਨਹੀਂ ਹੋ ਸਕਦਾ ਹੈ।

107. ਪੰਡਿਤ ਖਿਮਾਂ ਤੋਂ, ਅਧਰਮੀ ਦਾਨ ਤੋਂ, ਪਾਪੀ ਜਪ ਕਰਨ ਤੋਂ, ਵੇਦ ਪਾਠੀ ਤਪ ਤੋਂ ਪਵਿੱਤ੍ਰ ਹੋ ਜਾਂਦਾ ਹੈ।

108. ਅਸ਼ੁਧ ਚੀਜ਼ਾਂ ਮਿੱਟੀ ਤੇ ਪਾਣੀ ਤੋਂ, ਵਿਭਚਾਰ ਇਸਤਰੀ ਹੈਜ਼ ਤੋਂ, ਬ੍ਰਾਹਮਣ ਸੰਨਿਆਸ ਤੋਂ ਪਵਿੱਤ੍ਰ ਹੁੰਦਾ ਹੈ।

109. ਪਾਣੀ ਤੋਂ ਸਰੀਰ, ਸੱਚ ਤੋਂ ਮਨ, ਜੀਵਾਤਮਾ ਤਪ ਤੋਂ ਅਤੇ ਬੁਧੀ ਗਿਆਨ ਤੋਂ ਸੁਧ ਹੁੰਦੇ ਹਨ।

110. ਹੇ ਰਿਸ਼ੀਓ! ਸਰੀਰ ਦੀ ਸੁਧੀ ਦਾ ਢੰਗ ਦੱਸਕੇ ਹੁਣ ਭਾਂਤ-ਭਾਂਤ ਦੀਆਂ ਦੀ ਸੁਧੀ ਦਸਦੇ ਹਾਂ:—

111. ਮਿੱਟੀ ਦੇ ਭਾਂਡਿਆਂ ਤੋਂ ਛੁੱਟ ਹੋਰ ਸਭ ਪ੍ਰਕਾਰ ਦੀਆਂ ਧਾਤਾਂ ਦੇ ਭਾਂਡੇ ਪਾਣੀ ਮਿੱਟੀ ਤੋਂ ਸੁਧ ਹੁੰਦੇ ਹਨ।

112. ਜਿਸ ਭਾਂਡੇ ਵਿਚ ਰੇਖਾ ਨਹੀਂ ਹਨ ਉਹ ਕੇਵਲ ਪਾਣੀ ਤੋਂ ਸੁੱਧ ਹੁੰਦੇ ਹਨ।

113. ਸੋਨਾ, ਚਾਂਦੀ, ਅੱਗ, ਪਾਣੀ ਦੇ ਮੇਲ ਤੋਂ ਪ੍ਰਗਟ ਹੁੰਦੇ ਹਨ ਇਸ ਲਈ ਪਾਣੀ ਤੋਂ ਪਵਿੱਤ੍ਰਤਾ ਹੱਛੀ ਹੈ।

114. ਤਾਂਬਾ, ਪਿੱਤਲ, ਲੋਹਾ ਆਦਿ ਧਾਤਾਂ ਸੁੱਧੀ ਖੱਟੀ, ਮਿੱਠੀ ਅਰ ਜਲ ਤੋਂ ਹੁੰਦੀ ਹੈ।

115. ਸਾਰੇ ਘਿਓ ਆਦਿ ਢਲਣ ਵਾਲੇ ਪਦਾਰਥ ਦੂਸ਼ਤ ਹੋ ਜਾਣ ਤਾਂ ਦੋ ਗਿੱਠਾਂ ਕੁਸ਼ਾ ਸਾੜ ਦੇਣ ਤੋਂ ਸੁੱਧ ਹੋ ਜਾਂਦੀ ਹੈ ਮੰਜੀ ਤੇ ਅਸ਼ੁੱਧ ਚੀਜ਼ ਪੈ ਜਾਏ ਤਾਂ ਪਾਣੀ ਦੇ ਛਿੱਟੇ ਦਿਓ ਅਤੇ ਕਾਠ ਦੀ ਚੀਜ਼ ਛਿਲ ਕੇ ਖਾਣੀ ਚਾਹੀਏ।

116. ਯੱਗ ਦੇ ਭਾਂਡੇ ਹੱਥਾਂ ਨਾਲ ਸੁੱਧ ਕਰੋ।

117. ਮੂਲੀ ਉਖਲੀ ਆਦਿ ਗਰਮ ਪਾਣੀ ਤੋਂ ਪਵਿੱਤ੍ਰ ਹੁੰਦੇ ਹਨ।

118. ਕੱਪੜੇ ਬਹੁਤੇ ਹੋਣ ਤਾਂ ਛਿੱਟਾਂ ਪਾਣੀ ਦੀਆਂ ਦਿਓ ਜੇਕਰ ਥੋੜ੍ਹੇ ਹੋਣ ਤਾਂ ਧੋ ਲਓ।

119. ਛੋਹਣ ਜੋਗਾ ਪਸ਼ੂਆਂ ਦਾ ਚੰਮ, ਬਾਂਸ ਦੇ ਭਾਂਡੇ ਦੇ ਸੁੱਧੀ ਬਸਤ੍ਰਾਂ ਵਾਂਗ ਅਤੇ ਸਾਗਾ ਫਲ ਆਦਿ ਅਨਾਜ ਵਾਂਗ ਸੁੱਧੀ ਹੋ ਜਾਂਦੀ ਹੈ।

120. ਪਟ ਅਤੇ ਉਨ੍ਹਾਂ ਦੇ ਬਸਤ੍ਰ ਮਿੱਟੀ ਖਾਰੀ ਤੋਂ ਕਮਲ ਰੇਠੇ ਤੋਂ ਇਤ੍ਰ ਪ੍ਰਕਾਰ ਦੇ ਸਰੋਂ ਆਦਿਕ ਤੋਂ।

121. ਸੰਖ, ਹਾਥੀ ਦੰਦ, ਸਿੰਗ ਅਰ ਹੱਡੀ ਦੇ ਭਾਂਡੇ ਗਊਤ੍ਰ ਅਤੇ ਪਾਣੀ ਤੋਂ ਸੁੱਧ ਹੁੰਦੇ ਹਨ।

122. ਮਿੱਟੀ ਦਾ ਭਾਂਡਾ ਅੱਗ ਵਿਚ ਘਾਹ ਆਦਿ ਪਾਣੀ ਛਿੜਕਣ ਤੋਂ ਅਰ ਲੇਪਨ ਤੋਂ ਸੁੱਧ ਹੁੰਦੇ ਹਨ।

123. ਸ਼ਰਾਬ, ਪੇਸ਼ਾਬ ਆਦਿ ਗੰਦੀਆਂ ਚੀਜ਼ਾਂ ਲੱਗਣ ਤੋਂ ਅਸੁਧ ਭਾਂਡਾ ਅੱਗ।

124. ਗੋਬਰ ਮਿੱਟੀ ਦੇ ਲੇਪ ਝਾੜੂ ਆਦਿ ਦੇਣ ਤੋਂ ਧਰਤੀ ਸੁੱਧ ਹੁੰਦੀ ਹੈ।

125. ਪੰਛੀ ਦਾ, ਗਊ ਦਾ ਜੂਠਾ ਪੈਰ ਲਗਨ, ਨਿੱਛ ਪੈਣ ਤੋਂ ਜਾਂ ਕੀੜੇ ਪੈਣ ਤੋਂ ਭਾਂਡਾ ਜਾਂ

ਚੀਜ਼ ਅਸ਼ੁੱਧ ਹੋ ਗਈ ਹੋਵੇ ਉਹ ਮਿੱਟੀ ਅਤੇ ਪਾਣੀ ਤੋਂ ਸ਼ੁੱਧ ਹੁੰਦੀ ਹੈ।

126. ਅਸ਼ੁੱਧ ਚੀਜ਼ ਦੇ ਸੰਬੰਧ ਤੋਂ ਦੂਜੀ ਚੀਜ਼ ਅਪਵਿੱਤ੍ਰ ਤਾਂ ਸ਼ੁੱਧ ਹੁੰਦੀ ਹੈ ਜਾਂ ਮਿੱਟੀ ਅਤੇ ਪਾਣੀ ਮਲਿਆ ਜਾਏ।

127. ਬ੍ਰਾਹਮਣਾਂ ਲਈ ਤਿੰਨ ਪਵਿੱਤ੍ਰ ਚੀਜ਼ਾਂ ਹਨ ਪਾਣੀ ਤੋਂ ਧੋਤੀ ਅਤੇ ਸ੍ਰੇਸ਼ਟ ਅਤੇ ਬਿਨਾਂ ਵੇਖੀ।

128. ਪਾਣੀ ਰੰਗ ਸੁਗੰਧੀ ਵਾਲਾ ਅਤੇ ਖੁਲਾ ਏਨੇ ਟੋਏ ਵਿਚ ਹੋਵੇ ਕਿ ਗਾਂ ਦੀ ਤ੍ਰੇਹ ਦੂਰ ਕਰ ਸਕੇ ਉਹ ਪਵਿੱਤਰ ਹੈ।

129. ਬ੍ਰਹਮਚਾਰੀ ਦੀ ਭਿੱਖਯਾ ਦੀ ਚੀਜ਼ ਕਾਰੀਗਰ ਦੇ ਹੱਥਾਂ ਦੀ ਅਰ ਪਸਾਰੀ ਦੀ ਚੀਜ਼ ਸ਼ੁੱਧ ਹੈ।

130. ਭੋਗ ਸਮੇਂ ਇਸਤਰੀ ਦਾ ਮੂੰਹ ਫਲ ਸੁਟਣ ਵਿਚ ਪੰਛੀ ਦੁੱਧ ਚੁੰਘਦਾ ਵੱਛਾ, ਹਰਨ ਮਾਰ ਕੁੱਤਾ।

131. ਕੁੱਤਾ, ਸ਼ੇਰ, ਬਾਜ ਆਦਿਕਾਂ ਦਾ ਮਾਰਿਆ ਹੋਇਆ ਮਾਸ ਪਵਿੱਤ੍ਰ ਹੈ।

132. ਧੁੰਨੀ ਤੋਂ ਉਤਲੇ ਜੋੜ ਪਵਿੱਤ੍ਰ ਅਤੇ ਹੇਠਲੇ ਅਸੁਧ ਅਤੇ ਜੋ ਗੰਦ ਅੰਦਰੋਂ ਨਿਕਲੇ ਉਹ ਵੀ ਅਸੁਧ।

133. ਮੱਖੀ, ਪਾਣੀ ਦੀ ਬੂੰਦ, ਛਾਂ, ਗਊ, ਘੋੜਾ, ਸੂਰਜ ਦੀਆਂ ਕਿਰਨਾ, ਧੂੜ, ਅੱਗ, ਪੌਣ ਇਹ ਸਾਰੀਆਂ ਸੁਧ ਹਨ।

134. ਮਲ ਮੂਤ੍ਰਾਦਿ ਗੰਦੀਆਂ ਚੀਜ਼ਾਂ ਦੇ ਛੋਹਣ ਤੋਂ ਪਾਣੀ ਅਤੇ ਮਿੱਟੀ ਲਾ ਕੇ ਸੁਧ ਕਰੋ।

135. ਮਨੁਖ ਸਰੀਰ ਵਿਚ ਬਾਰਾਂ ਮਲਾਂ ਚਰਬੀ, ਬੀਜ, ਲਹੂ, ਮਿਝ, ਮਲ, ਮੂਤ੍ਰ, ਖੰਘਾਰ ਆਦਿ।

136. ਇੰਦ੍ਰੀ ਅਤੇ ਗੁਦਾ ਨੂੰ ਮਿੱਟੀ ਪੰਜ ਚਾਰ ਵਾਰੀ ਮਲ ਕੇ ਧੋਣ ਤੋਂ ਸੁਧੀ ਹੁੰਦੀ ਹੈ ਹੱਥਾਂ ਨੂੰ ਸੱਤ ਵਾਰੀ ਧੋਵੇ।

137. ਇਹ ਪਵਿੱਤ੍ਰਤਾ ਗ੍ਰਹਸਤੀਆਂ ਲਈ ਹੈ ਬ੍ਰਹਮਚਾਰੀਆਂ ਨੂੰ ਦੂਣਾ ਬਾਨ ਪ੍ਰਸਤੀਆਂ ਨੂੰ ਤਿੰਨ ਗੁਣਾਂ, ਸੰਨਿਆਸੀ ਨੂੰ ਚਾਰ ਗੁਣਾਂ ਕਰਨੀ ਜੋਗ ਹੈ।

138. ਮਲ ਮੂਤ੍ਰ ਤਿਆਗ ਕੇ ਆਚਮਨ ਕਰੇ ਅਤੇ ਵੇਦ ਪੜ੍ਹਨ ਤੇ ਖਾਣ ਲਗਿਆਂ ਭੀ ਆਚਮਨ ਕਰੇ।

139. ਸਰੀਰ ਦੀ ਸੁਧੀ ਲਈ ਤਿੰਨ ਵਾਰੀ ਇਸਤਰੀ ਅਤੇ ਸ਼ੂਦਰ ਇਕ ਵਾਰੀ ਮੂੰਹ ਧੋ ਕੇ ਆਚਮਨ ਕਰੇ।

140. ਨਿਆਇਕ ਸ਼ੂਦਰ ਨੂੰ ਮਹੀਨੇ ਵਿਚ ਇਕ ਵਾਰੀ ਹਜਾਮਤ ਅਤੇ ਪਵਿੱਤ੍ਰਤਾ ਵੈਸ਼ ਦੀ

ਨਿਆਈਂ ਅਤੇ ਭੋਜਨ ਉਸਦਾ ਸੀਤ ਪ੍ਰਸਾਦਿ ਬ੍ਰਾਹਮਣ ਦਾ ਹੈ।

141. ਥੁੱਕ ਦੀ ਛਿੱਟ ਕਿਧਰੇ ਪੈ ਜਾਏ ਮੁੱਛ ਦਾ ਵਾਲ ਮੂੰਹ ਵਿਚ ਜਾਣਾ ਅਤੇ ਦੰਦਾਂ ਨਾਲ ਲੱਗੀ ਚੀਜ਼ ਸੁਧ ਹੈ।

142. ਆਚਮਨ ਕਰਨ ਵਾਲੇ ਦੇ ਪੈਰ ਅਤੇ ਕਰਨ ਵਾਲੇ ਦੀ ਛਿੱਟ ਪੈ ਜਾਏ ਅਸੁਧ ਨਹੀਂ ਹੁੰਦੀ।

143. ਕੋਈ ਚੀਜ਼ ਝੂਠੇ ਪੁਰਸ਼ ਨਾਲ ਛੂਹ ਜਾਏ ਤਾਂ ਉਸ ਨੂੰ ਹੱਥ ਵਿਚ ਰਖ ਕੇ ਆਚਮਨ ਕਰੋ ਸੁਧ ਹੋ ਜਾਏਗੀ।

144. ਉਲਟੀ ਕਰਨ ਵਾਲਾ ਜਲਾਬੀ ਇਸ਼ਨਾਨ ਕਰੇ ਘਿਓ ਖਾਏ ਅੰਨ ਆਦਿ ਭੋਜਨ ਕਰਕੇ ਆਚਮਨ ਕਰੇ, ਭੋਗ ਕਰਕੇ ਇਸ਼ਨਾਨ ਕਰੇ।

145. ਸੌਂ ਕੇ ਨਿੱਛੇ, ਭੋਜਨ ਪਾਣੀ ਪੀ ਕੇ ਝੂਠ ਬੋਲ ਕੇ ਸੁਧ ਹੋ ਕੇ ਵੀ ਆਚਮਨ ਕਰੇ।

146. ਵਰਨਾਂ ਅਤੇ ਵਸਤੂ ਦੀ ਸੁਧੀ ਦੀ ਰੀਤੀ ਦਸਕੇ ਹੁਣ ਇਸਤਰੀ ਧਰਮ ਦਸਦੇ ਹਾਂ: —

147. ਇਸਤਰੀ ਭਾਵੇਂ ਕਿਸ ਉਮਰ ਦੀ ਹੋਵੇ ਸੁਤੰਤਰ ਕੰਮ ਨਾ ਕਰੇ।

148. ਬਾਲਪਨ ਪਿਤਾ ਦੀ ਜੁਆਨੀ ਵਿਚ ਪਤੀ ਦੀ ਰੰਡੀ ਹੋ ਕੇ ਪੁੱਤਰਾਂ ਦੀ ਆਗਿਆ ਪਾਲੇ।

149. ਇਸਤਰੀ ਪਿਤਾ, ਭਾਈ, ਪੁੱਤਰ ਦੀ ਆਗਿਆ ਉਲੰਘਣ ਦੀ ਕਦੀ ਇੱਛਾ ਨਾ ਕਰੇ।

150. ਪ੍ਰਸੰਨ ਚਿਤ ਘਰ ਦਾ ਪ੍ਰਬੰਧ ਜੁਗਤੀ ਅਤੇ ਤਸੱਲੀ ਨਾਲ ਕਰੇ ਅਯੋਗ ਖਰਚ ਨਾ ਕਰੇ।

151. ਪਿਤਾ ਭਾਈ ਜਿਸ ਨਾਲ ਜੋੜ ਦੇਣ ਉਸ ਪਤੀ ਦੀ ਸੇਵਾ ਕਰੇ ਅਤੇ ਰੰਡੀ ਹੋ ਕੇ ਪਰ ਪੁਰਸ਼ ਨਾਲ ਪਿਆਰ ਕਦੀ ਨਾ ਕਰੇ।

152. ਬ੍ਰਹਮਾ ਜੀ ਲਈ ਯੱਗ ਅਤੇ ਸ਼ਾਂਤ ਮੰਤਰ ਵਿਆਹ ਸਮੇਂ ਪੜ੍ਹਨਾ ਅਨੰਦ ਦਾਇਕ ਹੈ।

153. ਰਿਤੂ ਕਾਲ ਜਾਂ ਅੰਨ ਰਿਤੂ ਕਾਲ ਵਿਚ ਪਤੀ ਮੰਤ੍ਰ ਸੰਸਕਾਰ ਕਰੇ ਅਨੰਦ ਦਾਤਾ ਹੈ।

154. ਭਾਵੇਂ ਪਤੀ ਬੇ ਗੁਣ ਵਿਭਚਾਰ ਵੀ ਹੋਵੇ ਪਤੀਬਰਤ ਇਸਤਰੀ ਸੇਵਾ ਤੋਂ ਮੂੰਹ ਨਾ ਮੋੜੇ।

155. ਇਸਤਰੀ ਪਤੀ ਦੀ ਅਰਧੰਗੀ ਹੈ ਇਸ ਲਈ ਯੱਗ ਵਰਤ ਕਰਨਾ ਪਤੀ ਦੀ ਸੇਵਾ ਹੀ ਹੈ।

156. ਪਤੀਬਰਤ ਇਸਤਰੀ ਆਪਣੇ ਪਤੀ ਦੇ ਮਰ ਜਾਨ ਤੋਂ ਵੀ ਉਸਦੀ ਆਗਿਆ ਪਾਲੇ।

157. ਅਤੇ ਪਿਛੋਂ ਦੂਜਾ ਪਤੀ ਨਾ ਕਰੇ ਅਤੇ ਲੋੜ ਅਨੁਸਾਰ ਥੋੜ੍ਹੇ ਫਲ ਫੂਲ ਤੋਂ ਨਿਰਬਾਹ ਕਰੇ।

158. ਪਤੀਬ੍ਰਤ ਇਸਤਰੀ ਬ੍ਰਹਮਚਾਰੀ ਨਿਯਮਾਂ ਨੂੰ ਪਾਲੇ ਅਤੇ ਨਿਰਬਲਤਾ ਵਿਚ ਗੁਜਾਰੇ।

159. ਜੇਕਰ ਉਲਾਦ ਹੀ ਸੁਰਗ ਦਾਤੀ ਹੈ ਤਾਂ ਇਸ ਲਈ ਦੂਜਾ ਪਤੀ ਕਰੇ ਤਾਂ ਸੋਚੇ ਕਿ ਕਈ ਹਜ਼ਾਰਾਂ ਬ੍ਰਹਮਚਾਰੀ ਕੁਮਾਰ ਸੁਰਗ ਨੂੰ ਚਲੇ ਗਏ ਤਾਂ ਤੇ ਉਲਾਦ ਤੋਂ ਬਿਨਾਂ ਰਹੇ।

160. ਰੰਡੀ ਹੋ ਕੇ ਪਤੀਬ੍ਰਤ ਇਸਤਰੀ ਔਲਾਦ ਲਈ ਕਦੀ ਦੂਜੇ ਪਤੀ ਦੀ ਇੱਛਾ ਨਾ ਕਰੇ।

161. ਜੋ ਇਸਤਰੀ ਔਲਾਦ ਪਿਛੇ ਦੂਜਾ ਪਤੀ ਕਰਦੀ ਹੈ ਉਹ ਕਦੀ ਪਤੀ ਲੋਕ ਨੂੰ ਨਹੀਂ ਜਾਂਦੀ।

162. ਦੂਜੇ ਪਤੀ ਤੋਂ ਸੰਤਾਨ ਉਤਪਤ ਕਰਨੀ ਸ਼ਾਸਤਰ ਵਿਰੁੱਧ ਹੈ ਅਤੇ ਆਪਣੀ ਔਲਾਦ ਨਹੀਂ ਹੁੰਦੀ।

163. ਜੋ ਇਕ ਮਨਖੱਟੂ ਨੂੰ ਛੱਡਕੇ ਦੂਜੇ ਧਨਾਢ ਪੁਰਸ਼ ਨੂੰ ਕਰਦੀ ਹੈ ਉਹ ਨੀਚ ਹੈ।

164. ਦੂਜੇ ਖਸਮ ਨੂੰ ਕਰਨ ਤੋਂ ਗਿੱਦੜ ਜਨਮ ਪ੍ਰਾਪਤ ਹੁੰਦਾ ਹੈ ਅਤੇ ਦੁਖੀ ਹੁੰਦੀ ਅਤੇ ਬਦਨਾਮ ਹੁੰਦੀ ਹੈ।

165. ਇੰਦ੍ਰੇਜਿਤ ਪਤੀਬ੍ਰਤ ਇਸਤਰੀ ਪਤੀ ਲੋਕ ਨੂੰ ਜਾਂਦੀ ਹੈ।

166. ਅਰ ਇੰਦ੍ਰੇਜਿਤ ਇਸਤਰੀ ਇਕ ਲੋਕ ਵਿਚ ਪ੍ਰਤਿਸ਼ਟ ਅਤੇ ਪਤੀ ਲੋਕ ਪ੍ਰਲੋਕ ਵਿਚ ਪਾਉਂਦੀ ਹੈ।

167. ਧਰਮਾਤਮਾ ਤਿੰਨੇ ਵਰਨ ਅਜਿਹੀ ਇਸਤਰੀ ਦਾ ਦਾਹ ਅਗਨੀਹੋਤ੍ਰੀ ਦੀ ਅੱਗ ਅਤੇ ਯੱਗ ਦੇ ਭਾਂਡਿਆਂ ਵਿਚ ਬਿਧੀ ਪੂਰਬਕ ਕਰਨ।

168. ਇਸ ਤੋਂ ਪਿਛੋਂ ਵਿਆਹ ਕਰ ਲਵੇ ਅਤੇ ਅਗਨ ਨੂੰ ਅਸਥਾਪਨ ਕਰਨ।

169. ਇਸੇ ਢੰਗ ਨਾਲ ਪੰਚ ਯੱਗ ਕਰਕੇ ਦੂਜਾ ਵਿਆਹ ਕਰੇ ਅਤੇ ਪੰਚ ਯੱਗ ਨਾ ਛੱਡੇ।

ਮਨੂੰ ਜੀ ਦਾ ਧਰਮ ਸ਼ਾਸਤ੍ਰ ਭ੍ਰਿਗੂ ਜੀ ਦੀ ਸੰਘਤਾ ਦਾ
ਪੰਜਵਾਂ ਅਧਿਆਇ ਸਮਾਪਤ ਹੋਇਆ।

☆☆☆

# ਛੇਵਾਂ ਅਧਿਆਇ

1. ਸੰਸਾਰਕ ਵਿਹਾਰ ਗ੍ਰਸਤ ਆਸ਼ਰਮ ਦੇ ਸ਼ਾਸਤ੍ਰ ਅਨੁਸਾਰ ਪੂਰੇ ਕਰਕੇ ਬਾਨ ਪ੍ਰਸਤੀ ਬਣੇ।
2. ਬੁੱਢਾ ਹੋਵੇ ਪੁੱਤਰ ਪੋਤਰੇ ਘਰ ਵਿਚ ਹੋ ਜਾਣ ਤਦ ਜੰਗਲ ਵਿਚ ਅਨੰਦ ਲਵੇ।
3. ਪਿੰਡ ਅਤੇ ਘਰ ਦੀ ਸਮੱਗਰੀ ਛੱਡਕੇ ਇਸਤਰੀ ਸਮੇਤ ਜਾਂ ਇਸਤਰੀ ਪੁੱਤਰ ਕੋਲ ਛਡੇ ਜੰਗਲ ਵਿਚ ਨਿਵਾਸ ਕਰੇ।
4. ਅਗਨੀ ਹੋਤ੍ਰੀ ਆਦਿ ਸਮੱਗਰੀ ਨੂੰ ਲੈ ਕੇ ਅਤੇ ਵਾਸ਼ਨਾ ਰੋਕ ਕੇ ਜੰਗਲ ਨਿਵਾਸ ਕਰੇ।
5. ਅੰਨ ਬਸਤ੍ਰ ਫਲ ਮੂਲ ਆਦਿ ਸ਼ਾਸਤ੍ਰ ਅਨੁਸਾਰ ਪੰਚ ਮਹਾਂ ਯੱਗਾਂ ਨੂੰ ਕਰੇ।
6. ਚਮੜਾ ਜਾਂ ਕਪੜਾ ਪਹਿਨ ਕਰ ਹਜਾਮਤ ਕਦੀ ਨਾ ਕਰਾਵੇ।
7. ਜੋ ਵਸਤੂ ਲੱਭ ਜਾਵੇ ਉਸੇ ਵਿਚ ਹੀ ਆਪ ਨਿਰਬਾਹ ਕਰੇ ਅਤੇ ਯਥਾ ਸ਼ਕਤ ਬ੍ਰਹਮਚਾਰੀ ਅਤਿਥੀ ਆਦਿਕਾਂ ਦੀ ਸੇਵਾ ਕਰੇ ਅਤੇ ਆਦਰ ਕਰੇ।
8. ਨਿਤਾਪ੍ਰਤ ਵੇਦ ਪਾਠ ਮਿਤ੍ਰ ਭਾਵ ਸਹਨਸ਼ੀਲ ਦਇਆ ਆਦਿ ਗੁਣ ਗ੍ਰਹਿਣ ਕਰੇ।
9. ਸ਼ਾਸਤ੍ਰ ਅਨੁਸਾਰ ਅਗਨੀਹੋਤ੍ਰੀ ਅਤੇ ਦਰਸ਼ਨ ਪੂਰਨ ਮਾਸ ਨੇਮਕ ਯੱਗ ਭੀ ਕਰੇ।
10. ਨਖੱਤ੍ਰ ਯੱਗ ਜਾਤ੍ਰ ਮਾਸ, ਉਤ੍ਰਾਇਣ, ਦਖਨਾਇਣ ਕਰਮਾਂ ਨੂੰ ਕਰੇ।
11. ਬਸੰਤ, ਸੀਤ ਰੁਤ ਵਿਚ ਪੈਦਾ ਹੋਇਆ ਅੰਨ ਸ਼ਾਸਤ੍ਰ ਅਨੁਸਾਰ ਦੇਵਤਿਆਂ ਨੂੰ ਯੱਗ ਲਈ ਦੇਵੇ।
12. ਸੁਧ ਅਤੇ ਹਛੀਆਂ ਵਸਤੂ ਹਵਨ ਕਰਕੇ ਜੋ ਬਚੇ ਉਹ ਖਾਏ।
13. ਸੁਧ ਧਰਤੀ, ਪਾਣੀ ਤੋਂ ਉਤਪੰਤ ਬ੍ਰਿਛਾਂ ਦੇ ਫਲ ਮੂਲ ਸਾਗ ਪੱਤੇ ਭੋਜਨ ਕਰੇ।
14. ਸ਼ਰਾਬ ਮਾਸ ਅਤੇ ਧਰਤੀ ਤੋਂ ਉਤਪਤ ਭੋਸਤ੍ਰਨ ਆਦਿ ਸਾਗਾਂ ਨੂੰ ਖਾਏ ਨਹੀਂ।
15. ਕੰਵਾਰ ਦੇ ਮਹੀਨੇ ਪੁਰਾਣਾ ਕੱਪੜਾ ਫਲ ਮੂਲ ਆਦਿਕ ਛੱਡ ਦੇਵੇ।
16. ਹਲ ਨਾਲ ਪੈਦਾ ਹੋਈ ਚੀਜ਼ ਭਾਵੇਂ ਮਾਲਕ ਨੇ ਛਡ ਦਿੱਤੀ ਵੀ ਹੋਵੇ ਭਾਵੇਂ ਦੁੱਖ ਵੀ ਹੋਵੇ ਕਦੀ ਗ੍ਰਹਿਣ ਨਾ ਕਰੇ ਅਤੇ ਪਿੰਡ ਵਿਚ ਬਿਨਾਂ ਹਲ ਦੇ ਪੈਦਾ ਹੋਇਆ ਅੰਨ ਵੀ

ਨਾ ਖਾਏ।

17. ਅੱਗ ਦੀ ਜਾਂ ਸਮਾਂ ਪਾ ਕੇ ਪੱਕੀ ਚੀਜ਼ ਦੰਦਾਂ ਨਾਲ ਚਿੱਥਕੇ ਜਾਂ ਪੱਥਰ ਨਾਲ ਕੁੱਟ ਕੇ ਖਾਵੇ।

18. ਇਕ ਦਿਨ ਜਾਂ ਇਕ ਮਹੀਨਾ ਜਾਂ 1 ਸਾਲ ਦੇ ਭੋਜਨ ਜੋਗ ਵਸਤੂ ਨੂੰ ਰਖੇ।

19. ਬਲ ਅਨੁਸਾਰ ਦਿਨੇ ਲਿਆਵੇ ਰਾਤ ਨੂੰ ਖਾਵੇ ਜਾਂ ਇਕ ਦਿਨ ਅਪਾਸ ਕਰੇ ਦੂਜੇ ਦਿਨ ਭੋਜਨ ਕਰੇ ਜਾਂ ਤਿੰਨ ਦਿਨ ਅਪਾਸ ਕਰਕੇ ਚੌਥੇ ਦਿਨ ਇਕ ਵਾਰੀ ਭੋਜਨ ਕਰੇ।

20. ਚੰਦ੍ਰਾਇਣ ਬ੍ਰਤ ਅਤੇ ਮੱਸਿਆ ਪੁੰਨਿਆਂ ਨੂੰ ਜੌਂ ਦੀ ਲੇਟੀ ਖਾਵੇ।

21. ਇੰਦ੍ਰੀਆਂ ਨੂੰ ਰੋਕੇ ਅਤੇ ਫਲ ਮੂਲ ਸਕਰਕੰਦੀ ਜੋ ਆਪਣੇ ਆਪ ਪੱਕੀ ਹੋਵੇ ਖਾਵੇ।

22. ਇਸ ਆਸ਼ਰਮ ਵਿਚ ਭੁੰਜੇ ਸਵੇਂ ਪੱਬਾਂ ਭਾਰ ਖੜ੍ਹਾ ਰਹੇ ਅਤੇ ਤਿੰਨੇ ਕਾਲ ਇਸ਼ਨਾਨ ਕਰੇ।

23. ਹੌਲੀ-ਹੌਲੀ ਪੰਜ ਅਗਨੀਆਂ ਗਰਮੀਆਂ ਵਿਚ ਤਪੇ ਅਤੇ ਸਰਦੀਆਂ ਵਿਚ ਖੁਲ੍ਹੀ ਥਾਂ ਰਹੇ।

24. ਤਿੰਨ ਕਾਲ ਇਸ਼ਨਾਨ ਕਰਕੇ ਦੇਵਤੇ ਅਤੇ ਪਿਤ੍ਰ ਤ੍ਰਪਨ ਕਰੇ ਇੰਨਾਂ ਤਪ ਕਰਕੇ ਸਰੀਰ ਸੁਕ ਜਾਏ।

25. ਅਗਨੀ ਹੋਤ੍ਰੀ ਅਗਨੀ ਸਦੀਵ ਰਖੇ ਅਤੇ ਉਥੋਂ ਵੱਖਰਾ ਹੋ ਕੇ ਫਲ ਖਾਏ ਤੇ ਸ਼ਾਸਤ੍ਰ ਵਿਚਾਰੇ।

26. ਸੁਖ ਲਈ ਕੋਈ ਯਤਨ ਨਾ ਕਰੇ ਅਤੇ ਭੁੰਜੇ ਸਵੇਂ ਅਸਥਾਨ ਨਾਲ ਮੋਹ ਨਾ ਕਰੇ।

27. ਤਪਸੀ ਬ੍ਰਾਹਮਣ ਅਤੇ ਬਨਬਾਸੀ ਗ੍ਰਸਤੀ ਦ੍ਵਿਜ ਕੋਲੋਂ ਭਿਖਿਆ ਮੰਗੇ।

28. ਭਾਵੇਂ ਪਿੰਡ ਵਿਚੋਂ ਭੀਖ ਮੰਗੇ ਅਤੇ ਬੁਰਕੀਆਂ ਖਾਓ ਪਰ ਮਿੱਟੀ ਦੇ ਭਾਂਡੇ ਜਾਂ ਪੱਤਿਆਂ ਤੇ ਧਰਕੇ ਖਾਓ।

29. ਜੰਗਲ ਵਿਚ ਰਹਿ ਕੇ ਵੇਦਾਂ ਦੀ ਉਪਨਿਸ਼ਦਾਂ ਆਤਮਾ ਸੁੱਧੀ ਲਈ ਪੜ੍ਹੇ।

30. ਸਰੀਰ ਦੀ ਸੁੱਧ ਤਪ ਲਈ ਇਸ ਵਿਦਿਆ ਨੂੰ ਸੇਵਨ ਕਰੇ ਬ੍ਰਾਹਮਣ ਰਿਸ਼ੀਆਂ ਨੇ ਵੀ ਸੇਵਾ ਕੀਤੀ ਹੈ।

31. ਭਾਵੇਂ ਇਕਾਂਤ ਬੈਠ ਕੇ ਪਦਾਰਥਾਂ ਦਾ ਤਿਆਗ ਕਰੇ ਭਾਵੇਂ ਕਿਸੇ ਪਾਸੇ ਚਲ ਕੇ ਕਰੇ ਜ਼ਰੂਰ।

32. ਇਨ੍ਹਾਂ ਆਚਰਨਾ ਵਿਚੋਂ ਇਕ ਤੋਂ ਨਿਡਰ ਹੋ ਕੇ ਸਰੀਰ ਤਿਆਗ ਕੇ ਬ੍ਰਹਮ ਲੋਕ ਵਿਚ ਜਾਣ।

33. ਉਮਰ ਦਾ ਤੀਜਾ ਭਾਗ ਇਸੇ ਤਰ੍ਹਾਂ ਜੰਗਲ ਵਿਚ ਬਤੀਤ ਕਰੇ ਅਤੇ ਸੁਖ ਰੋ ਕੇ ਚੌਥਾ

ਭਾਗ ਉਮਰ ਸੰਨਿਆਸ ਧਾਰਨ ਕਰੇ।

34. ਇੰਦ੍ਰੇਜਿਤ ਹਵਨ ਕਰਕੇ ਇਕ ਆਸ਼ਰਮ ਤੋਂ ਦੂਜੇ ਆਸ਼ਰਮ ਵਿਚ ਬਲ ਕਰਮ ਤੋਂ ਥੱਕਿਆ ਹੋਇਆ ਸੰਨਿਆਸੀ ਬ੍ਰਹਮ ਪਦ ਨੂੰ ਪਾਉਂਦਾ ਹੈ।

35. ਦੇਵ, ਪਿਤ੍ਰ, ਰਿਸ਼ਰਿਣ ਦੂਰ ਕਰਕੇ ਮੋਖ ਸੇਵਨ ਕਰੇ ਬਿਨਾਂ ਇਨ੍ਹਾਂ ਦੇ ਉਤ੍ਰਿਆਂ ਮੋਖ ਨਹੀਂ।

36. ਬਿਧੀ ਸੰਜੁਕਤ ਵੇਦ ਪੜ੍ਹੇ ਅਤੇ ਯਥਾ ਸ਼ਕਤ ਯੱਗ ਕਰਕੇ ਮੋਖ ਵਿਚ ਦਿਲ ਲਾਵੇ।

37. ਤਿੰਨੇ ਵਰਨ ਏਸ ਸੁਰਤੀ ਅਨੁਸਾਰ ਯੱਗ ਆਦਿ ਧਰਮ ਨਹੀਂ ਕਰਦੇ ਨਰਕ ਗਾਮੀ ਹਨ।

38. ਪ੍ਰਜਾਪਤ ਦੇਵਤਾ ਦੀ ਯੱਗ ਕਰਕੇ ਅਤੇ ਦੱਖਣਾ ਦੇ ਕੇ ਅਗਨੀ ਨੂੰ ਘਰ ਰਖਕੇ ਸੰਨਿਆਸ ਨੂੰ ਬ੍ਰਾਹਮਣ ਧਾਰਨ ਕਰੇ।

39. ਜੋ ਵੇਦ ਵਕਤਾ ਸਾਰਿਆਂ ਜੀਵਾਂ ਨੂੰ ਨਿਰਭੈਤਾ ਦੇ ਕੇ ਸੰਨਿਆਸ ਧਾਰਦਾ ਹੈ ਉਹ ਸੰਸਾਰ ਵਿਚ ਬੇਸ਼ਕ ਧਰਮ ਵਧਾ ਸਕਦਾ ਹੈ।

40. ਜੋ ਸ਼ਕਤੀਵਾਨ ਧਰਮਾਤਮਾ ਬ੍ਰਾਹਮਣ ਕਿਸੇ ਨੂੰ ਡਰ ਨਹੀਂ ਦੇਂਦਾ ਉਹ ਪ੍ਰਲੋਕ ਵਿਚ ਨਿਰਭੈ ਹੈ।

41. ਸੰਨਿਆਸੀ ਇਸ਼ਨਾਨ ਆਦਿ ਤੋਂ ਸੁਖੀ ਹੋ ਕੇ ਇਸਤ੍ਰੀ ਪੁਰਸ਼ ਦੀ ਦਿੱਤੀ ਚੀਜ਼ ਦੀ ਇੱਛਾ ਨਾ ਕਰੇ।

42. ਨਿਰ ਇੱਛਤ ਬਿਨਾਂ ਸਹਾਇਕ ਇਕੱਲਾ ਰਹੇ ਅਤੇ ਆਪ ਕਿਸੇ ਦੀ ਮਦਦ ਨਾ ਕਰੇ।

43. ਅਗਨੀਹੋਤ੍ਰ ਆਦਿ ਸੰਸਾਰਕ ਕਰਮ ਅਤੇ ਘਰ ਦੀ ਇੱਛਾ ਛੱਡਕੇ ਬੁੱਧੀ ਅਡੋਲ ਕਰਕੇ ਪ੍ਰਮਾਤਮਾ ਪ੍ਰਾਇਣ ਹੋਵੇ ਭਿਖਿਆ ਮੰਗਕੇ ਨਿਰਬਾਹ ਕਰੇ।

44. ਸਮ ਦ੍ਰਿਸ਼ਟ ਅਤੇ ਭੀਖ ਮੰਗ ਕੇ ਖਾਣਾ ਅਤੇ ਬ੍ਰਿੱਛਾਂ ਤਲੇ ਸੌਣਾ ਅਤੇ ਵਲਕਲ ਆਦਿ ਪਹਿਨਣੇ ਤੇ ਕਿਸੇ ਦੀ ਮੱਦਦ ਨਾ ਚਾਹਣੀ, ਇਹ ਮੁਕਤ ਦੇ ਲੱਖਣ ਹਨ।

45. ਜਨਮ ਮਰਨ ਦੀ ਇੱਛਾ ਨਾ ਕਰੇ ਅਤੇ ਮਾਲਕ ਦਾ ਭਾਣਾ ਮੰਨੇ ਰਾਗ ਦਵੈਸ਼ ਨਾ ਕਰੇ।

46. ਪਾਣੀ ਪੀਵੇ ਛਾਣਕੇ ਅਤੇ ਵਾਲਾਂ ਤੇ ਹੱਡੀ ਤੋਂ ਪੈਰ ਬਚਾਏ ਅਤੇ ਸੱਚ ਬੋਲੇ ਪਵਿਤ੍ਰ ਆਤਮਾ ਰਹੇ।

47. ਰਾਗ ਦਵੈਖ, ਮਾਨ ਅਪਮਾਨ, ਉਸਤਤ ਨਿੰਦਾ ਆਦਿ ਨਾ ਕਰੇ ਅਤੇ ਨਾ ਹੀ ਸੁਣੇ।

48. ਸੰਨਿਆਸੀ ਕ੍ਰੋਧ ਨਾ ਕਰੇ ਨਾਹੀਂ ਕਿਸੇ ਦਾ ਬੁਰਾ ਚਿਤਵੇ ਸੱਚ ਬੋਲੇ ਅਤੇ ਸੱਚ ਸੁਣੇ ਅਤੇ ਪ੍ਰੇਮ ਬਚਨਾ ਤੋਂ ਲੋਕਾਂ ਨੂੰ ਪ੍ਰਸੰਨ ਅਤੇ ਇੰਦ੍ਰੇਜਿਤ ਰਹੇ ਅੰਨ ਪਾਣੀ ਤੋਂ ਕਿਸੇ ਦਾ ਦਿਲ ਨਾ ਦੁਖਾਏ।

49. ਮਾਸ ਨਾ ਖਾਏ ਕਿਸੇ ਵਸਤੂ ਦੀ ਇੱਛਾ ਨਾ ਕਰੇ ਅਤੇ ਆਤਮਾ ਨਾਲ ਪ੍ਰੀਤ ਰਖੇ।
50. ਭੁਚਾਲ, ਰੇਖਾ ਆਦਿ ਅੰਗ ਫੜਕਣ ਦੀ ਬਿਧੀ ਨਸ਼ੇਧੀ ਦੱਸ ਕੇ ਜੀਵਕਾ ਨਾ ਕਰੇ।
51. ਤਪਸੀ ਬ੍ਰਾਹਮਣ ਅਤੇ ਪੰਛੀ ਆਦਿ ਜਿਸ ਘਰ ਵਿਚ ਹੋਣ ਉਸ ਘਰ ਤੋਂ ਭੀਖ ਨਾ ਮੰਗੇ।
52. ਵਾਲ, ਮੁੱਛਾਂ, ਨਹੁੰ ਛੋਟੇ ਅਤੇ ਡੰਡ ਕਮੰਡਲ ਧਾਰ ਕੇ ਦਇਆ ਸਹਿਤ ਬੇਚਿੰਤ ਵਿਚਰੇ।
53. ਕਿਸੇ ਧਾਤ ਦਾ ਭਾਂਡਾ ਨਾ ਰੱਖੇ ਕੇਵਲ ਤੂੰਬਾ ਬਿਨਾਂ ਛੇਕ ਦੇ ਰਖੇ ਅਤੇ ਪਾਣੀ ਮਿੱਟੀ ਨਾਲ ਸ਼ੁੱਧ ਰਖੇ।
54. ਕਾਠ, ਮਿੱਟੀ, ਵਾਂਸ ਆਦਿਕਾਂ ਦੇ ਹੀ ਭਾਂਡੇ ਸੰਨਿਆਸੀ ਰਖੇ ਮਨੂੰ ਜੀ ਦਾ ਵਾਕ ਹੈ।
55. ਸੰਸਾਰਕ ਸੁਆਦ ਨੂੰ ਛੱਡਕੇ ਕੇਵਲ ਇਕ ਡੰਗ ਅੰਨ ਮੰਗਕੇ ਖਾਏ ਅਤੇ ਸੰਨਿਆਸ ਵਰਤ ਰਖੇ।
56. ਸੰਨਿਆਸੀ ਗ੍ਰਹਿਸਤੀ ਦੇ ਘਰੋਂ ਉਸ ਵੇਲੇ ਭੀਖ ਮੰਗੇ ਜਿਸ ਵੇਲੇ ਉਹ ਖਾ ਪੀ ਚੁੱਕੇ ਹੋਣ।
57. ਭੀਖ ਨਾ ਮਿਲਣ ਤੋਂ ਦੁਖੀ ਨਾ ਸਗੋਂ ਪ੍ਰਸੰਨ ਹੋਵੇ ਜੋ ਮਿਲ ਜਾਏ ਪ੍ਰਸੰਨ ਹੋ ਕੇ ਖਾਏ ਪ੍ਰਾਣਾਂ ਦੀ ਰਾਖੀ ਕਰੇ।
58. ਪੂਜਾ ਦਾ ਧਾਨ ਨਾ ਖਾਏ ਕਿਉਂਕਿ ਇਸ ਤੋਂ ਸੰਨਿਆਸੀ ਬੰਧਨ ਵਿਚ ਪੈ ਜਾਂਦਾ ਹੈ।
59. ਥੋੜ੍ਹਾ ਖਾਏ, ਇਕਾਂਤ ਰਹੇ, ਮਨ ਨੂੰ ਰੋਕੇ ਅਤੇ ਲੋਭ ਤਾਈਂ ਛੱਡ ਦੇਵੇ।
60. ਇੰਦ੍ਰੇ ਰੋਕੇ ਅਤੇ ਰਾਗ ਦੁਵੈਖ ਛੱਡੇ ਅਤੇ ਕਿਸੇ ਜੀਵ ਨੂੰ ਨਾ ਮਾਰੇ ਤਦ ਮੋਖ ਦਾ ਅਧਿਕਾਰੀ ਹੈ।
61. ਕਰਮਾਂ ਤੋਂ ਮਨੁੱਖ ਦੀ ਦਸ਼ਾ ਨਰਕ ਆਦਿ ਦੇ ਦੁੱਖ ਨੂੰ ਵਿਚਾਰੇ।
62. ਪਿਆਰੀਆਂ ਚੀਜ਼ਾਂ ਦਾ ਛੱਡਣਾ ਅਤੇ ਇਤਿਆਦਿ ਪਾਪਾਂ ਦੀਆਂ ਤਕਲੀਫਾਂ ਨੂੰ ਵੀ ਵਿਚਾਰੇ।
63. ਜਨਮ ਮਰਨ ਦੇ ਦੁੱਖ ਅਤੇ ਚੁਰਾਸੀ ਲੱਖ ਜੋਨ ਵਿਚ ਭਰਮਨਾ ਇਨ੍ਹਾਂ ਦੇ ਵਿਚਾਰ ਤੋਂ ਮੁਕਤੀ ਹੈ।
64. ਧਰਮ ਅਰਥ ਤੋਂ ਅਤਿਅੰਤ ਸੁਖ ਨੂੰ ਵਿਚਾਰ ਕਰਨਾ ਅਤੇ ਅਧਰਮ ਤੋਂ ਬਚਣਾ ਅਤੇ ਧਰਮ ਪਾਲਨ ਕਰਨਾ ਵੇਦ ਗਿਆਤਾ ਦੇ ਅਧਰਮ ਤੋਂ ਦੁਖੀ ਹੋਣਾ।
65. ਜੋਗ ਅਤੇ ਚਿਤ ਬ੍ਰਿਤੀਆਂ ਨੂੰ ਰੋਕਣ ਤੋਂ ਪ੍ਰਮਾਤਮਾ ਦਾ ਗਿਆਨ ਪਾ ਕੇ ਜੀਵਾਂ ਦੀ ਉਚ ਨੀਚ ਅਤੇ ਉਨ੍ਹਾਂ ਦੇ ਭਲੇ ਬੁਰੇ ਫਲਾਂ ਨੂੰ ਧਿਆਨ ਨਾਲ ਵਿਚਾਰ ਕਰੇ।
66. ਕੋਈ ਪੁਰਸ਼ ਕਿਸੇ ਆਸ਼ਰਮ ਦੇ ਢੰਗ ਅਤੇ ਚਿੰਨ੍ਹ ਨਾ ਰਖਦਾ ਹੋਵੇ ਪਰ ਸਭ ਨੂੰ ਆਪਣਾ

ਆਤਮਾ ਵੇਖਦਾ ਹੋਵੇ ਤਾਂ ਉਹ ਬੁਰਾ ਨਹੀਂ, ਪ੍ਰਤੱਖ ਚਿੰਨ੍ਹ ਧਰਮ ਦਾ ਕਾਰਨ ਨਹੀਂ ਹੁੰਦੇ।

67. ਨਿਰਮਲੀ ਫਲ ਪਾਣੀ ਵਿਚ ਪਾਇਆ ਸੁੱਧ ਕਰ ਸਕਦਾ ਹੈ ਕੇਵਲ ਨਾਂ ਲੈਣ ਤੋਂ ਨਹੀਂ ਇਸ ਤਰ੍ਹਾਂ ਭੀਖ ਮੰਗਣਾ ਧਰਮ ਨਹੀਂ ਬਲਿਕੇ ਧਰਮ ਤੇ ਚਲਣਾ ਹੀ ਧਰਮ ਹੈ।

68. ਬੁਧਮਾਨ ਪੈਰ ਧਰਤੀ ਤੇ ਵੇਖਕੇ ਧਰੇ ਤਾਂ ਕਿ ਕੋਈ ਜੀਵ ਉਹਦੇ ਦਬਾ ਨਾਲ ਨਾ ਮਰੇ।

69. ਸੰਨਿਆਸੀ ਤੋਂ ਭੁਲੇਖੇ ਨਾਲ ਕੋਈ ਜੀਵ ਮਰ ਜਾਏ ਤਾਂ ਪ੍ਰਾਣਾਯਾਮ ਆਦਿ ਕਰਕੇ ਸੁੱਧ ਹੋ ਸਕਦਾ ਹੈ।

70. ਬਿਆ ਹਿਰਤ, ਓਕਾਰ ਕਰਕੇ ਬਿਧੀ ਪੂਰਬਕ ਤਿੰਨ ਪ੍ਰਾਣਾਯਾਮ ਕਰੇ ਤਾਂ ਉਸ ਬ੍ਰਾਹਮਣ ਦਾ ਪਰਮ ਤਪ ਹੈ।

71. ਪ੍ਰਾਣਾਯਾਮ ਕਰਨ ਤੋਂ ਸਾਰੇ ਦੋਸ਼ ਦੂਰ ਹੋ ਜਾਂਦੇ ਹਨ ਜਿਸ ਤਰ੍ਹਾਂ ਅੱਗ ਵਿਚ ਤਾਨ ਤੋਂ ਧਾਤ ਸੁੱਧ ਹੋ ਜਾਂਦੀ ਹੈ।

72. ਪ੍ਰਾਣਾਯਾਮ ਤੋਂ ਆਸ਼ਾ ਤ੍ਰਿਸ਼ਨਾ ਆਦਿ ਅਤੇ ਗਿਆਨ ਤੋਂ ਪਾਪ, ਧਿਆਨ ਤੋਂ ਲੋਭ ਮੋਹ ਆਦਿ ਈਸ਼ਰ ਤੋਂ ਵਿਛੋੜਨ ਵਾਲੀਆਂ ਸਿਫਤਾਂ ਦੂਰ ਹੋ ਜਾਂਦੀਆਂ ਹਨ।

73. ਆਤਮਾ ਗੁਣਵਾਨ ਭਾਵੇਂ ਛੋਟਾ ਹੋਵੇ ਪਰ ਵੱਡਾ ਹੈ ਯੋਗ ਦੀ ਰੀਤੀ ਨਾਲ ਆਤਮਾ ਹਾਲ ਸਮਝੇ।

74. ਦਰਸ਼ਨ ਸ਼ਾਸਤ੍ਰ ਅਨੁਸਾਰ ਹਰ ਵਸਤੂ ਦਾ ਗਿਆਤਾ ਕਰਮਾਂ ਦੇ ਬੰਧਨ ਤੋਂ ਜਨਮ ਨਹੀਂ ਲੈਂਦਾ ਜੋ ਤੱਤ ਗਿਆਨ ਤੋਂ ਖਾਲੀ ਹੈ ਉਹ ਘੜੀ ਘੜੀ ਜਨਮ ਲੈਂਦਾ ਅਤੇ ਮਰਦਾ ਹੈ।

75. ਅਹਿੰਸਾ, ਵਿਸ਼ਿਆਂ ਦਾ ਤਿਆਗ ਵੇਦ ਅਨੁਸਾਰ ਕਰਮ ਕਰਨਾ ਤਪ ਕਰਨਾ ਇਨ੍ਹਾਂ ਤੋਂ ਬ੍ਰਹਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ।

76. ਹੱਡ, ਮਾਸ ਨਾੜੀ ਦਾ ਪਿੰਜਰ ਮਲ ਮੂਤਰ ਦਾ ਥੈਲਾ ਸਰੀਰ ਇਸ ਦਾ ਵਰਨਣ ਕਰਦੇ ਹਾਂ:—

77. ਬੁਢਾਪਾ ਅਤੇ ਚਿੰਤਾ ਦਾ ਘਰ, ਭੁਖ ਤ੍ਰੇਹ ਗਰਮੀ ਸਰਦੀ ਆਦਿ ਦਾ ਦੁਖਦਾਈ, ਵਡਿਆਈ ਤੋਂ ਚਿੰਤਾਵਾਨ ਅਤੇ ਨਾਸ ਰੂਪ ਪੰਜਾਂ ਤੱਤਾਂ ਦਾ ਪੁਤਲਾ ਜੀਵ ਆਤਮਾ ਦਾ ਘਰ ਸਰੀਰ ਹੈ ਇਸ ਨੂੰ ਪਾ ਕੇ ਨਰਕ ਤੋਂ ਬਚਨ ਲਈ ਕਰਮਾਂ ਨੂੰ ਕਰੇ।

78. ਈਸ਼ਰ ਭਗਤ ਪੰਛੀ ਦੀ ਨਿਆਈਂ ਸੰਸਾਰ ਰੂਪ ਬਿਰਛ ਨੂੰ ਛੱਡ ਕੇ ਅਨੰਦ ਰੂਪ ਹੋ ਜਾਂਦਾ ਹੈ ਕਿਉਂਕਿ ਉਹ ਇਸ ਵਿਚ ਅਪਵਿੱਤ੍ਰਤਾ ਨਹੀਂ ਰਖਦਾ ਹੈ।

79. ਸ਼ੁਭ ਕਰਮਾਂ ਦੇ ਫਲ ਅਤੇ ਅਸ਼ੁਭ ਕਰਮਾਂ ਦੇ ਫਲ ਦਾ ਗਿਆਤਾ ਸੰਸਾਰ ਨੂੰ ਛੱਡ ਕੇ ਈਸ਼ਰ ਧਿਆਨ ਵਿਚ ਲਗ ਜਾਵੇ।

80. ਜਦੋਂ ਸੰਸਾਰਕ ਵਿਸ਼ੇ ਧਰਮ ਦੇ ਦੁਸ਼ਮਣ ਸਮਝੇ ਅਤੇ ਛੱਡ ਦੇਵੇ ਪਰਮ ਸੁਖੀ ਹੋ ਜਾਂਦਾ ਹੈ।

81. ਸੰਤਾਨ ਦਾ ਮੋਹ ਅਤੇ ਮਾਨ ਅਪਮਾਨ ਸਹਾਰਨਾ ਜੀਵ ਆਤਮਾ ਨੂੰ ਪ੍ਰਮਾਤਮਾ ਵਿਚ ਲਾਣਾ ਮੋਖ ਹੈ ਇਸ ਦੇ ਵਿਰੁੱਧ ਮੁਕਤੀ ਨਹੀਂ ਹੈ।

82. ਜਿਸ ਵੇਦ ਦੇ ਪੜ੍ਹਨ ਤੋਂ ਈਸ਼ਰ ਗਿਆਨ ਪ੍ਰਾਪਤ ਹੁੰਦਾ ਹੈ ਉਸ ਨੂੰ ਨਾ ਛੱਡੇ।

83. ਯਗ, ਵੇਦ ਮੰਤਰਾਂ ਅਤੇ ਅਧਿਆਤਮਿਕ ਵਿਸ਼ੇ ਦਾ ਸਦਾ ਚਿੰਤਨ ਕਰੇ।

84. ਮੂਰਖ ਅਤੇ ਵਿਦਵਾਨ ਜੋ ਮੁਕਤੀ ਦੀ ਇੱਛਾ ਰਖਦੇ ਹਨ ਉਨ੍ਹਾਂ ਨੂੰ ਸੋਚਾ ਰਾਹ ਦੱਸਣ ਵਾਲਾ ਵੇਦ ਹੀ ਹੈ।

85. ਜੋ ਤਿੰਨਾਂ ਵਰਨਾਂ ਵਿਚ ਇਸ ਢੰਗ ਨਾਲ ਸੰਨਿਆਸੀ ਹੁੰਦਾ ਹੈ ਉਹ ਲੋਕ ਪ੍ਰਲੋਕ ਵਿਚ ਸੁਖੀ ਹੁੰਦਾ ਹੈ।

86. ਚਾਰ ਪ੍ਰਕਾਰ ਦੇ ਸੰਨਿਆਸੀ, ਕੀਚੜ, ਭੂਦਕ, ਹੰਸ, ਪਰਮ ਹੰਸ, ਆਦਿ ਧਰਮ ਭ੍ਰਿਗੂ ਜੀ ਦਸਦੇ ਹਨ।

87. ਬ੍ਰਹਮਚਾਰੀ, ਗ੍ਰਹਿਸਤੀ, ਬਾਨਪ੍ਰਸਤੀ, ਸੰਨਿਆਸੀ ਇਹ ਸਾਰੇ ਗ੍ਰਹਿਸਤ ਵਿਚ ਹੀ ਹੁੰਦੇ ਹਨ।

88. ਜੋ ਬ੍ਰਾਹਮਣ ਸ਼ਾਸਤ੍ਰ ਅਨੁਸਾਰ ਇਨ੍ਹਾਂ ਚਹੁੰ ਆਸ਼ਰਮਾਂ ਦਾ ਸੇਵਨ ਕਰਦਾ ਹੈ ਉਹ ਮੁਕਤ ਹੁੰਦਾ ਹੈ।

89. ਗ੍ਰਹਿਸਤ ਆਸ਼ਰਮ ਵੇਦ ਸ਼ਾਸਤ੍ਰ ਅਨੁਸਾਰ ਸਭ ਤੋਂ ਵੱਡਾ ਹੈ।

90. ਜਿਸ ਤਰ੍ਹਾਂ ਨਦੀ ਨਾਲੇ ਆਦਿ ਸਮੁੰਦਰ ਵਿਚ ਜਾ ਇਸਥਿਤ ਹੁੰਦੇ ਹਨ ਇਸ ਤਰ੍ਹਾਂ ਸਾਰੇ ਆਸ਼ਰਮ ਗ੍ਰਹਿਸਤ ਵਿਚ ਹੀ ਇਸਥਿਤ ਹੁੰਦੇ ਹਨ ਕਿਉਂਕਿ ਏਥੋਂ ਹੀ ਇਹਨਾਂ ਦੀ ਪਾਲਨਾ ਹੁੰਦੀ ਹੈ।

91. ਚਾਰੇ ਆਸ਼ਰਮ ਦਸ ਲਖਨ ਵਾਲੇ ਧਰਮ ਨੂੰ ਗ੍ਰਹਿਣ ਕਰਨ।

92. ਧਰਮ ਲਖਨ ਇਹ ਹਨ : ਧੀਰਜ, ਖਿਮਾ, ਦਮ, ਚੋਰੀ ਨਾ ਕਰਨਾ, ਸੁੱਧੀ, ਵਿਸ਼ਿਆਂ ਤੋਂ ਬਚਾਉਣਾ, ਬੁੱਧੀ, ਵਿੱਦਿਆ ਅਤੇ ਅਕ੍ਰੋਧ ਹੋਣਾ ਅਤੇ ਸੱਚ ਬੋਲਣਾ।

93. ਜੋ ਪੁਰਸ਼ ਇਹਨਾਂ ਲੱਖਨਾਂ ਅਨੁਸਾਰ ਵਰਤਦਾ ਹੈ ਉਹ ਮੁਕਤੀ ਪਾਉਂਦਾ ਹੈ।

94. ਨਿਸਚਿੰਤ ਹੋ ਕੇ ਇਹਨਾਂ ਲੱਖਨਾਂ ਨੂੰ ਪੂਰਾ ਕਰੇ ਅਤੇ ਵੇਦਾਂਤ ਸ਼ਾਸਤ੍ਰ ਨੂੰ ਪੜ੍ਹ ਕੇ ਇਹਨਾਂ ਤਿੰਨਾਂ ਰਿਣਾਂ ਤੋਂ ਅੱਡ ਹੋ ਕੇ ਸੰਨਿਆਸ ਧਾਰਨ ਕਰੇ।

95. ਇਸ ਪ੍ਰਕਾਰ ਸਾਰੇ ਕਰਮਾਂ ਨੂੰ ਛੱਡਕੇ ਅਤੇ ਕਰਮਾਂ ਦੀਆਂ ਬੁਰਿਆਈਆਂ ਤੋਂ ਬਚ ਕੇ ਵੇਦ ਦਾ ਅਭਿਆਸ ਕਰਦਾ ਹੋਇਆ ਸੰਸਾਰਕ ਦੁਖਾਂ ਤੋਂ ਬਚ ਕੇ ਸੁਖੀ ਰਹੇ।

96. ਇਸ ਤਰ੍ਹਾਂ ਸਾਰੇ ਕਰਮਾਂ ਨੂੰ ਛੱਡਕੇ ਆਤਮਕ ਗਿਆਨ ਨੂੰ ਪਾ ਕੇ ਸੁਰਗ ਆਦਿਕਾਂ ਦੀ ਇੱਛਾ ਛੱਡ ਕੇ ਸੰਨਿਆਸੀ ਹੋ ਕੇ ਪਰਮ ਗਤੀ ਨੂੰ ਪਾਵੇ।

97. ਬ੍ਰਾਹਮਣਾਂ ਦੇ ਚਾਰ ਪ੍ਰਕਾਰ ਦੇ ਪਵਿੱਤ੍ਰ ਧਰਮ ਨੂੰ ਦਸਿਆ ਹੈ ਜਿਸਦਾ ਪ੍ਰਲੋਕ ਵਿਚ ਅਤਿਅੰਤ ਸੁਖ ਪ੍ਰਾਪਤ ਹੁੰਦਾ ਹੈ ਹੁਣ ਰਾਜਿਆਂ ਦਾ ਧਰਮ ਦਸਦੇ ਹਨ।

ਮਨੂੰ ਜੀ ਦਾ ਧਰਮ ਸ਼ਾਸਤ੍ਰ ਭ੍ਰਿਗੂ ਸੰਘਤਾ ਦਾ

ਛੇਵਾਂ ਅਧਿਆਇ ਸਮਾਪਤ ਹੋਇਆ।

☆☆☆

# ਸੱਤਵਾਂ ਅਧਿਆਇ

1. ਭ੍ਰਿਗੂ ਜੀ ਰਾਜਿਆਂ ਦੇ ਧਰਮ ਅਤੇ ਜਨਮ ਦਾ ਹਾਲ ਦਸਦੇ ਹਨ।
2. ਜਿਸ ਢੰਗ ਨਾਲ ਇਹ ਆਪਣਾ ਜੀਵਨ ਸਫਲ ਹੋ ਸਕਦਾ ਹੈ ਉਹ ਦਸਾਂਗੇ।
3. ਖੱਤਰੀ ਯਗਿਓਪਵੀਤ ਆਦਿ ਸੰਸਕਾਰਾਂ ਨੂੰ ਕਰਕੇ ਪਰਜਾ ਦਾ ਨਿਆਇ ਕਰੇ ਅਨਿਆਇ ਨਾ ਕਰੇ।
4. ਦੇਸ਼ ਨੂੰ ਸਭਨਾਂ ਡਰਾਂ ਤੋਂ ਬਚਾਉਣ ਲਈ ਬ੍ਰਹਮਾ ਜੀ ਨੇ ਰਾਜਾ ਪੈਦਾ ਕੀਤਾ।
5. ਇੰਦ੍ਰ, ਵਾਯੂ, ਯਮਰਾਜ, ਸੂਰਜ, ਅਗਨੀ, ਬਰਨ, ਚੰਦ੍ਰਮਾ, ਕੁਬੇਰ ਆਦਿਕਾਂ ਦੀ ਅੰਸ ਤੋਂ ਰਾਜੇ ਪੈਦਾ ਕੀਤੇ।
6. ਦੇਵਤਿਆਂ ਦੀ ਅੰਸ ਤੋਂ ਉਤਪਤ ਰਾਜਾ ਆਪਣੇ ਤੇਜ ਨਾਲ ਸਭ ਜੀਵਾਂ ਨੂੰ ਵੱਸ ਕਰਦਾ ਹੈ।
7. ਉਹਨਾਂ ਦਾ ਤੇਜ ਸੂਰਜ ਦੀ ਨਿਆਈਂ ਹੁੰਦਾ ਹੈ, ਵੇਖਣ ਵਾਲਿਆਂ ਨੂੰ ਆਪਣੇ ਤੇਜ ਨਾਲ ਦਬਾ ਲੈਂਦਾ ਹੈ।
8. ਉਹ ਹੀ ਰਾਜਾ ਮਨੁੱਖਾਂ ਲਈ ਦੇਵਤਿਆਂ ਦੇ ਕੰਮ ਕਰਦਾ ਹੈ ਉਸ ਵੇਲੇ ਉਹ ਦੇਵਤਾ ਤੁੱਲ ਹੈ।
9. ਰਾਜਾ ਧਰਤੀ ਤੇ ਵੱਡਾ ਦੇਵਤਾ ਹੈ ਭਾਵੇਂ ਛੋਟਾ ਵੀ ਹੋਵੇ ਕਦੀ ਬੁਰਾ ਨਾ ਜਾਣੋ।
10. ਅਗਨੀ ਕੇਵਲ ਉਹਦੇ ਵਿਚ ਪਈ ਚੀਜ਼ ਨੂੰ ਸਾੜ ਦੇਂਦੀ ਹੈ ਪਰ ਰਾਜ ਰੂਪ ਅਗਨੀ ਕੁਲ ਅਸਬਾਬ ਆਦਿਕਾਂ ਨੂੰ ਸਾੜ ਦੇਂਦੀ ਹੈ।
11. ਰਾਜਾ ਆਪਣੀ ਕਾਰਜ ਸਿਧੀ ਲਈ ਸਮੇਂ ਸਮੇਂ ਬਲ ਅਨੁਸਾਰ ਦੇਵਤਾ ਰੂਪਾਂ ਨੂੰ ਧਾਰਦਾ ਹੈ।
12. ਜਿਸ ਰਾਜੇ ਦੀ ਪ੍ਰਸੰਨਤਾ ਤੋਂ ਲੱਛਮੀ ਅਤੇ ਉੱਦਮ ਵਿਚ ਜੈ ਅਤੇ ਗੁੱਸੇ ਵਿਚ ਮੌਤ ਰਹਿੰਦੀ ਹੈ ਉਹ ਰਾਜਾ ਸਾਰੇ ਤੇਜ ਨੂੰ ਧਾਰਨ ਕਰਨ ਵਾਲਾ ਹੈ।
13. ਜੋ ਪੁਰਸ਼ ਅਜਿਹੇ ਰਾਜੇ ਨਾਲ ਵੈਰ ਕਰਦਾ ਹੈ ਉਹ ਛੇਤੀ ਨਾਸ ਹੋ ਜਾਂਦਾ ਹੈ।
14. ਇਹ ਯੋਗ ਅਯੋਗ ਕੰਮ ਜੋ ਰਾਜੇ ਨੇ ਦੱਸੇ ਹੋਣ ਸਿਰ ਨਹੀਂ ਫੇਰਨਾ।

15. ਈਸ਼ਵਰ ਨੇ ਰਾਜੇ ਜੀਵਾਂ ਦੀ ਰਾਖੀ ਅਤੇ ਕਾਰਜਾਂ ਦੀ ਸਿੱਧੀ ਲਈ ਬਣਾਏ ਹਨ।
16. ਇਸ ਡੰਡ ਤੋਂ ਅਸਥਾਵਰ ਜੰਗਮ ਜੋਗ ਵਿਹਾਰ ਕਰਦੇ ਆਪਣੇ ਧਰਮ ਤੋਂ ਨਹੀਂ ਹਟਦੇ।
17. ਦੇਸ਼, ਸਮਾਂ, ਬਲ ਆਦਿ ਵੇਖਕੇ ਅਪਰਾਧੀ ਨੂੰ ਡੰਡ ਦੇਣ ਦਾ ਪ੍ਰਬੰਧ ਕਰੇ।
18. ਸੰਸਾਰ ਵਿਚ ਰਾਜਾ ਹੀ ਸਾਰੇ ਕਾਰਜਾਂ ਨੂੰ ਪੂਰਾ ਕਰਨ ਵਾਲਾ ਅਤੇ ਆਸ਼ਰਮਾਂ ਦੇ ਧਰਮਾਂ ਦਾ ਹੁਕਮ ਦਾਤਾ ਅਤੇ ਜ਼ਾਮਨ ਹੈ।
19. ਡੰਡ ਹੀ ਸੁੱਤੇ ਨੂੰ ਜਗਾਉਂਦਾ ਅਤੇ ਰਾਖਾ ਹੈ ਪੰਡਿਤ ਲੋਕ ਇਸ ਨੂੰ ਧਰਮ ਆਖਦੇ ਹਨ।
20. ਵਿਚਾਰਕੇ ਡੰਡ ਦੇਣਾ ਤਾਂ ਪਰਜਾ ਨੂੰ ਸੁਖੀ ਰਖਦਾ ਹੈ ਇਸ ਦੇ ਉਲਟ ਪਰਜਾ ਦਾ ਨਾਸ ਹੁੰਦਾ ਹੈ।
21. ਜੇ ਰਾਜਾ ਡੰਡ ਨਾ ਦੇਵੇ ਤਾਂ ਡਾਢੇ ਆਦਮੀ ਲਿੱਸੇ ਨੂੰ ਜੀਉਣ ਨਾ ਦੇਣ।
22. ਜੇ ਡੰਡ ਨਾ ਮਿਲਣ ਤਾਂ ਲੁੱਚੇ ਭਲੇ ਮਾਨਸਾਂ ਦਾ ਸਾਰਾ ਧਨ ਲੁੱਟ ਲੈਣ।
23. ਜਿੰਨੇ ਜੀਵ ਹਨ ਡੰਡ ਤੋਂ ਹੀ ਕੰਮ ਕਰਨ ਦੇ ਯੋਗ ਹੋ ਸਕਦੇ ਹਨ ਭਲੇ ਲੋਕ ਲਿੱਸੇ ਹੁੰਦੇ ਹਨ।
24. ਦੇਵ ਦਾਨਵ ਪੰਛੀ ਸਰਪ ਆਦਿ ਡੰਡ ਤੋਂ ਕੰਮ ਕਰਦੇ ਹਨ ਇਨ੍ਹਾਂ ਦਾ ਦੰਡੀ ਈਸ਼ੂਰ ਹੈ।
25. ਬੇ ਮਰਯਾਦਾ ਡੰਡ ਦੇਣ ਤੋਂ ਵਰਨ ਦੁਸ਼ਟ ਹੋ ਜਾਣਗੇ ਅਤੇ ਪ੍ਰਬੰਧ ਉਲਟ ਪੁਲਟ ਹੋ ਜਾਏਗਾ।
26. ਜੋ ਰਾਜਾ ਸੱਚਾ ਬੁੱਧਮਾਨ ਅਤੇ ਧਰਮਾਤਮਾ ਹੈ ਉਹ ਡੰਡ ਦੇ ਸਕਦਾ ਹੈ।
27. ਜੋ ਕਰੋਧੀ ਵਿਸ਼ਈ ਅਤੇ ਕਪਟੀ ਹੈ ਉਹ ਸ਼ੀਘਰ ਹੀ ਨਾਸ ਹੋ ਜਾਂਦਾ ਹੈ।
28. ਰਾਜਾ ਜੋਗ ਡੰਡ ਦੇਣ ਤੋਂ ਧਰਮ ਅਰਥ ਕਾਮ ਆਦਿਕਾਂ ਵਿਚ ਵਧਦਾ ਹੈ।
29. ਜੋ ਰਾਜਾ ਅਸ਼ਾਸਤ੍ਰੀ ਹੈ ਉਹ ਡੰਡ ਨਹੀਂ ਦੇ ਸਕਦਾ ਅਧਰਮੀ ਰਾਜਾ ਨਾਸ ਹੁੰਦਾ ਹੈ।
30. ਅਧਰਮੀ ਰਾਜੇ ਦੇ ਡੰਡ ਤੋਂ ਦੇਵਤੇ ਅਤੇ ਰਾਜਾ ਆਦਿ ਸਾਰੇ ਦੁਖੀ ਹੁੰਦੇ ਹਨ।
31. ਲਾਲਚੀ ਮੂਰਖ ਅਤੇ ਵਿਸ਼ਈ ਰਾਜਾ ਨਿਆਇ ਕਰਕੇ ਡੰਡ ਨਹੀਂ ਦੇ ਸਕਦਾ ਅਤੇ ਕਿਸੇ ਦੀ ਰਾਖੀ ਨਹੀਂ ਕਰਦਾ।
32. ਸੱਚਾ ਸ਼ਾਸਤ੍ਰ ਗਿਆਤਾ ਸਿਆਣਾ ਜੀਵ ਰਖਕ ਰਾਜਾ ਡੰਡ ਦੇ ਸਕਦਾ ਹੈ।
33. ਨਿਆਇਕਾਰੀ ਮਿਤ੍ਰਾਂ ਦਾ ਪਿਆਰ ਦੁਸ਼ਮਣ ਨੂੰ ਡੰਡ ਦੇਣ ਵਾਲਾ ਅਤੇ ਬ੍ਰਾਹਮਣਾਂ ਤੇ ਤਰਸ ਕਰਨ ਵਾਲੇ ਰਾਜੇ ਦਾ ਰਾਜ ਅਟੱਲ ਅਤੇ ਵੈਰੀ ਭੈ ਖਾਂਦੇ ਹਨ।
34. ਇਸ ਰੀਤੀ ਨਾਲ ਵਰਤਣ ਵਾਲੇ ਰਾਜੇ ਦਾ ਜੱਸ ਇਉਂ ਖਿਲਰਦਾ ਹੈ ਜਿਉਂ ਤੇਲ ਪਾਣੀ ਤੇ।

35. ਜੋ ਇਸ ਦੇ ਵਿਰੁੱਧ ਚਲਦਾ ਹੈ ਉਹਦਾ ਜੱਸ ਨਹੀਂ ਹੁੰਦਾ।
36. ਵਰਨ ਆਸ਼ਰਮਾਂ ਦੇ ਧਰਮਾਂ ਦਾ ਰਾਖਾ ਰਾਜਾ ਪੈਦਾ ਕੀਤਾ ਗਿਆ ਹੈ।
37. ਭ੍ਰਿਗੂ ਜੀ ਆਖਦੇ ਹਨ ਕਿ ਹੁਣ ਉਨ੍ਹਾਂ ਰਾਜਿਆਂ ਤੇ ਕਾਦਾਰਾ ਦੇ ਯੋਗ ਕੰਮਾਂ ਨੂੰ ਦਸਦੇ ਹਾਂ।
38. ਰਾਜਾ ਤਿੰਨ ਵੇਦਾਂ ਦੇ ਵਕਤਾ ਬ੍ਰਾਹਮਣਾਂ ਦੇ ਸਵੇਰੇ ਦਰਸ਼ਨ ਕਰੇ ਅਤੇ ਪੂਜਨ ਕਰੇ।
39. ਆਪਣੇ ਵੱਡੇ ਅਤੇ ਵੇਦ ਪਾਠੀ ਬ੍ਰਾਹਮਣਾਂ ਦੀ ਸੇਵਾ ਤੋਂ ਰਾਜਾ ਤੇਜਵਾਨ ਹੁੰਦਾ ਹੈ।
40. ਬੁੱਧੀ ਦੀ ਬ੍ਰਿਧੀ ਲਈ ਕੋਮਲ ਬਚਨਾ ਕਰਕੇ ਬ੍ਰਾਹਮਣਾਂ ਅੱਗੇ ਨਿਵੇਂ ਅਤੇ ਸੇਵਾ ਕਰੇ।
41. ਕਈ ਨਿਰਮਾਨਤਾ ਤੋਂ ਰਾਜੇ ਹੋ ਗਏ ਅਤੇ ਕਈ ਰਾਜੇ ਮਾਨ ਕਰਨ ਤੋਂ ਨਸ਼ਟ ਹੋ ਗਏ।
42. ਯਵਨ ਦਾ ਪੁੱਤਰ ਸੁਦਾਸ, ਸਮੁਖਨਿਮ ਆਦਿਕ ਨਿਮਰਤਾ ਨਾ ਕਰਨ ਤੋਂ ਨਾਸ ਹੋਏ।
43. ਮਨੂੰ ਪਰਸਾ ਨੇ ਰਾਜ ਪਾਇਆ ਅਤੇ ਕੁਬੇਰ ਦੇ ਖਜਾਨਚੀ ਹੋਏ ਅਤੇ ਵਿਸ਼ਵਾ ਮਿਤ੍ਰ ਖਤ੍ਰੀ ਤੋਂ ਬ੍ਰਾਹਮਣ ਹੋ ਗਏ।
44. ਵੇਦ ਵਿਦਿਆ ਅਤੇ ਨੀਤੀ ਅਤੇ ਬ੍ਰਹਮਵਿੱਦਿਆ ਆਦਿਕਾਂ ਦੇ ਪੜ੍ਹਾਉਣ ਵਾਲਿਆਂ ਕੋਲੋਂ ਪੜ੍ਹੇ ਅਤੇ ਧਨ, ਖੇਤੀ ਵਪਾਰ ਅਤੇ ਜੀਵਾਂ ਦੀ ਰਾਖੀ ਆਦਿ ਢੰਗ ਸਿੱਖੇ।
45. ਜੋ ਰਾਜਾ ਜਿਤਿੰਦ੍ਰੀ ਅਤੇ ਮਨ ਦਾ ਮਾਲਕ ਹੋਵੇ ਉਹ ਅਵੱਸ਼ ਆਪਣੇ ਤੇਜ ਨਾਲ ਸਾਰੀ ਪਰਜਾ ਨੂੰ ਵੱਸ ਕਰ ਸਕਦਾ ਹੈ ਜਿਸ ਦੇ ਵੱਸ ਵਿਚ ਇੰਦ੍ਰੀਆਂ ਨਹੀਂ ਉਹ ਨਸ਼ਟ ਹੋ ਜਾਂਦਾ ਹੈ।
46. 10 ਐਗਣ ਕਾਮ ਤੋਂ ਅਤੇ 8 ਕ੍ਰੋਧ ਤੋਂ ਤਾਂਤੇ ਇਹਨਾਂ ਸਾਰਿਆਂ ਨੂੰ ਤਿਆਗੇ।
47. ਕਾਮ ਤੋਂ ਉਤਪਤ ਐਗਣ ਧਰਮ ਅਰਥ ਨਾਸ ਕਰਦੇ ਹਨ ਕ੍ਰੋਧ ਜਨ ਦੋਸ਼ ਨਾਸ ਕਰਦੇ ਹਨ।
48. ਕਾਮ ਜਨ ਦੋਸ਼ ਸ਼ਿਕਾਰ ਖੇਡਣਾ, ਪਾਸਾ ਖੇਡਣਾ, ਦਿਨੇ ਸੌਣਾ, ਦੋਸ਼ ਵੇਖਕੇ ਪ੍ਰਗਟ ਕਰਨਾ, ਇਸਤਰੀ ਦੀ ਸੇਵਾ, ਸ਼ਰਾਬ ਪੀ ਕੇ ਬੇਹੋਸ਼ ਹੋਣਾ, ਗਾਉਣਾ, ਨੱਚਣਾ ਆਦਿਕ।
49. ਕ੍ਰੋਧ ਜਨ ਦੋਸ਼ ਬਿਨਾਂ ਜਾਣੇ ਐਬ ਦੱਸਣਾ, ਧੋਖੇ ਨਾਲ ਕਿਸੇ ਨੂੰ ਮਾਰਨਾ, ਕਿਸੇ ਦੀ ਵਡਿਆਈ ਹੱਛੀ ਨਾ ਲਗਣੀ ਆਦਿ ਹਨ।
50. ਉਤਲੇ ਦਸੇ ਹੋਏ ਐਗਣਾਂ ਦੀ ਜੜ੍ਹ ਲੋਭ ਹੈ ਇਸਨੂੰ ਤਿਆਗੋ ਇਸ ਦੇ ਛੱਡਣ ਤੋਂ ਸਭ ਵੱਸ ਹੋ ਜਾਂਦੀਆਂ ਹਨ ਸਿਆਣਿਆਂ ਦਾ ਬਚਨ ਹੈ।
51. ਸ਼ਰਾਬ ਪੀਣਾ, ਪਾਸਾ ਖੇਡਣਾ, ਇਸਤ੍ਰੀ ਗੁਲਾਮੀ ਆਦਿਕ ਵੱਧ ਤੋਂ ਵੱਧ ਭੈੜੀਆਂ ਹਨ।

52. ਡੰਡਾ ਮਾਰਨਾ, ਗਾਲ੍ਹੀ ਦੇਣੀ, ਦੇਣ ਜੋਗ ਚੀਜ਼ ਨੂੰ ਨਾ ਦੇਣਾ ਸਭ ਤੋਂ ਖਰਾਬ ਹਨ।
53. ਏਹ ਸੱਤੇ ਇਕ ਥਾਂ ਦੇ ਵਸਨੀਕ ਦੋਸ਼ ਹਨ।
54. ਦੁਰਾਚਾਰੀ ਪੁਰਸ਼ ਮਰ ਕੇ ਨਰਕ ਗਾਮੀ ਹੁੰਦਾ ਹੈ ਅਤੇ ਸਦਾਚਾਰੀ ਸੁਰਗ ਨੂੰ ਜਾਂਦਾ ਹੈ, ਦੁਰਾਚਾਰੀ ਹੋ ਕੇ ਜੀਵਨ ਤੋਂ ਮਰ ਜਾਣਾ ਬਹੁਤ ਹੱਛਾ ਹੈ।
55. ਰਾਜਾ ਆਪਣਾ ਵਜ਼ੀਰ ਸ਼ਾਸਤ੍ਰਗ, ਬਹਾਦਰ ਤੇ ਜਵਾਨ ਅਤੇ ਚੰਗੀ ਕੁਲ ਵਾਲਾ ਬਣਾਏ, ਵਜੀਰ ਗਿਣਤੀ ਵਿਚ ਸੱਤ ਜਾਂ ਅੱਠ ਹੋਣ।
56. ਰਾਜ ਕਾਜ ਲਈ ਇਹਨਾਂ ਦਾ ਹੋਣਾ ਅਵੱਸ਼ ਹੈ ਕਿਉਂਕਿ ਇਕੱਲਾ ਕੋਈ ਕੰਮ ਨਹੀਂ ਕਰ ਸਕਦਾ।
57. ਵਜੀਰਾਂ ਨਾਲ ਸਲਾਹ, ਲੜਾਈ, ਖਜਾਨਾ ਆਦਿ ਕੰਮਾਂ ਤੇ ਵਿਚਾਰ ਕਰੇ।
58. ਵਜੀਰਾਂ ਦੀ ਸਲਾਹ ਵਿਚ ਆਪਣੀ ਭਲਿਆਈ ਵਿਚਾਰ ਕੇ ਪ੍ਰਬੰਧ ਕਰੇ।
59. ਸਭ ਤੋਂ ਹੱਛੇ ਵਜ਼ੀਰ ਨਾਲ ਛੇ ਗੁਣ ਵਾਲੇ ਪਰਮ ਮੰਤ੍ਰ ਨੂੰ ਵਿਚਾਰੇ।
60. ਸਦੀਵ ਉਸਦੀ ਸਲਾਹ ਪੁਰ ਸਾਰੇ ਕੰਮਾਂ ਦਾ ਅਰੰਭ ਕਰੇ।
61. ਭਲੇ ਮਾਨਸ ਸਿਆਣੇ ਜੁਗਤੀ ਵਾਲੇ ਜਿਨ੍ਹਾਂ ਦੀ ਪ੍ਰੀਖਿਆ ਕਰ ਲਈ ਹੋਵੇ ਹੋਰ ਵਜ਼ੀਰ ਬਣਾਏ।
62. ਕੰਮ ਕਰਨ ਵਾਲੇ ਹੁਸ਼ਿਆਰ ਆਦਮੀ ਜਿੰਨੇ ਮਿਲਣ ਉਨੇ ਹੀ ਨੌਕਰ ਰਖੇ।
63. ਵਜ਼ੀਰਾਂ ਵਿਚੋਂ, ਸਿਆਣੇ, ਕੁਲਵੰਤੇ, ਪਤਿਵੰਤਿਆਂ ਨੂੰ ਕੰਮ ਕਾਜ ਸੌਂਪੇ ਜਿਹੜੇ ਡਰਪੋਕ ਹੋਣ ਕਿਲ੍ਹੇ ਵਿਚ ਬੰਦ ਰੱਖੇ।
64. ਸ਼ਾਸਤ੍ਰ ਗਿਆਤਾ ਨੀਤੀ ਸਪੰਨ ਹੁਸ਼ਿਆਰ ਦਿਆਨਤ ਦਾਰ ਪੁਰਸ਼ ਨੂੰ ਦੂਤ ਬਣਾਏ।
65. ਰਾਜੇ ਦਾ ਮਿਤ੍ਰ ਸਮਝ ਵਾਲਾ, ਵੇਲਾ ਵਿਚਾਰਨ ਵਾਲਾ ਪੁਰਸ਼ ਦੂਤ ਹੋਣਾ ਯੋਗ ਹੈ।
66. ਵਜ਼ੀਰ ਨਿਆਂ ਤੋਂ, ਡੰਡ ਅਤੇ ਰਾਜਾ ਖਜਾਨਾ ਅਤੇ ਦੂਤ ਸੁਲਾਹ ਤੇ ਲੜਾਈ ਆਪਣੇ ਆਪਣੇ ਵੱਸ ਰੱਖਣ।
67. ਵਿਗੜਦੇ ਨੂੰ ਸੁਆਰਨਾ ਅਤੇ ਸੌਰੇ ਨੂੰ ਵਿਗਾੜਨਾ ਦੂਤ ਦਾ ਕੰਮ ਹੈ।
68. ਸਾਰੇ ਨੌਕਰਾਂ ਵਿਚੋਂ ਰਾਜੇ ਦੇ ਸਾਰੇ ਭੇਤ ਹੋਣੇ ਜ਼ਰੂਰੀ ਹਨ ਦੂਜੇ ਨੂੰ ਨਹੀਂ।
69. ਦੂਜੇ ਰਾਜਿਆਂ ਦੇ ਦਿਲ ਦੀ ਗੱਲ ਸਿਆਣਪ ਨਾਲ ਮਲੂਮ ਕਰੇ ਜਿਸ ਤੋਂ ਦੁੱਖੀ ਨਾ ਹੋਵੇ।
70. ਜਿਸ ਦੇਸ਼ ਵਿਚ ਪਾਣੀ ਘਾਹ ਘੱਟ ਅਤੇ ਧੁੱਪ, ਪੌਣ, ਅਨਾਜ ਆਦਿ ਬਹੁਤ ਹੋਣ ਉਹਨਾਂ ਜਾਂਗਲ ਦੇਸ਼ ਅਤੇ ਜਿਥੇ ਭਲੇ ਪੁਰਸ਼ ਅਤੇ ਫਲ ਫੁਲ ਅਤੇ ਖੇਤੀ ਵਪਾਰ ਅਤੇ ਧਨ ਪ੍ਰਾਪਤ ਦੇ ਜਤਨ ਸੌਖੇ ਹੋਣ ਰਾਜਾ ਅਜਿਹੇ ਦੇਸ ਵਿਚ ਰਹੇ।

71. ਜਿਸਦੇ ਚਾਰੇ ਪਾਸੇ ਪਾਣੀ ਅਤੇ ਬ੍ਰਿਛ ਅਤੇ ਬਹਾਦਰ ਪੁਰਸ਼ ਅਤੇ ਪਹਾੜ ਹੋਣ ਉਹ ਕਿਲ੍ਹੇ ਦੀ ਨਿਆਈਂ ਹੈ ਜਿਥੇ ਦੂਜੇ ਰਾਜੇ ਦੀ ਫੌਜ ਨਾ ਜਾ ਸਕੇ ਰਾਜਾ ਉਥੇ ਰਹੇ।
72. ਪਹਾੜੀ ਦੇਸ਼ ਸ਼ਾਸਤ੍ਰਕਾਰਾਂ ਨੇ ਯੋਗ ਸਮਝਿਆ ਹੈ ਇਹ ਸਭ ਤੋਂ ਹੱਛਾ ਦੇਸ਼ ਹੈ।
73. ਪਹਿਲੇ ਤਿੰਨ ਕਿਲ੍ਹਿਆਂ ਵਿਚ ਹਰਨ, ਚੂਹੇ, ਜਲਚਰ ਜੀਵ ਅਤੇ ਦੂਏ ਕਿਲ੍ਹੇ ਵਿਚ ਬਨਚਰ, ਮਨੁੱਖ ਅਤੇ ਦੇਵਤੇ ਰਹਿੰਦੇ ਹਨ।
74. ਹਰਨਾਂ ਦੀ ਨਿਆਈਂ ਕਿਲ੍ਹੇ ਵਿਚ ਰਹਿਣਾ ਰਾਜਿਆਂ ਨੂੰ ਸੁਖਦਾਈ ਹੈ।
75. ਕਿਲ੍ਹੇ ਦਾ ਰਹਿਣ ਵਾਲਾ ਇਕ ਕਮਾਨ ਨਾਲ ਬਾਹਰ ਦੇ ਸੌ ਮਨੁੱਖ ਨਾਲ ਲੜ ਸਕਦਾ ਹੈ ਇਸ ਤਰ੍ਹਾਂ ਕਿਲ੍ਹੇ ਵਿਚ ਵਾਸ ਖਲੇ ਵਾਸ ਨਾਲੋਂ 10 ਗੁਣਾਂ ਅੱਛਾ ਹੈ।
76. ਕਿਲ੍ਹੇ ਦੇ ਅੰਦਰ ਯੁੱਧ ਅਤੇ ਖਾਣ ਪੀਣ ਦੇ ਸਾਰੇ ਅਸਬਾਬ ਹੋਣੇ ਜੋਗ ਹਨ।
77. ਕਿਲ੍ਹੇ ਦੇ ਅੰਦਰ ਮਹੱਲ ਅਜਿਹਾ ਬਣਾਵੇ ਜਿਸਦੇ ਵਿਚ ਰਸੋਈ ਅਤੇ ਹਥਿਆਰ ਆਦਿਕ ਰੱਖਣ ਦੀ ਜੁਗਤੀ ਹੋਵੇ ਅਤੇ ਫਲ ਫੁਲ ਖੂਹ ਬਾਵਲੀ ਆਦਿਕ ਵੀ ਹੋਣ।
78. ਅਜਿਹੇ ਮਕਾਨ ਵਿਚ ਰਹਿਕੇ ਸੁੰਦਰ, ਚਤ੍ਰ, ਕੁਲੀਨ ਇਸਤਰੀ ਨਾਲ ਵਿਆਹ ਕਰੇ।
79. ਪ੍ਰੋਹਤ ਅਤੇ ਰਤੁਜ ਆਦਿਕਾਂ ਨੂੰ ਘਰ ਦੇ ਕੰਮਾਂ ਦੇ ਕਰਨ ਦੀ ਆਗਿਆ ਦੇਵੇ।
80. ਬਹੁਤ ਪ੍ਰਕਾਰ ਦੇ ਯੱਗ ਧਰਮ ਲਈ ਅਤੇ ਧਨ ਕਪੜਾ ਆਦਿ ਬ੍ਰਾਹਮਣਾਂ ਨੂੰ ਦੇਵੇ।
81. ਰਾਜਾ ਪਰਜਾ ਪਾਲਕ ਅਤੇ ਵੇਦ ਅਨੁਸਾਰ ਧਰਮੀ ਅਰ ਆਪਣੇ ਰਾਜ ਵਿਚ 16 ਭਾਗ ਲਏ।
82. ਥਾਂ ਥਾਂ ਤੇ ਇਕ ਵਿਦਵਾਨ ਅਫਸਰ ਨਿੱਯਤ ਕਰੇ ਜੋ ਨੌਕਰਾਂ ਦੇ ਕੰਮ ਦੀ ਪੜਤਾਲ ਕਰੇ।
83. ਗੁਰੂਕੁਲ ਤੋਂ ਵਿਦਿਆ ਪੜ੍ਹਕੇ ਆਏ ਹੋਏ ਬ੍ਰਾਹਮਣ ਦੀ ਪੂਜਾ ਕਰਨਾ ਪਰਮ ਧਰਮ ਹੈ।
84. ਰਾਜਾ ਅਪਣੇ ਧਨ ਤੋਂ ਅਜਿਹੇ ਬ੍ਰਾਹਮਣਾਂ ਦੀ ਸੇਵਾ ਕਰੇ।
85. ਦੇਵਤੇ ਪਿਤ੍ਰ ਅਰ ਰਿਸ਼ੀਆਂ ਲਈ ਜੋ ਅੰਨ ਭਾਵੇਂ ਪ੍ਰਮੇਸ਼ਰ ਦੀ ਪ੍ਰਸੰਨਤਾ ਲਈ ਕਰਾਇਆ ਜਾਏ ਉਹ ਬੇਅਰਥ ਨਹੀਂ ਜਾਂਦਾ ਅਜਿਹੇ ਭੋਜਨ ਨੂੰ ਬ੍ਰਹਮਭੋਜ ਤੋਂ ਉੱਤਮ ਲਿਖਿਆ ਹੈ।
86. ਬ੍ਰਾਹਮਣ ਤੋਂ ਸਿਵਾਏ ਹੋਰ ਵਰਨਾਂ ਨੂੰ ਜਿੰਨਾਂ ਦਿਓ ਉਨਾਂ ਹੀ ਲਭਦਾ ਹੈ, ਪਰ ਬ੍ਰਾਹਮਣ ਨੂੰ ਦਿਤਾ ਦੂਣਾ ਮਿਲਦਾ ਹੈ ਵੇਦ ਪਾਠੀ ਭੀ ਨੂੰ ਦੇਣਾ ਬਹੁਤ ਲਾਭਕਾਰੀ ਹੈ।
87. ਦਾਤਾ ਨੇਕ ਨਿਯਤ ਅਰ ਲੈਣ ਵਾਲਾ ਭਜਨੀਕ ਹੋਵੇ ਤਾਂ ਜ਼ਰੂਰ ਫਲ ਮਿਲਦਾ ਹੈ।
88. ਖੱਤ੍ਰੀ ਧਰਮ ਪਾਲਦਾ ਹੋਇਆ ਰਾਜਾ ਵੱਡੇ ਛੋਟੇ ਰਾਜੇ ਨਾਲ ਜੰਗ ਕਰਨ ਤੋਂ ਮੂੰਹ ਨਾ

ਮੋੜੇ।

89. ਲੜਾਈ ਵਿਚ ਅਡੋਲ, ਪ੍ਰਜਾ ਪਾਲਨਾ ਬ੍ਰਾਹਮਣ ਸੇਵਾ ਰਾਜੇ ਨੂੰ ਸੁਖ ਦੇਣ ਵਾਲੇ ਹਨ।

90. ਲੜਾਈ ਵਿਚ ਵੈਰੀ ਨੂੰ ਮਾਰਕੇ ਜੋ ਮਰਦਾ ਹੈ ਉਹ ਸੁਰਗ ਨੂੰ ਜਾਂਦਾ ਹੈ।

91. ਵਿਸ ਨਾਲ ਭਰੇ ਹੋਏ ਅਰ ਕੁਟਲ ਹਥਿਆਰ ਅਗਨੀ ਵਿਚ ਤੱਤੇ ਕੀਤੇ ਹੋਏ ਨਾਲ ਯੁੱਧ ਨਾ ਕਰੇ।

92. ਧਰਤੀ ਤੇ ਖੜੇ ਹੋਏ ਬੈਠੇ ਹੋਏ ਨਪੁੰਸਕ ਹੱਥ ਜੋੜਨ ਵਾਲਾ ਸ਼ੱਤਰੂ ਨੂੰ ਨਾ ਮਾਰੇ।

93. ਸੁੱਤੇ ਹੋਏ ਅਤੇ ਸ਼ਸਤ੍ਰ, ਬਸਤ੍ਰ, ਰਹਿਤ ਕੇਵਲ ਯੁੱਧ ਵੇਖਣ ਆਏ ਪੁਰਸ਼ ਨੂੰ ਨਾ ਮਾਰੇ।

94. ਜਿਸਦੇ ਹਥਿਆਰ ਟੁੱਟ ਜਾਣ ਜਾਂ ਪੁੱਤਰ ਦੇ ਮਰਨ ਤੋਂ ਸ਼ੋਕਵਾਨ ਹੋਏ ਨੌਸਿਆ ਹੋਇਆ ਹੋਵੇ ਨਾ ਮਾਰੇ।

95. ਜੋ ਪੁਰਸ਼ ਭੱਜਦਾ ਹੋਇਆ ਦੂਜੇ ਦੇ ਹਥਿਆਰ ਨਾਲ ਮਰ ਗਿਆ ਹੈ ਉਹ ਮਰ ਕੇ ਪਾਪ ਨੂੰ ਪਾਂਦਾ ਹੈ।

96. ਜੋ ਖੱਤਰੀ ਭੱਜਦਾ ਜਾਂਦਾ ਮਾਰਿਆ ਜਾਏ ਉਸ ਦੇ ਸ਼ੁਭ ਕਰਮਾਂ ਦਾ ਫਲ ਉਹਦੇ ਮਾਲਕ ਨੂੰ ਹੁੰਦਾ ਹੈ।

97. ਰਥ ਘੋੜਾ ਹਾਥੀ ਆਦਿ ਸਾਰੀ ਦੌਲਤ ਸਿਵਾਏ ਸੋਨਾ ਚਾਂਦੀ ਆਦਿ ਧਾਤਾਂ ਨੂੰ ਜੈ ਕਰੇ ਉਹ ਹੀ ਉਸਦਾ ਮਾਲਕ ਹੁੰਦਾ ਹੈ।

98. ਸੋਨਾ, ਚਾਂਦੀ, ਧਰਤੀ ਆਦਿ ਵਸਤੂ ਜੈ ਕਰਨ ਵਾਲਾ ਆਪਣੇ ਰਾਜੇ ਨੂੰ ਦੇਵੇ ਅਤੇ ਰਾਜਾ ਸਭ ਸੂਰਮਿਆਂ ਨੂੰ ਵੰਡੇ ਜਿਨ੍ਹਾਂ ਨੇ ਦੇਸ ਫਤ੍ਹੇ ਕੀਤਾ ਹੈ।

99. ਖੱਤਰੀ ਧਰਮ ਨੂੰ ਪਾਲਦੇ ਹੋਏ ਸੂਰਬੀਰ ਲੜਾਈ ਵਿਚ ਧਰਮ ਨਾ ਛੱਡਣ।

100. ਅਪ੍ਰਾਪਤ ਵਸਤੂ ਦੀ ਪ੍ਰਾਪਤੀ ਲਈ ਸ਼ੁਭ ਇੱਛਾ ਲਈ ਪ੍ਰਾਪਤ ਵਸਤੂ ਨੂੰ ਸਾਂਭ ਕੇ ਰੱਖੇ ਅਤੇ ਉਸ ਨੂੰ ਭਲੇ ਕੰਮਾਂ ਤੇ ਖਰਚ ਕਰੇ ਅਰਥਾਤ ਅਧਿਕਾਰੀ ਪੁਰਸ਼ਾਂ ਨੂੰ ਦੇਵੇ।

101. ਰਾਜੇ ਦੇ ਸੁਰਗ ਦੇ ਪ੍ਰਯੋਜਨ ਚਾਰ ਪ੍ਰਕਾਰ ਦੱਸੇ ਹਨ ਰਾਜਾ ਉਨ੍ਹਾਂ ਲਈ ਪੁਰਸ਼ਾਰਥ ਕਰੇ।

102. ਜੁਰਮਾਨਾ, ਵਿਆਜ, ਡੰਡ ਆਦਿਕ ਤੋਂ ਪ੍ਰਾਪਤ ਧਨ ਦਾਨ ਵਿਚ ਖਰਚ ਕਰੇ।

103. ਸ਼ਸਤ੍ਰ ਅਸਤ੍ਰ ਵਿੱਦਿਆ ਨੂੰ ਸਿੱਖੇ ਸ਼ਾਸਤ੍ਰ ਪੜ੍ਹੇ ਆਪਣੀ ਬਹਾਦਰੀ ਨੂੰ ਸੰਸਾਰ ਵਿਚ ਪ੍ਰਗਟ ਕਰੇ ਅਤੇ ਦੁਸ਼ਮਣ ਦੇ ਐਬਾਂ ਨੂੰ ਜਾਣਦਾ ਰਹੇ।

104. ਰਾਜਾ ਨੂੰ ਜ਼ਰੂਰੀ ਹੈ ਕਿ ਅਪਰਾਧੀ ਨੂੰ ਡੰਡ ਦੇਵੇ ਤਾਂ ਕਿ ਉਸ ਤੋਂ ਸਭ ਭੈ ਰੱਖਣ।

105. ਕਿਸੇ ਦੇ ਧੋਖੇ ਤੋਂ ਬਚੇ ਅਤੇ ਆਪ ਕਿਸੇ ਨਾਲ ਨਾ ਕਰੇ ਅਤੇ ਨੌਕਰਾਂ ਦੀ ਰਾਖੀ ਕਰੇ।

106. ਰਾਜਾ ਭਾਵੇਂ ਦੂਜੇ ਦੇ ਔਗੁਣ ਜਾਣ ਲਵੇ ਪਰ ਆਪਣੇ ਐਬ ਕਿਸੇ ਤਾਂਈ ਪ੍ਰਗਟ ਨਾ

ਕਰੇ।

107. ਬਗਲੇ ਵਾਂਗੂੰ ਮਤਲਬੀ, ਸ਼ੇਰ ਵਰਗਾ ਉੱਦਮੀ, ਬਘਿਆੜ ਦੀ ਨਿਆਈਂ ਝਪਟੇ ਅਤੇ ਸਹੇ ਵਰਗਾ ਨੱਸਣ ਵਾਲਾ ਹੋਵੇ।

108. ਸਾਮ, ਦਾਮ ਡੰਡ ਭੇਦ ਇਨ੍ਹਾਂ ਨਾਲ ਦੁਸ਼ਮਣਾਂ ਨੂੰ ਵੱਸ ਵਿਚ ਰੱਖੇ।

109. ਜੇ ਦੁਸ਼ਮਣ ਉਤਲੀਆਂ ਜੁਗਤੀਆਂ ਨਾਲ ਵੱਸ ਨਾ ਹੋਵੇ ਤਾਂ ਡੰਡ ਨਾਲ ਕਾਬੂ ਕਰੇ।

110. ਰਾਜ ਦੇ ਵਾਧੇ ਲਈ ਸਾਮ, ਡੰਡ ਦੀ ਵਡਿਆਈ ਪੰਡਿਤ ਲੋਕ ਕਰਦੇ ਹਨ।

111. ਸੱਟ ਦੀ ਨਿਆਈਂ ਦਾਣਾ ਕੱਢ ਕੇ ਭੋਹ ਪਰਾਂ ਸਟੇ ਅਰਥਾਤ ਰਾਜ ਦੀ ਰਾਖੀ ਦੁਸ਼ਮਣਾਂ ਤੋਂ ਕਰੇ।

112. ਜਿਹੜਾ ਮੋਹ ਮਾਤਰ ਪਰਜਾ ਨੂੰ ਦੁਖੀ ਕਰਦਾ ਹੈ ਉਹ ਛੇਤੀ ਹੀ ਸਣੇ ਸਬੰਧੀਆਂ ਨਾਸ ਹੁੰਦਾ ਹੈ।

113. ਸਰੀਰ ਦੇ ਦੁਖ ਹੋਣ ਤੋਂ ਪ੍ਰਾਣ ਦੁਖੀ ਹੁੰਦੇ ਹਨ ਇਸ ਤਰ੍ਹਾਂ ਪਰਜਾ ਦੁਖੀ ਹੋਣ ਤੋਂ ਰਾਜਾ ਦੁਖੀ ਹੁੰਦਾ ਹੈ।

114. ਜਿਸ ਰਾਜੇ ਦੀ ਪਰਜਾ ਵਾਧਾ ਕਰੇ ਉਹ ਰਾਜਾ ਵੀ ਵਾਧੇ ਨੂੰ ਪਾਉਂਦਾ ਹੈ।

115. ਤਿੰਨ ਪੰਜ ਪਿੰਡ ਦੇ ਵਿਚ ਅਸਥਾਨ ਬਣਾ ਕੇ ਇਕ ਨੌਕਰ ਪ੍ਰਬੰਧ ਲਈ ਰਖੇ।

116. ਵਿਦਿਆ, ਬੁਧੀਅਨੁਸਾਰ ਥੋੜ੍ਹੇ-ਥੋੜ੍ਹੇ ਪਿੰਡਾਂ ਦੇ ਮਾਲਕ ਬਣਾਏ।

117. ਇਸੇ ਤਰ੍ਹਾਂ ਪਿੰਡ ਦਾ ਨੰਬਰਦਾਰ ਯੋਗ ਪ੍ਰਬੰਧਕ ਨੂੰ ਦੱਸੇ।

118. ਵੀਹਾਂ ਪਿੰਡਾਂ ਦਾ ਪ੍ਰਬੰਧਕ ਸੌ ਪਿੰਡ ਦੇ ਪ੍ਰਬੰਧਕ ਨੂੰ ਆਖੇ।

119. ਰਾਜਾ ਦੇ ਯੋਗ ਕੰਮ ਪਿੰਡ ਦਾ ਮਾਲਕ ਜ਼ਿਮੀਂਦਾਰਾਂ ਕੋਲੋਂ ਲੈ ਕੇ ਯੋਗ ਪ੍ਰਬੰਧਕ ਨੂੰ ਦੇਵੇ।

120. 10 ਪਿੰਡਾਂ ਦਾ ਸਰਦਾਰ ਪੰਜਾਂ ਹਲਾਂ ਦੀ ਅਤੇ 20 ਪਿੰਡਾਂ ਦਾ ਮਾਲਕ ਪੰਜਾਂ ਹਲਾਂ ਦੇ ਵਾਹੁਣ ਜੋਗ ਭੋਂ ਗੁਜ਼ਾਰੇ ਵਾਸਤੇ ਰੱਖ ਲਏ ਇਸੇ ਤਰ੍ਹਾਂ ਦਰਜੇ ਬਦਰਜੇ ਆਪਣੇ ਗੁਜ਼ਾਰੇ ਲਈ ਰੱਖ ਲਏ।

121. ਸਭ ਤੋਂ ਵੱਡਾ ਵਜ਼ੀਰ ਰਾਜਾ ਦੇ ਕੋਲ ਰਹੇ ਅਤੇ ਉੱਦਮ ਕਰਕੇ ਨਗਰ ਪੁਰੀਆਂ ਦੇ ਮਾਲਕਾਂ ਦੇ ਕੰਮਾਂ ਨੂੰ ਵੇਖਦਾ ਰਹੇ ਆਲਸ ਨ ਕਰੇ।

122. ਪਿੰਡਾਂ, ਨਗਰਾਂ ਦੇ ਮਾਲਕ ਸਾਰੇ ਕੰਮਾਂ ਨੂੰ ਪੂਰਾ ਕਰਨ ਵਾਲਾ ਬੜਾ ਸੁੰਦਰ ਮਕਾਨ ਬਣਾਵੇ।

123. ਵਜ਼ੀਰ ਆਪਣੇ ਹੇਠ ਕੰਮ ਕਰਨ ਵਾਲਿਆਂ ਦਾ ਹਾਲ ਮੁਖਬਰਾਂ ਦੀ ਰਾਹੀਂ ਪਤਾ ਲੈਂਦਾ ਰਹੇ।

124. ਹੋਰ ਕੋਈ ਨੌਕਰ ਜੋ ਪਰਜਾ ਤੇ ਜ਼ੁਲਮ ਕਰਦੇ ਹੋਣ ਉਨ੍ਹਾਂ ਤੋਂ ਬਚਾਣਾ ਵਜ਼ੀਰ ਤੇ ਰਾਜੇ

ਦਾ ਵੱਡਾ ਕੰਮ ਹੈ।

125. ਪਾਪੀ ਅਫਸਰਾਂ ਦਾ ਧਨ ਖੋਹ ਕੇ ਦੇਸੋਂ ਕੱਢ ਦੇਵੇ ਕਿਉਂਕਿ ਇਹ ਰਾਜ ਨੂੰ ਕਮਜ਼ੋਰ ਕਰ ਦੇਂਦੇ ਹਨ।

126. ਆਪਣੇ ਕੰਮ ਕਰਨ ਨਾਲ ਨੌਕਰਾਂ ਚਾਕਰਾਂ ਦੀ ਰੋਜ਼ੀ ਉਹਨਾਂ ਦੀ ਅਕਲ ਅਨੁਸਾਰ ਨਿੱਯਤ ਕਰੇ।

127. ਭੰਗੀ ਮੇਹਰਾਂ ਆਦਿ ਸੇਵਕਾਂ ਨੂੰ ਇਕ ਧਨ ਮਹੀਨਾ ਅਤੇ ਉਤਮ ਸ਼੍ਰੇਣੀ ਦੇ ਸੇਵਕਾਂ ਨੂੰ ਛੇ ਧਨ ਮਹੀਨਾ ਅਤੇ ਇਕ ਜੋੜਾ ਬਸਤਰ ਛੇ ਮਹੀਨੇ ਪਿੱਛੋਂ ਦੇਵੇ।

128. ਵਪਾਰ ਦੀਆਂ ਚੀਜ਼ਾਂ ਦਾ ਮਹਿਸੂਲ ਲਵੇ ਅਤੇ ਉਹਨਾਂ ਦਾ ਸਾਰਾ ਹਾਲ ਕਿਥੋਂ ਆਈ ਅਤੇ ਕੀ ਭਾਅ ਆਈ ਅਤੇ ਕੀ ਨਫਾ ਹੋਵੇਗਾ ਉਸ ਦੀ ਰਾਖੀ ਵੀ ਕਰੇ।

129. ਇਸ ਕਰ ਲਾਉਣ ਤੋਂ ਰਾਜਾ ਅਤੇ ਵਪਾਰੀ ਨੂੰ ਉਚਿਤ ਫਲ ਪ੍ਰਾਪਤ ਹੁੰਦਾ ਹੈ।

130. ਜਿਸ ਤਰ੍ਹਾਂ ਜੋਕ ਲਹੂ ਨੂੰ ਅਤੇ ਭੌਰਾ ਮਧ ਨੂੰ ਅਤੇ ਵੱਛਾ ਦੁੱਧ ਨੂੰ ਹੌਲੀ-ਹੌਲੀ ਚੁੰਘਦਾ ਹੈ ਇਸ ਤਰ੍ਹਾਂ ਆਪਣੀ ਪਰਜਾ ਤੋਂ ਕਰ ਲਵੇ ਜਿਸ ਤੋਂ ਪਰਜਾ ਦੁਖੀ ਨਾ ਹੋਵੇ।

131. ਪਸ਼ੂ ਅਤੇ ਸੋਨੇ ਦੇ ਨਫੇ ਦਾ ਜਾਂ ਪੰਜਵਾਂ ਭਾਗ ਅਤੇ ਅਨਾਜ ਦੇ ਨਫੇ ਦਾ ਅਠਵਾਂ ਜਾਂ ਬਾਹਰਵਾਂ ਜਾਂ ਛੇਵਾਂ ਭਾਗ ਲਵੇ ਅਤੇ ਜ਼ਮੀਨ ਦੀ ਹਾਲਤ ਤੇ ਕਰ ਲਾਵੇ।

132. ਬ੍ਰਿਛ, ਵਾਂਸ, ਸ਼ਰਾਬ, ਘਿਓ ਅਤੇ ਦਵਾਈ ਫਲ ਫੁਲ ਆਦਿ।

133. ਪਤਾ ਸਾਰਾ ਅਤੇ ਮਿੱਟੀ ਪੱਥਰ ਆਦਿਕਾਂ ਦੇ ਭਾਂਡਿਆਂ ਤੇ ਨਫੇ ਦਾ ਛੇਵਾਂ ਭਾਗ ਲਵੇ।

134. ਰਾਜਾ ਭਾਵੇਂ ਕਿੰਨਾ ਵੀ ਲੋੜਵੰਦ ਹੋਵੇ ਵੇਦਪਾਠੀ ਕੋਲੋਂ ਕੋਈ ਕਰ ਨਾ ਲਵੇ ਅਤੇ ਨਾ ਉਸ ਨੂੰ ਦੁਖੀ ਰਖੇ।

135. ਜਿਸ ਰਾਜੇ ਦੇ ਰਾਜ ਵਿਚ ਵੇਦਪਾਠੀ ਭੁੱਖਾ ਹੋਵੇ ਉਹ ਰਾਜਾ ਛੇਤੀ ਨਾਸ਼ ਹੋ ਜਾਂਦਾ ਹੈ।

136. ਵੇਦ ਪਾਠੀ ਸਦਾਚਾਰੀ ਬ੍ਰਾਹਮਣਾਂ ਦੀ ਪਾਲਨਾ ਅਤੇ ਰਾਖੀ ਪੁੱਤਰਾਂ ਵਾਂਗ ਕਰੇ।

137. ਰਾਜੇ ਦੀ ਉਮਰ ਅਤੇ ਤੇਜ ਉਸ ਬ੍ਰਾਹਮਣ ਦੇ ਧਰਮ ਤੋਂ ਵੱਧਦਾ ਹੈ।

138. ਛੋਟੇ ਆਦਮੀਆਂ ਕੋਲੋਂ ਵੀ ਸਾਲ ਪਿਛੇ ਕੁਝ ਲਵੇ।

139. ਰਸੋਈਆ ਅਤੇ ਹੋਰ ਕਾਰੀਗਰ ਸ਼ੂਦਰ ਮਿਹਨਤੀ ਪੁਰਸ਼ ਕੋਲੋਂ ਇਕ ਦਿਨ ਮਹੀਨੇ ਪਿਛੇ ਕੰਮ ਕਰਾਨਾ ਹੀ ਉਹਨਾਂ ਦਾ ਮਹਿਸੂਲ ਹੈ।

140. ਪ੍ਰੇਮ ਵੱਸ ਹੋ ਕੇ ਕਰ ਆਦਿ ਨਾ ਛੱਡੇ ਅਤੇ ਲਾਲਚ ਵਿਚ ਆ ਕੇ ਬਹੁਤਾ ਨਾ ਲਵੇ ਇਸ ਤੋਂ ਰਾਜਾ ਪਰਜਾ ਦੋਵੇਂ ਦੁੱਖੀ ਹੁੰਦੇ ਹਨ।

141. ਰਾਜਾ ਯੋਗ ਅਯੋਗ ਵਿਚਾਰ ਕੇ ਨਰਮ ਸਖਤ ਹੋਵੇ।

142. ਜੇ ਨਿਆਇ ਕਰਦਿਆਂ ਖੇਦ ਵੇਖੇ ਤਾਂ ਕਿਸੇ ਬ੍ਰਾਹਮਣ ਵਜੀਰ ਨੂੰ ਜੋ ਕੁਲੀਨ ਤੇ ਧਰਮਾਤਮਾ ਹੋਵੇ ਬਿਠਾਵੇ।

143. ਹੱਛੇ ਕੰਮਾਂ ਦੀ ਤਜਵੀਜ਼ ਅਤੇ ਪਰਜਾ ਦੀ ਰਾਖੀ ਵਿਚ ਲੱਗਾ ਰਹੇ ਅਤੇ ਨਿਕੰਮੇ ਛੱਡ ਦੇਵੇ।

144. ਰਾਜਾ ਅਤੇ ਉਸਦੇ ਨੌਕਰਾਂ ਦੇ ਵੇਖਦਿਆਂ ਚੋਰਾਕਾਰੀ ਹੋਵੇ ਉਹ ਰਾਜਾ ਛੇਤੀ ਮਰ ਜਾਂਦਾ ਹੈ।

145. ਸ਼ਾਸਤ੍ਰ ਅਨੁਸਾਰ ਕੰਮ ਕਰਨ ਵਾਲਾ ਰਾਜਾ ਧਰਮਾਤਮਾ ਹੈ।

146. ਅੰਮ੍ਰਿਤ ਵੇਲੇ ਉਠ ਕੇ ਵੇਦ ਅਨੁਸਾਰ ਨਿਤ ਨੇਮ ਕਰਕੇ ਦਰਬਾਰ ਵਿਚ ਜਾਵੇ।

147. ਫੇਰ ਸਭ ਨਾਲ ਬੋਲ ਚਾਲ ਕੇ ਵਿਦਾ ਕਰੇ ਅਤੇ ਵਜ਼ੀਰਾਂ ਨਾਲ ਪ੍ਰਬੰਧ ਲਈ ਸਲਾਹ ਕਰੇ।

148. ਰਾਜ ਵਿਰੋਧੀਆਂ ਨੂੰ ਦੂਰ ਕਰਕੇ ਕਿਸੇ ਨਵੇਕਲੇ ਅਸਥਾਨ ਵਿਚ ਬੈਠ ਕੇ ਸਲਾਹ ਕਰੇ।

149. ਜੋ ਰਾਜਾ ਵਜ਼ੀਰਾਂ ਦੀ ਸਲਾਹ ਨਾਲ ਰਾਜ ਕਰਦਾ ਹੈ ਉਹ ਕਦੀ ਨਹੀਂ ਥੁੜਦਾ।

150. ਅੰਗਹੀਨ ਇਸਤ੍ਰੀ ਪੁਰਸ਼ ਨੂੰ ਸਲਾਹ ਦੇ ਵੇਲੇ ਕਦੀ ਨਾ ਬਹਿਣ ਦੇਵੇ।

151. ਕਿਉਂਕਿ ਇਹ ਪਿਛਲੇ ਜਨਮ ਦੇ ਪਾਪ ਕਰਕੇ ਅਜਿਹੇ ਹੁੰਦੇ ਹਨ ਅਤੇ ਭੇਦ ਖੋਲ੍ਹ ਦੇਂਦੇ ਹਨ।

152. ਦੁਪਹਿਰ ਦਿਨ ਜਾਂ ਅੱਧੀ ਰਾਤ ਨੂੰ ਇਕੱਲਾ ਜਾਂ ਵਜ਼ੀਰਾਂ ਸਮੇਤ ਨਿਸ਼ਚਿਤ ਹੋ ਕੇ ਪ੍ਰਬੰਧ ਲਈ ਸੋਚੇ।

153. ਧਨ ਦੀ ਬ੍ਰਿਧੀ ਲਈ, ਧਰਮ, ਅਰਥ ਕਾਮ ਦੇ ਵਿਰੁੱਧ ਕੋਈ ਜਤਨ ਨਾ ਕਰੇ ਅਤੇ ਰਾਜ ਕੁਮਾਰਾਂ ਦੀ ਵਿਦਿਆ ਅਤੇ ਉਨ੍ਹਾਂ ਦੀ ਰਾਖੀ ਲਈ ਵਿਚਾਰ ਕਰੇ।

154. ਸ਼ਹਿਰ ਦਾ ਅੰਦਰਲਾ ਹਾਲ ਅਤੇ ਹੋਰ ਰਾਜਿਆਂ ਦਾ ਹਾਲ ਜਾਨਣ ਵਾਲੇ ਪੁਰਸ਼ ਦੀ ਦਿਲ ਦੀ ਇੱਛਾ ਨੂੰ ਜਾਨਣ ਲਈ ਵਿਚਾਰ ਕਰੇ।

155. ਅੱਠਾਂ ਕੰਮਾਂ ਨੂੰ ਅਤੇ ਉਨ੍ਹਾਂ ਦੇ ਸਿਧਾਂਤ ਨੂੰ ਪੰਜ ਬਰਗ ਨੂੰ ਅਤੇ ਦੂਜੇ ਰਾਜੇ ਤੋਂ ਆਪਣੇ ਵਜ਼ੀਰਾਂ ਦੀ ਰਾਗ ਦਵੇਖ ਨੂੰ ਵੀ ਵਿਚਾਰੇ।

156. ਦੁਸ਼ਮਣ ਅਤੇ ਦੁਸ਼ਮਣ ਨੂੰ ਜੈ ਕਰਨ ਦਾ ਚਾਹਨ ਵਾਲਾ ਮਧੇਮ ਅਤੇ ਉਦਾਸੀਨ ਇਨ੍ਹਾਂ ਦੇ ਮਨ ਦੀ ਮਰਜ਼ੀ ਮਲੂਮ ਕਰਕੇ ਵਿਚਾਰੇ।

157. ਰਾਜਾ ਦੀਆਂ ਚਾਰ ਮੂਲ ਤੇ ਅੱਠ ਸਾਖਪ੍ਰਕਿਤ ਹਨ।

158. ਇਨ੍ਹਾਂ ਵਿਚੋਂ ਹਰ ਇਕ ਦੀ ਪੰਜ ਦਿਭ ਪ੍ਰਕਿਤ ਹਨ।

159. ਆਪਣੇ ਸਾਹਮਣੇ ਵਾਲਾ ਰਾਜਾ ਅਤੇ ਉਸਦਾ ਸੇਵਕ ਵੀ ਦੁਸ਼ਮਣ ਹਨ ਉਸ ਤੋਂ

ਅਗਲਾ ਰਾਜਾ ਮਿਤ੍ਰ ਅਤੇ ਉਸ ਤੋਂ ਪਰਲਾ ਰਾਜਾ ਉਦਾਸੀਨ ਹੈ।

160. ਇਨ੍ਹਾਂ ਰਾਜਿਆਂ ਸਾਮ ਆਦਿ ਨਾਲ ਜਾਂ ਕਿਸੇ ਡੰਡ ਨਾਲ ਸਮੇਂ-ਸਮੇਂ ਕਾਬੂ ਰੱਖੇ।

161. ਸੁਲਾਹ ਵਿਗਾੜ ਅਤੇ ਚੜ੍ਹਾਈ, ਦੁਸ਼ਮਣ ਤੇ ਇਤਿਆਦਿ ਗੱਲਾਂ ਦਾ ਧਿਆਨ ਰੱਖੇ।

162. ਸਮੇਂ ਅਨੁਸਾਰ ਉਤਲੀਆਂ ਜੁਗਤੀਆਂ ਵਿਚ ਲੋੜ ਅਨੁਸਾਰ ਵਰਤੇ।

163. ਸੁਲਾਹ, ਵਿਗਾੜ, ਚੜ੍ਹਾਈ ਇਸਥਿਤੀ, ਪਨ ਹਲੈਨੀ, ਇਹ ਦੋ ਪ੍ਰਕਾਰ ਦੇ ਹਨ।

164. ਸਮਾਨ ਪਾਨ ਸੁਲਹਾ ਉਹ ਹੈ ਜਿਸਦੇ ਵਿਚ ਇਕ ਰਾਜਾ ਦੂਜੇ ਰਾਜੇ ਤੇ ਚੜ੍ਹਾਈ ਕਰਕੇ ਫਲ ਨੂੰ ਸੋਚੇ ਇਹ ਕਹਿ ਕੇ ਕਿ ਅਸੀਂ ਉਥੇ ਜਾਵਾਂਗੇ ਜੇ ਤੁਸੀਂ ਇਥੇ ਰਹੋਗੇ ਸੁਲ੍ਹਾ ਕਰਨੀ ਅਸਮਾਨ ਪਾਨ ਹੈ।

165. ਆਪਣੀ ਇੱਛਾ ਅਨੁਸਾਰ ਕਿਸੇ ਨਾਲ ਵਿਗਾੜਨੀ ਪਹਿਲਾ ਵਿਗਾੜ ਹੈ, ਕਿਸੇ ਮਿੱਤ੍ਰ ਦੀ ਮਦਦ ਕਰਕੇ ਵਿਗਾੜ ਕਰਨਾ ਦੂਜਾ ਵਿਗਾੜ ਹੈ।

166. ਲੋੜ ਵੇਲੇ ਇਕੱਲਾ ਚੜ੍ਹਾਈ ਕਰਨੀ, ਪਹਿਲੀ ਮਿੱਤ੍ਰ ਦੀ ਮਦਦ ਲਈ ਚੜ੍ਹਾਈ ਦੂਜੀ ਹੈ।

167. ਪਿਛਲੇ ਜਾਂ ਹੁਣ ਦੇ ਪਾਪਾਂ ਤੋਂ ਹਾਥੀ ਘੋੜਾ ਧਨ ਆਦਿਕਾਂ ਦੇ ਚਲੇ ਜਾਣ ਤੋਂ ਚੜ੍ਹਾਈ ਨਾ ਕਰੇ ਭਾਵੇਂ ਇਤਿਆਦਿ ਸਮੱਗਰੀ ਹੋਵੇ ਅਤੇ ਮਿੱਤ੍ਰ ਦੀ ਮਦਦ ਨਾ ਹੋ ਸਕਦੀ ਹੋਵੇ ਚੜ੍ਹਾਈ ਨਾ ਕਰੇ।

168. ਆਪਣੀ ਕਾਰਜ ਸਿਧੀ ਲਈ ਫੌਜ ਸਮੇਤ ਅਫਸਰ ਨੂੰ ਕਾਇਮ ਰਖਣਾ ਪਹਿਲਾ ਭੇਦ ਹੈ ਅਤੇ ਕਿਲ੍ਹੇ ਵਿਚ ਰਾਜਾ ਸਣੇ ਫੌਜ ਅਤੇ ਅਫਸਰ ਸਮੇਤ ਰਹਿਣਾ ਦੂਜਾ ਭੇਦ ਹੈ।

169. ਦੁਸ਼ਮਣ ਤੋਂ ਦੁੱਖੀ ਹੋ ਕੇ ਭਾਵੇਂ ਨਾ ਹੋ ਕੇ ਕਿਸੇ ਬਲਵਾਨ ਰਾਜੇ ਦੀ ਪਨਾਹ ਲੈਣੀ ਇਹ ਦੋ ਪ੍ਰਕਾਰ ਦੀ ਹੈ।

170. ਜਦ ਲੜਾਈ ਵਿਚ ਥੋੜ੍ਹੇ ਹੀ ਧਨ ਦਾ ਨੁਕਸਾਨ ਵੇਖੇ ਸੁਲਾਹ ਕਰੇ।

171. ਜਦੋਂ ਪ੍ਰਕ੍ਰਿਤੀ ਆਪਣੀ ਬਲਵਾਨ ਅਤੇ ਉੱਚੀ ਵੇਖੇ ਵਿਗਾੜ ਕਰੇ।

172. ਜਦੋਂ ਆਪਣੀ ਫੌਜ ਦੁਸ਼ਮਣ ਦੀ ਫੌਜ ਨਾਲੋਂ ਬਲਵਾਨ ਵੇਖੇ ਚੜ੍ਹਾਈ ਕਰੇ।

173. ਜਦੋਂ ਆਪਣੇ ਕੋਲ ਕੋਈ ਲੜਾਈ ਦਾ ਪ੍ਰਬੰਧ ਨਾ ਹੋਵੇ ਤਾਂ ਜੁਗਤੀ ਨਾਲ ਪ੍ਰਬੰਧ ਕਰੇ।

174. ਦੁਸ਼ਮਣ ਸਭ ਤਰ੍ਹਾਂ ਬਲਵਾਨ ਵੇਖੇ ਤਾਂ ਕੁਝ ਫੌਜ ਸਾਹਮਣੇ ਤੇ ਕੁਝ ਕਿਲ੍ਹੇ ਵਿਚ ਰੱਖੇ।

175. ਦੁਸ਼ਮਣ ਤੋਂ ਨੱਸਣ ਵੇਲੇ ਕਿਸੇ ਬਲਵਾਨ ਧਰਮਾਤਮਾ ਰਾਜੇ ਦੀ ਪਨਾਹ ਲਵੇ।

176. ਜੋ ਦੁਸ਼ਮਣ ਦੀ ਫੌਜ ਅਤੇ ਪ੍ਰਕ੍ਰਿਤਿ ਨੂੰ ਕਾਬੂ ਰੱਖ ਸਕੇ ਉਸਦੀ ਸੇਵਾ ਗੁਰੂ ਵਤ ਕਰੇ।

177. ਜਦ ਜਾਣੇ ਕਿ ਪਨਾਹ ਵਿਚ ਤਕਲੀਫ ਹੈ ਤਦ ਜ਼ੋਰ ਨਾਲ ਯੁੱਧ ਕਰੇ।

178. ਪ੍ਰਜਾ ਦੀ ਮਰਜੀ ਜਾਨਣ ਵਾਲਾ ਰਾਜਾ ਦੋਸਤ ਦੁਸ਼ਮਣ ਵੱਸ ਕਰਨ ਦਾ ਪ੍ਰਬੰਧ ਰੱਖੇ।

179. ਸਾਰੇ ਕਾਰਜਾਂ ਦਾ ਗੁਣ ਦੋਸ਼ ਤਿੰਨਾਂ ਕਾਲਾਂ ਲਈ ਵਿਚਾਰੇ।

180. ਅਜਿਹਾ ਵਿਚਾਰਵਾਨ ਰਾਜਾ ਕਦੀ ਦੁਖੀ ਨਹੀਂ ਹੁੰਦਾ।

181. ਅਜਿਹਾ ਪ੍ਰਬੰਧ ਕਰੇ ਕਿ ਦੋਸਤ ਦੁਸ਼ਮਣ ਉਦਾਸੀਨ ਖੇਦ ਨਾ ਦੇ ਸਕੇ।

182. ਦੁਸ਼ਮਣ ਤੇ ਚੜ੍ਹਾਈ ਕਰਨ ਲਗਿਆਂ ਉਪਰਲੀਆਂ ਜੁਗਤੀਆਂ ਨੂੰ ਵਰਤੇ।

183. ਰਾਜਾ ਸ਼ੁਭ ਮਹੀਨਾ ਵਿਚਾਰ ਕੇ ਚੜ੍ਹਾਈ ਕਰੇ।

184. ਜਦੋਂ ਤਸੱਲੀ ਹੋਵੇ ਕਿ ਮੈਂ ਫਤ੍ਹੇ ਕਰ ਲਵਾਂਗਾ ਤਦ ਚੜ੍ਹਾਈ ਕਰੇ।

185. ਆਪਣੇ ਦੇਸ਼ ਦੀ ਰਾਖੀ ਕਰਕੇ ਨੀਤੀ ਅਨੁਸਾਰ ਹਥਿਆਰ ਆਦਿ ਅਸਬਾਬ ਅਤੇ ਦੁਸ਼ਮਣ ਦੇ ਨੌਕਰਾਂ ਨੂੰ ਵੱਸ ਅਤੇ ਭੇਦ ਲੈਣ ਲਈ ਪ੍ਰਬੰਧ ਕਰੇ।

186. ਜੰਗਲ, ਅਨੂਪ, ਅਟੇਕ ਰਾਹ ਸਾਫ ਕਰਕੇ ਛੇ ਪ੍ਰਕਾਰ ਦੇ ਬਲ ਫੌਜ, ਧਨ, ਹਾਥੀ, ਘੋੜਾ, ਠੀਕ ਕਰਕੇ ਦੁਸ਼ਮਣ ਦੇ ਸ਼ਹਿਰ ਜਾਵੇ।

187. ਉਹ ਭੇਤੀ ਜੋ ਆਪਣੇ ਹਨ ਪਰ ਦੁਸ਼ਮਣ ਦੀ ਸੇਵਾ ਕਰਦੇ ਹਨ ਅਜਿਹੇ ਪੁਰਸ਼ਾਂ ਤੋਂ ਚੇਤੰਨ ਰਹੇ ਕਿਉਂਕਿ ਅਜਿਹੇ ਪੁਰਸ਼ਾਂ ਦਾ ਫਸਾਦ ਪਾਇਆ ਔਖਾ ਮੱਠਾ ਹੁੰਦਾ ਹੈ।

188. ਚੱਲਣ ਵੇਲੇ ਜੇ ਚਹੁੰ ਪਾਸੀਂ ਭੈ ਹੋਵੇ ਤਦ ਡੰਡ ਬਜੂਹ ਰਚਨ ਤੋਂ ਚਲੇ ਜੇ ਪਿਛੋਂ ਹੋਵੇ ਤਾਂ ਸੰਕਟ ਬਜੂਹ ਜੇ ਅੱਗੇ ਪਿਛੋਂ ਹੋਵੇ ਤਾਂ ਮਕਰ ਬਜੂਹ ਜੇ ਅਗੇ ਹੋਵੇ ਤਾਂ ਸੂਚੀ ਬਜੂਹ ਤੋਂ ਚਲੇ ਭਿੰਨ-ਭਿੰਨ ਭੈ ਵਿਚਾਰ ਲਵੇ।

189. ਜਿਹੜੇ ਪਾਸੇ ਭੈ ਦਾ ਅਧਿਕ ਖਿਆਲ ਹੋਵੇ ਉਸ ਪਾਸੇ ਫੌਜ ਨੂੰ ਵਧਾਵੇ ਅਤੇ ਆਪ ਰਹੇ।

190. ਸੈਨਾ ਪਤੀ ਅਤੇ ਬਲ ਪੈਖਸ਼ ਚਹੁੰ ਪਾਸੀਂ ਰਹੇ ਭੈ ਵਾਲੀ ਦਿਸ਼ਾ ਪੂਰਬ ਸਮਝੋ।

191. ਸੈਨਾ ਪਤੀ ਫੌਜ ਵਿਚ ਭੇਰੀ ਸੰਖ ਆਦਿ ਵਾਜਿਆਂ ਤੋਂ ਸੈਨਤਾਂ ਸਮਝਣ ਵਾਲੇ ਅਵੱਸ਼ ਰਖੇ ਅਤੇ ਉਹ ਹੁਸ਼ਿਆਰ ਨਿਡਰ ਅਤੇ ਵਿਰੁੱਧ ਤੋਂ ਖਾਲੀ ਹੋਣ, ਅਜਿਹੀ ਫੌਜ ਨੂੰ ਦੂਰ-ਦੂਰ ਸਾਰੇ ਪਾਸੇ ਦੁਸ਼ਮਣ ਦਾ ਭੇਦ ਅਤੇ ਮਰਜ਼ੀ ਜਾਨਣ ਵਾਸਤੇ ਆਗਿਆ ਦੇਵੇ।

192. ਸੈਨਾ ਥੋੜ੍ਹੀ ਹੋਵੇ ਤਾਂ ਮਿਲਕੇ ਲੜਾਈ ਕਰੇ ਨਹੀਂ ਤਾਂ ਸੂਚੀ ਬਜੂਹ ਬਜਰ ਬਜੂਹ ਕਰਕੇ ਯੁੱਧ ਕਰੇ।

193. ਪੱਧਰੀ ਧਰਤੀ ਤੇ ਘੋੜੇ ਤੇ ਰਥ ਨਾਲ ਅਤੇ ਸਮੁੰਦਰ ਵਿਚ ਬੇੜੀ ਜਾਂ ਹਾਥੀਆਂ ਨਾਲ ਜੰਗਲ ਵਿਚ ਲੜਾਈ ਕਰੇ।

194. ਕੁਰਖੇਤ੍ਰ ਆਦਿ ਦੇਸਾਂ ਦੇ ਸਿਪਾਹੀ ਅੱਗੇ ਕਰੇ ਕਿਉਂਕਿ ਇਹ ਹੌਂਸਲੇ ਵਾਲੇ ਹੁੰਦੇ ਹਨ।

195. ਬਜੂਹ ਨਾਲ ਚਲਾ ਕੇ ਸੈਨਾ ਦੀ ਪ੍ਰੀਖਿਆ ਕਰੇ ਕਿ ਦੁਸ਼ਮਣ ਨਾਲ ਰਲੀ ਨਾ ਹੋਵੇ।

196. ਦੁਸ਼ਮਣ ਭਾਵੇਂ ਕਿਥੇ ਹੋਵੇ ਘੇਰਾ ਨਾ ਛੱਡੇ ਅਤੇ ਉਸ ਨੂੰ ਤੰਗ ਕਰਨ ਦਾ ਯਤਨ ਕਰੇ।

197. ਤਲਾ, ਕਿਲ੍ਹਾ ਆਦਿ ਖੂਹ ਦੁਸ਼ਮਣ ਤੇ ਆਪਣਾ ਦਬਾ ਪਾਵੇ ਅਤੇ ਧੌਂਕਾ ਨਾਮ ਵਾਜਾ ਵਜਾ ਕੇ ਜ਼ਿਆਦਾ ਰੰਜ ਪੁਚਾਵੇ।

198. ਵਜ਼ੀਰ ਆਦਿ ਜੋ ਲੋਕ ਰਾਜਾ ਦੀ ਕੁੱਲ ਵਿਚ ਰਾਜ ਲੈਣ ਵਾਲਿਆਂ ਨੂੰ ਆਪਣੇ ਵੱਸ ਕਰੇ ਅਤੇ ਨਿਸਚਿੰਤ ਹੋ ਕੇ ਸਾਰੇ ਗ੍ਰਹਿ ਚੰਗੇ ਵੇਖੇ ਲੜਾਈ ਕਰਨ ਤੋਂ ਜੈ ਪ੍ਰਾਪਤ ਹੁੰਦੀ ਹੈ।

199. ਸ਼ਾਮ, ਦਾਮ, ਭੇਦ ਵਿਚੋਂ ਭਾਵੇਂ ਇਕ ਨਾਲ ਭਾਵੇਂ ਤਿੰਨ ਦੁਸ਼ਮਣ ਫੜ੍ਹੇ ਕਰੇ।

200. ਲੜਾਈ ਵਿਚ ਜੈ ਹੋ ਜਾਣੀ ਕੋਈ ਨਿਸਚੇ ਨਹੀਂ ਇਸ ਲਈ ਜੁੱਧ ਨਾ ਕਰੇ।

201. ਜੈ ਹੋਣ ਤੋਂ ਪਿਛੋਂ ਦੇਵਤਾ ਅਤੇ ਬ੍ਰਾਹਮਣਾਂ ਦਾ ਪੂਜਨ ਕਰੇ ਅਤੇ ਸੋਨਾ ਆਦਿ ਚੀਜ਼ਾਂ ਵੀ ਇਨ੍ਹਾਂ ਨੂੰ ਦਾਨ ਦੇਵੇ ਅਤੇ ਪਰਜਾ ਨੂੰ ਨਿਡਰ ਕਰ ਦੇਵੇ।

202. ਸਾਰਿਆਂ ਦੀ ਸਲਾਹ ਨਾਲ ਉਸ ਰਾਜੇ ਦੇ ਲੜਕੇ ਨੂੰ ਗੱਦੀ ਦੇ ਕੇ ਸਾਰਾ ਵਿਹਾਰ ਦੱਸੇ।

203. ਅਤੇ ਉਨ੍ਹਾਂ ਸ਼ਾਸਤਰਾਂ ਅਨੁਸਾਰ ਆਚਾਰ ਦੱਸ ਕੇ ਪ੍ਰਧਾਨ ਪੁਰਸ਼ਾਂ ਸਮੇਤ ਉਸਦੀ ਪੂਜਾ ਕਰੇ।

205. ਸਮੇਂ ਸਮੇਂ ਦਾਨ ਦੇਣਾ ਯੋਗ ਸਮਝਕੇ ਉਸ ਵੇਲੇ ਕੁਝ ਦਾਨ ਵੀ ਕੀਤਾ ਜਾਵੇ।

206. ਦੇਵ ਅਤੇ ਮਾਨਸ ਕਰਮਾਂ ਨੂੰ ਹੱਛੀ ਤਰ੍ਹਾਂ ਵਿਚਾਰ ਕੇ ਕਰੇ।

207. ਜੇਕਰ ਯੁੱਧ ਕਰਨ ਤੋਂ ਯਾਤਰਾ ਫਲ ਮਿਲੇ ਅਤੇ ਰਾਜਾ ਪਿਆਰਾ ਹੈ ਤਾਂ ਜ਼ਰੂਰ ਪਿਆਰ ਕਰੇ।

208. ਰਾਜ ਮੰਡਲ ਵਿਚ ਪਾਰਸਲ ਗ੍ਰਾਹ ਅਤੇ ਅਕ੍ਰੰਦ ਇਹਨਾਂ ਦੋਹਾਂ ਦੀ ਸਲਾਹ ਨਾਲ ਯਾਤਰਾ ਕਰੇ ਨਹੀਂ ਤਾਂ ਫਸਾਦ ਦਾ ਡਰ ਹੁੰਦਾ ਹੈ ਅਤੇ ਉਸ ਤਰ੍ਹਾਂ ਫਲ ਮਿਲਦਾ ਹੈ।

209. ਵਰਤਮਾਨ ਸਮੇਂ ਕਮਜ਼ੋਰ ਮਿੱਤਰ ਅਤੇ ਭਵਿੱਖਤ ਕਾਲ ਵਿਚ ਬਲਵਾਨ ਮਿੱਤ੍ਰ ਤੋਂ ਬੜਾ ਲਾਭ ਹੋ ਸਕਦਾ ਹੈ।

210. ਧਰਮੀ ਅਤੇ ਅਹਿਸਾਨ ਜਾਨਣ ਵਾਲਾ ਨੇਕ ਸੁਭਾ ਸਿਆਣਾ ਅਤੇ ਪਿਆਰ ਕਰਨ ਵਾਲਾ ਮਿੱਤ੍ਰ ਬਹੁਤ ਹੱਛਾ ਹੈ।

211. ਕੁਲੀਨ, ਚਤ੍ਰ, ਦਾਤਾ, ਧੀਰ, ਦੁਸ਼ਮਣ, ਪੰਡਿਤ ਦਾ ਵੱਸ ਵਿਚ ਆਉਣਾ ਕਠਨ ਹੈ।

212. ਕ੍ਰਿਪਾਲੂ, ਸੂਰਬੀਰ, ਉਦਾਸੀਨ ਰਾਜੇ ਦੀ ਓਟ ਲੈ ਕੇ ਦੁਸ਼ਮਣ ਨਾਲ ਜੁੱਧ ਕਰੇ।

213. ਗਊ ਆਦਿ ਜੀਵ ਦਾ ਵਾਧਾ ਕਰਨ ਵਾਲੀ ਸਭ ਗੁਣ ਸੰਪੰਨ ਧਰਤੀ ਨੂੰ ਛੱਡਕੇ ਆਪਣੀ ਆਤਮਕ ਰਾਖੀ ਜ਼ਰੂਰ ਕਰੇ।

214. ਧਨ ਲੋੜ ਲਈ ਅਤੇ ਇਸਤ੍ਰੀ ਦੀ ਰੱਖਿਆ ਲਈ ਅਤੇ ਕੇਵਲ ਆਤਮਾ ਦੀ ਰਾਖੀ ਲਈ ਇਕੱਠ ਕਰੇ।

215. ਪ੍ਰਕ੍ਰਿਤੀ ਦਾ ਕੋਪ ਅਤੇ ਮਿਤ੍ਰ ਤੋਂ ਖੇਦ ਅਤੇ ਖਜ਼ਾਨੇ ਦੇ ਖਾਲੀ ਹੋ ਜਾਣ ਤੇ ਉਪਰਲੀਆਂ ਜੁਗਤੀਆਂ ਸ਼ਾਮ ਆਦਿ ਵਰਤੇ।

216. ਜੁਗਤੀ ਅਤੇ ਜੁਗਤੀ ਦੱਸਣ ਵਾਲਾ ਅਤੇ ਉਸਦੇ ਫਲ ਇਹਨਾਂ ਦਾ ਆਸਰਾ ਲਵੇ।

217. ਇਹਨਾਂ ਸਾਰਿਆਂ ਉਪਾਵਾਂ ਨਾਲ ਆਪਣੀ ਅਪਦਾ ਟਾਲੇ।

218. ਸਮੇਂ ਦੇ ਭੇਤੀ ਦੂਤ ਅਤੇ ਰਸੋਈਏ ਦੇ ਹੱਥੋਂ ਅੰਨ ਪਾਣੀ ਖਾਏ ਅਤੇ ਉਹ ਅਨਾਜ ਖਾਏ ਜਿਸਨੂੰ ਕਿ ਵਿਖ ਤੋਂ ਬਿਨਾਂ ਪ੍ਰਤੀਤ ਕਰ ਲਿਆ ਹੋਵੇ।

219. ਰੋਗ ਨਾਸ਼ਕ ਵਸਤੂ ਮਿਲਾਕੇ ਖਾਵੇ ਅਤੇ ਵਿਸ਼ ਨਾਸਕ ਜਵਾਹਰ ਪਹਿਨੇ।

220. ਗੁਪਤ ਦੂਤ ਦੁਆਰਾ ਭੂਖਨ, ਯੁਕਤ, ਇਸਤਰੀ ਜਲ ਪਾਣੀ ਦੀ ਸੇਵਾ ਕਰੇ।

221. ਇਸ ਤਰ੍ਹਾਂ ਇਸ਼ਨਾਨ ਅਤੇ ਸੁਗੰਧਤ ਚੀਜ਼ਾਂ ਦੀ ਵੀ ਪ੍ਰੀਖਿਆ ਕਰਨੀ ਚਾਹੀਏ।

222. ਭੋਜਨ ਪਿਛੋਂ ਇਸਤਰੀਆਂ ਨਾਲ ਕ੍ਰੀੜਾ ਕਰੇ ਫਿਰ ਰਾਜ ਦੇ ਕੰਮਾਂ ਨੂੰ ਵਿਚਾਰੇ।

223. ਫਿਰ ਹਥਿਆਰ ਅਤੇ ਰਾਜਸੀ ਬਸਤ੍ਰ ਪਹਿਣਕੇ ਆਪਣੇ ਸਾਰੇ ਕਾਰਖਾਨਿਆਂ ਨੂੰ ਵੇਖੇ।

224. ਸੰਧਿਆ ਸਮੇਂ ਨਵੇਕਲੇ ਬੈਠ ਕੇ ਦੂਤਾਂ ਅਤੇ ਮਿਤ੍ਰਾਂ ਦੀਆਂ ਗੱਲਾਂ ਸੁਣੇ।

225. ਦੂਜੇ ਅਸਥਾਨ ਵਿਚ ਜਾ ਕੇ ਯੋਗ ਹੁਕਮ ਦੇ ਕੇ ਭੋਜਨ ਕਰੇ ਅਤੇ ਮਹਿਲੀਂ ਜਾਏ।

226. ਫਿਰ ਇੰਨੀ ਨਿੰਦ੍ਰਾ ਲਵੇ ਜਿਸ ਤੋਂ ਥਕੇਵਾਂ ਦੂਰ ਹੋਵੇ ਫਿਰ ਜਾਗੇ। ਜੇ ਰਾਜਾ ਅਰੋਗ ਹੋਵੇ ਤਾਂ ਇਸ ਤਰ੍ਹਾਂ ਕਰੇ ਨਹੀਂ ਤਾਂ ਕਿਸੇ ਵਜ਼ੀਰ ਨੂੰ ਰਾਜ ਕਾਰਜਾਂ ਲਈ ਹੁਕਮ ਦੇਵੇ।

ਮਨੂੰ ਜੀ ਦਾ ਧਰਮ ਸ਼ਾਸਤ੍ਰ ਭ੍ਰਿਗੂ ਜੀ ਦੀ ਸੰਘਤਾ ਦਾ
ਸੱਤਵਾਂ ਅਧਿਆਇ ਸਮਾਪਤ ਹੋਇਆ।

☆☆☆

# ਅੱਠਵਾਂ ਅਧਿਆਇ

1. ਰਾਜਾ ਸਿਆਣੇ ਵਜ਼ੀਰ ਅਤੇ ਬੁੱਧਵਾਨ ਬ੍ਰਾਹਮਣਾਂ ਦੀ ਸਹਾਇਤਾ ਨਾਲ ਨਿਆਇ ਕਰੇ।
2. ਸਾਦੇ ਬਸਤ੍ਰ ਪਾ ਕੇ ਸਭਾ ਵਿਚ ਜਾਵੇ ਅਤੇ ਉਠਕੇ ਜਾਂ ਬਹਿਕੇ ਸਾਰੇ ਕਾਰਦਾਰਾਂ ਨੂੰ ਵੇਖੇ।
3. ਸ਼ਾਸਤ੍ਰ ਅਤੇ ਦੇਸ਼ ਦੇ ਰਿਵਾਜ ਅਨੁਸਾਰ ਗਵਾਹੀਆਂ ਲੈ ਕੇ ਹਰ ਪ੍ਰਕਾਰ ਦੇ ਵੱਖਰੇ-ਵੱਖਰੇ ਢੰਗਾਂ ਨਾਲ 18 ਪ੍ਰਕਾਰ ਦੇ ਮੁਕੱਦਮਿਆਂ ਦਾ ਫੈਸਲਾ ਕਰੇ।
4. ਅਠਾਰਾਂ ਪ੍ਰਕਾਰ ਦੇ ਝਗੜੇ ਇਹ ਹਨ— ਲੈਣਾ, ਦੇਣਾ, ਕਰਜਾ, ਲਾਵਾਰਸ ਦੇ ਮਾਲ ਦਾ ਅਰ ਸਾਂਝਗੀਰੀ।
5. ਤਨਖਾਹ ਜਾਂ ਮਜ਼ੂਰੀ ਦਾ ਨਾ ਦੇਣਾ, ਬਚਨ ਤੋੜਨਾ, ਲੈਣ ਦੇਣ ਵਿਚ ਝਗੜਾ, ਮਾਲਕ ਨੌਕਰ ਦਾ ਝਗੜਾ।
6. ਜ਼ਮੀਨ ਦੀਆਂ ਹੱਦਾਂ ਦਾ ਝਗੜਾ, ਗਾਲ੍ਹੀ ਦੇਣੀ, ਮਾਰ ਪੀਟ ਚੋਰੀ ਠੱਗੀ ਡਾਕਾ, ਅਤੇ ਪਰਾਈ ਇਸਤਰੀ ਖਿਸਕਾ ਲਿਜਾਨੀ।
7. ਇਸਤਰੀ ਪੁਰਸ਼ ਦੇ ਧਰਮ, ਹਿਸਿਆਂ ਦੀ ਵੰਡ, ਜੂਆ ਆਦਿ ਅਠਾਰਾਂ ਝਗੜੇ ਹਨ।
8. ਰਾਜਾ ਇਹਨਾਂ ਝਗੜਿਆਂ ਦੇ ਨਬੇੜੇ ਵੇਲੇ ਧਰਮ ਨੂੰ ਹਾਜ਼ਰ ਰੱਖੇ ਅਤੇ ਆਪਣੇ ਨੌਕਰਾਂ ਦਾ ਧਿਆਨ ਰਖੇ ਕਿਧਰੇ ਚਟੀ ਚੀਰ ਲੈ ਕੇ ਉਹਦੇ ਨਾਂ ਨੂੰ ਵੱਟਾ ਲਾਉਣ।
9. ਜੇ ਆਪ ਖਿਆਲ ਨਾ ਰੱਖ ਸਕੇ ਤਾਂ ਕਿਸੇ ਪੰਡਿਤ ਨੂੰ ਹੁਕਮ ਦੇਵੇ ਕਿ ਉਹ ਵੇਖੇ।
10. ਉਹ ਪੰਡਿਤ ਤਿੰਨ ਕਾਰਦਾਰਾਂ ਸਮੇਤ ਸਭਾ ਵਿਚ ਬੈਠ ਕੇ ਕੰਮ ਵੇਖੇ।
11. ਜਿਸ ਦੇਸ਼ ਵਿਚ ਵਿਦਵਾਨ ਪੰਡਿਤ ਤਿੰਨ ਵੇਦਪਾਠੀ ਪੰਡਿਤਾਂ ਸਮੇਤ ਰਾਜਾ ਦੀ ਆਗਿਆ ਅਨੁਸਾਰ ਸਭਾ ਲਗਾਉਂਦਾ ਹੈ ਉਹ ਬ੍ਰਹਮਾ ਜੀ ਦੀ ਸਭਾ ਜਾਣੋ।
12. ਜਿਸ ਸਭਾ ਵਿਚ ਅਧਰਮੀ ਪੁਰਸ਼ ਹੈ ਉਹ ਅਧਰਮੀ ਹੈ।
13. ਸਭਾ ਵਿਚ ਝੂਠ ਬੋਲਣਾ ਮਹਾਂ ਪਾਪ ਹੈ।
14. ਜਿਸ ਸਭਾ ਵਿਚ ਅਧਰਮ ਅਤੇ ਝੂਠ ਪ੍ਰਬਲ ਹਨ ਉਹ ਸਭਾਪਤੀ ਮੁਰਦਾ ਹਨ।

15. ਸਾਡਾ ਰਾਖਾ ਧਰਮ ਹੈ ਅਤੇ ਨਾਸਕਰਤਾ ਅਧਰਮ ਹੈ। ਇਸ ਲਈ ਧਰਮ ਨਾ ਛੱਡੋ।

16. ਧਰਮ ਇਕ ਬੇਲ ਹੈ ਉਸਨੂੰ ਮਾਰਨ ਵਾਲਾ ਬਰਸਲ ਹੈ।

17. ਧਰਮ ਅਧਰਮ ਦੋਵੇਂ ਨਾਲ ਜਾਂਦੇ ਹਨ ਪਰ ਅਧਰਮ ਨਾਸ ਕਰਤਾ ਹੈ ਅਤੇ ਧਰਮ ਸਹਾਇਕ ਹੈ।

18. ਅਧਰਮ ਦੇ ਚਾਰ ਭਾਗ ਹਨ ਇਕ ਭਾਗ ਅਨਿਆਈ ਨੂੰ ਦੂਜਾ ਗਵਾਹ ਨੂੰ ਤੀਜਾ ਪ੍ਰਬੰਧੀ ਵਿਰੋਧੀ ਨੂੰ ਚੋਥਾ ਰਾਜੇ ਨੂੰ ਨੁਕਸਾਨ ਪੁਚਾਉਂਦਾ ਹੈ।

19. ਜਿਸ ਸਭਾ ਵਿਚ ਨਿੰਦਾ ਦਾ ਪਾਤ੍ਰ ਨਿੰਦਤ ਹੁੰਦਾ ਹੈ ਉਥੇ ਸਭਾਸਦ ਅਰ ਰਾਜਾ ਨਿਸਪਾਪ ਹੁੰਦੇ ਹਨ ਅਧਰਮੀ ਪਾਪ ਭਾਗੀ ਹੁੰਦਾ ਹੈ।

20. ਮੂਰਖ ਬ੍ਰਾਹਮਣ ਰਾਜਾ ਨੂੰ ਉਪਦੇਸ਼ ਕਰ ਸਕਦਾ ਹੈ ਪਰ ਸ਼ੂਦਰ ਨੂੰ ਨਹੀਂ।

21. ਜਿਸ ਰਾਜੇ ਦਾ ਧਰਮ ਵਿਚਾਰ ਸ਼ੂਦਰ ਕਰਦਾ ਹੈ ਉਹ ਰਾਜ ਛੇਤੀ ਨਾਸ ਹੋਵੇਗਾ।

22. ਜਿਸ ਰਾਜ ਵਿਚ ਸ਼ੂਦਰ ਅਤੇ ਨਾਸਤਕ ਬਹੁਤ ਹਨ ਅਤੇ ਬ੍ਰਾਹਮਣ ਆਦਿ ਤਿੰਨ ਵਰਨ ਨਹੀਂ ਹਨ ਉਹ ਸਾਰਾ ਰਾਜ ਕਾਲ ਆਦਿ ਦੁੱਖਾਂ ਤੋਂ ਪੀੜਤ ਹੁੰਦਾ ਹੈ।

23. ਧਰਮ ਸਭਾ ਵਿਚ ਬਹਿ ਕੇ ਇਕ ਚਿਤ ਸਰੀਰ ਢੱਕਕੇ ਲੋਕ ਪਾਲਾਂ ਨੂੰ ਪ੍ਰਣਾਮ ਕਰਕੇ ਕੰਮ ਵੇਖਣਾ ਅਰੰਭ ਕਰੇ।

24. ਯੋਗ ਅਯੋਗ ਕੰਮਾਂ ਦੀ ਪੜਤਾਲ ਕਰਕੇ ਧਰਮ ਅਧਰਮ ਵਿਚਾਰਕੇ ਤਿੰਨਾਂ ਵਰਨਾਂ ਦੇ ਝਗੜੇ ਨਬੇੜੇ।

25. ਸ਼ਕਲ ਅਤੇ ਬੋਲ ਆਦਿਕ ਬਾਹਰਲੇ ਚਿੰਨ੍ਹਾਂ ਤੋਂ ਹਿਰਦੇ ਦਾ ਭਾਵ ਬੁਝੇ।

26. ਬੋਲ ਚਾਲ ਮੁੱਖ ਅਤੇ ਅੱਖੀ ਤੋਂ ਵੀ ਦਿਲ ਦੀ ਬਾਤ ਬੁੱਝੀ ਜਾਂਦੀ ਹੈ।

27. ਮਾਤਾ ਪਿਤਾ ਹੀਨ ਬੱਚੇ ਦੇ ਧਨ ਦੀ ਰਾਖੀ ਓਦੋਂ ਤਕ ਕਰੇ ਜਦੋਂ ਤਕ ਜੁਆਨ ਨਾ ਹੋ ਜਾਵੇ।

28. ਬਾਂਝ ਅਤੇ ਲਾਵਲਦ ਪਤੀਬ੍ਰਤ ਇਸਤਰੀ ਦੇ ਧਨ ਦੀ ਵੀ ਰਾਖੀ ਕਰੇ।

29. ਇਹਨਾਂ ਦੇ ਜੀਂਵਦਿਆਂ ਉਨ੍ਹਾਂ ਦਾ ਕੋਈ ਸਬੰਧੀ ਲਵੇ ਤਾਂ ਰਾਜਾ ਉਹਨਾਂ ਨੂੰ ਡੰਡ ਦੇਵੇ।

30. ਲਾਵਾਰਸ ਧਨ ਦਾ ਮਾਲਕ ਤਿੰਨਾਂ ਸਾਲਾਂ ਪਿਛੋਂ ਰਾਜਾ ਹੈ ਪਹਿਲਾਂ ਕੋਈ ਵਾਰਸ ਆ ਜਾਵੇ ਤਾਂ ਉਹ ਹੈ।

31. ਅਮਾਨਤ ਲਾਵਾਰਸ ਚੀਜ਼ ਦਾ ਮਾਲਕ ਜਦ ਤੱਕ ਪੂਰਾ ਪਤਾ ਨਾ ਦਸੇ ਮਾਲ ਨ ਦੇਵੇ।

32. ਜੇ ਉਸਦਾ ਦਾਵਾ ਝੂਠਾ ਪ੍ਰਤੀਤ ਹੋਵੇ ਤਾਂ ਉਸ ਨੂੰ ਵੀ ਡੰਡ ਦੇਵੇ।

33. ਉਸਦੇ ਛੇਵੇਂ ਬਾਰ੍ਹਵੇਂ ਜਾਂ ਦਸਵੇਂ ਭਾਗ ਨੂੰ ਰਾਖੀ ਦੇ ਬਦਲੇ ਲਵੇ ਜਾਂ ਹੋਰ ਪ੍ਰਬੰਧ ਕਰੇ।

34. ਪਈ ਹੋਈ ਚੀਜ਼ ਦੇ ਲੱਭਣ ਤੋਂ ਉਸਦੀ ਰਾਖੀ ਕਿਸੇ ਭਲੇ ਪੁਰਸ਼ ਕੋਲੋਂ ਕਰਾਵੇ ਅਤੇ ਉਸਦੇ ਚੋਰ ਨੂੰ ਹਾਥੀ ਕੋਲੋਂ ਮਰਵਾਵੇ।

35. ਜੇ ਕਿਸੇ ਨੂੰ ਕੋਈ ਚੀਜ਼ ਹੱਥ ਆਵੇ ਉਹ ਰਾਜੇ ਪਾਸ ਲੈ ਜਾਵੇ ਜਦੋਂ ਮਾਲਕ ਪੱਕੀ ਪਛਾਣ ਨਾ ਦੱਸੇ ਕਦੀ ਨਾ ਦੇਵੇ ਜੇ ਪੂਰੀ ਪਛਾਣ ਦੱਸੇ ਤਾਂ ਰਾਜੇ ਦਾ ਯੋਗ ਹਿੱਸਾ ਕੱਢਕੇ ਬਾਕੀ ਦੇ ਦੇਵੇ।

36. ਜੇ ਝੂਠ ਬੋਲੇ ਤਾਂ ਉਸ ਚੀਜ਼ ਦਾ ਅੱਠਵਾਂ ਭਾਗ ਜੁਰਮਾਨਾ ਦੇਵੇ, ਉਪਰਲੀ ਰੀਤੀ ਅਨੁਸਾਰ ਇਹ ਯੋਗ ਡੰਡ ਹੈ।

37. ਪੰਡਿਤ ਬ੍ਰਾਹਮਣ ਨੂੰ ਜੇ ਦੱਬੀ ਹੋਈ ਚੀਜ਼ ਲੱਭ ਪਵੇ ਤਾਂ ਉਹ ਮਾਲਕ ਹੈ।

38. ਜੇ ਰਾਜੇ ਨੂੰ ਲੱਭੇ ਤਾਂ ਅੱਧੀ ਦਾ ਉਹ ਮਾਲਕ ਹੈ ਅਤੇ ਬਾਕੀ ਅੱਧੀ ਬ੍ਰਾਹਮਣ ਨੂੰ ਦੇਵੇ।

39. ਕਿਸੇ ਚੋਰ ਦੀ ਚੁਰਾਈ ਚੀਜ਼ ਰਾਜਾ ਨਾ ਲਵੇ ਸਗੋਂ ਜਿਸਦੀ ਹੋਵੇ ਉਸਨੂੰ ਦੇਵੇ ਜੇ ਰਾਜਾ ਆਪ ਰਖੇ ਤਾਂ ਚੋਰ ਸਮ ਪਾਪ ਦਾ ਭਾਗੀ ਹੈ।

40. ਅੱਧੀ ਚੀਜ਼ ਰ਼ਾਖੀ ਦੇ ਬਦਲੇ ਲੈਣਾ ਰਾਜਾ ਨੂੰ ਜ਼ਰੂਰੀ ਹੈ।

41. ਜਾਤੀ, ਕੁਲ, ਦੇਸ਼ ਸੰਪ੍ਰਦਾ ਧਰਮਾਂ ਨੂੰ ਵੇਖਕੇ ਆਪਣੇ ਧਰਮ ਨੂੰ ਇਸਥਿਤ ਕਰੇ।

42. ਆਪਣੇ ਕਰਮ ਕਰਨ ਵਾਲਾ ਪੁਰਸ਼ ਸੰਸਾਰ ਨੂੰ ਪਿਆਰਾ ਹੁੰਦਾ ਹੈ।

43. ਰਾਜਾ ਅਤੇ ਉਸਦੇ ਨੌਕਰ ਆਪਣੇ ਆਪ ਧਨ ਦੇ ਲਾਲਚ ਵਿਚ ਆ ਕੇ ਕਿਸੇ ਪੁਰਸ਼ ਦੇ ਝਗੜੇ ਨੂੰ ਨ ਵਿਗਾੜੇ।

44. ਜਿਸ ਤਰ੍ਹਾਂ ਸ਼ਿਕਾਰੀ ਹਰਨ ਦਾ ਪਤਾ ਲਹੂ ਦੀਆਂ ਛਿੱਟਾਂ ਤੋਂ ਲੈ ਲੈਂਦਾ ਹੈ ਇਸੇ ਤਰ੍ਹਾਂ ਰਾਜਾ ਵੀ ਆਪਣੇ ਖਿਆਲ ਨਾਲ ਧਰਮ ਪਦ ਨੂੰ ਪ੍ਰਾਪਤ ਕਰੇ।

45. ਵਿਹਾਰ ਦੀ ਰੀਤ ਨਾਲ ਸੱਚਾ ਗਵਾਹ, ਦੇਸ ਰੂਪ ਸਭਾ ਸਭ ਨੂੰ ਵੇਖੇ।

46. ਭਲੇ ਲੋਕਾਂ ਦੇ ਦੇਸ, ਜਾਤੀ, ਕੁਲ ਦੇ ਧਰਮਾਂ ਦੇ ਅਨੁਸਾਰ ਅਮਲ ਕਰੇ।

47. ਕਰਜ਼ਾ ਲੈਣ ਵਾਲਾ ਜਦੋਂ ਸਾਰਾ ਸਬੂਤ ਭੁਗਤਾ ਦੇਵੇ ਤਾਂ ਉਸਦਾ ਧਨ ਦਿਵਾ ਦੇਵੇ।

48. ਜਿਸ ਜੁਗਤ ਨਾਲ ਉਹ ਦੇਣਾ ਚਾਹੇ ਲੈ ਦੇਵੇ।

49. ਧਰਮ ਵਿਹਾਰ ਆਦਿ ਜੁਗਤੀਆਂ ਨਾਲ ਦਿੱਤੇ ਧਨ ਨੂੰ ਭਰ ਪਾਏ।

50. ਜੋ ਪੁਰਸ਼ ਆਪਣੀ ਜੁਗਤੀ ਨਾਲ ਕਰਜ਼ਾ ਲੈਂਦਾ ਹੈ ਉਸ ਨੂੰ ਰਾਜਾ ਮਨ੍ਹਾ ਨਾ ਕਰੇ।

51. ਜੇ ਸਾਮੀ ਰੁਪੇ ਦੇਣ ਤੋਂ ਇਨਕਾਰ ਕਰੇ ਪਰ ਲੈਣ ਵਾਲਾ ਦਿੱਤਾ ਹੋਇਆ ਪ੍ਰਤੀਤ ਕਰਾ ਦੇਵੇ ਤਦ ਰਾਜਾ ਉਸਨੂੰ ਡੰਡ ਦੇਵੇ ਯਥਾ ਯੋਗ ਜੋ ਸਮਝੇ।

52. ਜੇ ਰੁਪਿਆ ਦੇਣ ਵਾਲਾ ਮੁੱਕਰ ਜਾਏ ਤਾਂ ਲੈਣ ਵਾਲਾ ਆਪਣਾ ਸਬੂਤ ਦੇਵੇ।

53. ਜੇ ਦਾਹਵਾ ਕਰਨ ਵਾਲਾ ਉਸਦੇ ਸ਼ਹਿਰ ਦਾ ਪਤਾ ਝੂਠ ਦੱਸ ਕੇ ਫੇਰ ਕਹੇ ਮੈਂ ਨਹੀਂ ਦਸਿਆ ਤਾਂ ਉਹ ਪਹਿਲਾਂ ਪਿਛੋਂ ਝੂਠ ਬੋਲਦਾ ਹੈ।

54. ਅਤੇ ਜੇ ਆਖਦਾ ਹੈ ਕਿ ਇਸਨੂੰ ਮੈਂ ਦਿੱਤਾ ਹੈ ਅਤੇ ਫਿਰ ਕਹੇ ਮੇਰੇ ਪੁੱਤਰ ਨੇ ਦਿੱਤਾ ਹੈ ਤਾਂ ਉਹ ਝੂਠਾ ਹੈ।

55. ਜੋ ਪੁਰਸ਼ ਗਵਾਹ ਨਾਲ ਚੋਰੀ ਕਰਦਾ ਹੈ ਅਤੇ ਆਪਣੀ ਬਾਣੀ ਤੋਂ ਖਿਸਕਦਾ ਹੈ।

56. ਅਤੇ ਹਾਕਮ ਦੇ ਸਾਹਮਣੇ ਬੋਲਦਾ ਨਹੀਂ ਅਤੇ ਜੋ ਆਪਣੇ ਦਾਵੇ ਨੂੰ ਸਾਬਤ ਨਹੀਂ ਕਰ ਸਕਦਾ ਉਹ ਝੂਠਾ ਹੈ।

57. ਅਤੇ ਜਿਹੜਾ ਗਵਾਹ ਹਾਜ਼ਰ ਨਹੀਂ ਕਰ ਸਕਦਾ ਉਹ ਝੂਠਾ ਹੈ।

58. ਜਿਹੜਾ ਹਾਕਮ ਦੇ ਸਾਹਮਣੇ ਬੋਲਦਾ ਹੈ ਅਤੇ ਉਸਦੇ ਸਾਹਮਣੇ ਨਹੀਂ ਬੋਲਦਾ ਉਹ ਡੰਡ ਦੇਣ ਦੇ ਯੋਗ ਹੈ।

59. ਜੇ ਰਾਜਾ ਜਾਣੇ ਕਿ ਧਨੀ ਅਤੇ ਰਿਣੀ ਝੂਠੇ ਹਨ ਉਨ੍ਹਾਂ ਕੋਲੋਂ ਉਸਤੋਂ ਦੂਣਾ ਤਾਵਾਨ ਲਵੇ।

60. ਜਦੋਂ ਰਿਣੀ ਧਨ ਦੇਣ ਤੋਂ ਮੁਕਰ ਜਾਏ ਤਦ ਧਨੀ ਸਬੂਤ ਆਪਣਾ ਦੇਵੇ।

61. ਗਵਾਹ ਜਿਸ ਪ੍ਰਕਾਰ ਦੇ ਹੋਣੇ ਜੋਗ ਹਨ ਉਹ ਦਸਦੇ ਹਾਂ।

62. ਗ੍ਰਹਿਸਤੀ, ਪੁਤ੍ਰਵਾਨ, ਖੱਤ੍ਰੀ, ਕੁਲੀਨ, ਵੈਸ਼, ਸ਼ੂਦਰ ਅਤੇ ਧਨੀ ਦੇ ਗੁਆਂਢੀ ਗੁਆਹ ਹੋ ਸਕਦੇ ਹਨ।

63. ਸਭ ਵਰਨਾਂ ਦੇ ਸਤਿਵਾਦੀ ਪੁਰਸ਼, ਲੋਭ ਰਹਿਤ, ਧਰਮੱਗ ਪੁਰਸ਼ ਗਵਾਹੀ ਦੇ ਸਕਦੇ ਹਨ।

64. ਸਬੰਧੀ, ਮਿਤ੍ਰ ਵੈਰੀ, ਪ੍ਰਸਿੱਧ, ਐਬੀ, ਰੋਗੀ ਅਤੇ ਸਹਾਇਕ।

65. ਰਾਜਾ, ਰਸੋਈਆ, ਨਟ, ਬ੍ਰਹਮਚਾਰੀ ਅਤੇ ਸੰਨਿਆਸੀ ਇਨ੍ਹਾਂ ਨੂੰ ਗੁਆਹ ਨਾ ਬਣਾਵੇ।

66. ਨੀਚ, ਚੋਰ, ਵਿਰੋਧੀ, ਅੰਗ ਹੀਣ, ਚੰਡਾਲ, ਬੁੱਢਾ ਅਤੇ ਬਾਲ ਨੂੰ ਵੀ ਸਾਖੀ ਨਾ ਬਣਾਏ।

67. ਦੁਖੀ, ਭੰਗ, ਪੋਸਤ ਆਦਿ ਨਸ਼ਿਆਂ ਦੇ ਵਰਤਣ ਵਾਲੇ ਤੇ ਵਿਸ਼ਈ, ਚੋਰ ਆਦਿਕਾਂ ਨੂੰ ਵੀ ਸਾਖੀ ਨਾ ਬਣਾਏ।

68. ਇਸਤਰੀ ਦਾ ਸਾਖੀ ਇਸਤਰੀ ਤਿੰਨਾਂ ਵਰਨਾਂ ਦੇ ਦਵਿਜ ਸ਼ੂਦਰਾਂ ਦੇ ਸ਼ੂਦਰ ਚੰਡਾਲਾਂ ਦੇ ਚੰਡਾਲ ਸਾਖੀ ਹੋ ਸਕਦੇ ਹਨ।

69. ਜੋ ਪੁਰਸ਼ ਝਗੜੇ ਸਾਰੇ ਹਾਲ ਤੋਂ ਵਾਕਿਫ ਹੋਵੇ ਉਹ ਗਵਾਹੀ ਦੇਵੇ ਅਤੇ ਫੌਜਦਾਰੀ ਦੇ

ਗਵਾਹ ਦੀਵਾਨੀ ਦੇ ਗਵਾਹਾਂ ਦੀ ਤਰ੍ਹਾਂ ਨਹੀਂ ਹਨ।

70. ਸਗੋਂ ਇਹਨਾਂ ਝਗੜਿਆਂ ਲਈ ਸਾਰੇ ਸਬੰਧੀ, ਨੌਕਰ, ਬੁੱਢਾ, ਬਾਲ ਸਭ ਹੋ ਸਕਦੇ ਹਨ।

71. ਗਵਾਹੀ ਬਾਲਕ, ਬੁੱਢੇ, ਦੁਖੀ, ਅਨਮਤ ਆਦਿ ਪ੍ਰਮਾਨਿਤ ਨਹੀਂ ਹਨ।

72. ਜੋਰੀ, ਚੋਰੀ, ਵਿਖਾਦੀ, ਡਾਕੂ ਅਤੇ ਕਿਸੇ ਦੀ ਇਸਤਰੀ ਲੈ ਲੈਣਾ ਗਾਲ੍ਹੀ ਗਲੋਚ ਅਤੇ ਮਾਰਪੀਟ ਵਿਚ ਪੂਰਬੋਕਤ ਗ੍ਰਸਤੀ ਪ੍ਰਤ੍ਰਵਾਨ ਆਦਿ ਸਾਖੀਆਂ ਦੀ ਪ੍ਰੀਖਿਆ ਨਾ ਕਰੇ।

73. ਜੇ ਗੁਆਹਾਂ ਦਾ ਕਥਨ ਦੋ ਪ੍ਰਕਾਰ ਦਾ ਹੋਵੇ ਤਾਂ ਉਹਨਾਂ ਦੀ ਸਮਤਾ ਵੇਖੇ ਜੇ ਇਕ ਪ੍ਰਕਾਰ ਦੇ ਗੁਆਹਾਂ ਦਾ ਕਥਨ ਬਹੁਤ ਹੈ ਅਤੇ ਉਹ ਗਵਾਹ ਵਿਦਵਾਨ ਬ੍ਰਾਹਮਣ ਹਨ ਤਾਂ ਉਹ ਕਥਨ ਮੰਨਣ ਯੋਗ ਹੈ।

74. ਗਵਾਹੀ ਅੱਖੀਂ ਵੇਖੀ ਜਾਂ ਸੱਚੇ ਪੁਰਸ਼ ਕੋਲੋਂ ਸੁਣੀ ਦੇਣ ਤੋਂ ਧਰਮ ਦੀ ਹਾਨੀ ਨਹੀਂ ਹੁੰਦੀ।

75. ਜੋ ਪੁਰਸ਼ ਸੱਚੇ ਗਵਾਹ ਦੇ ਵਿਰੁੱਧ ਗਵਾਹੀ ਦੇਂਦਾ ਹੈ ਉਹ ਸਰਪਰ ਨਰਕ ਵਿਚ ਜਾਂਦਾ ਹੈ।

76. ਗਵਾਹ ਦਾ ਕਥਨ ਜਿਥੋਂ ਤਕ ਹੋ ਸਕੇ ਸੱਚਾ ਹੋਵੇ।

77. ਬਿਨਾਂ ਲੋਭ ਪੁਰਸ਼ ਇਕ ਗਵਾਹੀ ਦੇ ਸਕਦਾ ਹੈ ਪਰ ਪਵਿੱਤ੍ਰ ਕਈ ਇਸਤਰੀਆਂ ਗਵਾਹੀ ਨਹੀਂ ਦੇ ਸਕਦੀਆਂ ਅਤੇ ਦੋਸ਼ੀ ਪੁਰਸ਼ ਗਵਾਹੀ ਨਹੀਂ ਦੇ ਸਕਦਾ।

78. ਜੋ ਆਪਣੀ ਸਚਾਈ ਨਾਲ ਗੱਲ ਦਸੇ ਉਹ ਪ੍ਰਵਾਨ ਅਤੇ ਲਿਖਣੇ ਜੋਗ ਜੇ ਸਿਖੇ ਸਿਖਾਏ ਦੱਸੇ ਤਾਂ ਪ੍ਰਵਾਨ ਯੋਗ ਨਹੀਂ।

79. ਰਾਜਾ ਦੀ ਆਗਿਆ ਅਨੁਸਾਰ ਅਦਾਲਤ ਕਰਨ ਵਾਲਾ ਬ੍ਰਾਹਮਣ ਧਨੀ ਅਤੇ ਰਿਣੀ ਦੇ ਸਾਹਮਣੇ ਉਤਲੀ ਰੀਤੀ ਨਾਲ ਸ਼ਾਮ ਆਦਿ ਜੁਗਤੀ ਤੋਂ ਹੁਕਮ ਦੇਵੇ।

80. ਕਿ ਰਿਣੀ ਅਤੇ ਧਨੀ ਦੇ ਝਗੜੇ ਵਿਚ ਤੁਸੀਂ ਜੋ ਕੁਝ ਜਾਣਦੇ ਹੋ ਸੱਚ ਦਸੋ।

81. ਅਦਾਲਤ ਵਿਚ ਸੱਚ ਬੋਲਣ ਵਾਲੇ ਦੀ ਲੋਕ ਪ੍ਰਲੋਕ ਵਿਚ ਵਡਿਆਈ ਹੁੰਦੀ ਹੈ।

82. ਝੂਠੀ ਗਵਾਹੀ ਦੇਣ ਤੋਂ ਨਰਕ ਗਾਮੀ ਅਤੇ ਸੌ ਜਨਮ ਪਾਉਂਦਾ ਹੈ।

83. ਸੱਚ ਬੋਲਣ ਤੋਂ ਧਰਮ ਵੱਧਦਾ ਹੈ ਇਸ ਲਈ ਜੋਗ ਹੈ ਕਿ ਸਾਰੇ ਵਰਨ ਸੱਚ ਬੋਲਣ।

84. ਸੱਚ ਦੱਸਣ ਤੋਂ ਆਤਮਾ ਸੁੱਧ ਪਵਿੱਤ੍ਰ ਹੁੰਦੀ ਹੈ ਇਸ ਲਈ ਆਤਮਕ ਸ਼ਕਤੀ ਨੂੰ ਵਧਾਏ।

85. ਪਾਪੀ ਲੋਕ ਇਸ ਦਲੇਰੀ ਨਾਲ ਪਾਪ ਕਰਦੇ ਹਨ ਕਿ ਸਾਨੂੰ ਕੌਣ ਵੇਖਦਾ ਹੈ ਇਹ

ਉਨ੍ਹਾਂ ਦੀ ਭੁਲ ਹੈ ਕਿਉਂਕਿ ਪ੍ਰਭੂ ਅੰਤਰਜਾਮੀ ਹੈ ਤੇ ਕਰਮਾਂ ਦੇ ਫਲ ਦਾ ਦਾਤਾ ਹੈ।

86. ਅਕਾਸ਼ ਜ਼ਮੀਨ ਪਾਣੀ ਅਤੇ ਜੀਵ ਆਤਮਾ ਸੂਰਜ, ਚੰਦ, ਅਗਨੀ ਵਾਯੂ ਸੰਧਿਆ ਅਤੇ ਯਮਰਾਜ ਸਾਡੇ ਕਰਮਾਂ ਨੂੰ ਵੇਖਦੇ ਹਨ।

87. ਰਾਜਾ ਤਿੰਨਾਂ ਵਰਨਾਂ ਨੂੰ ਇਸ਼ਨਾਨ ਸੰਧਿਆ ਤੋਂ ਸੁੱਧ ਕਰਾ ਕੇ ਚੜ੍ਹਦੇ ਪਾਸੇ ਮੂੰਹ ਕਰਾ ਕੇ ਗਵਾਹੀ ਲਵੇ।

88. ਬ੍ਰਾਹਮਣ ਅਤੇ ਖੱਤ੍ਰੀ ਤੋਂ ਸੌਗੰਧ ਨਾ ਲਵੇ ਬਾਕੀ ਵੈਸ਼ ਨੂੰ ਸੌਗੰਧ ਦੇ ਕੇ ਗਵਾਹੀ ਲਵੇ ਅਤੇ ਸ਼ੂਦਰ ਨੂੰ ਡੰਡ ਭੈ ਦੇ ਕੇ ਪੁੱਛੇ।

89. ਮਿਤ੍ਰ ਬ੍ਰਾਹਮਣ ਬਾਲਕ ਇਸਤਰੀ ਘਾਤਕ ਅਤੇ ਅਕ੍ਰਿਤਘਨ ਨੂੰ ਜੋ ਡੰਡ ਪ੍ਰਲੋਕ ਵਿਚ ਮਿਲਦਾ ਹੈ ਉਹੋ ਹੀ ਤੁਸਾਨੂੰ ਮਿਲੇਗਾ।

90. ਝੂਠ ਬੋਲਣ ਤੋਂ ਤੁਹਾਡੇ ਸਾਰੇ ਸ਼ੁਭ ਕਰਮ ਨਾਸ ਹੋ ਕੇ ਕੁੱਤਿਆਂ ਵਿਚ ਮਿਲਣਗੇ।

91. ਪ੍ਰਮਾਤਮਾਂ ਸਦੀਵ ਤੁਹਾਡੇ ਪਾਸ ਦੇਖਦਾ ਤੁਹਾਡੇ ਨਾਲ ਹੈ।

92. ਪਾਪ ਕਰਕੇ ਗੰਗਾ ਜਾਂ ਕੁਰਛੇਤਰ ਜਾਓਗੇ ਤਾਂ ਕਦੀ ਛੁੱਟ ਨਹੀਂ ਸਕਦੇ ਕਿਉਂਕਿ ਕਰਮਾਂ ਦਾ ਫਲਦਾਤਾ ਤੁਹਾਡੇ ਪਾਪ ਦਾ ਗਿਆਤਾ ਹੈ।

93. ਝੂਠਾ ਪੁਰਸ਼ ਨੰਗੇ ਸਿਰ ਭੁੱਖ ਤੋਂ ਦੁੱਖੀ ਹੋ ਕੇ ਕਪਾਲ ਲੈ ਕੇ ਦੁਸ਼ਮਣ ਦੀ ਕੁੱਲ ਵਿਚ ਭੀਖ ਮੰਗੇ।

94. ਜੋ ਧਰਮ ਨਿਸਚੇ ਕਰਾ ਕੇ ਝੂਠ ਬੋਲੇਗਾ ਉਹ ਸਰਪਰ ਅੰਨ੍ਹੇ ਨਰਕ ਵਿਚ ਜਾਵੇਗਾ।

95. ਜੋ ਪੁਰਸ਼ ਚੱਟੀ ਲੈ ਕੇ ਝੂਠ ਬੋਲਦਾ ਹੈ ਉਸਦਾ ਬੁਰਾ ਹਾਲ ਹੋਵੇਗਾ।

96. ਜੋ ਪੁਰਸ਼ ਨਿਰਭੈਤਾ ਨਾਲ ਸੱਚੀ ਗਵਾਹੀ ਦੇਂਦਾ ਹੈ ਉਹ ਸਭ ਤੋਂ ਉੱਤਮ ਹੈ।

97. ਝੂਠੀ ਗਵਾਹੀ ਤੋਂ ਜਿੰਨੇ ਸਬੰਧੀਆਂ ਦਾ ਘਾਤ ਹੁੰਦਾ ਹੈ ਹੁਣ ਉਹ ਦਸਦੇ ਹਨ।

98. ਗਊ ਦੇ ਝਗੜੇ ਵਿਚ ਝੂਠ ਬੋਲੇ ਤਾਂ ਦਸ ਕੁਲਾਂ ਅਤੇ ਘੋੜੇ ਦੇ ਵਿਚ ਝੂਠ ਬੋਲੇ ਤਾਂ 100 ਕੁਲਾਂ ਅਤੇ ਮਨੁੱਖ ਦੇ ਵਿਚ 1000 ਕੁਲਾਂ ਤਾਈਂ ਕਲੰਕਤ ਹੁੰਦਾ ਹੈ।

99. ਸੋਨੇ ਦੇ ਝਗੜੇ ਵਿਚ ਝੂਠੀ ਗਵਾਹੀ ਦੇਣ ਤੋਂ ਅਗਲੇ ਪਿਛਲੇ ਸਬੰਧੀਆਂ ਦਾ ਨਾਸ ਕਰਦਾ ਹੈ ਇਸ ਤਰ੍ਹਾਂ ਧਰਤੀ ਦੇ ਝਗੜੇ ਵਿਚ ਵੀ।

100. ਇਸਤਰੀ, ਪਾਣੀ, ਮੋਤੀ ਆਦਿਕ ਦੇ ਝਗੜੇ ਵੀ ਧਰਤੀ ਦੀ ਨਿਆਈਂ ਹਨ।

101. ਝੂਠ ਬੋਲਣ ਦੇ ਦੋਸ਼ਾਂ ਨੂੰ ਪ੍ਰਤੀਤ ਕਰਨ ਦੇ ਕਦੀ ਝੂਠ ਨ ਬੋਲੇ।

102. ਗੁੱਜਰ, ਵੈਸ਼, ਰਸੋਈਏ, ਨੌਕਰ ਦੀ ਨਿਆਈਂ ਨਿਰਬਾਹ ਕਰਨ ਵਾਲਾ ਬ੍ਰਾਹਮਣ ਸ਼ੂਦਰ ਹੈ।

103. ਦਇਆ ਵੱਸ ਹੋ ਕੇ ਝੂਠ ਬੋਲਣਾ ਕੋਈ ਪਾਪ ਨਹੀਂ ਹੈ ਇਹ ਬਾਣੀ ਦੇਵ ਬਾਣੀ ਹੈ।

104. ਜਿਥੇ ਸੱਚ ਬੋਲਣ ਤੋਂ ਬ੍ਰਾਹਮਣ ਆਦਿ ਵਰਨਾਂ ਦਾ ਮਨੁੱਖ ਮਰ ਜਾਵੇ ਉਥੇ ਸੱਚ ਨਾ ਬੋਲੋ।

105. ਝੂਠ ਬੋਲਕੇ ਸੁਰਸਤੀ ਦੇਵੀ ਦਾ ਯੱਗ ਕਰਨ ਨਾਲ ਪਾਪ ਦੂਰ ਹੁੰਦਾ ਹੈ।

106. ਭਾਵੇਂ ਕੋਸ਼ਮਾਨ ਆਦਿ ਵੇਦ ਮੰਤ੍ਰ ਪੜ੍ਹਕੇ ਹਵਨ ਕਰੇ।

107. ਅਰੋਗ ਗਵਾਹ ਤਿੰਨ ਪਖ ਰਿਣੀ ਦੇ ਵਿਹਾਰ ਵਿਚ ਗਵਾਹੀ ਨ ਦੇਵੇ ਉਹ ਕਰਜ਼ਾ ਉਸਨੂੰ ਦੇਣਾ ਪਵੇਗਾ ਉਸ ਕਰਜ਼ੇ ਦਾ ਦਸਵਾਂ ਭਾਗ ਡੰਡ ਰਾਜੇ ਨੂੰ ਦੇਵੇ।

108. ਗਵਾਹ ਦੀ ਗਵਾਹੀ ਤੇ ਪਿਛੇ ਸੱਤਾਂ ਦਿਨਾ ਤੱਕ ਜੇ ਕੋਈ ਸਰਬੰਧ ਵਿਚ ਮੌਤ ਜਾਂ ਹੋਰ ਕੋਈ ਰੋਗ ਆਦਿ ਹੋਵੇ ਤਾਂ ਗਵਾਹ ਉਸੇ ਕਰਜ਼ੇ ਦਾ ਦਸਵਾਂ ਭਾਗ ਡੰਡ ਦੇਵੇ।

109. ਜਿਸ ਝਗੜੇ ਦਾ ਗਵਾਹ ਕੋਈ ਨਹੀਂ ਹੈ ਉਥੇ ਸੌਗੰਧ ਦੇ ਕੇ ਸੱਚੀ ਗੱਲ ਨੂੰ ਭਾਲੇ।

110. ਰਿਸ਼ੀਆਂ ਨੇ ਵੀ ਸੌਗੰਧ ਖਾਧੀ ਹੈ, ਬਿਸਵਾ ਮਿੱਤ੍ਰ ਦੇ ਝਗੜੇ ਵਿਚ ਵਸ਼ਿਸਟ ਨੇ ਸਦਾ ਮਾਨ ਰਾਜੇ ਦੇ ਸਾਹਮਣੇ ਸੌਗੰਧ ਖਾਧੀ ਸੀ।

111. ਥੋੜ੍ਹੀਆਂ-ਥੋੜ੍ਹੀਆਂ ਗੱਲਾਂ ਲਈ ਝੂਠੀ ਸੌਂਹ ਉਠਾਣੀ ਪਾਪ ਹੈ ਅਜਿਹਾ ਪੁਰਸ਼ ਛੇਤੀ ਨਸ਼ਟ ਹੋ ਜਾਂਦਾ ਹੈ ਅਤੇ ਉਸਦਾ ਇਤਬਾਰ ਨਹੀਂ ਰਹਿੰਦਾ ਹੈ।

112. ਇਸਤਰੀ ਦੀ ਸ਼ਾਦੀ ਵਿਚ ਜੇ ਲੜਕੇ ਵਾਲੇ ਇਤਬਾਰ ਨਾ ਕਰਨ ਜਾਂ ਗਊ ਨੂੰ ਭੋਜਨ ਦੇਣ ਵਾਲੇ ਅਤੇ ਬ੍ਰਾਹਮਣ ਦੀ ਰਾਖੀ ਅਤੇ ਅਗਨੀ ਹੋਤ੍ਰੀ ਵਾਸਤੇ ਲਕੜੀਆਂ ਦੀ ਲੋੜ ਲਈ ਸੌਗੰਧ ਖਾਣੀ ਬੁਰੀ ਨਹੀਂ।

113. ਬ੍ਰਾਹਮਣ ਨੂੰ ਸੱਚ ਦੀ ਅਤੇ ਖੱਤਰੀ ਨੂੰ ਸੁਆਰੀ ਦੀ ਅਤੇ ਵੈਸ਼ ਨੂੰ ਗਊ ਦੀ ਅਤੇ ਸ਼ੂਦਰ ਨੂੰ ਸਾਰਿਆਂ ਪਾਪਾਂ ਦੀ ਸੌਗੰਧ ਦਵਾਵੇ।

114. ਸੌਗੰਧ ਪਾਣੀ ਵਿਚ ਜਾਂ ਅੱਗ ਚੁਕਾ ਕੇ ਜਾਂ ਪੁੱਤਰ ਦੇ ਸਿਰ ਤੇ ਹੱਥ ਰੱਖ ਕੇ ਲਵੇ।

115. ਜਿਸਨੂੰ ਅੱਗ ਨਾ ਸਾੜੇ ਪਾਣੀ ਨਾ ਡੋਬੇ ਅਤੇ ਛੇਤੀ ਦੁੱਖ ਨਾ ਪੁੱਜੇ ਉਹ ਸੱਚੀ ਸੌਗੰਦ ਹੈ।

116. ਵਤਸ ਰਿਸ਼ੀ ਦੇ ਭਰਾ ਨੇ ਵਾਸ ਰਿਸ਼ੀ ਨੂੰ ਦੋਸ਼ ਲਾਇਆ ਤਾਂ ਵਤਸ ਨੇ ਅੱਗ ਉਠਾਈ ਪਰ ਅਗਨੀ ਨੇ ਉਸਦਾ ਕੁਝ ਵੀ ਨੁਕਸਾਨ ਨਾ ਕੀਤਾ।

117. ਝੂਠੇ ਗੁਆਹਾਂ ਦੀ ਦਸ਼ਾ ਦੇਖਕੇ ਝੂਠ ਬੋਲਣ ਦੀ ਦਲੇਰੀ ਨਾ ਕਰੋ।

118. ਲਾਲਚੀ, ਮਤਲਬੀ, ਕ੍ਰੋਧੀ ਮੂਰਖ ਬੱਚਾ ਇਨ੍ਹਾਂ ਦੀ ਗਵਾਹੀ ਦਾ ਭਰੋਸਾ ਨਾ ਕਰੋ।

119. ਏਨਾ ਤੋਂ ਬਿਨਾਂ ਹੋਰ ਕਿਸੇ ਥਾਂ ਝੂਠੀ ਗਵਾਹੀ ਦੇਵੇ ਤਾਂ ਉਸ ਦੇ ਡੰਡ ਦੀ ਲੜੀ ਦਸਾਂਗੇ।

120. ਲੋਭ ਤੋਂ ਝੂਠੀ ਗਵਾਹੀ 250 ਪਨ ਅਤੇ ਭੈ ਤੋਂ 1000 ਪਨ ਅਤੇ ਪਿਆਰ ਤੋਂ 1000 ਪਨ ਡੰਡ ਦੇਵੇ।

121. ਕਾਮ ਮਾਤ੍ਰ ਝੂਠ ਬੋਲੇ ਤਾਂ 2500 ਪਨ ਅਤੇ ਕਰੋਧ ਤੋਂ 7500 ਪਨ ਅਤੇ ਅਗਿਆਤ ਤੋਂ 200 ਪਨ ਅਤੇ ਬਾਲਪਣ ਤੋਂ 100 ਪਨ ਡੰਡ ਦੇਵੇ।

122. ਅਧਰਮ ਦੇ ਨਾਸ਼ ਅਤੇ ਧਰਮ ਦੀ ਰਾਖੀ ਝੂਠੇ ਗਵਾਹਾਂ ਨੂੰ ਇਹ ਡੰਡ ਲਿਖੇ ਹਨ।

123. ਖੱਤਰੀ ਆਦਿ ਤਿੰਨਾਂ ਵਰਨਾਂ ਵਿਚੋਂ ਕੋਈ ਝੂਠ ਬੋਲੇ ਤਾਂ ਪੂਰਬੋਕਤ ਡੰਡ ਲੈ ਕੇ ਰਾਜਾ ਉਸ ਨੂੰ ਦੇਸੋਂ ਬਾਹਰ ਕਰੇ ਪਰ ਬ੍ਰਾਹਮਣ ਨੂੰ ਕੇਵਲ ਬਾਹਰ ਹੀ ਕਰ ਦੇਵੇ।

124. ਉਤਲੇ ਵਰਨਾਂ ਦੇ ਡੰਡ ਮਨੂੰ ਜੀ ਨੇ ਦਸੇ ਹਨ ਬ੍ਰਾਹਮਣ ਨੂੰ ਬਿਨਾਂ ਡੰਡ ਦੇ ਬਾਹਰ ਕਰੇ।

125. ਲਿੰਗ, ਇੰਦ੍ਰੀ, ਪੇਟ, ਜੀਭ, ਹੱਥ, ਪੈਰ, ਨੇਤ੍ਰ, ਨਾਸਕਾ, ਕੰਨ, ਧਨ ਇਨ੍ਹਾਂ ਵਿਚੋਂ ਜਿਸ ਜਿਸ ਅੰਗ ਕਰਕੇ ਪਾਪ ਕਰੇ ਉਸਨੂੰ ਡੰਡ ਦਿਓ।

126. ਜਾਨ ਬੁੱਝ ਕੇ ਅਪਰਾਧ ਕਰਨ ਵਾਲੇ ਦਾ ਧਨ ਅਤੇ ਸਰੀਰ ਅਤੇ ਅਪਰਾਧ ਦੀ ਵਿਚਾਰ ਤੋਂ ਪਿਛੋਂ ਯੋਗ ਡੰਡ ਦੇਵੇ।

127. ਨਾ ਵਿਚਾਰਨ ਤੋਂ ਅਧਰਮ ਡੰਡ ਦੇਣਾ ਨਾਸ ਕਰਦਾ ਹੈ।

128. ਅਨ ਅਧਿਕਾਰੀ ਨੂੰ ਡੰਡ ਅਤੇ ਅਧਿਕਾਰੀ ਨੂੰ ਡੰਡ ਨਾ ਦੇਣਾ ਵੀ ਘੋਰ ਪਾਪ ਹੈ।

129. ਜਬਾਨੀ ਡੰਡ ਅਤੇ ਸ਼ਰਮਿੰਦਗੀ ਜੁਰਮਾਨਾ ਆਦਿ ਡੰਡਾਂ ਤੋਂ ਨਾ ਸਮਝੇ ਤਾਂ ਕੈਦ ਅਤੇ ਅੰਗ ਕੱਟਣ ਦੀ ਸਜਾ ਦੇਵੇ।

130. ਜੇ ਇਸ ਤਰ੍ਹਾਂ ਵੀ ਨਾ ਸਿਖੇ ਤਾਂ ਚਾਰੇ ਪ੍ਰਕਾਰ ਦਾ ਡੰਡ ਇਕ ਦਮ ਦੇਵੇ।

131. ਸੰਸਕਾਰ ਵਿਹਾਰਾਂ ਲਈ ਚਾਂਦੀ ਸੋਨੇ ਅਤੇ ਤਾਂਬੇ ਦੀ ਸੰਗਿਆ ਦਸਦੇ ਹਨ।

132. ਸੂਰਜ ਦੀਆਂ ਕਿਰਨਾ ਜਿਹੜੇ ਕਿਸੇ ਮੋਰੀ ਤੋਂ ਅੰਦਰ ਪ੍ਰਤੀਤ ਹੁੰਦੀਆਂ ਹਨ ਉਹ ਪ੍ਰਮਾਣੂ ਸਭ ਤੋਂ ਛੋਟੇ ਹੁੰਦੇ ਹਨ ਉਨ੍ਹਾਂ ਨੂੰ ਤ੍ਰਿਸ ਰਿਣੂ ਆਖਦੇ ਹਨ।

133. ਅੱਠ ਤ੍ਰਿਸ ਰਿਣੂ ਦੀ ਇਕ ਲਕਸ਼ ਅਤੇ ਤਿੰਨ ਲਕਸ਼ਾਂ ਦੀ 1 ਰਾਈ ਤਿੰਨ ਰਾਈ ਦੀ ਸਰੋਂ ਦਾ ਦਾਨਾ ਹੈ।

134. ਛੇ ਸਰੋਂ ਦਾ 1 ਜੌਂ ਤਿੰਨ ਜੌਂ ਦੀ 1 ਰਤੀ ਪੰਜ ਰੱਤੀ ਦਾ 1 ਮਾਸਾ 16 ਮਾਸੇ ਦਾ 1 ਸੁਵਰਨ।

135. 4 ਸੁਵਰਨ ਦਾ 1 ਪਲ, 10 ਪਲ ਦਾ 1 ਧਰਨ ਹੁਣ ਰੁਪੈ ਦਾ ਤੋਲਾ, ਦੋ ਰਤੀ ਦਾ 1 ਮਾਸਾ।

136. 16 ਮਾਸੇ ਦਾ 1 ਧਰਨ ਜਾਂ ਪਰਾਨ।

137. 10 ਧਰਨ ਦਾ 1 ਸਤਿਮਾਂਨਾ ਚਾਰ ਸੁਵਰਨ ਦਾ ਇਕ ਨਿਸਕਾ।

138. 250 ਪਨ ਦਾ ਪੂਰਬ ਸਾਹਸ ਅਤੇ 500 ਦਾ ਮਧਮ ਸਾਹਸ ਅਤੇ 1000 ਪਨ ਦਾ ਉੱਤਮ ਸਾਹਸ।

139. ਰਿਣੀ ਦਰਬਾਰ ਵਿਚ ਕਰਜਾ ਦੇਣਾ ਮੰਨ ਲਵੇ ਤਾਂ 100 ਪਨ ਪਿਛੇ ਪੰਜ ਪਨ ਡੰਡ

ਦੇਵੇ ਜੇ ਮੁਕਰ ਜਾਵੇ ਤਾਂ 100 ਪਿਛੇ 10 ਦੇਵੇ।

140. ਵਿਆਜ ਸੈਂਕੜੇ ਪਿਛੇ ਇਕ ਮਹੀਨੇ ਦਾ 1 ਰੁਪਿਆ ਲਵੇ ਵੱਧ ਨਾ ਲਵੇ।

141. ਭਾਵੇਂ ਭਲੇ ਲੋਕਾਂ ਦਾ ਧਰਮ ਖਿਆਲ ਕਰਕੇ ਦੋ ਰੁਪਏ ਲਵੇ ਪਾਪ ਨਹੀਂ।

142. ਬ੍ਰਾਹਮਣ ਕੋਲੋਂ 2 ਰੁਪਏ ਖੱਤਰੀ ਤੋਂ 3 ਰੁਪਏ ਵੈਸ਼ ਪਾਸੋਂ 4 ਰੁਪਏ ਸ਼ੂਦਰ ਤੋਂ 5 ਰੁਪਏ ਸੂਦ ਲਵੇ।

143. ਹੁਣ ਗਿਰਵੀ ਦੇ ਨਿਯਮ ਦਸਦੇ ਹਾਂ : ਗਊ, ਧਰਤੀ ਦਾਸ ਦਾਸੀ ਆਦਿਕਾਂ ਦੇ ਗਿਰਵੀ ਰੱਖਣ ਤੇ ਵਿਆਜ ਨਾ ਲਵੇ ਜੇ ਬਹੁਤ ਚਿਰ ਰੱਖਣ ਤੋਂ ਰੁਪਇਆ ਵੱਧ ਜਾਏ ਤਾਂ ਉਸ ਨੂੰ ਵੇਚ ਦੇਵੇ, ਧਨੀ ਉਸਦੇ ਨਫੇ ਦਾ ਰੁਪਇਆ ਨਾ ਖਾਏ।

144. ਧੱਕੇ ਨਾਲ ਚੀਜ਼ ਨੂੰ ਦੱਬ ਲਵੇ ਜੇਕਰ ਲਵੇ ਤਾਂ ਸੂਦ ਛੱਡ ਦੇਵੇ ਅਤੇ ਉਸਨੂੰ ਮੁੱਲ ਦੇ ਕੇ ਰਾਜ਼ੀ ਕਰੇ ਨਹੀਂ ਤਾਂ ਚੋਰ ਹੋਵੇਗਾ।

145. ਗਿਰਵੀ ਅਤੇ ਅਮਾਨਤ ਵਸਤੂ ਜਦ ਮਾਲਕ ਮੰਗੇ ਤਦ ਦੇ ਦੇਵੇ ਟਾਲ ਮਟੋਲੇ ਨਾ ਕਰੇ, ਇਹ ਚੀਜ਼ਾਂ ਮਾਲਕ ਦੀਆਂ ਹਨ ਇਹਨਾਂ ਨੂੰ ਗੁੰਮ ਨਹੀਂ ਕਰ ਸਕਦਾ।

146. ਘੋੜਾ, ਊਠ, ਗਊ, ਬਲਦ ਇਹ ਸਾਰੇ ਪਿਆਰ ਨਾਲ ਵਰਤ ਸਕਦੇ ਹਾਂ।

147. ਕਿਸੇ ਦੀ ਮਰਜ਼ੀ ਅਨੁਸਾਰ ਕੋਈ ਚੀਜ਼ 10 ਸਾਲ ਵਰਤੀ ਜਾਏ ਤਾਂ ਉਸਦਾ ਮਾਲਕ ਵਰਤਣ ਵਾਲਾ ਹੈ।

148. ਵਰਤਣ ਵਾਲਾ ਆਖ ਸਕਦਾ ਹੈ ਕਿ ਇਹਦੇ ਸਾਹਮਣੇ ਮੈਂ ਵਰਤਦਾ ਹਾਂ ਇਸ ਲਈ ਝਗੜਾ ਕਰਨਾ ਵਿਹਾਰ ਦੀ ਆਗਿਆ ਕਦੀ ਨਹੀਂ ਹੁੰਦੀ ਹੈ।

149. ਇਸਤਰੀ, ਰਾਜਾ ਵੇਦ ਪਾਠੀ ਦੀ ਕੋਈ ਚੀਜ਼ ਭਾਵੇਂ ਕਿਸ ਢੰਗ ਨਾਲ ਅਮਾਨਤ 10 ਸਾਲ ਤੱਕ ਹੋਵੇ ਉਸਦਾ ਮਾਲਕ ਉਹ ਪੁਰਸ਼ (ਜਿਸਦੇ ਪਾਸ ਅਮਾਨਤ ਹੈ) ਨਹੀਂ ਹੋ ਸਕਦਾ।

150. ਬਿਨਾਂ ਮਾਲਕ ਦੇ ਪੁੱਛਣ ਦੇ ਗਿਰਵੀ ਚੀਜ਼ ਨੂੰ ਵਰਤ ਦੇਣ ਦੇ ਬਦਲੇ ਸੂਦ ਛੱਡ ਦੇਵੇ ਇਹ ਹੀ ਡੰਡ ਹੈ।

151. ਮੂਲ ਦੇ ਸਮੇਂ ਇਕ ਵਾਰੀ ਵਿਆਜ ਲੈਣ ਤੋਂ ਮਿਲਦਾ ਹੈ ਬ੍ਰਿੱਛ ਅਤੇ ਅਨਾਜ ਫਲਾਂ ਅਤੇ ਉਨ ਪਸ਼ਮੀਨੇ ਦਾ ਵਿਆਜ ਮੂਲ ਨਾਲੋਂ ਚਾਰ ਗੁਣਾਂ ਤੋਂ ਵੱਧ ਨਹੀਂ ਲੱਭਦਾ।

152. ਸ਼ਾਸਤ੍ਰ ਨਿਯਮ ਤੋਂ ਵੱਧ ਸੂਦ ਨਹੀਂ ਅਤੇ ਵਰਨਾਂ ਦਾ ਭਿੰਨ-ਭਿੰਨ ਦਸਿਆ ਹੋਇਆ ਵੱਧ ਘੱਟ ਲੈਣਾ ਅਯੋਗ ਹੈ ਹੱਥ ਉਧਾਰ ਜਾਂ ਵੇਲੇ ਸਿਰ ਨਾ ਦੇਵੇ ਤਾਂ 5 ਰੁਪਏ ਸੌ ਪਿਛੇ ਸੂਦ।

153. ਸ਼ਾਸਤ੍ਰ ਅਨੁਸਾਰ ਵਿਆਜ ਲੈਣਾ ਧਰਮ ਅਰ ਵਿਰੁੱਧ ਲੈਣਾ ਅਧਰਮ ਹੈ।

154. ਜੇ ਰਿਣੀ ਰਿਣ ਦੇਣ ਨੂੰ ਸੰਮ੍ਰਥ ਨਹੀਂ ਤਾਂ ਵਿਆਜ ਦੇ ਕੇ ਨਵਾਂ ਨਾਵਾਂ ਲਿਖ ਦੇਵੇ।

155. ਜੇ ਵਿਆਜ ਵੀ ਨਾ ਦੇ ਸਕਦਾ ਹੋਵੇ ਤਾਂ ਮੂਲ ਵਿਆਜ ਰਲਾ ਕੇ ਨਾਵਾਂ ਲਿਖ ਦੇਵੇ।

156. ਜੋ ਮਨੁੱਖ ਗੱਡੀ ਆਦਿ ਚਲਾਉਂਦਾ ਹੈ ਅਤੇ ਇਕਰਾਰ ਕਰੇ ਕਿ ਇਹ ਭਾਰ ਫਲਾਣੇ ਥਾਂ ਪੁਚਾ ਦਿਆਂਗਾ ਤੇ ਮਜ਼ੂਰੀ ਲਵਾਂਗਾ ਜੇ ਨ ਪੁਚਾ ਸਕੇ ਤਾਂ ਮਜ਼ੂਰੀ ਨਹੀਂ ਲਵੇਗਾ।

157. ਸਮੁੰਦਰ ਅਤੇ ਧਰਤੀ ਤੇ ਚਲਣ ਵਾਲੇ ਦੇਸ਼ ਕਾਲ ਆਦਿ ਜਾਂ ਭਾੜੇ ਨੂੰ ਜਾਨਣ ਵਾਲਾ ਜੋ ਭਾੜਾ ਮੰਗੇ ਦਿਉ।

158. ਜੇ ਪਿਤਾ ਜਮਾਨਤੀ ਹੋਵੇ ਜਾਂ ਕਰਜਾ ਲੈ ਕੇ ਪਾਖੰਡੀ ਨੂੰ ਦਾਨ ਦਿੱਤਾ ਹੋਵੇ ਜਾਂ ਜੂਏ ਸ਼ਰਾਬ ਜੁਰਮਾਨੇ ਵਿਚ ਦਿੱਤਾ ਹੋਇਆ ਕਰਜਾ ਹੋਵੇ ਪੁੱਤਰ ਜ਼ੁੰਮੇਵਾਰ ਨਹੀਂ।

159. ਮਾਲ ਦਾ ਜਾਮਨ ਦੇ ਮਰਨ ਪਿਛੋਂ ਉਸਦਾ ਪੁੱਤਰ ਕਰਜਾ ਦੇਵੇ ਅਰ ਹਾਜਰ ਜਾਮਨ ਲਈ ਪਿਤਾ ਦੇ ਪਿੱਛੇ ਪੁੱਤਰ ਨਹੀਂ ਭਰ ਸਕਦਾ।

160. ਹਾਜਰ ਜਾਮਨ ਜਾਂ ਇਤਬਾਰ ਜਾਮਨ ਦੇ ਮਰਨ ਤੋਂ ਰੁਪਏ ਆਦਿ ਭਰਨ ਦੀ ਜੁਗਤੀ ਦਸਦੇ ਹਨ।

161. ਜੋ ਮਾਲ ਲੈ ਕੇ ਪਿਤਾ ਜਾਮਨ ਹੋਇਆ ਹੈ ਉਸੇ ਧਨ ਤੋਂ ਪੁੱਤਰ ਕਰਜਾ ਦੇਵੇ।

162. ਨਿਸ਼ਈ ਰੋਗੀ ਬਾਲਕ ਬੁੱਢਾ ਅਤੇ ਸਬੰਧੀਆਂ ਨਾਲ ਵਿਹਾਰ ਕਰਨਾ ਠੀਕ ਨਹੀਂ ਅਤੇ ਜਿਸ ਪੁਰਸ਼ ਦੀ ਹੋਸ਼ ਠੀਕ ਨਹੀਂ ਅਤੇ ਜਾਂ ਕਿਸੇ ਦਬਾ ਨਾਲ ਉਸ ਕੋਲੋਂ ਰਕਮ ਲਿਖਾਈ ਗਈ ਹੋਵੇ ਉਹ ਵੀ ਅਯੋਗ ਹੈ।

163. ਨਿਸ਼ਚਤ ਹੋਈ ਗੱਲ ਵੀ ਧਰਮਸ਼ਾਸਤਰ ਅਤੇ ਵਿਵਹਾਰ ਦੇ ਵਿਰੁਧ ਹੋਣ ਤੇ ਸੱਚੀ ਨਹੀਂ ਮੰਨੀ ਜਾ ਸਕਦੀ।

164. ਜੇ ਤਮੱਸਕ ਸ਼ਾਸਤ੍ਰ ਰੀਤੀ ਅਨੁਸਾਰ ਨਹੀਂ ਲਿਖਿਆ ਗਿਆ ਤਾਂ ਉਹ ਅਯੋਗ ਹੈ।

165. ਛਲ ਕਰਕੇ ਜੋ ਵਿਹਾਰ ਕੀਤਾ ਗਿਆ ਹੈ ਉਹ ਵੀ ਅਯੋਗ ਹੈ।

166. ਜੇ ਕਰਜਾ ਯੋਗ ਕੰਮਾਂ ਵਿਚ ਖਰਚ ਕੀਤਾ ਗਿਆ ਹੈ ਤਾਂ ਉਸਦੇ ਵਾਰਸ ਭਰ ਸਕਦੇ ਹਨ।

167. ਗੁਮਾਸ਼ਤਾ ਭਾਵੇਂ ਕਿਥੋਂ ਤੱਕ ਵਿਹਾਰ ਕਰੇ ਪ੍ਰਵਾਨ ਹਨ।

168. ਛਲ ਕਰਨਾ ਭੋਗ ਕਰਨਾ ਤਮੱਸਕ ਲਿਖਾਣਾ ਆਦਿ ਜੋ ਕੰਮ ਕੀਤੇ ਹਨ ਸੁੱਧ ਨਹੀਂ ਹਨ।

169. ਗਵਾਹ ਜਾਮਨ ਵਿਚੋਲਾ ਇਹ ਤਿੰਨ ਦੂਜੇ ਦੇ ਨਮਿਤ ਕਲੇਸ਼ ਪਾਉਂਦੇ ਹਨ। ਹਠ ਨਾਲ ਇਹਨਾਂ ਨੂੰ ਨਾ ਬਣਾਵੇ ਅਤੇ ਬ੍ਰਾਹਮਣ ਧਨੀ ਵਪਾਰੀ ਅਤੇ ਰਾਜਾ ਇਹ ਚਾਰੇ ਦੂਜਿਆਂ ਕੋਲੋਂ ਲਾਭ ਉਠਾਉਂਦੇ ਹਨ।

170. ਰਾਜਾ ਨਿਰਧਨ ਵੀ ਹੋਵੇ ਤਦ ਵੀ ਯੋਗ ਅਯੋਗ ਧਨ ਵਿਚਾਰ ਕੇ ਲਵੇ।

171. ਇਸ ਤਰ੍ਹਾਂ ਕਰਨਾ ਰਾਜਾ ਦੇ ਨਾਸ ਦਾ ਕਾਰਨ ਹੈ।

172. ਯੋਗ ਚੀਜ਼ ਲੈਣ ਤੋਂ ਅਤੇ ਯੋਗ ਵਿਵਾਹ ਕਰਨ ਅਤੇ ਨਿਰਮਲ ਪੁਰਸ਼ਾਂ ਦੀ ਰਾਖੀ ਕਰਨ ਤੋਂ ਰਾਜਾ ਲੋਕ ਪ੍ਰਲੋਕ ਵਿਚ ਸੁਖੀ ਹੁੰਦਾ ਹੈ।

173. ਇਸ ਲਈ ਤ੍ਰਿਸ਼ਨਾ ਅਤੇ ਰਾਗ ਦਵੈਸ਼ ਛੱਡਕੇ ਇੰਦ੍ਰੇਜਿਤ ਹੋਵੇ।

174. ਜੋ ਰਾਜਾ ਅਗਿਆਨਤਾ ਤੋਂ ਅਧਰਮ ਕਰਦਾ ਹੈ ਉਸ ਨੂੰ ਦੁਸ਼ਮਣ ਛੇਤੀ ਦਬਾ ਲੈਂਦੇ ਹਨ।

175. ਜੋ ਰਾਜਾ ਮਨ ਨੂੰ ਵੱਸ ਕਰਦਾ ਹੈ ਉਸਦੀ ਪਰਜਾ ਬਹੁਤ ਸੁਖੀ ਹੁੰਦੀ ਅਤੇ ਉਸਦਾ ਬੁਰਾ ਨਹੀਂ ਕਰਦੀ ਅਤੇ ਆਗਿਆ ਪਾਲਕ ਹੈ।

176. ਜੇਕਰ ਧਨੀ ਰਿਣੀ ਤੇ ਧੱਕਾ ਕਰੇ ਅਤੇ ਉਸਦੀ ਫਰਯਾਦ ਰਾਜੇ ਕੋਲ ਪਹੁੰਚੇ ਤਦ ਰਾਜਾ ਧਨੀ ਕੋਲੋਂ ਕਰਜੇ ਦਾ ਚੌਥਾ ਭਾਗ ਡੰਡ ਲਵੇ।

177. ਜੇਕਰ ਰਿਣੀ ਕਰਜਾ ਉਤਾਰਣ ਦੀ ਤਾਕਤ ਨਹੀਂ ਰਖਦਾ ਤੇ ਨੀਚ ਜਾਤੀ ਦਾ ਹੈ ਤਾਂ ਜੋਗ ਕੰਮ ਕਰਕੇ ਉਤਾਰ ਦੇਵੇ ਜੇ ਉੱਚ ਜਾਤੀ ਦਾ ਹੋਵੇ ਤਾਂ ਹੌਲੀ-ਹੌਲੀ ਲਾਹਵੇ।

178. ਇਸ ਰੀਤੀ ਨਾਲ ਜੋ ਝਗੜਾ ਆਪੋ ਵਿਚ ਪਿਆਰ ਕਰਨ ਵਾਲੇ ਮਨੁੱਖਾਂ ਤੋਂ ਸਬੂਤ ਹੈ ਰਾਜਾ ਉਸਦੇ ਵਿਰੁੱਧ ਗੱਲਾਂ ਨੂੰ ਦੂਰ ਕਰਕੇ ਅਸਲ ਗੱਲਾਂ ਨੂੰ ਪਛਾਣੇ।

179. ਕੁਲੀਨ, ਭਲਾ ਪੁਰਸ਼ ਧਰਮਾਤਮਾ, ਪੁੱਤਰਵਾਨ, ਧਨੀ ਕੋਲ ਅਮਾਨਤ ਰੱਖੇ ਜੇ ਅਜਿਹਾ ਨ ਹੋਵੇ ਤਾਂ ਕਦੀ ਵੀ ਨ ਰੱਖੇ।

180. ਜੋ ਪੁਰਸ਼ ਜਿਸ ਤਰ੍ਹਾਂ ਕਰਜਾ ਉਤਾਰੇ ਉਸੇ ਤਰ੍ਹਾਂ ਭਰ ਪਾਓ।

181. ਜੇਕਰ ਅਮਾਨਤ ਦੀ ਰਕਮ ਜਿਸ ਪਾਸ ਰੱਖੀ ਹੈ ਨ ਦੇਵੇ ਤਾਂ ਰਾਜਾ ਉਸਦੇ ਕੋਲ ਹੋਣ ਤੇ ਗਲੀ ਦੀ ਪੂਰੀ ਢੂੰਡ ਭਾਲ ਕਰੇ।

182. ਗਵਾਹ ਦੇ ਨਾ ਹੋਣ ਦੀ ਦਸ਼ਾ ਜੇਕਰ ਅਮਾਨਤ ਵਿਚ ਖਿਆਨਤ ਕਰਨ, ਮਾਲ ਜਾਂ ਅਫਸਰਾਂ ਨੂੰ ਪਤਾ ਨ ਦੇਵੇ ਤਾਂ ਉਸ ਤੋਂ ਦੂਜੇ ਕੋਲ ਰੁਪਇਆ ਅਮਾਨਤ ਰੱਖੇ।

183. ਫੇਰ ਅਮਾਨਤ ਰੱਖਣ ਵਾਲਾ ਆਪਣੀ ਅਮਾਨਤ ਨੂੰ ਉਸ ਤੋਂ ਮੰਗੇ ਜੇ ਦੇ ਦੇਵੇ ਤਾਂ ਸੱਚਾ ਨਹੀਂ ਤਾਂ ਝੂਠਾ ਹੈ।

184. ਜਦੋਂ ਰਾਜ ਸਭਾ ਜਾਂ ਵਕੀਲ ਨੂੰ ਜਿਨ੍ਹਾਂ ਕੋਲ ਦੂਜੀ ਵਾਰੀ ਸੋਨਾ ਜਾਂ ਚੀਜ਼ ਅਮਾਨਤ ਰੱਖੀ ਹੋਵੇ ਵੀ ਨਾ ਦੇਵੇ ਤਾਂ ਰਾਜਾ ਉਸ ਪਾਸੋਂ ਅਗਲੀ ਪਿਛਲੀ ਅਮਾਨਤ ਭਰ ਲਵੇ।

185. ਅਮਾਨਤੀ ਜਿਸਦੇ ਕੋਲੋਂ ਲਵੇ ਉਸਨੂੰ ਦੇਵੇ ਉਹਦੇ ਪੁੱਤਰ ਨੂੰ ਨਾ ਦੇਵੇ।

186. ਜੇਕਰ ਕੋਈ ਅਮਾਨਤ ਰਖਕੇ ਮਰ ਗਿਆ ਹੋਵੇ ਤਾਂ ਅਮਾਨਤੀ ਉਸਦੇ ਪਿਛੋਂ ਉਸਦੀ

ਜਾਇਦਾਦ ਦੇ ਮਾਲਕ ਨੂੰ ਜੋ ਸ਼ਾਸਤ੍ਰ ਅਨੁਸਾਰ ਬਣਿਆ ਹੋਵੇ ਦੇਵੇ ਅਤੇ ਰਾਜਾ ਜਾਂ ਪੁੱਤਰ ਆਦਿਕ ਉਸ ਤੋਂ ਹੋਰ ਚੀਜ਼ ਨਾ ਮੰਗਣ।

187. ਸਾਮ ਦਾਮ ਜੁਗਤੀ ਜੋ ਕਿ ਛਲ ਤੋਂ ਬਿਨਾਂ ਉਸ ਨਾਲ ਅਤੇ ਪਿਆਰ ਨਾਲ ਅਮਾਨਤੀ ਕੋਲੋਂ ਹੋਰ ਚੀਜ਼ ਦਾ ਭੇਦ ਲਵੇ।

188. ਅਮਾਨਤ ਦੀ ਰੀਤੀ ਦੱਸੀ ਹੈ ਅਤੇ ਬੰਦ ਸ਼ੈ ਨੂੰ ਜਿਵੇਂ ਲਵੇ ਉਵੇਂ ਦੇਵੇ ਵਿਚੋਂ ਭੰਨ ਤੋੜਕੇ ਕੁਝ ਕੱਢੇ ਪਾਵੇ ਨਹੀਂ।

189. ਜੇ ਅਮਾਨਤੀ ਚੀਜ਼ ਅੱਗ ਨਾਲ ਜਾਂ ਪਾਣੀ ਨਾਲ ਰੁੜ ਸੜ ਗਈ ਹੋਵੇ ਜਾਂ ਚੁਰਾਈ ਗਈ ਹੋਵੇ ਜੇ ਇਹ ਸੁਭਾਵਕ ਨੁਕਸਾਨ ਹੈ ਤਾਂ ਕੁਝ ਨਾ ਦੇਵੇ।

190. ਅਮਾਨਤੀ ਚੀਜ਼ ਬਿਨਾਂ ਦਿੱਤੇ ਮੰਗਣ ਵਾਲੇ ਅਤੇ ਅਮਾਨਤੀ ਚੀਜ਼ ਰੱਖ ਲੈਣ ਵਾਲੇ ਦੀ ਸ਼ਾਸਤ੍ਰ ਅਨੁਸਾਰ ਢੂੰਡ ਭਾਲ ਕਰਕੇ ਸੌਗੰਧ ਤੋਂ ਝੂਠ ਸੱਚ ਸਮਝੇ।

191. ਇਨ੍ਹਾਂ ਦੋਹਾਂ ਗੱਲਾਂ ਦੇ ਕਰਨ ਵਾਲੇ ਨੂੰ ਚੋਰ ਜਿੰਨੀ ਸਜਾ ਦੇ ਕੇ ਅਮਾਨਤ ਤੋਂ ਦੂਣੀ ਦੇ ਬਰਾਬਰ ਤਵਾਨ ਲੈਣਾ ਯੋਗ ਹੈ।

192. ਤਵਾਨ ਖੁੱਲ੍ਹੀ ਜਾਂ ਬੰਦ ਚੀਜ਼ ਦੇ ਬਰਾਬਰ ਲੈਣਾ ਉਚਿਤ ਹੈ।

193. ਜੋ ਪੁਰਸ਼ ਧੋਖੇ ਨਾਲ ਕਿਸੇ ਦਾ ਪਦਾਰਥ ਲਵੇ ਉਸਨੂੰ ਸਹਾਇਕ ਸਮੇਤ ਉਸਦੇ ਸਬੰਧੀਆਂ ਦੇ ਸਾਹਮਣੇ ਦੁੱਖ ਦੇ ਕੇ ਮਾਰੇ।

194. ਜਾਤੀ ਦੇ ਸਾਹਮਣੇ ਅਮਾਨਤ ਠੀਕ ਨਾ ਦੱਸੇ ਤਾਂ ਉਨਾਂ ਹੀ ਤਵਾਨ ਦੇਵੇ।

195. ਬਿਨਾਂ ਸਾਖੀ ਦੇ ਲੈ ਕੇ ਬਿਨਾਂ ਸਾਖੀ ਦੇ ਦੇਵੇ ਕਿਉਂਕਿ ਜਿਹਾ ਦੇਣਾ ਤਿਹਾ ਲੈਣਾ।

196. ਜੋ ਸ਼ੈ ਕਿਸੇ ਰੂਬਰੂ ਗਿਣਕੇ ਰੱਖੀ ਜਾਵੇ ਜਾਂ ਬੰਦ ਕਰਕੇ ਬਿਨਾਂ ਗਿਣੇ ਅਤੇ ਵਿਖਾਏ ਰੱਖੀ ਜਾਏ ਅਤੇ ਜੋ ਪਿਆਰ ਨਾਲ ਦਿੱਤੀ ਜਾਏ ਇਨ੍ਹਾਂ ਤਿੰਨਾਂ ਦੀ ਭਾਲ ਰਾਜਾ ਇਸ ਜੁਗਤੀ ਨਾਲ ਕਰੇ ਕਿ ਅਮਾਨਤ ਰੱਖਣ ਵਾਲੇ ਨੂੰ ਤਕਲੀਫ ਨਾ ਮਿਲੇ।

197. ਜੇ ਕੋਈ ਅਮਾਨਤੀ ਸ਼ੈ ਬਿਨਾਂ ਮਾਲਕ ਦੀ ਮਰਜ਼ੀ ਦੇ ਵੇਚੇ ਤਾਂ ਵੇਚਣ ਵਾਲੇ ਨੂੰ ਚੋਰ ਸਮਝੋ ਅਤੇ ਉਸਨੂੰ ਗਵਾਹ ਨਾ ਸਮਝੋ।

198. ਜੇ ਵੇਚਣ ਵਾਲਾ ਸ਼ੈ ਦੇ ਮਾਲਕ ਦਾ ਸਬੰਧੀ ਹੋਵੇ ਤਾਂ ਛੇ ਸੌ ਪਨ ਤਵਾਨ ਦੇਵੇ ਅਤੇ ਜੇਕਰ ਸਬੰਧੀ ਨਾ ਹੋਵੇ ਤਾਂ ਚੋਰ ਵਰਗੀ ਸਜਾ ਦਿੱਤੀ ਜਾਵੇ।

199. ਜੋ ਪੁਰਸ਼ ਕਿਸੇ ਚੀਜ਼ ਦਾ ਮਾਲਕ ਨਹੀਂ ਤੇ ਐਵੇਂ ਵੇਚਣਾ ਜਾਂ ਲੈਣਾ ਅਯੋਗ ਵਪਾਰ ਹੈ।

200. ਜਿਹੜੀ ਸ਼ੈ ਦਾ ਵਰਨਣ ਪ੍ਰਤੀਤ ਹੁੰਦਾ ਅਤੇ ਲਿਖਤ ਦਾ ਕੋਈ ਸਬੂਤ ਨਹੀਂ ਮਿਲਦਾ ਉਸ ਵਿਚ ਸ਼ਾਸਤ੍ਰ ਦੀ ਮਰਯਾਦਾ ਹੈ ਕਿ ਲਿਖਤ ਪੱਕੀ ਹੈ ਅਤੇ ਵਰਤਣ ਪੱਕਾ ਨਹੀਂ ਹੈ।

201. ਜਿਹੜੀ ਚੀਜ਼ ਬਜਾਰੋਂ ਮੁੱਲ ਲਈ ਗਈ ਪ੍ਰਤੀਤ ਹੋ ਜਾਏ ਤਾਂ ਨਿਆਂ ਇਹ ਹੈ ਕਿ ਉਹ ਚੀਜ਼ ਮੁੱਲ ਲੈਣ ਵਾਲੇ ਨੂੰ ਦਿੱਤੀ ਜਾਏ।

202. ਜੇ ਚੀਜ਼ ਦੇ ਮੁੱਲ ਲੈਣ ਦਾ ਇਕਰਾਰ ਕਰੇ ਅਤੇ ਵੇਚਣ ਵਾਲੇ ਨੂੰ ਸਾਹਮਣੇ ਨਾ ਕਰ ਸਕੇ ਤਾਂ ਉਹ ਡੰਡ ਦਾ ਅਧਿਕਾਰੀ ਹੈ ਚੀਜ਼ ਦੇ ਮਾਲਕ ਨੂੰ ਚੀਜ਼ ਦਿੱਤੀ ਜਾਏ ਅਤੇ ਮੁੱਲ ਲੈਣ ਵਾਲੇ ਦਾ ਰੁਪਇਆ ਗਿਆ।

203. ਕਿਸੇ ਹੋਰ ਚੀਜ਼ ਵਿਚ ਰਲਾ ਕੇ ਜਾਂ ਖਰਾਬ ਕਰਕੇ ਨਾ ਵੇਚੇ ਅਤੇ ਨਾ ਹੋਰ ਰੰਗ ਵਟਾ ਕੇ ਅਤੇ ਨਾ ਹੀ ਘਟ ਤੋਲ ਵਿਚ ਵੇਚੇ।

204. ਜੇਕਰ ਇਕ ਕੰਨਿਆਂ ਵਿਖਾ ਕੇ ਦੂਜੀ ਕੰਨਿਆਂ ਦਾ ਵਿਆਹ ਕਰੇ ਤਾਂ ਇਕੋ ਥਾਂ ਦੋਹਾਂ ਦਾ ਵਿਆਹ ਕਰੇ।

205. ਜੇ ਕੰਨਿਆਂ ਦਾ ਪਿਤਾ ਕੰਨਿਆਂ ਦਾ ਬਿਆਧ ਆਦਿ ਰੋਗ ਨਾ ਦੱਸ ਕੇ ਵਿਆਹ ਕਰੇ ਉਸਨੂੰ ਰਾਜਾ ਡੰਡ ਦੇਵੇ।

206. ਯਗ ਵਰਨ ਲੈ ਕੇ ਰਤੁਜ ਜਿੰਨਾ ਕੰਮ ਕਰੇ ਉਨਾਂ ਹੀ ਹਿੱਸਾ ਲਵੇ।

207. ਜੇ ਰੋਗ ਆਦਿ ਦੇ ਕਾਰਨ ਪੂਰਾ ਕੰਮ ਨਹੀਂ ਕਰ ਸਕਿਆ ਅਤੇ ਦੱਖਣਾ ਲੈ ਲਈ ਹੈ ਤਾਂ ਦੂਜੇ ਕੋਲੋਂ ਪੂਰਾ ਕਰਾ ਦੇਵੇ।

208. ਜਾਂ ਜੱਗ ਕਰਨ ਵਾਲੇ ਸਾਰੇ ਕੰਮ ਪਿਛੋਂ ਦੱਖਣਾ ਲੈਣ ਜਾਂ ਜਿੰਨਾ ਕਰਨ ਉਹਦੀ ਦੱਖਣਾ ਲੈਣ।

209. ਬ੍ਰਾਹਮਣ ਰੱਥ ਅਤੇ ਬ੍ਰਹਮਾ ਤੇ ਹਵਨ ਕਰਨੇ ਵਾਲਾ ਘੋੜਾ ਅਤੇ ਗਾਇਨ ਕਰਨ ਵਾਲਾ ਗੱਡੀ ਲਵੇ।

210. ਸੋ ਗਊ ਦੱਖਣਾ ਵਾਲੇ ਜੱਗ ਦੇ ਵੰਡਣ ਦੀ ਰੀਤ ਦਸਦੇ ਹਾਂ, ਯੱਗ ਵਿਚ 16 ਰਤੂਰਾਂ ਵਿਚੋਂ ਚਾਰ, ਹੋਤਾ, ਅਧੂਰਜ, ਬ੍ਰਹਮ, ਉਗਾਤਾ ਬੜੇ ਹਨ ਇਹ ਸਾਰੀ ਦੱਖਣਾ ਅੱਧਾ ਭਾਗ ਲੈਣ ਅਤੇ ਮਿਤ੍ਰਾ ਬਰਨ, ਪ੍ਰਸੰਤੋਤਾ ਬ੍ਰਹਮਾ, ਛਨਸੀ ਇਹ ਉਹਨਾਂ ਨਾਲੋਂ ਅੱਧ ਲੈਣ ਤੇ ਇੱਛਾ ਵਾਕੀਆ, ਨੈਸ਼ਾ, ਅਗਨ, ਬਧਰਪ੍ਰਤਾ ਹਰਤਾ ਇਹ ਚਾਰੇ ਵੱਡੇ ਰਿਤੁਰਾ ਨਾਲੋਂ ਤੀਜਾ ਹਿੱਸਾ ਲੈਣ। ਗਿਰਾਬਸਤ, ਅੰਤੀਆ, ਪੋਤਾ ਸੂਬਵ, ਹਮੀਨਾ ਇਹ ਚਾਰੇ ਵੱਡੇ ਰਿਤੂਰਾ ਨਾਲੋਂ ਚੌਥਾ ਹਿੱਸਾ ਲੈਣ ਸਾਰਿਆਂ ਨੂੰ ਦੱਖਣਾ ਲਿਖੇ ਅਨੁਸਾਰ ਮਿਲੇ ਇਸ ਲਈ 50 ਦੀ ਥਾਂ 48 ਲੈਣ ਹਿਸਾਬ ਪੂਰਾ ਹੁੰਦਾ ਹੈ।

211. ਰਲਕੇ ਕੰਮ ਕਰਨ ਵਾਲੇ ਇਸ ਰੀਤੀ ਨਾਲ ਹਿੱਸਾ ਨਿੱਯਤ ਕਰਨ।

212. ਧਰਮ ਕਾਰਜਾਂ ਵਾਸਤੇ ਮੰਗਕੇ ਜੋ ਪੁਰਸ਼ ਨਹੀਂ ਕਰਦਾ ਉਸ ਤੋਂ ਧਨ ਮੋੜ ਲਈ ਜਾਏ।

213. ਜੇਕਰ ਲਾਲਚ ਕਰਕੇ ਜਾਂ ਦਾਤਾ ਦੇਣ ਤੋਂ ਮੁਕਰ ਜਾਏ ਤੇ ਲੈਣ ਵਾਲਾ ਧਰਮ ਵਿਚ ਨਹੀਂ ਖਰਚ ਕਰਦਾ ਤਾਂ ਰਾਜਾ ਦੋਹਾਂ ਨੂੰ ਚੋਰੀ ਦਾ ਡੰਡ ਲਾ ਕੇ ਇਕ ਇਕ ਸੁਬਰਨ

ਡੰਡ ਲੈ ਕੇ ਦਾਤਾ ਨੂੰ ਦੇਵੇ।

214. ਦਿੱਤੀ ਹੋਈ ਵਸਤੂ ਦੇ ਮੋੜਨ ਦੀ ਰੀਤੀ ਦੱਸੀ ਹੁਣ ਮਜ਼ੂਰ ਦੀ ਮਜ਼ੂਰੀ ਨਾ ਦੇਣ ਦੀ ਬਿਧੀ ਦਸਦੇ ਹਾਂ: —

215. ਨਵੇਂ ਨਿਰੋਏ ਪੁਰਸ਼ ਨੇ ਇਕ ਕੰਮ ਕਰਨਾ ਮੰਨਕੇ ਨਾ ਕੀਤਾ ਹੋਵੇ ਤਾਂ ਰਾਜਾ ਉਸ ਤੋਂ 1 ਮਾਸਾ ਸੋਨਾ ਡੰਡ ਲਵੇ ਉਸ ਨੂੰ ਮਜ਼ੂਰੀ ਤੇ ਲਾਵੇ।

216. ਮਜ਼ੂਰ ਬੀਮਾਰ ਹੋ ਕੇ ਕੰਮ ਛੱਡ ਦੇਵੇ ਅਤੇ ਰਾਜੀ ਹੋ ਕੇ ਫੇਰ ਕਰੇ ਤਾਂ ਪਿਛਲੀ ਮਜ਼ੂਰੀ ਵੀ ਲਵੇ।

217. ਜੋ ਪੁਰਸ਼ ਜਿਸ ਕੰਮ ਨੂੰ ਕਰਨ ਲਈ ਮੰਨ ਲਵੇ ਉਹ ਭਾਵੇਂ ਰਾਜੀ ਜਾਂ ਬੀਮਾਰ ਹੋਵੇ ਅਵੱਸ਼ ਕਰੇ ਉਸਨੂੰ ਅਧੂਰਾ ਨਾ ਛੱਡੇ ਨਹੀਂ ਤਾਂ ਮਜ਼ੂਰੀ ਦਾ ਅਰਥੀ ਨਹੀਂ।

218. ਜਿਸ ਕੰਮ ਦੇ ਕਰਨ ਦੀ ਸਲਾਹ ਕਰਕੇ ਨਾ ਕਰਨ ਵਾਲੇ ਦਾ ਧਰਮ ਦਸਦੇ ਹਾਂ।

219. ਜੋ ਪੁਰਸ਼ ਕਿਸੇ ਭਲੇ ਕੰਮ ਦੇ ਕਰਨ ਲਈ ਦੇਸ਼ ਦੇ ਇਕੱਠ ਨਾਲ ਸਲਾਹ ਕਰਕੇ ਨਹੀਂ ਕਰਦਾ ਉਸ ਨੂੰ ਰਾਜਾ ਦੇਸੋਂ ਬਾਹਰ ਕਰੇ।

220. ਜਾਂ ਉਸ ਕੋਲੋਂ ਸੱਤ ਪਾਨ ਚਾਂਦੀ ਡੰਡ ਲਵੇ।

221. ਧਰਮਾਤਮਾ ਰਾਜਾ ਨਗਰ ਜਾਤੀ ਦੇ ਇਕੱਠ ਵਿਚ ਡੰਡ ਦੇ ਢੰਗ ਨੂੰ ਵਰਤੇ।

222. ਕੋਈ ਚੀਜ਼ ਲੈ ਕੇ ਜਾਂ ਦੇ ਕੇ ਮੋੜਨਾ ਚਾਹੇ ਤਾਂ ਦਸਾਂ ਦਿਨਾ ਤਾਈਂ ਮੋੜ ਸਕਦਾ ਹੈ।

223. ਇਸ ਸਥਿਤੀ ਮਗਰੋਂ ਖਰੀਦਣ ਜਾਂ ਵੇਚਣ ਵਾਲਾ ਕੋਈ ਬਲ ਪ੍ਰਯੋਗ ਕਰੇ ਤਾਂ ਰਾਜਾ ਉਸ ਨੂੰ 400 ਪਨ ਦਾ ਡੰਡ ਦੇਵੇ।

224. ਜੋ ਪੁਰਸ਼ ਆਪਣੀ ਦੋਸ਼ਨ ਪੁੱਤਰੀ ਦੇ ਦੋਸ਼ ਛਿਪਾ ਕੇ ਵਿਆਹ ਕਰੇ ਉਹ 96 ਪਨ ਡੰਡ ਦੇਵੇ।

225. ਜੋ ਲੜਕੀ ਨੂੰ ਅਜੋਗ ਦੋਸ਼ ਲਾਉਂਦਾ ਹੈ ਉਸਦੀ ਪੜਤਾਲ ਕਰਕੇ ਜੇ ਝੂਠਾ ਪ੍ਰਤੀਤ ਹੋਵੇ ਤਾਂ ਸੌ ਪਨ ਡੰਡ ਦੇਵੇ।

226. ਵਿਆਹ ਦਾ ਮੰਤ ਕੰਨਿਆਂ ਲਈ ਹੀ ਜੜ੍ਹ ਲਈ ਨਹੀਂ।

227. ਨਿਯਮ ਅਨੁਸਾਰ ਵਿਆਹੀ ਇਸਤਰੀ ਸੱਤਵੇਂ ਫੇਰੇ ਤੱਕ ਵਹੁਟੀ ਅਖਵਾਉਂਦੀ ਹੈ ਵਿਆਹ ਵੇਲੇ ਮੰਤ੍ਰ ਨਾਲ ਸੱਤ ਫੇਰੇ ਮਰਦ ਤ੍ਰੀਮਤ ਫਿਰਦੇ ਹਨ।

228. ਜਿਸ ਕੰਮ ਨੂੰ ਕਰਦਿਆਂ ਅਰਮਾਨ ਲੱਗੇ ਉਸ ਨੂੰ ਇਸ ਢੰਗ ਨਾਲ ਧਰਮ ਤੇ ਪੱਕਾ ਕਰੇ।

229. ਚੁਪਾਏ ਆਦਿਕਾਂ ਦੇ ਮਾਲਕ ਤੇ ਗਵਾਲੇ ਇਹਨਾਂ ਝਗੜਿਆਂ ਨੂੰ ਸਚੋ ਸਚ ਆਖਣ।

230. ਰਖਵਾਲਾ ਜੇ ਸਾਈਂ ਦੀ ਸੇਵਾ ਨਾ ਕਰ ਸਕੇ ਤਾਂ ਦੋਸ਼ੀ ਹੈ ਤੇ ਜਾਂ ਉਸਦੀ ਸੌਂਪੀ ਹੋਈ

ਦੀ ਸੇਵਾ ਨਾ ਹੋਵੇ ਤਾਂ ਪਾਪੀ ਹੈ ਜਦ ਜੇ ਆਪਣਾ ਸਾਂਭੇ ਤਾਂ ਉਹ ਵੀ ਪਾਪੀ ਹੈ।

231. ਜੋ ਗਵਾਲਾ ਕੋਈ ਮਜੂਰੀ ਨਹੀਂ ਲੈਂਦਾ ਉਹ ਗਾਂ ਦਾ ਦੁੱਧ ਲਵੇ।

232. ਜੇ ਗਊ ਕਿਸੇ ਕਾਰਨ ਤੋਂ ਮਰ ਜਾਵੇ ਜਿਸਦੇ ਵਿਚ ਉਸਦੀ ਬੇ ਪਰਵਾਹੀ ਪ੍ਰਤੀਤ ਹੋਵੇ ਤਾਂ ਉਹ ਗਵਾਲਾ ਡੰਡ ਦੇਵੇ।

233. ਗਊ ਚੁਰਾਈ ਜਾਣ ਤੋਂ ਜੇ ਗਵਾਲਾ ਮਾਲਕ ਨੂੰ ਖਬਰ ਦੇ ਦੇਵੇ ਤਾਂ ਦੰਡੀ ਨਹੀਂ।

234. ਜੇ ਗਊ ਮਰ ਜਾਵੇ ਤਾਂ ਉਸਦਾ ਕੋਈ ਅੰਗ ਸਾਈਂ ਨੂੰ ਵਿਖਾ ਦੇਵੇ।

235. ਜੇ ਆਜੜੀ ਦੀ ਅਣਗਹਿਲੀ ਤੋਂ ਬਘਿਆੜ ਭੇਡ ਬੱਕਰੀ ਮਾਰ ਦੇਵੇ ਤਾਂ ਉਹ ਆਜੜੀ ਪਾਪੀ ਹੈ।

236. ਜੇ ਰਾਖੀ ਕਰ ਰਿਹਾ ਹੈ ਅਤੇ ਕੋਈ ਸ਼ੇਰ ਮਾਰ ਜਾਏ ਤਾਂ ਉਹ ਦੋਸ਼ੀ ਨਹੀਂ।

237. ਪਿੰਡਾਂ ਦੇ ਆਸੇ ਪਾਸੇ ਚਾਰ ਸੌ ਹੱਥ ਤੱਕ ਗਊਆਂ ਦੇ ਚੁਗਨ ਲਈ ਭੋਏਂ ਛੱਡ ਦੇਣੀ ਜੋਗ ਹੈ ਸ਼ਹਿਰ ਵਿਚ ਵੀ ਐਸਾ ਹੀ।

238. ਜੋ ਪੈਲੀ ਬਿਨਾਂ ਵਾੜ ਜਾਂ ਅਣਗੱਡੀ ਹੈ ਉਸ ਵਿਚ ਪਈ, ਗਊ ਦੇ ਵਾਗੀ ਨੂੰ ਰਾਜਾ ਡੰਡ ਨਾ ਦੇਵੇ।

239. ਵਾੜ ਜਾਂ ਕੰਧ ਏਡੀ ਉਚੀ ਬਨਾਵੇ ਕਿ ਊਠ ਵੀ ਮੂੰਹ ਨਾ ਪਾ ਸਕੇ ਅਤੇ ਕੁੱਤਾ ਸੂਰ ਆਦਿਕ ਵੀ ਨਾ ਖਾ ਸਕਣ।

240. ਪਿੰਡ ਦੇ ਪਵਾਹੇ ਦੀ ਪੈਲੀ ਨੂੰ ਵਾੜ ਨਾ ਹੋਣ ਤੋਂ 100 ਪਨ ਡੰਡ ਜੱਟ ਦੇਵੇ ਅਤੇ ਜੇ ਕੋਈ ਪਸ਼ੂ ਜਾ ਵੜੇ ਤਾਂ ਉਸ ਨੂੰ ਬਾਹਰ ਕੱਢ ਦੇਵੇ।

241. ਰਾਹ ਅਤੇ ਪਿੰਡ ਤੋਂ ਦੂਰ ਪੈਲੀ ਨੂੰ ਜੇ ਪਸ਼ੂ ਉਜਾੜੇ ਤਾਂ ਵਾਗੀ ਜਾਂ ਸਾਈਂ ਜੋ ਛੇੜੂ ਸੀ 100 ਪਨ ਡੰਡ ਦੇਵੇ ਅਤੇ ਨੁਕਸਾਨ ਦੇ ਬਰਾਬਰ ਭਰੇ।

242. ਸੱਜਰ ਗਊ ਅਤੇ ਸਾਨ੍ਹ ਦੋਵੇਂ ਪੈਲੀ ਉਜਾੜਨ ਤਾਂ ਵਾਗੀ ਦੰਡੀ ਨਹੀਂ।

243. ਹਿੱਸੇ ਤੇ ਵਾਹਨ ਵਾਲਾ ਰਾਹਕ ਜੇ ਮਾਲਕ ਦਾ ਨੁਕਸਾਨ ਕਰੇ ਜਿੰਨਾ ਕਰੇ ਉਸ ਤੋਂ 10 ਗੁਣਾ ਰਾਹਕ ਅਤੇ 5 ਗੁਣਾ ਉਸਦੇ ਨੌਕਰ ਡੰਡ ਦੇਵਣ।

244. ਸਾਈਂ, ਛੇੜੂ ਅਤੇ ਪਸ਼ੂਆਂ ਦੇ ਝਗੜੇ ਦਾ ਇਉਂ ਨਿਆਂ ਰਾਜਾ ਕਰੇ।

245. ਹੱਦਾਂ ਦਾ ਨਿਆਂ ਜੇਠ ਦੇ ਮਹੀਨੇ ਵਿਚ ਕਰੇ ਕਿਉਂਕਿ ਉਹ ਸੀਵਾਂ ਨਜ਼ਰ ਆਉਂਦੀਆਂ ਹਨ।

246. ਬੋਹੜ, ਪਿਪਲ, ਆਉਲਾ, ਅੰਮਲਤਾਸ, ਆਦਿ ਦੁੱਧ ਵਾਲੇ ਬ੍ਰਿਛਾਂ ਨੂੰ ਸੀਵਾਂ ਦੇ ਵਿਚਕਾਰ ਲਾਉਣਾ ਠੀਕ ਹੈ।

247. ਝਾੜੀ, ਬਾਂਸ ਆਦਿਕ ਕੰਡਿਆਂ ਵਾਲੇ ਬ੍ਰਿਛਾਂ ਨੂੰ ਤ੍ਰਿਹ ਤੇ ਲਾਵੇ।

248. ਤਲਾਉ, ਬਾਉਲੀ, ਆਦਿ ਜਾਂ ਕੋਈ ਦੇਵਤਿਆਂ ਦੀ ਥਾਂ ਉਥੇ ਬਣਾਵੇ।

249. ਹੱਦ ਦੀ ਪਛਾਣ ਲਈ ਹੋਰ ਗੁਪਤ ਨਿਸ਼ਾਨ ਵੀ ਬਣਾਵੇ।

250. ਪੱਥਰ, ਹੱਡੀ, ਗਊ ਦੇ ਵਾਲ, ਭੋਂ, ਸੁਆਹ ਆਦਿ ਗੁਪਤ ਨਿਸ਼ਾਨ।

251. ਅਜਿਹੀ ਚੀਜ਼ ਦਸੋ ਜਿਸ ਨੂੰ ਕਈ ਸਾਲ ਤਕ ਮਿੱਟੀ ਨਾ ਖਾਏ।

252. ਅਜਿਹੇ ਨਿਸ਼ਾਨਾ ਤੋਂ ਖੇਤੀ ਸੰਬੰਧਤ ਨਿਆਵਾਂ ਨੂੰ ਕਰੇ।

253. ਜੇ ਨਿਸ਼ਾਨ ਵਿਚ ਕੋਈ ਭਰਮ ਹੋਵੇ ਤਾਂ ਗਵਾਹੀ ਲੈ ਕੇ ਫੈਸਲਾ ਕਰੇ।

254. ਬਹੁਤ ਮਨੁੱਖਾਂ ਦੇ ਰੂਬਰੂ ਗਵਾਹ ਕੋਲੋਂ ਗਵਾਹੀ ਲਵੇ।

255. ਜਿਵੇਂ ਉਹ ਝਗੜਾ ਮੁਕੇ ਉਵੇਂ ਸਾਰਾ ਹਾਲ ਲਿਖਤ ਵਿਚ ਲਿਆਵੇ।

256. ਗਵਾਹ ਫੁਲਾਂ ਦੀਆਂ ਮਾਲਾਂ ਅਤੇ ਰਤੇ ਕਪੜੇ ਪਾ ਕੇ ਸਿਰ ਤੇ ਮਿੱਟੀ ਦੀ ਢੀਮ ਪਾ ਕੇ ਗਵਾਹੀ ਦੇਣ ਤੇ ਉਨ੍ਹਾਂ ਕੋਲੋਂ ਸੌਗੰਧ ਲਈ ਜਾਵੇ।

257. ਠੀਕ ਫੈਸਲੇ ਤੋਂ ਪਿਛੋਂ ਜੇ ਫੇਰ ਠੀਕ ਸੀ ਨਾ ਬਣਾਉਣ ਤਾਂ 200 ਪਨ ਡੰਡ ਦੇਣ।

258. ਜੇ ਗਵਾਹ ਕੋਈ ਨਾ ਮਿਲੇ ਤਾਂ ਹੋਰ ਪਿੰਡਾਂ ਦੇ ਚਾਰ ਭਲੇ ਪੁਰਸ਼ਾਂ ਨੂੰ ਝਗੜਾ ਨਿਬੇੜਨ ਲਈ ਬੁਲਾਇਆ ਜਾਵੇ।

259. ਅਜਿਹੇ ਮਨੁੱਖਾਂ ਦੇ ਨਾ ਲਭਣ ਤੋਂ ਹੋਰ ਪੁਰਾਤਨ ਪੁਰਸ਼ਾਂ ਨੂੰ ਜੋ ਉਸ ਪਿੰਡ ਵਿਚ ਚਿਰ ਕਾਲ ਤੋਂ ਰਹਿੰਦੇ ਹਨ ਉਨ੍ਹਾਂ ਨੂੰ ਬੁਲਾਵੇ ਜੇ ਉਹ ਵੀ ਨਾ ਹੋਵਣ ਤਾਂ ਜੰਗਲੀ ਪੁਰਸ਼ਾਂ ਨੂੰ ਸੀਮਾ ਕੱਢਣ ਲਈ ਨਿਯਤ ਕਰੇ।

260. ਸ਼ਿਕਾਰੀ, ਵਾਗੀ, ਮਾਠੀ, ਗੁਲੇਲੈ, ਸਪਾਧੇ, ਜਾਂ ਗਲੀ, ਆਦਿ ਉਸ ਪਿੰਡ ਦੀ ਸੀ ਨੂੰ ਜਾਣਦੇ ਹੁੰਦੇ ਹਨ ਕਿਉਂਕਿ ਉਹ ਆਪਣੇ-ਆਪਣੇ ਕੰਮਾਂ ਨੂੰ ਬਾਹਰ ਜਾਂਦੇ ਹਨ।

261. ਇਨ੍ਹਾਂ ਦੀ ਦਸੀ ਹੋਈ ਸੀਮਾ ਪੱਕੀ ਜਾਣੋ।

262. ਪੈਲੀ, ਖੂਹ, ਬਾਗ, ਘਰ ਆਦਿਕਾਂ ਦੀ ਸੀਂ ਪਿੰਡ ਵਾਲਿਆਂ ਦੇ ਦਸੇ ਤੋਂ ਜਾਣੋ।

263. ਜੇ ਪਿੰਡ ਵਾਲੇ ਠੀਕ ਨਾ ਦੱਸਣ ਤਾਂ ਉਚਿਤ ਹੈ ਕਿ ਰਾਜਾ ਉਹਨਾਂ ਨੂੰ ਡੰਡ ਦੇਵੇ।

264. ਜੋ ਪੁਰਸ਼ ਖੂਹ ਬਾਉਲੀ ਤਲਾਓ ਆਦਿ ਡਰਾ ਕੇ ਕਿਸੇ ਪਾਸੋਂ ਖੋਹ ਲਵੇ ਤਾਂ ਰਾਜਾ ਉਸ ਨੂੰ 500 ਪਨ ਡੰਡ ਲਾਵੇ ਜੇ ਭੁਲੇਖੇ ਨਾਲ ਹੋਵੇ ਤਾਂ 200 ਪਨ ਡੰਡ ਲਾਵੇ।

265. ਰਾਜਾ ਜਦ ਦੇਖੇ ਕਿ ਉਪਰ ਦਸੇ ਗਵਾਹ ਨਹੀਂ ਮਿਲਦੇ ਤਾਂ ਰਾਜਾ ਉਸ ਨੂੰ ਉਹ ਜ਼ਮੀਨ ਦੇਵੇ ਜਿਸਦੇ ਵਿਚ ਉਸ ਨੂੰ ਲਾਭ ਹੋਵੇ।

266. ਸੀਮਾ ਕੱਢਣ ਦੇ ਝਗੜੇ ਲਈ ਦਸਿਆ ਹੈ, ਹੁਣ ਕੌੜਾ ਬੋਲਣ ਲਈ ਦਸਦੇ ਹਾਂ।

267. ਜੇ ਖੱਤਰੀ ਬ੍ਰਾਹਮਣ ਨੂੰ ਚੋਰ ਆਖੇ ਤਾਂ 100 ਪਨ ਜੇ ਵੈਸ਼ ਆਖੇ ਤਾਂ 200 ਪਨ ਡੰਡ ਦੇਵੇ ਜੇ ਸ਼ੂਦਰ ਆਖੇ ਤਾਂ ਉਸ ਦਾ ਅੰਗ ਕੱਟ ਦੇਣਾ ਚਾਹੀਏ।

268. ਜੇ ਬ੍ਰਾਹਮਣ ਖਤਰੀ ਨੂੰ ਗਾਲ੍ਹ ਕੱਢੇ ਤਾਂ 50 ਪਨ ਵੈਸ਼ ਨੂੰ ਆਖੇ ਤਾਂ 25 ਪਨ ਜੇ ਸ਼ੂਦਰ ਨੂੰ ਆਖੇ ਤਾਂ 25 ਪਨ ਡੰਡ ਦੇਵੇ।

269. ਜਾਤੀ ਭਰਾ ਨੂੰ ਆਖਣ ਤਾਂ 12 ਪਨ ਤੇ ਜੇ ਹੋਰ ਅਜੋਗ ਗੱਲ ਆਖਣ ਤਾਂ 24 ਪਨ ਡੰਡ ਦੇਵੇ।

270. ਜੇ ਸ਼ੂਦਰ ਤਿੰਨਾਂ ਵਰਨਾਂ ਨੂੰ ਗਾਲ੍ਹ ਕੱਢੇ ਤਾਂ ਉਸਦੀ ਜੀਭ ਵਿਚ ਮੋਰੀ ਕਰੇ।

271. ਜੇ ਸ਼ੂਦਰ ਬ੍ਰਾਹਮਣ ਨੂੰ ਨਿਰਾਦਰੀ ਨਾਲ ਬੁਲਾਵੇ ਅਤੇ ਨੀਚ ਕਹੇ ਤਾਂ ਉਸਦੇ ਮੂੰਹ 12 ਉਂਗਲ ਤੱਤੀ ਸੀਖ ਪਾ ਦਿਉ।

272. ਜੇ ਸ਼ੂਦਰ ਹੰਕਾਰ ਨਾਲ ਬ੍ਰਾਹਮਣ ਨੂੰ ਉਪਦੇਸ਼ ਕਰੇ ਤਾਂ ਰਾਜਾ ਉਸਦੇ ਮੂੰਹ ਵਿਚ ਤੱਤਾ ਤੇਲ ਪਾ ਦੇਵੇ।

273. ਹੁਣ ਇਕ ਜਾਤੀ ਵਿਚ ਡੰਡ ਦਸਦੇ ਹਾਂ : ਜੇ ਕੋਈ ਪੁਰਸ਼ ਕਿਸੇ ਨੂੰ ਇਹ ਆਖੇ ਕਿ ਤੂੰ ਏਥੋਂ ਦਾ ਜੰਮ ਨਹੀਂ ਅਤੇ ਨਾ ਹੀ ਤੇਰਾ ਜਨੇਊ ਸੰਸਕਾਰ ਹੋਇਆ ਹੈ ਤਾਂ ਉਸ ਨੂੰ 200 ਪਨ ਡੰਡ ਲਾਵੇ।

274. ਲੰਗੇ, ਕਾਣੇ ਆਦਿ ਪੁਰਸ਼ਾਂ ਨੂੰ ਅੰਗਹੀਣ ਸੱਦਣ ਤੋਂ 1 ਰੁਪਇਆ ਡੰਡ ਦੇਵੇ।

275. ਮਾਤਾ, ਪਿਤਾ, ਇਸਤਰੀ, ਭਰਾ, ਪੁੱਤਰ, ਗੁਰੂ ਨੂੰ ਪਾਪੀ ਆਖਣ ਤਾਂ 100 ਪਨ ਡੰਡ ਭਰੇ।

276. ਜੇ ਬ੍ਰਾਹਮਣ ਨੂੰ ਖੱਤਰੀ ਗਾਲ੍ਹ ਕੱਢੇ ਤਾਂ ਮੱਧਮ ਸਾਹਸ ਅਤੇ ਬ੍ਰਾਹਮਣ ਖੱਤਰੀ ਨੂੰ ਕੱਢੇ ਤਾਂ ਪੂਰਬ ਸਾਹਸ ਡੰਡ ਭਰੇ।

277. ਇਸ ਤਰ੍ਹਾਂ ਸ਼ੂਦਰ, ਵੈਸ਼ ਦਾ ਵੀ ਹਾਲ ਹੈ।

278. ਗਾਲ੍ਹੀ ਦੇ ਡੰਡ ਦਸੇ ਹਨ ਹੁਣ ਮਾਰ ਕੁਟ ਦੇ ਦਸਦੇ ਹਾਂ।

279. ਚੰਡਾਲ ਨੀਚ ਆਦਿ ਜਿਸ ਅੰਗ ਨਾਲ ਕਿਸੇ ਨੂੰ ਮਾਰਨ ਉਹ ਅੰਗ ਕੱਟ ਦਿਉ।

280. ਹੱਥ ਨਾਲ ਮਾਰੇ ਤਾਂ ਹੱਥ, ਪੈਰ ਨਾਲ ਮਾਰੇ ਤਾਂ ਪੈਰ।

281. ਜੇ ਛੋਟਾ ਪੁਰਖ ਵੱਡੇ ਦੇ ਬਰਾਬਰ ਬੈਠੇ ਤਾਂ ਉਸ ਦੇ ਲੱਕ ਵਿਚ ਨਿਸ਼ਾਨ ਕਰਕੇ ਬਾਹਰ ਕੱਢ ਦੇਵੇ ਜਾਂ ਉਸਦੇ ਚੁਤੜ ਇਸ ਰੀਤੀ ਨਾਲ ਵਢੇ ਕਿ ਉਹ ਮਰੇ ਨਾ।

282. ਜੇਕਰ ਸਰੀਰ ਤੇ ਥੁਕੇ ਜਾਂ ਪੇਸ਼ਾਬ ਕਰੇ ਤਾਂ ਜੋੜ ਅੰਗਾਂ ਨੂੰ ਕੱਟ ਦੇਵੇ।

283. ਜੇ ਸ਼ੂਦਰ ਬ੍ਰਾਹਮਣ ਦੇ ਪੈਰ ਕੇਸ ਦਾੜ੍ਹੀ ਪਤਾਲੂ ਆਦਿਕਾਂ ਨੂੰ ਫੜੇ ਤਾਂ ਉਸਦੇ ਹੱਥ ਵਢ ਦਿਓ ਭਾਵੇਂ ਉਸ ਨੂੰ ਕਿੰਨੀ ਵੀ ਪੀੜ ਹੋਵੇ।

284. ਜੇ ਸਰੀਰ ਵਿਚੋਂ ਲਹੂ ਕੱਢੇ ਜਾਂ ਚੋਭ ਦੇਵੇ ਤਾਂ ਸੌ ਪਨ ਡੰਡ ਦੇਵੇ ਹੱਡੀ ਤੋੜਨ ਵਾਲੇ ਨੂੰ ਦੇਸ ਨਿਕਾਲਾ ਤੇ ਮਾਸ ਤੋੜ ਵਾਲਾ ਛੇ ਤਸ਼ਕ ਡੰਡ ਦੇਵੇ।

286. ਸਭਨਾਂ ਬ੍ਰਿਛਾਂ ਨੂੰ ਜਿਹਾ ਵਰਤੇ ਤੇਹਾ ਡੰਡ ਭਰੇ।

287. ਜੋ ਸਜਾ ਮਨੁੱਖ ਅਤੇ ਚੁਪਾਇ ਨੂੰ ਦੇਵੇ ਉਜੇਹੀ ਭੁਗਤੇ।

288. ਹੱਥਾਂ ਪੈਰਾਂ ਨੂੰ ਵੱਢਣ ਵਾਲਾ ਪੁਰਸ਼ ਉਸ ਫੱਟੜ ਨੂੰ ਉਨਾਂ ਚਿਰ ਖਰਚ ਦੇਵੇ ਜਿੰਨਾ ਚਿਰ ਉਹ ਰਾਜ਼ੀ ਨਾ ਹੋ ਲਵੇ। ਜੇ ਇਨਕਾਰ ਕਰੇ ਤਾਂ ਡੰਡ ਤੇ ਖਰਚ ਦੋਵੇਂ ਦੇਵੇ।

289. ਜੋ ਪੁਰਸ਼ ਕਿਸੇ ਦਾ ਨੁਕਸਾਨ ਜਾਣ ਕੇ ਜਾਂ ਅਨਭੋਲ ਕਰੇ ਅਤੇ ਉਸਨੂੰ ਰਾਜ਼ੀ ਕਰ ਲਵੇ ਉਨਾਂ ਹੀ ਡੰਡ ਰਾਜੇ ਨੂੰ ਦੇਵੇ।

290. ਸੁਆਰ, ਸੁਆਰੀ ਤੇ ਸੁਆਰ ਦੇ ਮਾਲਕ ਨੂੰ ਦਸ ਥਾਂ ਡੰਡ ਨਾ ਦੇਵੇ ਅਤੇ ਹੋਰ ਥਾਂ ਸਿਰ ਡੰਡ ਦੇਣਾ ਯੋਗ ਹੈ।

291. ਬਲਦ ਦੀ ਨੱਥ ਦੀ ਰੱਸੀ, ਜੂਲ ਟੁਟ ਜਾਏ ਉਚੇ ਨੀਵੇਂ ਥਾਂ ਰਥ ਡਿੰਗਾ ਹੋ ਜਾਵੇ, ਰਥ ਦੇ ਪਹੀਏ ਦੀ ਅਦਰਲੀ ਟੁੱਟ ਗਈ ਹੋਵੇ ਜਾਂ ਪਹੀਆ ਟੁੱਟ ਜਾਵੇ।

292. ਬਲਦ ਦਾ ਚੰਮ, ਬਲਦ ਦੇ ਗੱਲ ਦੀ ਰੱਸੀ, ਕੋਟੜਾ ਇਹ ਸਭ ਟੁੱਟ ਗਏ ਹੋਣ ਤੇ ਉਚੀ ਬੋਲ ਕੇ ਰੱਥੀ ਆਖ ਦੇਵੇ ਹਟ ਜਾਓ ਤਾਂ ਏਨਾ ਨੂੰ ਡੰਡ ਨਹੀਂ ਦੇਣਾ ਚਾਹੀਏ।

293. ਜੇ ਰੱਥੀ ਆਪਣੇ ਨਿਯਮ ਅਨੁਸਾਰ ਨਹੀਂ ਚਲਿਆ ਅਤੇ ਕੋਈ ਹੇਠ ਆ ਕੇ ਮਰ ਗਿਆ ਹੋਵੇ ਤਾਂ ਉਥੇ ਬਿਨਾਂ ਪੁਛੇ ਮਾਲਕ ਦੋ ਸੌ ਪਨ ਡੰਡ ਦੇਵੇ।

294. ਸਾਰਥੀ ਹੁਸ਼ਿਆਰ ਹੋਵੇ ਅਤੇ ਰਥ ਹੇਠ ਆ ਕੇ ਮਰ ਜਾਵੇ ਤਾਂ ਸਾਰਥੀ ਦੇ ਸੌ ਪਨ ਡੰਡ ਦੇਵੇ ਅਤੇ ਹੁਸ਼ਿਆਰ ਨਾ ਹੋਵੇ ਤਾਂ ਮਾਲਕ ਅਤੇ ਸੁਆਰ ਤੇ ਸਾਰਥੀ ਸੌ ਸੌ ਪਨ ਡੰਡ ਦੇਣ।

295. ਸਾਰਥੀ ਰਥ ਚਲਾਉਣ ਵੇਲੇ ਵੇਖੇ ਕਿ ਅੱਗੇ ਪਸ਼ੂ ਆ ਗਏ ਹਨ ਅਤੇ ਰਥ ਪਿਛਾਂ ਜਾ ਨਹੀਂ ਸਕਦਾ ਜੇ ਰਥ ਅਗਾਂ ਹੱਕੇ ਤਾਂ ਕੋਈ ਹੇਠਾਂ ਆ ਕੇ ਮਰ ਜਾਵੇ ਤਾਂ ਸਾਰਥੀ ਡੰਡ ਭਰਨ ਦਾ ਅਧਿਕਾਰੀ ਹੈ।

296. ਮਨੁੱਖ ਮਰਨ ਵਿਚ ਉੱਤਮ ਸਾਹਸ ਡੰਡ ਦੇਵੇ ਪਸ਼ੂਆਂ ਦੇ ਮਰਨ ਤੇਂ ਮੱਧਮ ਸਾਹਸ ਡੰਡ ਦੇਵੇ।

297. ਜੇ ਛੋਟੇ ਪਸ਼ੂ ਮਰਨ ਤਾਂ ਦੋ ਸੌ ਪਨ ਅਤੇ ਹਰਨ ਪੰਛੀਆਂ ਦੇ ਮਰਨ ਤੇਂ 50 ਪਨ ਡੰਡ ਦੇਵੇ।

298. ਖੋਤਾ, ਬੱਕਰੀ, ਭੇਡ ਦੇ ਮਾਰਨ ਤੋਂ 1 ਮਾਸਾ ਚਾਂਦੀ ਡੰਡ ਦੇਵੇ।

299. ਇਸਤਰੀ ਪੁੱਤਰ ਨੌਕਰ ਚੇਲਾ ਛੋਟਾ ਭਰਾ ਇਹਨਾਂ ਤੋਂ ਜੇ ਗੁਨਾਹ ਹੋ ਜਾਏ ਤਾਂ ਰੱਸੀ ਜਾਂ ਬਾਂਸ ਦੀ ਛੱਤਰੀ ਤੋਂ ਉਨ੍ਹਾਂ ਨੂੰ ਸਜਾ ਦੇਣੀ ਜੋਗ ਹੈ।

300. ਮੱਥਾ ਛੱਡ ਕੰਡ ਵਿਚ ਮਾਰੇ ਆਪੇ ਤਿੜਕ ਭੰਬ ਦੇਵੇ।

301. ਮਾਰ ਕੁਟਾਈ ਦੇ ਡੰਡ ਦਸੇ ਹਨ ਹੁਣ ਚੋਰ ਦੀ ਸਜਾ ਦੇ ਢੰਗ ਦਸਦੇ ਹਾਂ।

302. ਰਾਜਾ ਚੋਰਾਂ ਨੂੰ ਚੰਗੇ ਯਤਨ ਨਾਲ ਫੜੇ ਇਹ ਉਸਦੀ ਵਡਿਆਈ ਹੈ ਅਤੇ ਰਾਜਾ ਦਾ ਵੀ ਵਾਧਾ ਹੈ।

303. ਜੋ ਰਾਜਾ ਹੱਛੇ ਪ੍ਰਬੰਧ ਨਾਲ ਪਰਜਾ ਨੂੰ ਸੁਖੀ ਰਖਦਾ ਹੈ ਉਹ ਪੂਜਨ ਯੋਗ ਹੈ ਅਤੇ ਹਰ ਵੇਲੇ ਵੱਧਦਾ ਰਹਿੰਦਾ ਹੈ।

304. ਪਰਜਾ ਦੀ ਰਾਖੀ ਤੋਂ ਪਰਜਾ ਦੇ ਧਰਮ ਦੇ ਛੇਵੇਂ ਭਾਗ ਦਾ ਭਾਗੀ ਹੁੰਦਾ ਹੈ ਜੇ ਨਾ ਕਰੇ ਤਾਂ ਅਧਰਮ ਦਾ ਛੇਵਾਂ ਭਾਗ ਪਾਉਂਦਾ ਹੈ।

305. ਪਰਜਾ ਦੀ ਵਿਦਿਆ ਯਗ ਦਾਨ ਦੇਣ ਛੇਵੇਂ ਹਿੱਸੇ ਦਾ ਵੀ ਅਧਿਕਾਰੀ ਹੈ।

306. ਧਰਮ ਤੋਂ ਸਾਰੇ ਜੀਵਾਂ ਦੀ ਰਾਖੀ ਕਰਦਾ ਹੈ ਭਾਵੇਂ ਉਪੱਦ੍ਰੀ ਨੂੰ ਯੋਗ ਸਜਾ ਦੇਂਦਾ ਹੋਇਆ ਰਾਜਾ ਲਖ ਦਖਣਾਂ ਵਾਲੀ ਯੱਗ ਨੂੰ ਰੋਜ਼ ਕਰਦਾ ਹੈ।

307. ਜੋ ਰਾਜਾ ਬਿਨਾਂ ਰਾਖੀ ਦੇ ਪਰਜਾ ਤੋਂ ਮਸੂਲ ਆਦਿ ਲੈਂਦਾ ਹੈ ਉਹ ਘੋਰ ਨਰਕ ਵਿਚ ਜਾਂਦਾ ਹੈ।

308. ਜੋ ਰਾਜਾ ਪਰਜਾ ਦੀ ਰਾਖੀ ਨਾ ਕਰੇ ਅਤੇ ਮਸੂਲ ਭਰ ਲਵੇ ਤਾਂ ਰਾਜਾ ਬਦਨਾਮ ਹੁੰਦਾ ਹੈ।

309. ਨਿਯਮ ਵਿਰੋਧੀ ਈਸਰ ਵੇਦਾਂ ਨੂੰ ਮੰਨਣ ਵਾਲਾ ਪਰਜਾ ਨੂੰ ਦੁਖ ਦੇਣ ਵਾਲਾ ਬਿਨਾਂ ਰਾਖੀ ਮਸੂਲ ਲੈਣ ਵਾਲਾ ਰਾਜਾ ਦੁਖ ਪਾਉਂਦਾ ਹੈ।

310. ਬਨਾਉਣਾ ਮਾਰਨਾ ਕੈਦ ਕਰਨਾ ਕਈ ਪ੍ਰਕਾਰ ਦੇ ਸਰੀਰਕ ਡੰਡ ਦੇ ਕੇ ਹੱਛੀਆਂ ਜੁਗਤੀਆਂ ਨਾਲ ਡੰਡ ਦੇਵੇ।

311. ਉਪਕਾਰੀ ਪੁਰਸ਼ਾਂ ਨੂੰ ਡੰਡ ਦੇਣਾ ਅਤੇ ਭਲੇ ਪੁਰਸ਼ਾਂ ਦੀ ਰਖਿਆ ਕਰਨੀ ਆਦਿ ਰੀਤੀ ਤੋਂ ਰਾਜਾ ਸੁੱਧ ਹੁੰਦਾ ਹੈ।

312. ਆਪਣੀ ਭਲਿਆਈ ਦੀ ਚਾਹ ਵਾਲਾ ਪੁਰਸ਼ ਸਭ ਤਰ੍ਹਾਂ ਦੁਖਦਾਈ ਗੱਲਾਂ ਨੂੰ ਸਹਾਰੇ।

313. ਦੁਖਾਂ ਦੀ ਗੱਲ ਨੂੰ ਨਾ ਸਹਾਰਨ ਵਾਲਾ ਪੁਰਸ਼ ਨਰਕ ਗਾਮੀ ਹੁੰਦਾ ਹੈ।

314. ਬ੍ਰਾਹਮਣ ਦਾ 10 ਮਾਸੇ ਸੋਨਾ ਚੁਰਾਉਣ ਵਾਲਾ ਆਪਣੇ ਆਪ ਚੂਨੀ ਨੂੰ ਖੋਲ੍ਹਕੇ ਰਾਜੇ ਦੇ ਸਾਹਮਣੇ ਆਵੇ।

315. ਮੋਹਲ ਜਾਂ ਖੈਰ ਦੀ ਲੱਕੜੀ ਜਾਂ ਦੋ ਪਾਸੀ ਬਰਛੀ ਨੂੰ ਮੋਢੇ ਧਰ ਕੇ ਆਖੇ ਕਿ ਮੈਂ ਇਹ ਕੰਮ ਕੀਤਾ ਹੈ ਮੈਨੂੰ ਡੰਡ ਦੇਵੋ।

316. ਰਾਜਾ ਉਸਨੂੰ ਡੰਡ ਦੇਵੇ ਤਾਂ ਰਾਜਾ ਆਪ ਉਸ ਪਾਪ ਨੂੰ ਪਾਉਂਦਾ ਹੈ।

317. ਗਰਭ ਗਿਰਾਵਨ ਵਾਲੀ ਤੀਵੀਂ ਅਤੇ ਚੇਲਾ ਵੇਸੁਆ, ਯੱਗ ਕਰਨ ਵਾਲਾ ਚੋਰ ਇਹ

ਸਭ ਆਪਣੇ ਪਾਪ ਨੂੰ ਅੰਨ ਦੇਣ ਵਾਲਾ ਪਤੀ ਗੁਰੂ ਰਾਜਾ ਇਨ੍ਹਾਂ ਵਿਚ ਹੁੰਦੇ ਹਨ।

318. ਜਿਸ ਤਰ੍ਹਾਂ ਪੁੰਨੀ ਰਾਜੇ ਕੋਲੋਂ ਸਜਾ ਪਾ ਕੇ ਪਵਿੱਤਰ ਹੋ ਕੇ ਸੁਰਗ ਨੂੰ ਜਾਂਦੇ ਹਨ।

319. ਖੂਹ ਤੋਂ ਰੱਸੀ ਘੜਾ ਚੁਰਾਉਣ ਵਾਲਾ 1 ਮਾਸਾ ਸੋਨਾ ਤਵਾਨ ਦੇਵੇ ਅਤੇ ਘੜੇ ਰੱਸੀ ਨੂੰ ਉਸੇ ਖੂਹ ਤੇ ਰਖ ਦੇਵੇ।

320. ਦਸ ਖੰਭ ਤੋਂ ਵੱਧ ਕਣਕ ਚੁਰਾਵੇ ਤਾਂ ਉਸ ਨੂੰ ਸਰੀਰਕ ਸਜਾ ਦੇਵੇ ਪਰ ਚੋਰ ਅਤੇ ਸਾਈਂ ਮਾਲ ਦੀ ਕਦਰ ਦੇਖ ਕੇ ਅੰਗ ਕੱਟਣ ਤੋਂ ਜਾਨੋ ਮਾਰਨ ਦੀ ਸਜਾ ਦੇਵੇ ਇਸ ਨਾਲੋਂ ਘੱਟ ਚੁਰਾਵੇ ਤਾਂ ਚੋਰੀ ਦੇ ਮਾਲ ਦਾ 11ਵਾਂ ਹਿੱਸਾ ਤਵਾਨ ਦੇਵੇ ਅਤੇ ਮਾਲ ਸਾਈਂ ਨੂੰ ਦੇਵੇ।

321. ਸੋਨਾ ਚਾਂਦੀ ਪਟ ਬਸਤਰ ਇਨ੍ਹਾਂ ਤੋਂ ਸੌ ਗੰਡੇ ਤੋਂ ਉਤੇ ਚੁਰਾਉਣ ਵਾਲੇ ਨੂੰ ਜਾਨੋ ਮਾਰ ਦੇਣਾ ਯੋਗ ਹੈ ਸਜਾ ਦਾ ਹੁਕਮ ਦੇਣ ਸਮੇਂ ਚੋਰ ਤੇ ਸਾਈਂ ਦੀ ਜਾਤੀ ਤੇ ਕਦਰ ਨੂੰ ਵੇਖਕੇ ਦੇਣਾ ਚਾਹੀਏ।

322. ਜੇ ਉਪਰਲੀਆਂ ਚੀਜ਼ਾਂ ਪੰਜਾਹ ਗੰਡੇ ਤੋਂ ਉਤੇ ਅਤੇ ਸੌ ਗੰਡੇ ਦੇ ਅੰਦਰ ਹੋਵੇ ਤਾਂ ਹੱਥ ਵੱਢਣਾ ਜੋਗ ਹੈ। 50 ਗੰਡੇ ਤੋਂ ਹੇਠਾਂ ਜਿੰਨਾਂ ਹੋਵੇ ਉਸਦਾ ਯਾਰ੍ਹਵਾਂ ਗੁਣਾਂ ਤਵਾਨ ਦੇਵੇ।

323. ਕੁਲਵੰਤ ਇਸਤਰੀ ਜਾਂ ਪੁਰਸ਼ ਜਾਂ ਉੱਤਮ ਰਤਨ ਨੂੰ ਦੇਵੇ ਚੋਰ ਨੂੰ ਮਾਰ ਦੇਣਾ ਹੀ ਯੋਗ ਹੈ।

324. ਹਾਥੀ, ਘੋੜਾ, ਮੱਝ, ਗਊ, ਹਥਿਆਰ ਦਵਾਈ ਆਦਿਕਾਂ ਦੇ ਚੋਰ ਨੂੰ ਦੇਸ਼ ਸਮਾਂ ਤੇ ਕਦਰ ਵੇਖ ਕੇ ਅੰਗ ਕੱਟ ਦੇਵੇ ਜਾਂ ਜਾਨੋ ਮਾਰ ਦੇਵੇ।

325. ਬ੍ਰਾਹਮਣ ਦੀ ਗਊ ਅਤੇ ਬਾਂਝ ਗਊ ਨੂੰ ਨਕੇਲ ਪਾ ਕੇ ਸਵਾਰੀ ਵਾਲੀ, ਬੱਕਰੀ ਭੇਡ ਯੱਗ ਦੇ ਲਾਇਕ ਚੁਪਾਇਆ ਦੇ ਚੋਰ ਦਾ ਅੱਧਾ ਪੈਰ ਝੱਟ ਵੱਢ ਦਿਉ।

326. ਰੂੰ ਕਪਾਹ ਤੇ ਸੂਤਰ, ਗੋਹੇ ਮਹੂਆ, ਗੁੜ ਦਹੀਂ ਦੁੱਧ ਮਿੱਠਾ, ਜਲ, ਘਾਹ।

327. ਬਾਂਸ ਦੇ ਟੁਕੜੇ ਦਾ ਬਣਿਆ ਹੋਇਆ ਪਾਣੀ ਦਾ ਭਾਂਡਾ ਮਿੱਟੀ ਦਾ ਭਾਂਡਾ ਆਦਿ।

328. ਮੱਛੀ, ਪੰਛੀ, ਤੇਲ, ਘਿਓ, ਮਾਸ, ਸ਼ਰਾਬ, ਚਮੜਾ ਸਿੰਗ।

329. ਇਸੇ ਤਰ੍ਹਾਂ ਦੀਆਂ ਹੋਰ ਚੀਜ਼ਾਂ ਦਾਲ, ਭਾਤ, ਲੱਡੂ ਆਦਿ ਪਕਵਾਨ ਇਨ੍ਹਾਂ ਦਾ ਚੋਰ ਮੁੱਲ ਤੋਂ ਦੂਣਾ ਤਵਾਨ ਦੇਵੇ।

330. ਫੁਲੀ ਪੈਲੀ ਤੋਂ ਸਬਜ਼ੀ, ਮੂੰਜੀ, ਵਲਾਂ ਬ੍ਰਿਛ ਇਨ੍ਹਾਂ ਵਿਚੋਂ ਚੁਰਾਨ ਵਾਲੇ ਨੂੰ ਦੇਸ਼ ਸਮਾਂ ਵਿਚਾਰ ਕੇ 1 ਮਾਸਾ ਸੋਨਾ ਜਾਂ ਚਾਂਦੀ ਡੰਡ ਲਾਵੇ।

331. ਸੁਥਰੀ ਮੂੰਜੀ ਮੂਲ ਫਲ ਦਾ ਚੋਰ ਜੇ ਮਾਲਕ ਦਾ ਸਰਬੰਧੀ ਜਾਂ ਵਤਨੀ ਹੋਵੇ ਤਾਂ 50 ਪਨ ਡੰਡ ਦੇਵੇ ਜੇ ਹੋਰ ਹੋਵੇ ਤਾਂ 100 ਪਨ ਡੰਡ ਦੇਵੇ।

332. ਸਾਈਂ ਦੇ ਵੇਖਦਿਆਂ ਜੋਰੇ ਜੋਰੀ ਚੀਜ਼ ਨੂੰ ਲੈ ਜਾਏ ਤੇ ਮੁਕਰ ਜਾਏ ਚੋਰ ਹੁੰਦਾ ਹੈ।

333. ਜੋ ਪੁਰਸ਼ ਦੂਜੇ ਦੀ ਚੀਜ਼ ਨੂੰ ਚੁਰਾਵੇ ਜਾਂ ਅਗਨੀ ਹੋਤ੍ਰ ਦੇ ਥਾਂ ਤੋਂ ਅਗਨੀ ਹੋਤ੍ਰ ਅਗਨੀ ਨੂੰ ਤੇ ਘਰ ਦੀ ਅਗਨੀ ਨੂੰ ਚੁਰਾਵੇ ਉਹ ਪ੍ਰਥਮ ਸਾਹਸ ਦੇਵੇ।

334. ਜਿਹੜੇ ਅੰਗ ਨਾਲ ਕੋਈ ਚੀਜ਼ ਚੁਰਾਵੇ ਉਸ ਅੰਗ ਨੂੰ ਵੱਢ ਦੇਵੇ ਫੇਰ ਅਜਿਹਾ ਕੰਮ ਨਾ ਕਰੇ।

335. ਰਾਜਾ, ਮਾਤਾ, ਪਿਤਾ, ਅਚਾਰੀਆ, ਮਿਤ੍ਰ, ਇਸਤਰੀ, ਪੁੱਤਰ ਪ੍ਰੋਹਤ ਨੂੰ ਵੀ ਸਜਾ ਦੇ ਸਕਦਾ ਹੈ ਜੇ ਅਧਰਮੀ ਹੋਣ ਤਾਂ।

336. ਜਿਸ ਕਸੂਰ ਦਾ ਡੰਡ 1 ਰੁਪਇਆ ਹੈ ਉਹ ਕਸੂਰ ਰਾਜੇ ਪਾਸੋਂ ਹੋ ਜਾਵੇ ਤਾਂ ਉਹ 1000 ਪਨ ਡੰਡ ਦੇਵੇ।

337. ਜੇ ਸ਼ੂਦਰ ਵੈਸ਼ ਖੱਤਰੀ ਬ੍ਰਾਹਮਣ ਚੀਜ਼ਾਂ ਦੇ ਗੁਣ ਔਗੁਣਾਂ ਨੂੰ ਨਾ ਜਾਣਦਾ ਹੋਵੇ ਜਿਸ ਚੋਰੀ ਵਿਚ ਜੋ ਡੰਡ ਆਖਿਆ ਹੈ ਉਸ ਨਾਲੋਂ ਅੱਠ ਗੁਣਾਂ ਬੱਤੀ ਗੁਣਾਂ।

338. ਜੇ ਗੁਣ ਦੋਸ਼ ਚੀਜ਼ ਦੇ ਨੂੰ ਜਾਣਦਾ ਹੋਵੇ ਤਾਂ 64 ਗੁਣਾਂ ਜਾਂ 128 ਗੁਣਾਂ।

339. ਜੋ ਜੰਗਲ ਮਾਲਕ ਤੋਂ ਬਿਨਾਂ ਹੈ ਉਸ ਵਿਚੋਂ ਲਕੜੀ ਹਵਨ ਲਈ ਜਾਂ ਘਾਹ ਗਊ ਲਈ ਲਿਆਵੇ ਤਾਂ ਸਜਾ ਨਾ ਦੇਵੇ ਇਹ ਅਧਰਮ ਨਹੀਂ।

340. ਜੋ ਬ੍ਰਾਹਮਣ ਚੋਰ ਨੂੰ ਪੜ੍ਹਾਕੇ ਜਾਂ ਯੱਗ ਕਰਾ ਕੇ ਧਨ ਲੈਣ ਦੀ ਇੱਛਾ ਕਰਦਾ ਹੈ ਉਹ ਵੀ ਚੋਰ ਹੈ।

341. ਖੱਤਰੀ ਬ੍ਰਾਹਮਣ ਵੈਸ਼ ਇਨ੍ਹਾਂ ਨੂੰ ਰਾਹ ਜਾਂਦਿਆਂ ਜੇ ਭੁੱਖ ਲੱਗੇ ਤਾਂ ਦੂਜੇ ਦੇ ਖੇਤ ਵਿਚੋਂ ਗੰਨਾ ਮੂਲੀ ਪੱਟ ਲਵੇ ਤਾਂ ਡੰਡ ਦੇ ਲਾਇਕ ਨਹੀਂ ਹਨ।

342. ਦੂਜੇ ਦਾ ਖੁਲ੍ਹਾ ਘੋੜਾ ਧੱਕੇ ਨਾਲ ਬੰਨ੍ਹਣ ਵਾਲਾ ਅਤੇ ਤਬੇਲੇ ਵਿਚ ਬੱਧੇ ਹੋਏ ਘੋੜੇ ਨੂੰ ਛੱਡਣ ਵਾਲਾ ਤੇ ਗੁਲਾਮ, ਘੋੜਾ, ਰੱਥ ਇਨ੍ਹਾਂ ਨੂੰ ਲੈ ਜਾਣ ਵਾਲਾ ਚੋਰ ਦੇ ਪਾਪ ਨੂੰ ਪਾਉਂਦਾ ਹੈ।

343. ਇਸ ਰੀਤੀ ਤੋਂ ਚੋਰਾਂ ਨੂੰ ਡੰਡ ਦੇਣ ਵਾਲਾ ਰਾਜਾ ਲੋਕ ਵਿਚ ਜੱਸ ਪ੍ਰਲੋਕ ਵਿਚ ਸੁਖ ਪਾਉਂਦਾ ਹੈ।

344. ਇੰਦਰ ਪਦਵੀ ਦਾ ਚਾਹਵਾਨ ਰਾਜਾ ਅਖੰਡ ਸੁਖ ਦਾ ਇੱਛੂ ਉਹ ਧੱਕੇ ਨਾਲ ਵੀ ਕੰਮ ਕਰਨ ਵਾਲੇ ਆਦਮੀ ਦੀ ਦਿਲਦਾਰੀ ਨਾ ਕਰੇ।

345. ਗਾਲ੍ਹੀ ਦੇਣ ਵਾਲਾ ਚੋਰ ਡੰਡੇ ਮਾਰਨ ਵਾਲਾ ਇਹਨਾਂ ਸਾਰਿਆਂ ਤੋਂ ਸਾਹਸ ਕਰਨ ਵਾਲਾ ਪਾਪੀ ਹੈ।

346. ਜੋ ਰਾਜਾ ਧੱਕੇ ਖੋਰ ਪੁਰਸ਼ ਦੇ ਜੁਰਮ ਵਿਚ ਢਿਲ ਕਰਦਾ ਹੈ ਉਹ ਮੌਤ ਤੇ ਦੁਸ਼ਮਣੀ ਨੂੰ ਪਾਉਂਦਾ ਹੈ।

347. ਸਾਰੇ ਜੀਵਾਂ ਨੂੰ ਡਰ ਦੇਣ ਵਾਲੇ ਧੱਕੇ ਖੋਰ ਪੁਰਸ਼ ਨੂੰ ਰਾਜਾ ਚਟੀ ਲੈ ਕੇ ਜਾਂ ਮਿੱਤਰਾਂ ਨਾਲ ਨਾ ਛੱਡੇ।

348. ਧਰਮ ਨਾਸ ਸਮੇਂ ਤਿੰਨੇ ਵਰਨ ਸ਼ਾਸਤਰਾਂ ਨੂੰ ਧਾਰਨ ਕਰਨ।

349. ਆਤਮਾ, ਇਸਤਰੀ, ਬ੍ਰਾਹਮਣ ਦੀ ਮੁਸੀਬਤ ਦੂਰ ਕਰਨ ਲਈ ਯੱਗ ਦਾ ਸਾਮਾਨ ਇਕੱਠਾ ਕਰਨ ਲਈ ਕਿਸੇ ਨੂੰ ਮਾਰਨਾ ਪਾਪ ਨਹੀਂ।

350. ਗੁਰੂ, ਬਾਲਕ, ਬੁੱਢਾ ਵਿਦਵਾਨ ਪੰਡਿਤ ਜੇ ਅਤਤਾਈ ਹੋਣ ਤਾਂ ਬਿਨਾਂ ਸੋਚੇ ਸਮਝੇ ਉਹਨਾਂ ਨੂੰ ਜ਼ਰੂਰ ਜਾਨੋਂ ਮਾਰ ਦੇਵੇ।

351. ਅਜਿਹੇ ਪੁਰਸ਼ਾਂ ਨੂੰ ਮਾਰਨ ਦਾ ਕੋਈ ਦੋਸ਼ ਨਹੀਂ ਜੋ ਪੁਰਸ਼ ਸਾਹਮਣੇ ਜਾਂ ਲੁੱਕ ਕੇ ਗੁੱਸੇ ਨਾਲ ਮਾਰਦਾ ਹੈ ਉਸ ਨੂੰ ਅਜਿਹਾ ਹੀ ਫਲ ਮਿਲਦਾ ਹੈ।

352. ਜੋ ਪੁਰਸ਼ ਦੂਜੇ ਦੀ ਇਸਤਰੀ ਨਾਲ ਵਿਭਚਾਰ ਕਰਨ ਵਾਲੇ ਹਨ ਉਨ੍ਹਾਂ ਨੂੰ ਤਨ ਤੇ ਨਿਸ਼ਾਨ ਕਰਕੇ ਦੇਸੋਂ ਬਾਹਰ ਕੱਢ ਦੇਵੇ।

353. ਵਿਭਚਾਰ ਤੋਂ ਵਰਨ ਸ਼ੰਕਰ ਪੈਦਾ ਹੁੰਦੇ ਹਨ ਜੋ ਧਰਮ ਨੂੰ ਉਖਾੜਕੇ ਜਗਤ ਦਾ ਨਾਸ ਕਰਦੇ ਹਨ।

354. ਦੂਜੇ ਦੀ ਇਸਤਰੀ ਨਾਲ ਲੁਕ ਕੇ ਗੱਲਾਂ ਕਰਨ ਵਾਲੇ ਨੂੰ ਪੂਰਬ ਸਾਹਸ ਡੰਡ ਦੇਣਾ ਚਾਹੀਏ।

355. ਜਿਸਦਾ ਦੋਸ਼ ਪਹਿਲਾਂ ਤੋਂ ਨਹੀਂ ਜਾਣਿਆ ਗਿਆ ਤੇ ਕਿਸ ਕਾਰਨ ਤੋਂ ਲੁਕ ਕੇ ਦੂਜੇ ਦੀ ਇਸਤਰੀ ਨਾਲ ਗੱਲਾਂ ਕਰਦਾ ਹੈ ਉਸ ਨੂੰ ਡੰਡ ਨਾ ਦੇਣਾ ਚਾਹੀਏ।

356. ਪਾਣੀ ਵਿਚ ਜਾਣ ਦਾ ਰਾਹ ਤੇ ਘਾਹ ਨਾਲ ਰਲਿਆ ਆਦਮੀਆਂ ਤੋਂ ਵੱਖਰੇ ਥਾਂ ਜਾਂ ਪਿੰਡੋਂ ਬਾਹਰ ਜੰਗਲ ਨਦੀ ਦਾ ਸੰਜਮ ਏਨਾ ਥਾਵਾਂ ਵਿਚ ਦੂਜੇ ਦੀ ਇਸਤਰੀ ਨਾਲ ਗੱਲਾਂ ਕਰਦਾ ਹੈ ਉਹ ਸੰਗ੍ਰਹਿਣ ਦੀ ਸਜਾ ਦਾ ਅਧਿਕਾਰੀ ਹੈ।

357. ਮਾਲਾ ਪਾਉਣੀ ਅਤਰ ਲਾਉਣਾ ਕਪੜੇ ਤੇ ਗਹਿਣੇ ਪਾਉਣੇ ਮਖੌਲ ਆਦਿ ਕਰਨਾ ਤੇ ਇਕ ਮੰਜੀ ਤੇ ਬਹਿਣਾ ਇਹ ਸਾਰੇ ਸੰਗ੍ਰਹਿਣ ਅਖਵਾਉਂਦੇ ਹਨ।

358. ਜੋ ਪੁਰਸ਼ ਇਸਤਰੀ ਦੇ ਪੱਟ ਨੂੰ ਤੇ ਇਸਤਰੀ ਮਰਦ ਦੇ ਪਤਾਲੂਆਂ ਨੂੰ ਹੱਥ ਲਾਉਣ ਤੋਂ ਰਿੰਜ ਨਾ ਹੋਣ ਤਾਂ ਇਹ ਪਿਆਰ ਸੰਗ੍ਰਹਿਣ ਅਖਵਾਉਂਦਾ ਹੈ।

359. ਸਿਵਾਇ ਬ੍ਰਾਹਮਣਾਂ ਦੇ ਹੋਰ ਜਾਤੀ ਵਾਲਿਆਂ ਨੂੰ ਇਸ ਪਿਆਰ ਦੇ ਬਦਲੇ ਜਾਨੋ ਮਾਰ ਦੇਣਾ ਜੋਗ ਹੈ ਕਿਉਂਕਿ ਚੋਹਾਂ ਵਰਨਾਂ ਦੀ ਇਸਤਰੀ ਰਾਖੀ ਜੋਗ ਹਨ।

360. ਭਿਖਾਰੀ, ਭੱਟ ਤੇ ਨਿਖੇਤ, ਰਸੋਈਆ ਇਹ ਸਾਰੇ ਭਿੱਖਿਆ ਆਦਿ ਲਈ ਇਸਤਰੀਆਂ ਨਾਲ ਗੱਲਾਂ ਕਰਨ ਤਾਂ ਮਨ੍ਹਾਂ ਕਰਨਾ ਨਹੀਂ ਚਾਹੀਏ।

361. ਇਕ ਵਾਰ ਮਨ੍ਹਾਂ ਕਰਨ ਤੋਂ ਜੇ ਫੇਰ ਬੋਲੇ ਤਾਂ 1 ਸਵਰਨ ਸੋਲਾਂ ਡੰਡ ਦੇਵੇ।

362. ਨਟ ਗਾਉਣ ਵਾਲਿਆਂ ਦੀ ਇਸਤਰੀ ਅਤੇ ਜੋ ਪੁਰਸ਼ ਬਰਦੇ ਵੇਚਦੇ ਹਨ ਉਹਨਾਂ ਲਈ ਉਪਰਲਾ ਨਿਯਮ ਪ੍ਰਵਾਨ ਨਹੀਂ ਕਿਉਂਕਿ ਉਹ ਆਪਣੀਆਂ ਇਸਤਰੀਆਂ ਨੂੰ ਆਪ ਵਿਭਚਾਰ ਕਰਾਉਂਦੇ ਹਨ।

363. ਪਰ ਉਨ੍ਹਾਂ ਦੀਆਂ ਇਸਤਰੀਆਂ ਨਾਲ ਗੱਲਾਂ ਕਰਨ ਤੋਂ ਡੰਡ ਦਾ ਅਧਿਕਾਰੀ ਹੁੰਦਾ ਹੈ। ਦਾਸੀ ਤੇ ਇਕ ਘਰ ਵਿਚ ਜਿਸ ਇਸਤਰੀ ਨੂੰ ਰੋਕ ਰਖਿਆ ਹੈ ਉਹਦੇ ਤੇ ਸੰਨਿਆਸੀ ਦੀ ਇਸਤਰੀ ਨਾਲ ਗੱਲ ਕਰਨ ਵਾਲਾ ਥੋੜਾ ਡੰਡ ਪਾਵੇ।

364. ਜੋ ਹਮ ਜਾਤ ਲੜਕੀ ਚਾਹ ਨਹੀਂ ਕਰਦੀ ਤੇ ਮਰਦ ਉਸ ਨਾਲ ਭੋਗ ਕਰੇ ਤਾਂ ਉਸ ਮਰਦ ਦਾ ਲਿੰਗ ਇੰਦ੍ਰਾ ਛੇਤੀ ਵੱਢ ਦੇਣਾ ਜੋਗ ਹੈ ਜੇ ਸਲਾਹ ਨਾਲ ਕਰੇ ਤਾਂ ਅੱਗੋਂ ਵੱਢਣ ਦੀ ਸਜਾ ਨਾ ਦੇਵੇ ਬ੍ਰਾਹਮਣ ਨੂੰ ਸਰੀਰਕ ਡੰਡ ਦੇਣਾ ਜੋਗ ਨਹੀਂ।

365. ਆਪਣੀ ਜਾਤ ਤੋਂ ਉੱਚੀ ਜਾਤ ਨੂੰ ਚਾਹੁਣ ਵਾਲੀ ਇਸਤਰੀ ਥੋੜ੍ਹਾ ਵੀ ਡੰਡ ਨਹੀਂ ਪਾ ਸਕਦੀ ਤੇ ਆਪਣੀ ਜਾਤ ਤੋਂ ਉਚੀ ਜਾਤ ਨੂੰ ਚਾਹੁਣ ਵਾਲੀ ਕੰਨਿਆਂ ਨੂੰ ਘਰ ਵਿਚ ਨਾ ਰੱਖਣਾ ਚਾਹੀਦੇ।

366. ਜੋ ਪੁਰਸ਼ ਉਚੀ ਜਾਤ ਦੀ ਕੰਨਿਆਂ ਨਾਲ ਭਾਵੇਂ ਉਸ ਲੜਕੀ ਨੂੰ ਹੋਵੇ ਜਾਂ ਨਾ ਹੋਵੇ ਭੋਗ ਕਰੇ ਉਹ ਜਾਤ ਦੇ ਫਰਕ ਦੇ ਸਬਬੋਂ ਜਾਨੋਂ ਮਾਰਨ ਦੇ ਯੋਗ ਹੈ ਤੇ ਚਾਹ ਕਰਨ ਵਾਲੀ ਆਪਣੇ ਵਰਨ ਦੀ ਲੜਕੀ ਨੂੰ ਕੁਝ ਦੇ ਕੇ ਉਸ ਨਾਲ ਭੋਗ ਕਰੇ ਤਾਂ ਡੰਡ ਦੇ ਲਾਇਕ ਨਹੀਂ ਤੇ ਜੇਕਰ ਉਸ ਲੜਕੀ ਦਾ ਪਿਤਾ ਮੰਨੇ ਤਾਂ ਉਸ ਨੂੰ ਕੁਝ ਦੇ ਕਰ ਕੰਨਿਆਂ ਨੂੰ ਵਿਆਹ ਲਵੇ।

367. ਜੋ ਪੁਰਸ਼ ਧੱਕੇ ਨਾਲ ਆਪਣੀ ਜਾਤੀ ਦੀ ਲੜਕੀ ਦੀ ਭਗ ਵਿਚ ਜੋ ਅੱਜੇ ਭੋਗ ਗੋਚਰੀ ਨਹੀਂ ਹੋਈ ਉਂਗਲੀ ਕਰੇ ਉਸਦੀ ਉਂਗਲੀ ਵੱਢ ਦੇਣੀ ਯੋਗ ਹੈ ਅਤੇ ਛੇ ਸੌ ਪਨ ਡੰਡ ਉਸ ਤੋਂ ਲੈਣਾ ਉਚਿਤ ਹੈ।

368. ਅਤੇ ਜੇਕਰ ਇੱਛਾ ਕਰਨ ਵਾਲੀ ਆਪਣੀ ਜਾਤੀ ਨੂੰ ਉਤਲੀ ਰੀਤੀ ਨਾਲ ਐਬੀ ਕਰੇ ਤਾਂ ਉਂਗਲੀ ਕੱਟ ਦੇਣੀ ਉਚਿਤ ਹੈ ਅਤੇ ਸੌ ਪਨ ਡੰਡ ਦੇਵੇ।

369. ਜੇ ਲੜਕੀ ਦੂਜੀ ਲੜਕੀ ਦੀ ਭਗ ਵਿਚ ਉਂਗਲੀ ਪਾਵੇ ਤਦ ਉਸ ਨੂੰ ਦੋ ਸੌ ਪਨ ਡੰਡ ਦੇਨਾ ਉਚਿਤ ਹੈ ਤੇ ਉਸ ਦਾ ਪਿਤਾ ਦੂਣਾ ਡੰਡ ਦੇਵੇ।

370. ਜੇ ਕੋਈ ਇਸਤਰੀ ਛੋਟੀ ਲੜਕੀ ਨਾਲ ਇਸ ਤਰ੍ਹਾਂ ਕਰੇ ਤਾਂ ਉਸਦਾ ਸਿਰ ਮੁੰਨ ਕੇ ਖੋਤੇ ਤੇ ਚੜ੍ਹਾ ਕੇ ਪਿੰਡ ਦੁਆਲੇ ਫਿਰਾਨਾ ਚਾਹੀਏ ਪਰ ਦੋਸ਼ ਨੂੰ ਵਿਚਾਰ ਲੈਣਾ।

371. ਜਾਤੀ ਗੁਣ ਦੇ ਮਾਨ ਤੋਂ ਆਪਣੇ ਪਤੀ ਨੂੰ ਤਿਆਗਣ ਵਾਲੀ ਇਸਤਰੀ ਲਈ ਉਚਿਤ ਹੈ ਕਿ ਰਾਜਾ ਉਸ ਨੂੰ ਕੁਤਿਆਂ ਨਾਲ ਅੰਨ ਖੁਆਏ।

372. ਅਜਿਹੀ ਇਸਤਰੀ ਨਾਲ ਭੋਗ ਕਰਨ ਵਾਲੇ ਪੁਰਸ਼ ਨੂੰ ਲੋਹੇ ਦੇ ਤੱਤੇ ਪਲੰਘ ਤੇ ਸੁਆ

ਕੇ ਦੁਆਲੇ ਅੱਗ ਬਾਲ ਕੇ ਸਾੜ ਦੇਣਾ ਧਰਮ ਹੈ।

373. ਜੇ ਕੋਈ ਪੁਰਸ਼ ਅਨ ਯਗਿਓਪਵੀਤ ਹੈ ਜਾਂ ਚੰਡਾਲ ਦੀ ਇਸਤਰੀ ਨਾਲ ਭੋਗ ਕਰਕੇ ਛੁਟ ਗਿਆ ਹੈ ਤੇ ਫਿਰ ਕੀਤਾ ਸੂ ਤਾਂ ਉਸਨੂੰ ਦੂਣੀ ਸਜਾ ਦੇਣੀ ਯੋਗ ਹੈ।

374. ਤਿੰਨਾਂ ਵਰਨਾਂ ਦੀ ਇਸਤਰੀ ਪਤੀ ਵਾਲੀ ਹੋਵੇ ਜਾਂ ਬਿਨਾਂ ਪਤੀ ਹੋਵੇ ਤੇ ਸ਼ੂਦਰ ਉਸ ਨਾਲ ਭੋਗ ਕਰੇ ਤਾਂ ਉਸਦਾ ਲਿੰਗ ਇੰਦਰਾ ਕੱਟਕੇ ਉਸ ਨੂੰ ਜਾਨੋ ਮਾਰ ਦੇਣ ਯੋਗ ਹੈ ਤੇ ਉਸ ਦਾ ਧਨ ਲੈ ਲੈਣਾ ਉਚਿਤ ਹੈ।

375. ਪਤੀ ਵਾਲੀ ਬ੍ਰਾਹਮਣੀ ਦੇ ਨਾਲ ਭੋਗ ਕਰਨ ਤੋਂ ਵੈਸ਼ ਨੂੰ 1 ਸਾਲ ਜੇਲ ਤੇ ਖੱਤ੍ਰੀ ਨੂੰ 1000 ਪਨ ਡੰਡ ਤੇ ਖੋਤੇ ਦੇ ਪੇਸ਼ਾਬ ਨਾਲ ਮੂੰਹ ਮੁੰਨਣਾ।

376. ਤੇ ਬਿਨਾਂ ਪਤੀ ਦੇ ਬ੍ਰਾਹਮਣੀ ਨਾਲ ਭੋਗ ਕਰਨ ਵਾਲੇ ਖੱਤਰੀ ਵੈਸ਼ ਨੂੰ 500 ਪਨ ਜਾਂ 1000 ਪਨ ਡੰਡ ਦੇਵੇ।

377. ਇਸ ਤਰ੍ਹਾਂ ਪਤੀ ਵਾਲੀ ਨਾਲ ਭੋਗ ਕਰਨ ਵਾਲੇ ਖੱਤਰੀ ਵੈਸ਼ ਸ਼ੂਦਰ ਦੀ ਨਿਆਈਂ ਹਨ ਜਾਂ ਅੰਗ ਕੱਟ ਦੇਣੇ ਚਾਹੀਦੇ ਜਾਂ ਲਾਲ ਕੁਸ਼ਾ ਦੇ ਨਾਲ ਢੱਕ ਕੇ ਸਾੜ ਦੇਣਾ ਚਾਹੀਦੇ।

378. ਪਤੀ ਵਾਲੀ ਬ੍ਰਾਹਮਣੀ ਦੇ ਨਾਲ ਜੇ ਬ੍ਰਾਹਮਣ ਭੋਗ ਕਰੇ ਤਾਂ 1000 ਪਨ ਡੰਡ ਦੇਵੇ ਜੇ ਉਸਦੀ ਮਰਜ਼ੀ ਨਾਲ ਕਰੇ ਤਾਂ 500 ਪਨ ਡੰਡ ਦੇਵੇ।

379. ਜਿਥੇ ਉਸਨੂੰ ਜਾਨੋ ਮਾਰਨਾ ਹੋਵੇ ਉਥੇ ਬ੍ਰਾਹਮਣ ਦਾ ਸਿਰ ਮੁੰਨ ਲੈਣਾ ਦੂਜੀ ਜਾਤੀ ਦਾ ਨਾ ਉਨ੍ਹਾਂ ਨੂੰ ਕੇਵਲ ਜਾਨੋ ਮਾਰ ਦੇਣਾ ਹੀ ਸਜ਼ਾ ਹੈ।

380. ਜੇ ਬ੍ਰਾਹਮਣ ਵਿਦਵਾਨ ਬਹੁਤ ਸਾਰਾ ਉਪੱਦ੍ਰੀ ਹੈ ਤਾਂ ਉਸ ਨੂੰ ਜਾਨੋ ਨਾ ਮਾਰੇ ਬਲਕਿ ਸਰੀਰਕ ਡੰਡ ਵੀ ਨਾ ਦੇਵੇ ਕੇਵਲ ਦੇਸੋਂ ਬਾਹਰ ਕਰੇ।

381. ਕਿਉਂਕਿ ਬ੍ਰਾਹਮਣ ਦੇ ਮਾਰਨ ਵਰਗਾ ਸੰਸਾਰ ਵਿਚ ਹੋਰ ਕੋਈ ਪਾਪ ਨਹੀਂ ਇਸ ਲਈ ਰਾਜਾ ਇਸ ਦੇ ਮਾਰਨ ਦਾ ਕਦੀ ਖਿਆਲ ਨਾ ਕਰੇ।

382. ਪਤੀ ਵਾਲੀ ਵੈਸ਼ ਦੀ ਇਸਤਰੀ ਨਾਲ ਖੱਤਰੀ ਤੇ ਖੱਤਰੀ ਦੀ ਨਾਲ ਵੈਸ਼ ਭੋਗ ਕਰਨ ਤਾਂ ਬਿਨਾਂ ਪਤੀ ਬ੍ਰਾਹਮਣੀ ਨਾਲ ਭੋਗ ਵਾਲੀ ਸਜਾ ਦਿੱਤੀ ਜਾਏ।

383. ਜੇ ਅਜਿਹੀ ਖੱਤਰੀ ਵੈਸ਼ ਦੀ ਇਸਤਰੀ ਨਾਲ ਬ੍ਰਾਹਮਣ ਭੋਗ ਕਰੇ ਤਾਂ 1000 ਪਨ ਡੰਡ ਦੇਵੇ ਇਸ ਤਰ੍ਹਾਂ ਜੋ ਸ਼ੂਦਰ ਦੀ ਇਸਤਰੀ ਨਾਲ ਖੱਤਰੀ ਵੈਸ਼ ਦੀ ਸਜਾ ਹੈ।

384. ਬਿਨਾਂ ਪਤੀ ਦੀ ਇਸਤਰੀ ਨਾਲ ਜੋ ਵੈਸ਼ ਭੋਗ ਕਰੇ ਤਾਂ 500 ਪਨ ਡੰਡ ਦੇਵੇ ਜੇ ਖੱਤਰੀ ਕਰੇ ਤਾਂ ਉਸਦਾ, ਸਿਰ ਖੋਤੇ ਦੇ ਪੇਸ਼ਾਬ ਨਾਲ ਮੁੰਨ ਦੇਣਾ ਹੀ ਸਜਾ ਹੈ।

385. ਬਿਨਾਂ ਪਤੀ ਖਤ੍ਰੀ ਵੈਸ਼ ਸ਼ੂਦਰ ਦੀ ਇਸਤਰੀ ਨਾਲ ਜੇ ਬ੍ਰਾਹਮਣ ਭੋਗ ਕਰੇ ਤਾਂ 500 ਪਨ ਡੰਡ ਦੇਵੇ ਜੋ ਚੰਡਾਲ ਦੀ ਨਾਲ ਕਰੇ ਤਾਂ ਇਕ ਹਜ਼ਾਰ ਪਨ ਡੰਡ ਦੇਵੇ।

386. ਜਿਸ ਰਾਜਾ ਦੇ ਰਾਜ ਵਿਚ ਚੋਰ ਜਨਾਹੀ ਕਟਬਚਨੀ, ਧਕੇ ਖੋਰ ਲੜਾਕਾ ਆਦਿ ਪੁਰਸ਼ ਨਹੀਂ ਉਹ ਰਾਜਾ ਇੰਦ੍ਰ ਲੋਕ ਨੂੰ ਪਾਉਂਦਾ ਹੈ।

387. ਅਜਿਹੇ ਪੁਰਸ਼ ਨੂੰ ਡੰਡ ਦੇਣ ਵਾਲਾ ਰਾਜਾ ਲੋਕ ਪ੍ਰਲੋਕ ਵਿਖੇ ਅਨੰਦ ਪਾਉਂਦਾ ਹੈ।

388. ਆਪਣੇ ਕਰਮ ਵਿਚ ਲਾਇਕ ਤੇ ਸ੍ਰਿਸ਼ਟਰਿਤੁਰਾ ਜਜਮਾਨ ਇਹਨਾਂ ਦੋਹਾਂ ਨੂੰ ਜੋ ਤਿਆਗੇ ਉਹ 100 ਪਨ ਡੰਡ ਦੇਵੇ।

389. ਮਾਤਾ ਪਿਤਾ ਇਸਤਰੀ ਪੁਤਰ ਆਦਿ ਜੋ ਆਪਣੇ ਵਰਨ ਤੋਂ ਭ੍ਰਿਸ਼ਟ ਹੋ ਗਏ ਹੋਣ ਇਹਨਾਂ ਨੂੰ ਤਿਆਗਣ ਵਾਲਾ 600 ਪਨ ਡੰਡ ਦੇਵੇ।

390. ਗ੍ਰਹਿਸਤ ਆਦਿ ਆਸ਼ਰਮ ਵਿਚ ਤਿੰਨਾਂ ਵਰਨਾਂ ਦੇ ਆਪਸ ਵਿਚ ਸੰਬੰਧਤ ਝਗੜੇ ਸ਼ਾਸਤ੍ਰ ਅਨੁਸਾਰ ਹੁੰਦੇ ਹਨ ਤਾਂ ਆਪਣਾ ਭਲਾ ਚਾਹੁਣ ਵਾਲਾ ਰਾਜਾ ਸਾਹਸ ਕਰਕੇ ਅਜਿਹਾ ਨਾ ਬੋਲੇ ਕਿ ਇਹ ਝਗੜਾ ਸ਼ਾਸਤ੍ਰ ਦਾ ਹੈ।

391. ਜੋਗ ਰੀਤੀ ਨਾਲ ਸ਼ਾਸਤ੍ਰ ਅਰਥ ਕਰਨ ਵਾਲੇ ਦੀ ਪੂਜਾ ਕਰਕੇ ਬ੍ਰਾਹਮਣਾਂ ਸਮੇਤ ਇਹਨਾਂ ਨੂੰ ਸ਼ਾਂਤ ਕਰਕੇ ਰਾਜਾ ਆਪਣੇ ਧਰਮ ਨੂੰ ਬਿਆਨ ਕਰੇ।

392. ਜੇ ਬ੍ਰਾਹਮਣ ਨੂੰ ਭਲੇ ਕੰਮ ਲਈ ਭੋਜਨ ਕਰਾਉਣਾ ਹੋਵੇ ਤਾਂ ਵੈਸ਼ ਆਪਣੇ ਘਰ ਦੇ ਸਾਹਮਣੇ ਜਾਂ ਇਕ ਘਰ ਛੱਡਕੇ ਦੂਜੇ ਘਰ ਵਿਚ ਰਹਿਣ ਵਾਲੇ ਬ੍ਰਾਹਮਣ ਨੂੰ ਭੋਜਨ ਨਾ ਦੇਵੇ ਤਾਂ ਇਕ ਮਾਸਾ ਸੋਨਾ ਡੰਡ ਦੇਵੇ।

393. ਵਿਆਹ ਆਦਿ ਖੁਸ਼ੀ ਦੇ ਕੰਮਾਂ ਵਿਚ ਵੇਦ ਪਾਠੀ ਆਪਣੇ ਘਰ ਦੇ ਸਾਹਮਣੇ ਜਾਂ ਇਕ ਘਰ ਛੱਡਕੇ ਦੂਜੇ ਘਰ ਦੇ ਰਹਿਣ ਵਾਲੇ ਵੇਦ ਪਾਠੀ ਬ੍ਰਾਹਮਣ ਨੂੰ ਭੋਜਨ ਨਾ ਕਰਾਵੇ ਤਾਂ 1 ਮਾਸਾ ਸੋਨਾ ਅਤੇ ਭੋਜਨ ਦਾ ਦੂਣਾ ਡੰਡ ਦੇਵੇ।

394. ਰਾਜਾ ਹੇਠਾਂ ਲਿਖੇ ਪੁਰਸ਼ਾਂ ਕੋਲੋਂ ਮਸੂਲ ਨਾ ਲਵੇ ਭਾਵੇਂ ਖਜ਼ਾਨਾ ਖਾਲੀ ਭੀ ਹੋਵੇ। ਅੰਨ੍ਹਾ ਲੰਗਾ, ਬੁੱਢਾ, ਵੇਦ ਪਾਠੀਆਂ ਦੀ ਸੇਵਾ ਕਰਨ ਵਾਲੇ ਤੋਂ।

395. ਵੇਦ ਪਾਠੀ ਰੋਗੀ ਬਾਲ ਬੁੱਢਾ ਤੇ ਗਰੀਬ, ਕੁਲਵੰਤ ਸਖੀ ਪੁਰਸ਼ਾਂ ਦੀ ਪੂਜਾ ਰਾਜਾ ਸਦੀਵ ਕਰੇ।

396. ਧੋਬੀ ਸਿਮਲ ਦੇ ਚਿਕਨੇ ਪੱਥਰ ਤੇ ਕੱਪੜੇ ਧੋਵੇ, ਵਟਾਕੇ ਕਿਸੇ ਨੂੰ ਨਾ ਦੇਵੇ।

397. ਕੱਪੜਾ ਉਨਣ ਤੇ ਬਨਾਉਣ ਵਾਲਾ ਦਸ ਗੰਡੇ ਪੈਸੇ ਨਾਲ ਤੋਲ ਕੇ ਸੂਤ੍ਰ ਲਵੇ ਤਾਂ 11 ਗੰਡੇ ਤੋਲ ਕੇ ਕਪੜਾ ਦੇਵੇ ਜੇ ਘੱਟ ਦੇਵੇ ਤਾਂ 12 ਪਨ ਡੰਡ ਰਾਜੇ ਨੂੰ ਦੇ ਕੇ ਸਾਈਂ ਨੂੰ ਵੀ ਰਾਜੀ ਕਰੇ।

398. ਬਾਦਸ਼ਾਹੀ ਦੇ ਮਸੂਲ ਗਿਆਤਾ ਤੇ ਹਰ ਸ਼ੈ ਦੇ ਵੇਚਣ ਵਿਚ ਹੁਸ਼ਿਆਰ ਪੁਰਸ਼ ਚੀਜ਼ ਦੀ ਕੀਮਤ ਦੇ ਨਫੇ ਦਾ ਵੀਹਵਾਂ ਹਿੱਸਾ ਰਾਜੇ ਨੂੰ ਦੇਵੇ।

399. ਜੋ ਚੀਜ਼ ਰਾਜਾ ਆਪਣੇ ਲਈ ਪਸੰਦ ਕਰੇ ਤੇ ਵੇਚਣ ਲਈ ਮਨ੍ਹਾ ਕਰੇ ਉਹ ਚੀਜ਼ਾਂ

ਲਾਲਚ ਵਿਚ ਆ ਕੇ ਜੇ ਵੇਚ ਦੇਵੇ ਤਾਂ ਉਸਦਾ ਸਾਰਾ ਮਾਲ ਰਾਜਾ ਲਵੇ।

400. ਮਾਸ ਲੈਣ ਵਾਲੇ ਅਸਥਾਨ ਨੂੰ ਤਿਆਗਣ ਵਾਲਾ ਮੂਰਖ ਵਪਾਰੀ ਘੱਟ ਤੋਲੇ ਸਰਕਾਰੀ ਮਸੂਲ ਦਾ ਅੱਠ ਗੁਣਾਂ ਜੁਰਮਾਨਾ ਦੇਵੇ।

401. ਵਪਾਰੀ ਚੀਜ ਦੇ ਖਰਚ ਆਮਦਨ ਵਾਧੇ ਘਾਟੇ ਨੂੰ ਵਿਚਾਰ ਕੇ ਵਪਾਰ ਕਰੇ ਕਿ ਘਾਟਾ ਨਾ ਪਵੇ।

402. ਚੀਜਾਂ ਦਾ ਭਾਅ ਰਾਜਾ ਆਪ ਅੱਠੀਂ ਦਿਨੀ ਨਿੱਯਤ ਕਰੇ।

403. ਛੋਟੇ ਵੱਡੇ ਵੱਟਿਆਂ ਦੇ ਵਾਧੇ ਘਾਟੇ ਦੀ ਪ੍ਰੀਖਿਆ ਹਰ ਛੇਵੇਂ ਮਹੀਨੇ ਰਾਜਾ ਕਰੇ ਅਤੇ ਆਪਣੀ ਮੋਹਰ ਦਾ ਨਿਸ਼ਾਨ ਉਪਰ ਕਰੇ।

404. ਬੇੜੀ ਜਾਂ ਪੁਲ ਦਾ ਮਸੂਲ ਇਸ ਰੀਤੀ ਨਾਲ ਲਿਆ ਜਾਏ ਸੁਆਰੀ ਲਈ 1 ਪਨ ਅਤੇ ਪੁਰਸ਼ ਭਾਗ ਸਮੇਤ ਕੋਲੋਂ ਅੱਧਾ ਪਨ ਇਸਤਰੀ ਤੇ ਚੁਪਾਏ ਪਾਸੋਂ ਚੌਥਾ ਭਾਗ ਪਨ ਦਾ ਤੇ ਭਾਰ ਚੁਕਣ ਵਾਲੇ ਮਜ਼ੂਰ ਕੋਲੋਂ ਪਨ ਦਾ ਅਠਵਾਂ ਭਾਗ।

405. ਅਸਬਾਬ ਨਾਲ ਲੱਦੀਆਂ ਗੱਡੀਆਂ ਦਾ ਮਸੂਲ ਅਸਬਾਬ ਦੇ ਅਰਥਾਤ ਜੇ ਬਹੁਤੇ ਮੁੱਲ ਵਾਲਾ ਤੇ ਭਾਰਾ ਹੋਵੇ ਉਸਦਾ ਮਸੂਲ ਜ਼ਿਆਦਾ, ਜੇ ਘੱਟ ਮੁੱਲਾ ਤੇ ਘੱਟ ਭਾਰਾ ਹੋਵੇ ਤਾਂ ਉਸ ਕੋਲੋਂ ਘੱਟ ਤੇ ਖਾਲੀ ਗੱਡੀ ਜਾਂ ਉਸ ਮਨੁੱਖ ਜਿਸ ਕੋਲ ਅਸਬਾਬ ਕੁਝ ਨਾ ਹੋਵੇ ਘੱਟ ਮਸੂਲ ਲੈਣਾ ਜੋਗ ਹੈ।

406. ਮਸੂਲ ਰੁੱਤ ਤੇ ਚਾਲ ਦੇ ਖਿਆਲ ਤੇ ਲਿਆ ਜਾਏ, ਅਤੇ ਜਹਾਜ ਦਾ ਮਸੂਲ ਜੋ ਸਮੰਦ੍ਰਾਂ ਵਿਚ ਚਲਦੇ ਹੋਣ ਉਨ੍ਹਾਂ ਦਾ ਇਕੋ ਵਾਰੀ ਨਿਯਤ ਕਰ ਦੇਣਾ ਚਾਹੀਦਾ ਹੈ, ਕਿਉਂਕਿ ਉਹਦੇ ਰੁੱਤ ਤੇ ਚਾਲ ਦਾ ਕੋਈ ਖਿਆਲ ਨਹੀਂ।

407. ਗਰਭਵਤੀ ਇਸਤਰੀ ਸੰਨਿਆਸੀ ਬਾਨਪ੍ਰਸਤੀ ਬ੍ਰਹਮਚਾਰੀ ਬ੍ਰਾਹਮਣ ਏਨ੍ਹਾਂ ਕੋਲੋਂ ਦਰਿਆ ਪਾਰ ਕਰਾਈ ਦਾ ਮਸੂਲ ਨਾ ਲਵੇ।

408. ਜੇ ਮਲਾਹ ਅਨਗਹਿਲੀ ਨਾਲ ਕੋਈ ਚੀਜ਼ ਗਵਾ ਦੇਣ ਤਾਂ ਉਸਦਾ ਮੁੱਲ ਮਲਾਹਾਂ ਨੂੰ ਮਿਲਕੇ ਦੇਣਾ ਚਾਹੀਏ।

409. ਜੇ ਕੁਦਰਤੀ ਕਿਸੇ ਕਾਰਨ ਤੋਂ ਨੁਕਸਾਨ ਹੋਵੇ ਤਾਂ ਮਲਾਹ ਦੋਸ਼ੀ ਨਹੀਂ।

410. ਬ੍ਰਾਹਮਣ, ਖੱਤਰੀ ਵੈਸ਼ ਇਨ੍ਹਾਂ ਤੇ ਜੋਗ ਕੰਮ ਕਰਾਵੇ ਅਤੇ ਸ਼ੂਦਰ ਇਨ੍ਹਾਂ ਦੀ ਸੇਵਾ ਕਰਨ।

411. ਜੇ ਕੋਈ ਖਤਰੀ ਜਾਂ ਵੈਸ਼ ਬੇਕਾਰੀ ਤੋਂ ਪ੍ਰੇਸ਼ਾਨ ਹੋਵੇ ਤਾਂ ਬ੍ਰਾਹਮਣ ਤਰਸ ਕਰਕੇ ਉਸਦੀ ਪਾਲਣਾ ਕਰੇ ਇਹ ਉਸਦਾ ਧਰਮ ਹੈ।

412. ਤਿੰਨੇ ਵਰਨ ਸ਼ਾਸਤ੍ਰ ਅਨੁਸਾਰ ਸੰਸਾਰਕ ਤੋਂ ਪਿਛੋਂ ਕੰਮ ਕਰਨਾ ਨਹੀਂ ਚਾਹੁੰਦੇ ਤੇ ਉਨ੍ਹਾਂ

ਵਿਚੋਂ ਕੋਈ ਬ੍ਰਾਹਮਣ ਲਾਲਚ ਕਰਕੇ ਰੁਹਬ ਨਾਲ ਕੰਮ ਕਰਾਵੇ ਤਾਂ ਰਾਜਾ ਉਸ ਬ੍ਰਾਹਮਣ ਕੋਲੋਂ 600 ਪਨ ਜੁਰਮਾਨਾ ਭਰੇ।

413. ਸ਼ੂਦਰ ਬ੍ਰਾਹਮਣਾਂ ਦੀ ਸੇਵਾ ਲਈ ਪੈਦਾ ਕੀਤੇ ਗਏ ਹਨ ਇਸ ਲਈ ਸ਼ੂਦਰ ਭਾਵੇਂ ਨੌਕਰ ਹੋਵੇ ਜਾਂ ਮੁੱਲ ਦਾ ਉਸ ਕੋਲੋਂ ਕੰਮ ਜ਼ਰੂਰ ਲੈਣਾ ਚਾਹੀਦੇ।

414. ਜੋ ਮਾਲਕ ਟਹਿਲੂਏ ਨੂੰ ਜੋਗ ਕੰਮ ਤੋਂ ਨਹੀਂ ਛੱਡਦਾ ਤਾਂ ਉਹ ਟਹਿਲੂਆ ਨਹੀਂ ਛੁਟ ਸਕਦਾ ਕਿਉਂਕਿ ਟਹਿਲੂਆ ਸ਼ੂਦਰ ਸੁਭਾਉ ਤੋਂ ਪੈਦਾ ਹੋਇਆ ਹੈ ਇਸ ਕੰਮ ਨੂੰ ਕੌਣ ਛੁਡਾ ਸਕਦਾ ਹੈ।

415. ਦਾਸੀ ਪੁੱਤਰ, ਯੁੱਧ ਵਿਚ ਲਿਆਂਦਾ ਹੋਇਆ, ਰੋਟੀ ਲਈ ਦਾਸ, ਡੰਡ ਦੇ ਬਦਲੇ ਦਾ ਮੁੱਲ ਲਿਆ ਹੋਇਆ ਆਦਿ ਇਹ ਸਭ ਟਹਿਲੂਏ ਹਨ।

416. ਪੁੱਤਰ, ਦਾਸ ਜੋ ਧਨ ਇਕੱਠਾ ਕਰਨ ਉਸਦਾ ਮਾਲਕ ਉਹ ਨਹੀਂ ਜਦੋਂ ਤੱਕ ਮਾਲਕ ਜੀਉਂਦਾ ਹੈ।

417. ਬ੍ਰਾਹਮਣ ਦਾਸ ਦੀ ਇਕੱਤ੍ਰ ਕੀਤੀ ਮਾਇਆ ਨੂੰ ਜ਼ਰੂਰ ਲੈ ਸਕਦਾ ਹੈ ਕਿਉਂਕਿ ਉਹ ਉਸ ਧਨ ਦਾ ਮਾਲਕ ਨਹੀਂ ਉਸਦੇ ਇਕੱਠੇ ਕੀਤੇ ਹੋਏ ਧਨ ਦਾ ਸਾਈਂ ਉਸਦਾ ਮਾਲਕ ਹੈ।

418. ਵੈਸ਼ ਤੇ ਸ਼ੂਦਰ ਆਪਣੇ ਜੋਗ ਕਰਮ ਨੂੰ ਕਰਦੇ ਰਹਿਣ ਜੇ ਇਹ ਵਿਹਲੇ ਰਹਿਣਗੇ ਤਾਂ ਨਸ਼ਿੱਧ ਕਰਮਾਂ ਨੂੰ ਕਰਨਗੇ।

419. ਰਾਜਾ ਆਪਣੇ ਕੰਮ ਦੇ ਮੁੱਕ ਜਾਣ ਦਾ ਤੇ ਸਵਾਰੀ, ਮਾਇਆ ਦੀ ਬਚਤ ਤੇ ਖਰਚ ਖਜਾਨਾ ਜਵਾਹਰਾਤ ਆਦਿਕਾਂ ਨੂੰ ਵੇਖਦਾ ਰਹੇ।

420. ਇਸ ਰੀਤੀ ਨਾਲ ਰਾਜਾ ਸਾਰੇ ਕਰਮਾਂ ਨੂੰ ਕਰਦਾ ਹੋਇਆ ਪਾਪ ਨੂੰ ਛੱਡਕੇ ਪਰਮ ਗਤੀ ਨੂੰ ਪਾਉਂਦਾ ਹੈ।

ਮਨੂੰ ਜੀ ਦੇ ਧਰਮ ਸ਼ਾਸਤ੍ਰ ਅਤੇ ਭ੍ਰਿਗੂ ਸੰਘਤਾ ਦਾ
ਅੱਠਵਾਂ ਅਧਿਆਇ ਸਮਾਪਤ ਹੋਇਆ।

☆☆☆

# ਨੌਵਾਂ ਅਧਿਆਇ

1. ਧਰਮ ਅਨੁਸਾਰ ਚਲਣ ਵਾਲੇ ਇਸਤਰੀ ਪੁਰਸ਼ ਦੇ ਸੰਜੋਗ ਵਿਜੋਗ ਦਾ ਸਨਾਤਨ ਧਰਮ ਕਥਨ ਕਰਦੇ ਹਾਂ: —
2. ਪਤੀ ਆਪਣੀ ਇਸਤਰੀ ਨੂੰ ਸਦੀਵ ਦਬਕੇ ਵਿਚ ਰਖੇ ਜੋ ਇਸਤਰੀ ਵਿਸ਼ੈਣੀ ਹੋਵੇ ਉਸਨੂੰ ਕਦੀ ਖੁੱਲ੍ਹਾ ਨਾ ਰਖੇ ਸਗੋਂ ਆਪਣੇ ਨਾਲ ਹੀ ਰੱਖੇ।
3. ਇਸਤਰੀ ਸੁਤੰਤਰ ਰੱਖਣ ਦੀ ਅਧਿਕਾਰੀ ਨਹੀਂ ਬਾਲਪੁਣੇ ਵਿਚ ਪਿਤਾ ਅਤੇ ਜੁਆਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤਰ ਦੀ ਰਾਖੀ ਹੋਣੀ ਜੋਗ ਹੈ।
4. ਕੰਨਿਆ ਦਾਨ ਦੇ ਵੇਲੇ ਪਿਤਾ ਨਾ ਦੇਵੇ ਤਾਂ ਪਾਪੀ ਹੈ ਮਾਸਕ ਧਰਮ ਤੋਂ ਪਿਛੋਂ ਪਤੀ ਭੋਗ ਨਾ ਕਰੇ ਤਾਂ ਉਹ ਜੇ ਪਿਓ ਮੋਏ ਪਿਛੋਂ ਪੁੱਤਰ ਸੇਵਾ ਨਾ ਕਰੇ ਤਾਂ ਉਹ ਪਾਪੀ ਹਨ।
5. ਇਸਤਰੀ ਸੁਤੰਤਰ ਹੋ ਜਾਣ ਤੋਂ ਦੋਹਾਂ ਕੁਲਾਂ ਅਰਥਾਤ ਨਾਨਕੀ ਦਾਦਕੀ ਦਾ ਨਾਸ ਕਰਦੀਆਂ ਹਨ।
6. ਸਾਰੇ ਵਰਨਾਂ ਦੇ ਉੱਤਮ ਧਰਮ ਨੂੰ ਵੇਖਦਿਆਂ ਹੋਇਆਂ ਲਿੱਸਾ ਪਤੀ ਵੀ ਇਸਤਰੀ ਦੀ ਰਾਖੀ ਦੇ ਯਤਨ ਤੋਂ ਜੁਗਤੀਆਂ ਕਰਦਾ ਰਹੇ।
7. ਇਸਤਰੀ ਦੀ ਰਾਖੀ ਨਿਯਮ ਅਨੁਸਾਰ ਕਰਨੀ ਕੁੱਲ ਸੰਤਾਨ ਤੇ ਧਰਮ ਦੀ ਰਾਖੀ ਹੈ।
8. ਪਤੀ ਦਾ ਬੀਰਜ ਇਸਤਰੀ ਦੇ ਗਰਭ ਤੋਂ ਉਲਾਦ ਦੀ ਸ਼ਕਲ ਵਿਚ ਜੰਮਦਾ ਹੈ ਇਸਤਰੀ ਦਾ ਧਰਮ ਏਹੀ ਹੈ ਕਿ ਉਸ ਵਿਚ ਘੜੀ ਮੁੜੀ ਸੰਤਾਨ ਹੁੰਦੀ ਰਹੇ।
9. ਇਸਤਰੀ ਜਿਸ ਪ੍ਰਕਾਰ ਦੇ ਮਨੁੱਖ ਨਾਲ ਸੰਬੰਧ ਰਖਦੀ ਹੈ ਉਸੇ ਤਰ੍ਹਾਂ ਦੀ ਉਲਾਦ ਉਹਦੇ ਵਿਚੋਂ ਜੰਮਦੀ ਹੈ ਇਸ ਲਈ ਉੱਤਮ ਸੰਤਾਨ ਪੈਦਾ ਕਰਨ ਲਈ ਇਸਤਰੀ ਦੀ ਰਾਖੀ ਕਰਨੀ ਜ਼ਰੂਰੀ ਹੈ।
10. ਇਸਤਰੀ ਹੇਠ ਲਿਖੇ ਢੰਗਾਂ ਨਾਲ ਕਾਬੂ ਕਰੇ ਕੈਦ ਨਾਲ ਕਾਬੂ ਨਹੀਂ ਹੋ ਸਕਦੀ।
11. ਘਰ ਦੇ ਸਾਰੇ ਜੋਗ ਪ੍ਰਬੰਧ ਲਈ ਧਨ ਆਦਿ ਦੇਣਾ।
12. ਛੇ ਗੱਲਾਂ ਇਸਤਰੀ ਨੂੰ ਬੁਰਾ ਬਣਾਉਂਦੀਆਂ ਹਨ : —

    1. ਸ਼ਰਾਬ ਪੀਣਾ, 2. ਕੁਸੰਗਤ, 3. ਪਤੀ ਦਾ ਵਿਜੋਗ, 4. ਸੁਤੰਤ੍ਰ ਫਿਰਨਾ,

5. ਕੁਵੇਲੇ ਸੌਣਾ, 6. ਦੂਜੇ ਦੇ ਘਰ ਰਹਿਣਾ।

13. ਇਸਤਰੀ ਬਲ ਵਾਲੇ ਨਾਲ ਭੋਗ ਕਰਦੀ ਹੈ ਭਾਵੇਂ ਕੁਸੋਹਣਾ ਹੋਵੇ ਸ਼ਕਲ ਤੇ ਮਸਤ ਨਹੀਂ।

14. ਵਿਭਚਾਰ ਤੇ ਚੈਂਚਲ ਸੁਭਾਵ ਇਸਤਰੀ ਭਾਵੇਂ ਉਸਦੀ ਰਾਖੀ ਬਹੁਤ ਅੱਛੀ ਤਰ੍ਹਾਂ ਵੀ ਕੀਤੀ ਜਾਏ ਆਪਣੇ ਪਤੀ ਨੂੰ ਰਿੰਜ ਕਰਨ ਤੋਂ ਨਹੀਂ ਟਲਦੀ।

15. ਧਰਮ ਸ਼ਾਸਤ੍ਰ ਦੇ ਰਚਿਤਾ ਪਰਜਾ ਪਤੀ ਨੇ ਇਨ੍ਹਾਂ ਦੇ ਇਸ ਪ੍ਰਕਾਰ ਦੇ ਸੁਭਾ ਨੂੰ ਜਾਣਕੇ ਇਹਨਾਂ ਦੀ ਰਾਖੀ ਮਰਦਾਂ ਲਈ ਜ਼ਰੂਰੀ ਨਿਯਤ ਕੀਤੀ ਹੈ।

16. ਉਤਪਤੀ ਕਾਲ ਵਿਚ ਪਲੰਗ ਆਸਣ ਗਹਿਣੇ, ਗੁੱਸਾ, ਕਾਮ ਬਖੀਲੀ ਆਦਿ ਬੁਰੇ ਆਚਾਰ ਇਸਤਰੀ ਨੂੰ ਦਿੱਤੇ ਗਏ ਸਨ।

17. ਇਸਤਰੀ ਦਾ ਸੰਸਕਾਰ ਬਿਨਾਂ ਮੰਤ੍ਰਾਂ ਦੇ ਹੋਣਾ ਜੋਗ ਹੈ ਕਿਉਂਕਿ ਇਸਤਰੀਆਂ ਲਈ ਇੰਦਰੀ ਅਤੇ ਮੰਤ੍ਰ ਸੰਸਕਾਰ ਨਹੀਂ ਅਤੇ ਝੂਠ ਬੋਲਣਾ ਇਹਨਾਂ ਦਾ ਵੱਡਾ ਗੁਣ ਹੈ।

18. ਇਸਤਰੀ ਦੇ ਦੁਰ ਗੁਣਾਂ ਦਾ ਹਾਲ ਵੇਦਾਂ ਅਤੇ ਉਪਨਿਸ਼ਦਾਂ ਵਿਚ ਬਹੁਤ ਥਾਈਂ ਲਿਖਿਆ ਹੋਇਆ ਹੈ ਇਹਨਾਂ ਦੇ ਸੁਭਾਵ ਦੀ ਢੂੰਡ ਏਥੋਂ ਕੀਤੀ ਗਈ ਹੈ।

19. ਪੁਰਸ਼ ਆਪਣੀ ਮਾਂ ਦਾ ਮੰਦ ਕਰਮ ਵੇਖ ਕੇ ਜ਼ਰੂਰ ਆਖ ਦੇਵੇ ਤਾਂ ਕਿ ਉਸ ਦਾ ਪਿਤਾ ਉਸ ਪਰ ਪੁਰਸ਼ ਨੂੰ ਜਾਨੋਂ ਮਾਰ ਦੇਵੇ।

20. ਜੋ ਇਸਤਰੀ ਆਪਣੇ ਪਤੀ ਦਾ ਬੁਰਾ ਖਿਆਲ ਕਰਦੀ ਹੈ ਦੇ ਅਜਿਹੇ ਵਿਭਚਾਰ ਦੀ ਨੀਯਤ ਦਾ ਸੁੱਧ ਕਰਨ ਵਾਲਾ ਮਨੂੰ ਆਦਿ ਰਿਸ਼ੀਆਂ ਦਾ ਆਖਿਆ ਹੋਇਆ ਪਹਿਲਾ ਮੰਤ੍ਰ ਹੈ।

21. ਅਜਿਹੇ ਪੁਰਸ਼ ਨਾਲ ਇਸਤਰੀ ਸੰਜੋਗ ਕਰਦੀ ਹੈ ਉਹੋ ਜਿਹੀ ਆਪ ਹੁੰਦੀ ਹੈ ਯਥਾ ਸਮੁੰਦਰ ਨਦੀ ਤੋਂ।

22. ਨੀਚ ਜਾਤੀ ਦੀ ਜੰਮੀ ਹੋਈ ਕਸਮਾਲਾ ਇਸਤਰੀ ਨੇ ਵਸ਼ਿਸ਼ਟ ਰਿਸ਼ੀ ਨਾਲ ਮੇਲ ਕੀਤਾ ਤਾਂ ਪੂਜਨ ਯੋਗ ਹੋਏ।

23. ਇਹਨਾਂ ਦੇ ਸਿਵਾ ਹੋਰ ਵੀ ਕਈ ਇਸਤਰੀਆਂ ਸ੍ਰੇਸ਼ਟ ਪਤੀ ਦੇ ਸੰਜੋਗ ਨਾਲ ਸ੍ਰੇਸ਼ਟ ਹੋਈਆਂ।

24. ਇਸਤਰੀ ਪੁਰਖ ਦੀ ਸਨਾਤਨ ਭਲੀ ਚਾਲ ਦੱਸੀ ਹੁਣ ਲੋਕ ਪ੍ਰਲੋਕ ਵਿਚ ਅਤੇ ਸਮੇਂ ਦੇ ਆਉਣ ਵਾਲੇ ਸੁਖ ਲਈ ਜੋ ਪਰਜਾ ਦਾ ਧਰਮ ਹੈ ਉਸਨੂੰ ਆਖਦੇ ਹਾਂ।

25. ਘਰ ਵਿਚ ਭਲੀ ਪ੍ਰਾਲਭਧ ਵਾਲੀ ਇਸਤਰੀ ਤੇ ਮਾਇਆ ਲੱਛਮੀ ਤੁਲ ਹਨ ਕੋਈ ਭੇਦ ਨਹੀਂ।

26. ਧੀ, ਪੁਤਰ ਦੇ ਜੰਮਣ ਤੋਂ ਪਿਛੋਂ ਇਹਨਾਂ ਦੀ ਰਾਖੀ ਤੇ ਪਿਛਲੀ ਰਸਮਾਂ ਦਾ ਸਬੱਬ ਇਸਤਰੀ ਹੀ ਹੈ।

27. ਸੰਤਾਨ, ਧਰਮ ਦਾ ਰਾਜ, ਉੱਤਮ ਸੇਵਾ ਆਪਣਾ ਤੇ ਆਪਣੇ ਵਡਿਆਂ ਦਾ ਸੁਰਗ ਇਹ ਸਾਰੇ ਇਸਤਰੀ ਦੇ ਵੱਸ ਵਿਚ ਹਨ।

28. ਜੋ ਇਸਤਰੀ ਮਨ ਬਾਣੀ ਸਰੀਰ ਕਰਕੇ ਨਿਸ ਪਾਪ ਰੋਗਾਂ ਆਪਣੇ ਪਤੀ ਨੂੰ ਛੱਡਕੇ ਪਰ ਪੁਰਸ਼ ਨਾਲ ਭੋਗ ਨਹੀਂ ਕਰ ਸਕਦੀ ਉਹ ਪ੍ਰਲੋਕ ਵਿਚ ਪਤੀ ਲੋਕ ਨੂੰ ਅਤੇ ਲੋਕ ਵਿਖੇ ਵਡਿਆਈ ਪਾਉਂਦੀ ਹੈ।

29. ਪਰ ਪੁਰਸ਼ ਨਾਲ ਭੋਗ ਕਰਨ ਤੋਂ ਲੋਕ ਵਿਚ ਸ਼ਰਮਿੰਦੀ ਤੇ ਗਿੱਦੜ ਦਾ ਜਨਮ ਪਾਉਂਦੀ ਹੈ ਅਤੇ ਪਾਪ ਰੋਗਾਂ ਤੋਂ ਦੁਖੀ ਤੇ ਕਲੇਸ਼ ਵਾਨ ਹੁੰਦੀ ਹੈ।

30. ਸਨਾਤਨ ਸ੍ਰੇਸ਼ਟ ਪੁਰਸ਼ਾਂ ਜੋ ਸਨਾਤਨ ਦੇ ਲਈ ਪਵਿੱਤ੍ਰ ਧਰਮ ਆਖਿਆ ਹੈ ਉਸਨੂੰ ਆਖਦੇ ਹਨ।

31. ਇਹ ਸਭ ਜਾਣਦੇ ਹਨ ਕਿ ਪੁੱਤਰ ਪਿਤਾ ਦਾ ਹੈ ਪਰ ਕੋਈ ਆਖਦਾ ਹੈ ਕਿ ਬੀਰਜ ਵਾਲੇ ਦਾ ਪੁੱਤਰ ਹੈ ਕੋਈ ਆਖਦਾ ਹੈ ਖਮੀਰ ਵਾਲੇ ਦਾ।

32. ਇਸਤਰੀ ਭਾਂਡਾ ਹੈ ਅਤੇ ਬੀਰਜ ਪੁਰਸ਼ ਹੈ ਦੁਹਾਂ ਦੇ ਸੰਜੋਗ ਤੋਂ ਜੀਵਾਂ ਦੀ ਉਤਪਤੀ ਹੈ।

33. ਕਿਧਰੇ ਭਾਂਡਾ ਵੱਡਾ ਹੈ ਤੇ ਕਿਧਰੇ ਬੀਰਜ ਪੁਰ ਦੁਹਾਂ ਦੀ ਸਮਤਾ ਸੁਭ ਸੰਤਾਨ ਪੈਦਾ ਕਰਦੀ ਹੈ।

34. ਸਾਰੇ ਜੀਵਾਂ ਦੀ ਉਤਪਤੀ ਵੀਰਜ ਦੇ ਨਿਸ਼ਾਨ ਤੋਂ ਜਾਣੀ ਜਾਂਦੀ ਹੈ।

35. ਜਿਹੋ ਜਿਹਾ ਬੀਜ ਖੇਤੀ ਵਿਚ ਪਾਇਆ ਜਾਂਦਾ ਹੈ ਉਹੋ ਜਿਹਾ ਸਿਫਤਾਂ ਵਾਲਾ ਪੈਦਾ ਹੁੰਦਾ ਹੈ।

36. ਪੰਜਾਂ ਤੱਤਾਂ ਤੋਂ ਉਤਪਤ ਹੋਣ ਵਾਲੇ ਜੀਵਾਂ ਦਾ ਉਤਪਤੀ ਦਾ ਸਬਬ ਭਾਂਡਾ ਹੈ ਹੋਰ ਕੋਈ ਸ਼ੈ ਬੀਜਨ ਤੇ ਉਗਣ ਤੋਂ ਸਿਵਾ ਬੀਰਜੀ ਦੀ ਪਕਿਆਈ ਨਹੀਂ ਬਖਸ਼ਦੀ ਇਸ ਲਈ ਬੀਰਜ ਹੀ ਸਭ ਤੋਂ ਉੱਤਮ ਹੈ।

37. ਬੀਰਜ ਕਈ ਭਾਂਤ ਦਾ ਹੋ ਸਕਦਾ ਹੈ ਪਰ ਖੇਤੀ ਇਕੋ ਸ਼ਕਲ ਦੀ ਹੁੰਦੀ ਹੈ ਇਥੋਂ ਪ੍ਰਤੀਤ ਹੋਇਆ ਕਿ ਬੀਰਜ ਹੀ ਉੱਤਮ ਹੈ।

38. ਜਿਸ ਤਰ੍ਹਾਂ ਸੱਠੀ, ਧਾਈ, ਮੂੰਗੀ, ਤਿਲ, ਮਾਂਹ ਆਦਿ ਵੱਖਰੀ-ਵੱਖਰੀ ਸ਼ਕਲ ਵਿਚ ਉਗਦੇ ਹਨ।

39. ਇਹ ਕਦੀ ਨਹੀਂ ਹੋਇਆ ਕਿ ਬੀਜੇ ਕੁਝ ਤੇ ਉਗੇ ਕੁਝ, ਉਹੀ ਉਗਦਾ ਹੈ ਜੋ ਬੀਜੀਏ।

40. ਸਹਾਰਨ ਵਾਲਾ, ਖਾੜ੍ਹਦਾਰ, ਸਿਆਣਾ, ਪਹੁੰਚਵਾਨ, ਵੇਦ ਸ਼ਾਸਤ੍ਰ ਦਾ ਗਿਆਤਾ ਲੰਮੀ ਆਯੂ ਦਾ ਚਾਹਵਾਨ ਪਰ ਇਸਤਰੀ ਵਿਚ ਬੀਜ ਨਾ ਪਾਵੇ।

41. ਇਸ ਗੱਲ ਦੇ ਪ੍ਰਮਾਣ ਲਈ ਰਿਸ਼ੀਆਂ ਦੇ ਛੰਦ ਹਨ।

42. ਜਿਸ ਤਰ੍ਹਾਂ ਇਕ ਪੁਰਸ਼ ਨੇ ਅਕਾਸ਼ ਵੱਲ ਪੰਛੀ ਨੂੰ ਤੀਰ ਮਾਰਿਆ ਤੇ ਮਗਰੋਂ ਦੂਜੇ ਨੇ ਵੀ ਮਾਰਿਆ ਤਾਂ ਦੂਜੇ ਦਾ ਤੀਰ ਏਵੇਂ ਹੀ ਗਿਆ ਕਿਉਂਕਿ ਸ਼ਿਕਾਰ ਤਾਂ ਪਹਿਲੇ ਨੂੰ ਮਿਲਦਾ ਹੈ ਇਸੇ ਤਰ੍ਹਾਂ ਦੂਜੇ ਦੀ ਇਸਤਰੀ ਵਿਚ ਬੀਰਜ ਬੇਅਰਥ ਜਾਂਦਾ ਹੈ।

43. ਜਿਸ ਤਰ੍ਹਾਂ ਇਸ ਪ੍ਰਿਥਵੀ ਦਾ ਸਾਈਂ ਪਹਿਲਾ ਰਾਜਾ ਪ੍ਰਥੂ ਹੈ ਫਿਰ ਭਾਵੇਂ ਕਈ ਰਾਜੇ ਹੋਏ ਹਨ ਪਰ ਪਹਿਲਾਂ ਤਾਂ ਮਾਲਕ ਪ੍ਰਥੂ ਹੀ ਹੈ ਇਸ ਤਰ੍ਹਾਂ ਪਹਿਲਾ ਤੀਰ ਮਾਰਨ ਵਾਲੇ ਨੂੰ ਸ਼ਿਕਾਰ ਮਿਲਦਾ ਹੈ ਇਹ ਸਨਾਤਨ ਸਿਆਣਿਆਂ ਦਾ ਬਚਨ ਹੈ।

44. ਸਰੀਰ ਇਸਤਰੀ ਤੇ ਸਨਾਤਨ ਰਲ ਕੇ ਪੁਰਸ਼ ਬਣਦੇ ਹਨ ਇਹ ਬਚਨ ਬ੍ਰਾਹਮਣਾਂ ਦਾ ਹੈ ਰਿਸ਼ੀਆਂ ਦਾ ਵਾਕ ਹੈ ਕਿ ਜੋ ਇਸਤਰੀ ਹੈ ਉਹ ਹੀ ਪੁਰਸ਼ ਹੈ।

45. ਮਨੂੰ ਜੀ ਨੇ ਆਖਿਆ ਕਿ ਇਸਤਰੀ ਧਰਮ ਤੋਂ ਵੱਖਰੀ ਨਹੀਂ ਹੁੰਦੀ ਹੈ, ਇਸ ਨੂੰ ਸਭ ਜਾਣਦੇ ਹਨ।

46. ਹਿੱਸਾ ਵੰਡਣਾ ਦਾਨ ਦੇਣਾ ਕੰਨਿਆਂ ਦਾਨ ਆਦਿ ਇਕੇ ਵਾਰ ਕੀਤਾ ਜਾਂਦਾ ਹੈ ਜੋ ਬਚਨ ਪਲਟੇ ਉਹ ਝੂਠਾ ਹੁੰਦਾ ਹੈ ਉਸਦਾ ਇਤਬਾਰ ਨਹੀਂ।

47. ਜਿਸ ਤਰ੍ਹਾਂ ਗਊ ਘੋੜਾ ਊਠ ਲੌਂਡੀ ਮੱਝ ਭੇਡ ਬੱਕਰੀ ਇਨ੍ਹਾਂ ਵਿਚੋਂ ਬੱਚਾ ਪੈਦਾ ਕਰਨ ਵਾਲਾ ਬੱਚੇ ਨੂੰ ਨਹੀਂ ਪਾਉਂਦਾ ਇਸੇ ਤਰ੍ਹਾਂ ਦੂਜੇ ਦੀ ਇਸਤਰੀ ਵਿਚ ਬੀਜ ਪਾਉਣ ਦਾ ਹਾਲ ਹੈ।

48. ਜਿਸ ਤਰ੍ਹਾਂ ਦੂਜੇ ਦੇ ਖੇਤ ਵਿਚ ਬੀ ਪਾਉਣ ਵਾਲਾ ਉਸ ਫਲ ਦਾ ਮਾਲਕ ਨਹੀਂ ਹੁੰਦਾ ਹੈ ਇਸ ਤਰ੍ਹਾਂ ਦੂਜੇ ਦੀ ਇਸਤਰੀ ਤੋਂ ਸੰਤਾਨ ਪੈਦਾ ਕਰਨ ਵਾਲਾ ਉਸਦਾ ਮਾਲਕ ਨਹੀਂ।

49. ਦੂਜੇ ਦੀ ਗਊ ਵਿਚੋਂ ਪੈਦਾ ਕੀਤੇ ਹੋਏ ਬੱਚੇ ਦਾ ਮਾਲਕ ਗਊ ਦਾ ਸਾਈਂ ਹੈ ਉਹ ਬਲਦ ਨਹੀਂ ਜਿਸਦੇ ਬੀਰਜ ਤੋਂ ਉਹ ਵੱਛਾ ਉਤਪਤ ਹੋਇਆ ਹੈ।

50. ਇਸ ਤਰ੍ਹਾਂ ਦੂਜੇ ਦੇ ਖੇਤ ਵਿਚ ਬੀਜ ਪਾਉਣ ਵਾਲਾ ਮਾਲਕ ਦਾ ਕੰਮ ਸਾਧਦਾ ਹੈ ਆਪ ਫਲ ਨਹੀਂ ਪਾਉਂਦਾ।

51. ਉਸ ਇਸਤਰੀ ਵਿਚੋਂ ਜੰਮਿਆ ਹੋਇਆ ਸਾਡਾ ਤੁਹਾਡਾ ਦੋਹਾਂ ਦਾ ਹੋਵੇ ਅਜਿਹੇ ਖਿਆਲ ਨੂੰ ਦਿਲ ਵਿਚ ਨਾ ਰਖਕੇ ਜੋ ਜਮਾਇਆ ਹੋਇਆ ਇਸਤਰੀ ਦਾ ਹੁੰਦਾ ਹੈ।

52. ਇਸ ਤੀਵੀਂ ਵਿਚੋਂ ਜੋ ਜੰਮੇ ਉਹ ਮੇਰਾ ਤੇਰਾ ਦੋਹਾਂ ਦਾ ਹੋਵੇਗਾ ਇਹ ਜਾਣਕੇ ਜੋ ਜਮਾਇਆ ਗਿਆ ਹੈ ਉਸ ਦੇ ਭਾਗੀ ਪੈਲੀ ਤੇ ਬੀ ਵਾਲਾ ਦੋਵੇਂ ਹੁੰਦੇ ਹਨ।

53. ਬੀਜ ਹਵਾ ਨਾਲ ਉਡਕੇ ਜਿਸਦੇ ਖੇਤ ਵਿਚ ਜਾ ਪਵੇ ਉਸਦਾ ਫਲ ਪੈਲੀ ਵਾਲਾ ਪਾਉਂਦਾ ਹੈ ਬੀ ਵਾਲਾ ਨਹੀਂ ਲੈਂਦਾ।

54. ਘੋੜਾ, ਊਠ, ਬੱਕਰੀ, ਭੇਡ, ਪੰਛੀ, ਮੱਝ, ਦਾਸੀ ਇਹਨਾਂ ਦੇ ਜਨਮ ਵਿਚ ਇਸ ਧਰਮ ਨੂੰ ਜਾਨਣਾ ਜੋਗ ਹੈ।

55. ਬੀਰਜ ਤੇ ਭਾਂਡੇ ਦੀ ਵਡਿਆਈ ਛੁਟਿਆਈ ਦੱਸੀ ਹੈ ਭ੍ਰਿਗੂ ਜੀ ਹੁਣ ਦੁੱਖ ਦੇ ਵੇਲੇ ਇਸਤਰੀਆਂ ਦੇ ਧਰਮ ਨੂੰ ਦਸਦੇ ਹਨ।

56. ਵੱਡੀ ਭਰਜਾਈ ਛੋਟੇ ਭਰਾ ਦੀ ਗੁਰਪਤਨੀ ਤੇ ਨਿਕੀ ਭਰਜਾਈ ਵੱਡੇ ਭਰਾ ਦੀ ਨੂੰਹ ਅਖਵਾਉਂਦੀ ਹੈ।

57. ਭਾਵੇਂ ਪਿਤਾ ਮਾਤਾ ਆਗਿਆ ਵੀ ਦੇਣ ਤੇ ਕਸ਼ਟ ਦਾ ਵੇਲਾ ਨਾ ਹੋਵੇ ਵੱਡੀ ਭਰਜਾਈ ਨਾਲ ਜੇਠ ਭੋਗ ਕਰਨ ਤੋਂ ਪਤਿਤ ਹੋ ਜਾਂਦਾ ਹੈ।

58. ਜੇ ਸੰਤਾਨ ਨਾ ਹੋਵੇ ਤਾਂ ਆਪਣੇ ਮਾਪਿਆਂ ਦੀ ਤੇ ਮਾਲਕ ਦੇ ਮਾਪਿਆਂ ਦੀ ਆਗਿਆ ਲੈ ਕੇ ਆਪਣੇ ਪਤੀ ਦੇ ਕਿਸੇ ਸਬੰਧੀ ਜਾਂ ਦੇਵਰ ਤੋਂ ਔਲਾਦ ਪੈਦਾ ਕਰੇ।

59. ਪਿਤਾ ਦੀ ਆਗਿਆ ਪਾ ਕੇ ਸਰੀਰ ਤੇ ਘਿਓ ਮਲਕੇ ਚੁਪ ਕੀਤਾ ਰੰਡੀ ਇਸਤਰੀ ਵਿਚੋਂ ਪੁੱਤਰ ਪੈਦਾ ਕਰੇ, ਦੂਜਾ ਬੱਚਾ ਨਾ ਜਮਾਵੇ।

60. ਬਹੁਤ ਸਾਰੇ ਅਚਾਰੀਆ ਰੰਡੀ ਇਸਤਰੀ ਵਿਚੋਂ ਦੂਜੀ ਔਲਾਦ ਜੋਗ ਤੇ ਧਰਮ ਦੇ ਅਨੁਸਾਰ ਜਾਣਦੇ ਹਨ ਕਿਉਂਕਿ ਇਕ ਪੁੱਤਰ ਦਾ ਹੋਣਾ ਬਿਨਾਂ ਸੰਤਾਨ ਵਾਲੇ ਦੇ ਤੁਲ ਹੈ ਪਰ ਦੂਜੀ ਸੰਤਾਨ ਆਦਿ ਦੇ ਪੈਦਾ ਕਰਨ ਲਈ ਕੁਲ ਦੇ ਵਡਿਆਂ ਲਈ ਆਗਿਆ ਦੀ ਲੋੜ ਹੈ।

61. ਜਦੋਂ ਗਰਭ ਹੋ ਚੁੱਕਾ ਹੋਵੇ ਤਦੋਂ ਵੱਡਾ ਭਰਾ ਗੁਰੂ ਤੁੱਲ ਤੇ ਛੋਟੀ ਭਰਜਾਈ ਨੂੰਹ ਤੁੱਲ ਸਮਝੋ ਪਰ ਇਸ ਗੱਲ ਨੂੰ ਉਸ ਵੇਲੇ ਜਾਨਣ ਜਦੋਂ ਭਰਜਾਈ ਲਈ ਪਿਤਾ ਦਾ ਹੁਕਮ ਹੋਇਆ ਹੋਵੇ।

62. ਆਪਣੇ ਵਡਿਆਂ ਦੀ ਆਗਿਆ ਨਾ ਨਿਯੋਗ ਕਰਨ ਤੋਂ ਜੇ ਕਾਮ ਦੀ ਇੱਛਾ ਲਈ ਨਿਯੋਗ ਕਰੇ ਤਾਂ ਉਹ ਵਿਭਚਾਰ ਹੈ ਕਿਉਂਕਿ ਨਿਯੋਗ ਕੇਵਲ ਸੰਤਾਨ ਲਈ ਹੈ ਵਿਸ਼ੇ ਭੋਗ ਲਈ ਨਹੀਂ ਅਜਿਹਾ ਕਰਨ ਵਾਲਾ ਗੁਰੂ ਪਤਨੀ ਨਾਲ ਵਿਭਚਾਰੀ ਹੈ।

63. ਬ੍ਰਾਹਮਣ ਖੱਤਰੀ ਵੈਸ਼, ਦੇਵ ਰਿਸ਼ਤੇਦਾਰ ਨੂੰ ਛੱਡ ਕੇ ਦੂਜੇ ਨਾਲ ਨਿਯੋਗ ਕਰਨ ਦੀ ਆਗਿਆ ਨਾ ਦਿਓ ਕਿਉਂਕਿ ਉਸ ਤੋਂ ਧਰਮ ਦਾ ਨਾਸ ਤੇ ਵਰਨ ਸ਼ੰਕਰ ਜੰਮਦੇ ਹਨ।

64. ਵਿਆਹ ਦੀ ਤਰ੍ਹਾਂ ਨਿਯੋਗ ਵੀ ਆਪਣੇ ਵਰਨ ਵਿਚ ਹੀ ਠੀਕ ਹੈ ਦੂਜੇ ਵਰਨ ਵਿਚ ਵਿਆਹ ਨਿਯੋਗ ਅਜੋਗ ਹੈ ਅਤੇ ਨਾ ਹੀ ਰੰਡ ਨਾਲ ਨਿਯੋਗ ਜੋਗ ਹੈ।

65. ਰਾਜਾ ਬੇਨ ਦੇ ਰਾਜ ਵਿਚ ਹਰ ਇਕ ਵਰਨ ਨਾਲ ਵਿਆਹ ਅਤੇ ਨਿਯੋਗ ਦੀ

ਆਗਿਆ ਦਿੱਤੀ ਗਈ ਹੈ ਪਰ ਬ੍ਰਾਹਮਣਾਂ ਲਈ ਇਸ ਪਸ਼ੂ ਵਤ ਕਰਮ ਨੂੰ ਬੁਰਾ ਸਮਝਿਆ ਹੈ।

66. ਪੁਰਾਤਨ ਸਮੇਂ ਦੇ ਰਿਸ਼ੀਆਂ ਨਾਲੋਂ ਵੱਡੇ ਰਾਜਾ ਬੇਨ ਨੇ ਜਿਸ ਦੀ ਬੁੱਧੀ ਕਾਮਚੇਸ਼ਟਾ ਦੀ ਅਧਿਕਤਾ ਤੋਂ ਨਾਸ ਹੋ ਗਈ ਸੀ ਸਾਰੀ ਧਰਤੀ ਦਾ ਸਾਈਂ ਹੋ ਕੇ ਵਰਨ ਸ਼ੰਕਰ ਕੀਤਾ।

67. ਉਸ ਦਿਨ ਤੋਂ ਮੋਹ ਕਰਕੇ ਸੰਤਾਨ ਦੀ ਇੱਛਾ ਨਾਲ ਰੰਡੀ ਇਸਤਰੀ ਨਾਲ ਭੋਗ ਦਾ ਹੁਕਮ ਦਿੱਤਾ ਪਰ ਇਸਦੀ ਬੁਰਿਆਈ ਸਾਰੇ ਲੋਕ ਕਰਦੇ ਹਨ।

68. ਰੰਡੀ ਵਿਚ ਪੁੱਤਰ ਜੰਮਣ ਜਾਂ ਨਾ ਜੰਮਣ ਦਾ ਕਥਨ ਕੀਤਾ ਹੁਣ ਦੂਜਾ ਹਾਲ ਕਿ ਜਿਸ ਨੂੰ ਧੀ ਦੇਣ ਦੀ ਜਬਾਨ ਕਰ ਚੁੱਕੇ ਹੋਣ ਤਾਂ ਵਿਆਹ ਕਰਨ ਤੋਂ ਪਹਿਲਾਂ ਲੜਕਾ ਮਰ ਜਾਵੇ ਤਾਂ ਉਸਦਾ ਸਕਾ ਭਰਾ ਹੇਠ ਲਿਖੀ ਰੀਤੀ ਨਾਲ ਕਰੇ :—

69. ਪਵਿਤ੍ਰਤਾ ਨਾਲ ਬਹੁਤ ਕਰਨ ਵਾਲੀ ਚਿੱਟੀ ਪੁਸ਼ਾਕ ਪਾਈ ਹੋਈ ਕੰਨਿਆਂ ਦਾ ਵਿਆਹ ਸ਼ਾਸਤਰ ਰੀਤੀ ਨਾਲ ਕਰਕੇ ਪਿਛੋਂ ਮਾਸਕ ਧਰਮ ਸਾਫ ਹੋਣ ਤੋਂ ਗਰਭ ਠਹਿਰਣ ਵਾਲੀਆਂ ਰਾਤਾਂ ਵਿਚ ਇਕ ਵਾਰੀ ਭੋਗ ਕਰੇ ਉਸ ਤੋਂ ਜੋ ਸੰਤਾਨ ਹੋਵੇਗੀ ਉਹ ਉਸੇ ਦੀ ਅਖਵਾਏਗੀ ਜਿਸ ਨੂੰ ਉਹ ਪੁਤਰੀ ਪਹਿਲਾਂ ਆਖੀ ਸੀ।

70. ਜੇ ਪੁਰਸ਼ ਆਪਣੀ ਧੀ ਨੂੰ ਇਕ ਥਾਂ ਨਾ ਦੇਵੇ ਸ਼ਾਸਤਰ ਵਿਰੁੱਧ ਕਰਮ ਹੈ ਐਸੇ ਪਾਪੀ ਦਾ ਇਤਬਾਰ ਨਹੀਂ ਰਹਿੰਦਾ।

71. ਫਿਟਕਾਰ ਯੋਗ, ਫਰੇਬਨ, ਸੁਦਾਇਨ, ਜਿੱਦਲ ਇਨ੍ਹਾਂ ਗੁਣਾਂ ਸਹਿਤ ਇਸਤਰੀ ਭਾਵੇਂ ਵਿਆਹ ਕੀਤਾ ਵੀ ਜਾਵੇ ਤਿਆਗ ਦਿਓ।

72. ਜੋ ਪੁਰਸ਼ ਐਬਦਾਰ ਪੁੱਤਰੀ ਨੂੰ ਉਸਦੇ ਦੋਸ਼ ਲੁਕਾ ਕੇ ਕੰਨਿਆਂ ਦਾਨ ਕਰਦਾ ਹੈ ਉਹ ਪਾਪੀ ਹੈ ਜੋ ਐਬੀ ਪੁਰਸ਼ ਨਾਲ ਵਿਆਹ ਕਰਦਾ ਹੈ ਉਹ ਵੀ ਅਯੋਗ ਹੈ।

73. ਜਦੋਂ ਪ੍ਰਦੇਸ਼ ਜਾਣਾ ਹੋਵੇ ਤਾਂ ਪੁਰਸ਼ ਆਪਣੀ ਇਸਤਰੀ ਦਾ ਖਾਣ ਪਾਣ ਪਹਿਰਾਨ ਦਾ ਪ੍ਰਬੰਧ ਕਰ ਜਾਵੇ ਅਤੇ ਇਸਤਰੀ ਆਪਣੇ ਧਰਮ ਵਿਚ ਪਿਛੋਂ ਰਹੇ ਐਸਾ ਨਾ ਹੋਵੇ ਕਿ ਉਹ ਤੰਗ ਆ ਕੇ ਸ਼ਰਮ ਨੂੰ ਤਿਆਗ ਕੇ ਪਰ ਪੁਰਸ਼ ਨਾਲ ਪਿਆਰ ਕਰੇ।

74. ਜਦ ਇਸਤਰੀ ਦੇ ਖਾਣ ਪੀਣ ਦਾ ਹੱਛਾ ਪ੍ਰਬੰਧ ਹੋ ਜਾਵੇ ਤਦੋਂ ਉਹ ਨਿਯਮ ਅਨੁਸਾਰ ਦਿਨ ਗੁਜਾਰੇ ਤੇ ਜੇ ਪਤੀ ਦੇ ਪ੍ਰਦੇਸ਼ ਗਏ ਪਿਛੋਂ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਸੂਤਰ ਸਾਤਰ ਕੱਤਕੇ ਆਪਣੇ ਘਰ ਬੈਠ ਕੇ ਨਿਰਬਾਹ ਕਰੇ ਪਰਾਏ ਪੁਰਸ਼ ਦੀ ਇੱਛਾ ਨਾ ਕਰੇ।

75. ਜੇ ਪਤੀ ਧਰਮ ਕਾਰਜਾਂ ਲਈ ਵਿਦੇਸ਼ ਗਿਆ ਹੋਵੇ ਤਾਂ ਅੱਠ ਸਾਲ ਤਕ ਉਸ ਦੀ ਆਗਿਆ ਪਾਲਨ ਕਰੇ ਤੇ ਵਿਦਿਆ ਪੜ੍ਹਨ ਗਏ ਦੇ ਛੇ ਸਾਲ ਪਿਛੋਂ ਤੇ ਰੁਜ਼ਗਾਰ ਲਈ ਗਏ ਹੋਏ ਦੀ ਤਿੰਨ ਸਾਲ ਤਾਈਂ ਆਗਿਆ ਪਾਲਨ ਕਰੇ।

76. ਲੜਾਕੀ ਰੰਨ ਦਾ ਇਕ ਸਾਲ ਤਕ ਸਹਾਰਾ ਕਰੇ ਜੇ ਨਾ ਮੁੜੇ ਤਾਂ ਧਨ ਦੌਲਤ ਆਦਿ ਲੈ ਲਵੇ ਅਤੇ ਭੋਗ ਨਾ ਕਰੇ ਤੇ ਛੱਡ ਦੇਵੇ ਪਰ ਖਾਣਾ ਕਪੜਾ ਉਸਨੂੰ ਜ਼ਰੂਰ ਦੇਵੇ।

77. ਜੁਆਰੀ, ਨਸ਼ਈ, ਬੀਮਾਰ ਪਤੀ ਦੀ ਜੋ ਬੇਅਦਬੀ ਕਰਦੀ ਹੈ ਉਸਨੂੰ ਤਿੰਨ ਮਹੀਨੇ ਤਾਈਂ ਗਹਿਣਾ ਕਪੜਾ ਨਾ ਦੇਣਾ ਚਾਹੀਏ।

78. ਅਨਮਤੀ, ਵਰਨ, ਧਰਮ ਰਹਿਤ, ਹੀਜੜਾ, ਨਮਰਦ ਪਾਪ ਰੋਗੀ ਅਜਿਹੇ ਪਤੀ ਨਾਲ ਫਸਾਦ ਕਰਨ ਵਾਲੀ ਇਸਤਰੀ ਨੂੰ ਛੱਡ ਦੇਣਾ ਪਰ ਉਸ ਦਾ ਧਨ ਨਾ ਲੈਣਾ।

79. ਜੋ ਇਸਤਰੀ ਸ਼ਰਾਬਨ, ਸਾਧੂਆਂ ਦੀ ਨਿੰਦਕ, ਦੁਸ਼ਮਣੀ ਕਰਨ ਵਾਲੀ, ਦੁਖੀ ਘਾਤ ਕਰਨ ਵਾਲੀ ਧਨ ਦਾ ਨਾਸ ਕਰਨ ਵਾਲੀ ਹੋਵੇ ਤਾਂ ਦੂਜਾ ਵਿਆਹ ਜ਼ਰੂਰ ਕਰ ਲੈਣਾ ਉਚਿਤ ਹੈ।

80. ਧੀ ਜੰਮਣ ਵਾਲੀ, ਬਾਂਝ, ਜਿਸਦੇ ਮਗਰ ਬਾਲ ਨਾ ਲੱਗੇ ਹੋਣ ਅਠਵੇਂ ਦਸਵੇਂ ਯਾਰ੍ਹਵੇਂ ਸਾਲ ਪਿਛੋਂ ਹੋਰ ਵਿਆਹ ਕਰ ਲਵੇ।

81. ਜੋ ਇਸਤਰੀ ਸੁਹਿਰਦ ਤੇ ਦਲੇਰ ਹੋਵੇ ਪਰ ਹੋਵੇ ਰੋਗਨ ਤਾਂ ਉਸਦੀ ਆਗਿਆ ਨਾਲ ਹੋਰ ਵਿਆਹ ਕਰ ਲਵੇ ਪਰ ਉਸਦੀ ਕਦਰ ਜ਼ਰੂਰ ਕਰੇ।

82. ਜੋ ਇਸਤਰੀ ਸੌਂਕਨ ਦੇ ਆਉਣ ਤੇ ਨਰਾਜ਼ ਹੋ ਕੇ ਘਰੋਂ ਨਿਕਲ ਚਲੇ ਉਸ ਨੂੰ ਉਸ ਵੇਲੇ ਰੋਕ ਰਖੋ ਭਾਵੇਂ ਫਿਰ ਆਪਣੀ ਬਰਾਦਰੀ ਦੇ ਸਾਹਮਣੇ ਤਿਆਗ ਦੇਵੋ।

83. ਖਤਰੀ ਦੀ ਇਸਤਰੀ ਪਤੀ ਦੇ ਹੁੰਦਿਆਂ ਅਯੋਗ ਕਰਮ ਅਰਥਾਤ ਸ਼ਰਾਬ ਤਮਾਸ਼ੇ ਆਦਿ ਜਲਸਿਆਂ ਵਿਚ ਜਾਵੇ ਤਾਂ ਛੇ ਰਤੀ ਸੋਨਾ ਡੰਡ ਦੇਵੇ।

84. ਤਿੰਨੇ ਵਰਨ ਦੂਜੇ ਵਰਨ ਦੀ ਇਸਤਰੀ ਨਾਲ ਕਰਨ ਅਤੇ ਇਸਤਰੀਆਂ ਦੀ ਵਡਿਆਈ ਪੂਜਾ ਅਤੇ ਇਹ ਸਭ ਵਰਨ ਦੇ ਅਨੁਸਾਰ ਹੋਵੇ।

85. ਸਾਰੇ ਵਰਨਾਂ ਵਿਚ ਜੋ ਆਪਣੇ ਵਰਨ ਦੀਆਂ ਇਸਤਰੀਆਂ ਹਨ ਉਹ ਹੀ ਪਤੀ ਦੇ ਸਰੀਰਕ ਕੰਮ ਤੇ ਸਨਾਤਨ ਧਰਮ ਦਾ ਕੰਮ ਕਰਨ ਦੂਜੇ ਵਰਨ ਦੀਆਂ ਨਾ ਕਰਨ।

86. ਜੋ ਪੁਰਸ਼ ਨਾ ਹੋਣ ਕਰਕੇ ਆਪਣੀ ਜਾਤੀ ਦੀ ਇਸਤਰੀ ਦੇ ਇਹਨਾਂ ਦੋਹਾਂ ਕੰਮਾਂ ਨੂੰ ਮੋਹ ਨਾਲ ਦੂਜੀ ਜਾਤ ਦੀ ਇਸਤਰੀ ਤੋਂ ਕਰਾਉਂਦਾ ਹੈ। ਉਹ ਜਿਸ ਤਰ੍ਹਾਂ ਬ੍ਰਾਹਮਣੀ ਵਿਚ ਸ਼ੂਦਰ ਤੋਂ ਚੰਡਾਲ ਪੈਦਾ ਹੋਵੇ ਇਹ ਰਿਸ਼ੀਆਂ ਦਾ ਕਥਨ ਹੈ।

87. ਜੇ ਆਪਣੀ ਕੁਲ ਵਿਚ ਸੁੰਦਰ ਅਚਾਰ ਬਾਲਕ ਮਿਲੇ ਤਾਂ ਲੜਕੀ ਦਾ ਵਿਆਹ ਭਾਵੇਂ ਉਹ ਯੋਗ ਵੀ ਨਾ ਹੋਵੇ ਸ਼ਾਸਤਰ ਅਨੁਸਾਰ ਜ਼ਰੂਰ ਕਰੇ।

88. ਚਾਹੇ ਕੰਨਿਆ ਮਾਸਕ ਧਰਮ ਹੋਣ ਤੇ ਜਿੰਦਗੀ ਭਰ ਕੁੰਵਾਰੀ ਅਤੇ ਪਿਤਾ ਦੇ ਘਰ ਰਹੇ ਤਾਂ ਠੀਕ ਹੈ ਪਰ ਉਸ ਨੂੰ ਗੁਣਹੀਨ ਵਰ ਨੂੰ ਨਾ ਦਿਉ।

89. ਮਾਸਕ ਧਰਮ ਸਹਿਤ ਕੰਨਿਆਂ ਤਿੰਨ ਸਾਲ ਤਾਈਂ ਪਤੀ ਦੀ ਉਮੀਦ ਵਿਚ ਬੈਠੀ ਰਹੇ

ਉਸ ਤੋਂ ਪਿਛੋਂ ਆਪਣੀ ਮਰਜ਼ੀ ਅਨੁਸਾਰ ਪਤੀ ਢੂੰਡ ਲਵੇ।

90. ਜੇ ਕੰਨਿਆਂ ਏਸ ਹਾਲਤ ਵਿਚ ਆਪ ਵਰ ਢੂੰਡ ਲਵੇ ਤਾਂ ਕੋਈ ਦੋਸ਼ ਨਹੀਂ।

91. ਆਪਣੀ ਮਰਜ਼ੀ ਨਾਲ ਵਰ ਢੂੰਡ ਕੇ ਵਿਆਹ ਕਰਨ ਵਾਲੀ ਕੰਨਿਆਂ ਮਾਤਾ, ਪਿਤਾ, ਭਰਾ ਦੇ ਦਿੱਤੇ ਹੋਏ ਗਹਿਣੇ ਨਾ ਲਵੇ ਜੇ ਲਵੇ ਤਾਂ ਉਹ ਚੋਰ ਹੁੰਦੀ ਹੈ।

92. ਅਜਿਹੀ ਕੰਨਿਆਂ ਨਾਲ ਵਿਆਹ ਕਰਨ ਵਾਲਾ ਆਪਣੇ ਸਹੁਰੇ ਨੂੰ ਕੁਝ ਨਾ ਦੇਵੇ।

93. ਲੜਕਾ ਤੀਹ ਸਾਲ ਦਾ ਹੋਵੇ ਤੇ ਬਾਰਾਂ ਸਾਲ ਦੀ ਲੜਕੀ ਨਾਲ ਵਿਆਹ ਕਰੇ ਜਾਂ 24 ਸਾਲ ਦਾ ਪੁਤਰ ਤੇ ਅੱਠ ਸਾਲ ਦੀ ਪੁੱਤਰੀ ਦਾ ਆਪਸ ਵਿਚ ਵਿਆਹ ਹੋਵੇ ਇਹ ਠੀਕ ਵੇਲਾ ਦਸਿਆ ਹੈ ਜ਼ਰੂਰੀ ਨਹੀਂ ਪਰ ਇਤਨੇ ਚਿਰ ਵਿਚ ਵੇਦ ਪੜ੍ਹ ਸਕਦਾ ਹੈ ਤੇ ਇਸ ਤੋਂ ਪਿਛੋਂ ਬੇਸ਼ਕ ਗ੍ਰਹਿਸਤ ਆਸ਼ਰਮ ਵਿਚ ਆਵੇ।

94. ਦੇਵਤਿਆਂ ਦੀ ਦਿੱਤੀ ਹੋਈ ਕੰਨਿਆਂ ਨੂੰ ਪਤੀ ਪਾਉਂਦਾ ਹੈ ਆਪਣੀ ਇੱਛਾ ਨਾਲ ਨਹੀਂ, ਇਸ ਲਈ ਪੂਜਨ ਕਰਦਾ ਹੋਇਆ ਇਸ ਸ਼ੁਭ ਕਰਤਬ ਵਾਲੀ ਇਸਤਰੀ ਦੀ ਪਾਲਨਾ ਕਰੇ।

95. ਗਰਭ ਪਾਲਨ ਲਈ ਪੁਰਸ਼ ਪੈਦਾ ਕੀਤਾ ਹੈ ਇਸ ਲਈ ਵੇਦ ਵਿਚ ਇਸਤਰੀ ਪ੍ਰਕਾਸ਼ ਸਾਧਾਰਨ ਧਰਮ ਹੈ।

96. ਕੰਨਿਆਂ ਦਾ ਬਦਲਾ ਧਨ ਦੇ ਕੇ ਦੇਣ ਵਾਲਾ ਮਰ ਜਾਵੇ ਤਾਂ ਕੰਨਿਆਂ ਦੀ ਮਰਜ਼ੀ ਅਨੁਸਾਰ ਉਸ ਦਾ ਵਿਆਹ ਉਹਦੇ ਪਤੀ ਦੇ ਭਰਾ ਨਾਲ ਕਰੋ।

97. ਸ਼ੂਦਰ ਵੀ ਧੀ ਦਾ ਰੁਪਿਆ ਨਾ ਲਵੇ ਇਹ ਲੈਣਾ ਜੋਗ ਨਹੀਂ।

98. ਇਕ ਨੂੰ ਆਖਕੇ ਦੂਜੇ ਨੂੰ ਦੇਣੀ ਅਯੋਗ ਹੈ।

99. ਚੋਰੀ ਧੀ ਦਾ ਰੁਪਿਆ ਲੈਣਾ ਮਹਾਂ ਪਾਪ ਹੈ।

100. ਇਸਤਰੀ ਪੁਰਸ਼ ਦਾ ਧਰਮ ਹੈ ਕਿ ਆਪੋ ਵਿਚ ਮਰਨ ਤਕ ਨਾ ਵਿਛੜਨ।

101. ਇਸਤਰੀ ਪੁਰਸ਼ ਆਪੋ ਵਿਚ ਪਿਆਰ ਤੇ ਨਿਆਂ ਦੀ ਰੀਤੀ ਨਾਲ ਦਿਨ ਕੱਟਣ।

102. ਮਨੂੰ ਜੀ ਨੇ ਆਪੋ ਵਿਚ ਪਿਆਰ ਨਾਲ ਰਹਿਣ ਦੇ ਢੰਗ ਦੱਸੇ ਹਨ ਅਤੇ ਕਸ਼ਟ ਵੇਲੇ ਨਿਯੋਗ ਤੋਂ ਸੰਤਾਨ ਪੈਦਾ ਕਰਨ ਦੇ ਢੰਗ ਦਸਕੇ ਹਿੱਸਿਆਂ ਦੇ ਵੰਡਣ ਦਾ ਵੀ ਇਸ ਤਰ੍ਹਾਂ ਕਥਨ ਕੀਤਾ ਹੈ।

103. ਮਾਤਾ ਪਿਤਾ ਦੀ ਮੌਤ ਪਿਛੋਂ ਸਾਰੇ ਰਲਕੇ ਉਨ੍ਹਾਂ ਦੇ ਧਨ ਨੂੰ ਬਰਾਬਰ ਵੰਡਣ ਉਨ੍ਹਾਂ ਦੇ ਜੀਂਵਦਿਆਂ ਸਾਰੇ ਪੁੱਤਰ ਨਾ ਬਾਲਿਗ ਹਨ।

104. ਮਾਤਾ ਪਿਤਾ ਦਾ ਸਾਰਾ ਧਨ ਵੱਡਾ ਪੁੱਤਰ ਲਵੇ ਛੋਟਾ ਕੇਵਲ ਗੁਜਾਰੇ ਮਾਤਰ ਲਵੇ ਜਿਸ ਤਰ੍ਹਾਂ ਮਾਪੇ ਗੁਜ਼ਾਰਾ ਕਰਦੇ ਸਨ।

105. ਵੱਡਾ ਪੁੱਤਰ ਇਸ ਲਈ ਸਾਰੀ ਦੌਲਤ ਦਾ ਮਾਲਕ ਹੁੰਦਾ ਹੈ ਕਿ ਉਸ ਨੂੰ ਜਨਮ ਪੁੱਤਰਵਾਨ ਆਖਿਆ ਜਾਂਦਾ ਹੈ।

106. ਜਿਸਦੇ ਜੰਮਿਆਂ ਪਿਤਾ ਕਰਜ਼ੇ ਤੋਂ ਵੇਲ੍ਹਾ ਹੋ ਜਾਂਦਾ ਹੈ ਅਤੇ ਮੁਕਤ ਹੁੰਦਾ ਹੈ ਉਹੀ ਧਰਮ ਤੋਂ ਜੰਮਿਆ ਹੈ ਹੋਰ ਸਾਰੇ ਕਾਮ ਤੋਂ ਇਹ ਰਿਸ਼ੀਆਂ ਦਾ ਬਚਨ ਹੈ।

107. ਵੱਡਾ ਭਰਾ ਪਿਤਾ ਵਤ ਰਾਖੀ ਕਰੇ ਤੇ ਛੋਟੇ ਪੁੱਤਰਾਂ ਵਾਂਗ ਰਹਿਣ।

108. ਵੱਡਾ ਪੁੱਤਰ ਕੁਲ ਨੂੰ ਵਧਾਉਂਦਾ ਘਟਾਉਂਦਾ ਹੈ ਅਤੇ ਸੰਸਾਰ ਵਿਚ ਵੀ ਉਸਨੂੰ ਹੱਛਾ ਮੰਨਿਆ ਹੈ ਕਿਸੇ ਨੇ ਉਸ ਦੀ ਬੁਰਾਈ ਨਹੀਂ ਕੀਤੀ।

109. ਜੋ ਵਡਿਆਈ ਵੱਸ ਵਿਚ ਲੈਂਦਾ ਹੈ ਉਹ ਮਾਤਾ ਪਿਤਾ ਤੁੱਲ ਹੈ ਜੋ ਨਹੀਂ ਕਰਦਾ ਉਹ ਭਰਾ ਦੀ ਨਿਆਈਂ ਕੇਵਲ ਮਾਨ ਜੋਗ ਹੈ।

110. ਇਸ ਰੀਤੀ ਨਾਲ ਮਿਲਕੇ ਰਹਿਣ ਜੇ ਧਰਮ ਕਰਨ ਦੀ ਇੱਛਾ ਹੋਵੇ ਤਾਂ ਵੱਖਰੇ ਰਹਿ ਕੇ ਧਰਮ ਦਾ ਵਾਧਾ ਕਰਨ।

111. ਸਾਰੇ ਧਨ ਦਾ ਵੀਹਵਾਂ ਹਿੱਸਾ ਦਿੱਤਾ ਜਾਏ ਵਿਚਕਾਰਲੇ ਨੂੰ ਉਸਦਾ ਅੱਧ ਛੋਟੇ ਨੂੰ ਉਸਦਾ ਅੱਧ ਬਾਕੀ ਨੂੰ ਬਰਾਬਰ ਵੰਡ ਦੇਣਾ ਉਚਿਤ ਹੈ।

112. ਵੱਡੇ ਛੋਟੇ ਨੂੰ ਜਿਹਾ ਆਖਿਆ ਹੈ ਉਹ ਦਿਓ ਤੇ ਵਿਚਕਾਰਲੇ ਨੂੰ ਵਿਚਲਾ ਮੇਲ ਦਿਓ।

113. ਸਾਰੀ ਦੌਲਤ ਵਿਚੋਂ ਜੋ ਉੱਤਮ ਦੌਲਤ ਹੈ ਅਤੇ ਇਕ ਪ੍ਰਕਾਰ ਦੇ ਧਨ ਵਿਚੋਂ ਉੱਤਮ ਧਨ ਹੈ ਤੇ ਗਊ ਆਦਿ ਜੋ ਚਾਰਪਾਏ ਹਨ ਦਸਾਂ ਪਿਛੇ 1 ਤਿੰਨਾਂ ਵਿਚੋਂ ਵੱਡੇ ਨੂੰ ਦੇਵੇ ਇਹ ਵੰਡ ਵੱਡੇ ਭਰਾ ਦੇ ਲਾਇਕ ਹੋਣ ਤੇ ਹੈ।

114. ਉਤਲੀ ਵੰਡ ਦੀ ਰੀਤੀ ਤਦ ਯੋਗ ਹੈ ਜਦੋਂ ਸਾਰੇ ਭਰਾ ਆਪਣੇ-ਆਪਣੇ ਕਰਮਾਂ ਵਿਚ ਰੁਝੇ ਹੋਏ ਹੋਣ ਪਰ ਵੱਡੇ ਦਾ ਅਦਬ ਮਾਨ ਰਖਣਾ ਤੇ ਛੋਟੇ ਦਾ ਧਿਆਨ ਰਖਣਾ।

115. ਇਸ ਤਰ੍ਹਾਂ ਵੱਡੇ ਪੁੱਤਰ ਨੂੰ ਅਧਾਰ ਨਾਮ ਹਿੱਸਾ ਦੇ ਕੇ ਬਾਕੀ ਬੱਚਿਆ ਹੋਇਆ ਧਨ ਬਰਾਬਰ ਵੰਡਣਾ ਜੇ ਉਪਰਲੀ ਜੁਗਤੀ ਦਾ ਹਿੱਸਾ ਨਾ ਦੇਵੇ ਤਾਂ ਅਗੋਂ ਜੋ ਹਿੱਸਾ ਨਿਯਤ ਕਰਨਗੇ ਉਹ ਕਰ ਲੈ।

116. ਵੱਡਾ ਭਰਾ ਦੋ ਹਿਸੇ ਲਵੇ ਇਸ ਤੋਂ ਛੋਟਾ ਡਿਓਢਾ ਹਿੱਸਾ ਲਵੇ ਸਭ ਤੋਂ ਛੋਟਾ 1 ਹਿੱਸਾ ਲਵੇ ਇਹ ਧਰਮ ਦੀ ਬਿਵਸਥਾ ਹੈ।

117. ਸਾਰੇ ਭਰਾ ਵੱਖਰਾ-ਵੱਖਰਾ ਆਪਣੇ-ਆਪਣੇ ਹਿੱਸੇ ਵਿਚੋਂ ਚੌਥਾ ਹਿੱਸਾ ਭੈਣਾਂ ਨੂੰ ਦੇਣ ਨਹੀਂ ਤਾਂ ਪਾਪੀ ਹਨ।

118. ਬੱਕਰੀ, ਗਊ, ਘੋੜਾ ਆਦਿ ਚੁਪਾਇਆ ਦੇ ਤਾਕ ਦਾ ਹਿੱਸਾ ਨਾ ਕਰਨਾ ਚਾਹੀਏ ਜੋ ਬਾਕੀ ਵਧੇ ਉਹ ਵੱਡਾ ਲਵੇ।

119. ਜੇ ਛੋਟਾ ਭਰਾ ਭਰਜਾਈ ਵਿਚੋਂ ਪੁੱਤਰ ਪੈਦਾ ਕਰੇ ਤਾਂ ਉਸ ਨੂੰ ਚਾਹੇ ਪੂਰਾ ਹਿੱਸਾ ਦੇਣ

ਪਰ ਵੱਡੇ ਭਰਾ ਜਿੰਨਾ ਨਾ ਦੇਣ ਇਹ ਗੱਲ ਧਰਮ ਦੀ ਹੈ।

120. ਉੱਤਮ ਨੂੰ ਅਧਮ ਕਰਨਾ ਧਰਮ ਦੇ ਵਿਰੁੱਧ ਹੈ ਜਨਮ ਦਾਤਾ ਪਿਤਾ ਉੱਤਮ ਹੈ ਇਸ ਲਈ ਪਿਤਾ ਦੀ ਸੇਵਾ ਜ਼ਰੂਰ ਕਰੇ।

121. ਦੋ ਇਸਤਰੀਆਂ ਵਾਲੇ ਦੀ ਛੋਟੀ ਇਸਤਰੀ ਦੇ ਪਹਿਲੇ ਪੁੱਤਰ ਤੇ ਵੱਡੀ ਦੇ ਪਿਛਲੇ ਪੁੱਤਰ ਦੇ ਹਿੱਸਿਆਂ ਦੀ ਵੰਡ ਦੀ ਰੀਤ ਅੱਗੋਂ ਦਸਦੇ ਹਾਂ।

122. ਵੱਡੀ ਦਾ ਪਿਛਲੇਰਾ ਪੁੱਤਰ ਇਕ ਹੱਛਾ ਬਲਦ ਅਧਾਰ ਲਵੇ ਹੋਰ ਭਰਾ ਇਸ ਹਛੇ ਤੋਂ ਛੋਟਾ ਬਲਦ ਅਧਾਰ ਲਵੇ ਮਾਂ ਦੀ ਵਡਿਆਈ ਤੇ ਉਸਦੀ ਵਡਿਆਈ ਜਾਣੋ।

123. ਵੱਡੀ ਇਸਤਰੀ ਦਾ ਪਹਿਲਾ ਪੁੱਤਰ ਪੰਦਰਾਂ ਗਊਆਂ ਤੇ ਇਕ ਬਲਦ ਲਵੇ ਦੂਜੇ ਮਾਵਾਂ ਦੀ ਵਡਿਆਈ ਅਨੁਸਾਰ ਹਿੱਸਾ ਲੈਣ।

124. ਆਪਣੀ ਜਾਤੀ ਦੀ ਇਸਤਰੀ ਦੇ ਪੁੱਤਰਾਂ ਦੀ ਉਮਰ ਤੇ ਵਡਿਆਈ ਹੈ।

125. ਇਹ ਕੇਵਲ ਹਿੱਸਾ ਲੈਣ ਦੀ ਵਡਿਆਈ ਨਹੀਂ ਸਗੋਂ ਬਸ਼ਟੋਮ ਯੱਗ ਵਿਚ ਇੰਦਰ ਦੇ ਬੁਲਾਉਣ ਲਈ ਸੌ ਬ੍ਰਾਹਮਣੀ ਨਾਮ ਮੰਤਰ ਪਹਿਲਾਂ ਪੁੱਤਰ ਜਨਮ ਵੇਲੇ ਪੜ੍ਹੇ ਜਾਂਦੇ ਹਨ ਕਿ ਫਲਾਨਾ ਪਿਤਾ ਆਪਣੇ ਪੁੱਤਰ ਦਾ ਯੱਗ ਕਰਦਾ ਹੈ ਇਹ ਕਥਨ ਰਿਖੀਆਂ ਦਾ ਹੈ ਭਾਵੇਂ ਜੋੜਾ ਜੰਮਣ ਵਾਲੇ ਪੁੱਤਰਾਂ ਵਿਚੋਂ ਪਹਿਲਾਂ ਜੰਮਣ ਵਾਲਾ ਪਿਛਲੇ ਬੀਰਜ ਦਾ ਤੇ ਪਿਛੋਂ ਜੰਮਣ ਵਾਲਾ ਪਹਿਲੇ ਬੀਰਜ ਦਾ ਹੁੰਦਾ ਹੈ ਪਰ ਵੱਡਾ ਉਹੀ ਹੈ ਜੋ ਪਹਿਲਾਂ ਜੰਮਿਆ ਹੈ।

126. ਜੇ ਘਰ ਪੁੱਤਰ ਨਾ ਹੋਵੇ ਤੇ ਪੁੱਤਰੀ ਦੇ ਵਿਆਹ ਸਮੇਂ ਆਪਣੇ ਜਵਾਈ ਨੂੰ ਆਖ ਦੇਵੇ ਕਿ ਪਹਿਲਾ ਪੁੱਤਰ ਸਾਨੂੰ ਦੇ ਦੇਵੀਂ ਤਾਂ ਕਿ ਸਾਡਾ ਸਰਾਧ ਕਰਮ ਕਰੇ।

127. ਪਹਿਲਿਆਂ ਸਮਿਆਂ ਵਿਚ ਸੰਤਾਨ ਦੇ ਵਾਧੇ ਲਈ ਦਖ ਪਰਜਾਪਤ ਰਾਜਾ ਨੇ ਇਸ ਤਰ੍ਹਾਂ ਪੁੱਤਰੀ ਨੂੰ ਪੁੱਤਰ ਦੀ ਥਾਂ ਮੰਨਿਆਂ ਸੀ।

128. ਦਖ ਪਰਜਾ ਪਤੀ ਨੇ ਅਤੀ ਅਧੀਨਗੀ ਨਾਲ ਧਰਮ ਰਾਜ ਨੂੰ 10 ਤੇ ਕੇਸੇਬ ਨੂੰ 13 ਤੇ ਚੰਦ੍ਰਮਾਂ ਨੂੰ 27 ਕੰਨਿਆਂ ਦਿੱਤੀਆਂ ਸਨ।

129. ਆਪਣੇ ਆਤਮਾ ਤੁੱਲ ਪੁੱਤਰ ਹੈ ਤੇ ਪੁੱਤਰ ਪੁੱਤਰੀ ਤੁੱਲ ਹਨ ਇਸ ਲਈ ਪੁੱਤਰੀ ਦੇ ਹੁੰਦਿਆਂ ਦੂਜਾ ਮਨੁੱਖ ਧਨ ਨੂੰ ਕਿਉਂ ਲਵੇ।

130. ਮਾਤਾ ਦੀ ਮੌਤ ਦੇ ਪਿਛੋਂ ਉਸਦੀ ਯੋਤਕ ਨਾਮ ਦੌਲਤ ਜਿਸਦਾ ਹਾਲ ਅੱਗੇ ਦਸਾਂਗੇ ਉਸਦੀ ਕੁਆਰੀ ਕੰਨਿਆਂ ਪਾਉਂਦੀ ਹੈ ਤੇ ਜਿਸਦਾ ਪੁੱਤਰ ਨਾ ਹੋਵੇ ਉਸਦਾ ਸਾਰਾ ਧਨ ਦੋਹਤਾ ਲੈਂਦਾ ਹੈ।

131. ਜਿਸਦਾ ਪੁੱਤਰ ਕੋਈ ਨਾ ਹੋਵੇ ਉਸਦਾ ਸਾਰਾ ਧਨ ਦੋਹਤ੍ਰਾ ਲਵੇ ਤੇ ਦੋ-ਦੋ ਪਿੰਡ ਦੇਵੇ ਇਕ ਪਿਤਾ ਨੂੰ ਤੇ ਇਕ ਨਾਨੇ ਨੂੰ।

132. ਸੰਸਾਰ ਪੋਤਰਾ ਦੋਹਤ੍ਰਾ ਤੁੱਲ ਹਨ ਕਿਉਂਕਿ ਇਕੇ ਦੀ ਸੰਤਾਨ ਦੀ ਸੰਤਾਨ ਹੈ।

133. ਜੇ ਪੁਤਰੀ ਨੂੰ ਮੁਤਬੰਨਾ ਬਣਾਉਣ ਤੋਂ ਪਿਛੋਂ ਪੁੱਤਰ ਜੰਮ ਪਵੇ ਤਾਂ ਪੁੱਤਰ ਪੁੱਤਰੀ ਬਰਾਬਰ ਹਿੱਸਾ ਵੰਡਣ ਪੁੱਤਰੀ ਵਿਚ ਪੁੱਤਰ ਨਾਲੋਂ ਵਡਿਆਈ ਨਹੀਂ।

134. ਜੇ ਪੁੱਤਰੀ ਦਾ ਕੋਈ ਪੁੱਤਰ ਨਹੀਂ ਤੇ ਉਹ ਮਰ ਗਈ ਹੈ ਤਾਂ ਸਾਰੇ ਧਨ ਦਾ ਸਾਈਂ ਜਵਾਈ ਹੈ ਇਸ ਵਿਚ ਕੋਈ ਸੋਚ ਨਹੀਂ।

135. ਪੁੱਤਰੀ ਨੂੰ ਪੁੱਤਰ ਬਣਾਇਆ ਹੋਵੇ ਭਾਵੇਂ ਨਾ ਬਣਾਇਆ ਹੋਵੇ ਜੇ ਉਸ ਪੁੱਤਰੀ ਨੇ ਆਪਣੀ ਜਾਤ ਦੇ ਪਤੀ ਦਾ ਪੁੱਤਰ ਜੰਮਿਆ ਹੋਵੇ ਤਾਂ ਉਹ ਪੁੱਤਰ ਆਪਣੇ ਬਿਨਾਂ ਸੰਤਾਨ ਨਾਨੇ ਦੀ ਸਾਰੀ ਮਾਇਆ ਸਾਂਭ ਲਵੇ ਤੇ ਨਾਨੇ ਨੂੰ ਪਿੰਡ ਦੇਵੇ ਇਸ ਤਰ੍ਹਾਂ ਨਾਨਾ ਸੰਤਾਨ ਵਾਲਾ ਅਖਵਾਉਂਦਾ ਹੈ।

136. ਪੁੱਤਰ ਦੇ ਵਸੀਲੇ ਇੰਦ੍ਰ ਲੋਕ ਆਦਿਕ ਨੂੰ ਜਿੱਤਦਾ ਹੈ ਤੇ ਪੁੱਤਰ ਦੇ ਵਸੀਲੇ ਸੂਰਜ ਲੋਕ ਨੂੰ ਪਾਉਂਦਾ ਹੈ।

137. ਸ੍ਰੀ ਬ੍ਰਹਮਾ ਜੀ ਕਹਿੰਦੇ ਹਨ ਪੁੱਤਰ ਨਾਮ ਨਰਕ ਦਾ ਹੈ ਤੇ ਉਤਰ ਦਾ ਅਰਥ ਰਖਿਆ ਹੈ ਅਤੇ ਪੁੱਤਰ ਪਿਤਾ ਨੂੰ ਨਰਕ ਤੋਂ ਬਚਾਉਂਦਾ ਹੈ ਇਸ ਵਾਸਤੇ ਪੁੱਤਰ ਅਖਵਾਉਂਦਾ ਹੈ।

138. ਸੰਸਾਰ ਵਿਚ ਦੋਹਤ੍ਰਾ ਪੋਤ੍ਰਾ ਤੁੱਲ ਹੈ ਪ੍ਰਲੋਕ ਵਿਚ ਦੋਵੇਂ ਗਤੀ ਕਰਾ ਸਕਦੇ ਹਨ ਦਾਦੇ ਨੂੰ ਪੋਤ੍ਰਾ ਨਾਨੇ ਨੂੰ ਦੋਹਤ੍ਰਾ।

139. ਪੋਤ੍ਰਾ ਦਾਦੇ ਨੂੰ ਪਹਿਲਾਂ ਪਿੰਡ ਦੇਵੇ ਦੂਜਾ ਨਾਨੇ ਨੂੰ ਤੀਜਾ ਪਿਤਾ ਨੂੰ।

140. ਪਤ੍ਰੇਲਾ ਉਹ ਹੈ ਜਿਹੜਾ ਦੂਜੇ ਗੋਤ੍ਰ ਦਾ ਬੱਚਾ ਆਪਣਾ ਪੁੱਤਰ ਬਣਾਇਆ ਹੋਵੇ ਤੇ ਹਰ ਤਰ੍ਹਾਂ ਲਾਇਕ ਹੋਵੇ।

141. ਉਹ ਪੁਤ੍ਰੇਲਾ ਜਮਾਣ ਵਾਲੇ ਪਿਓ ਦੀ ਮਾਇਆ ਨਹੀਂ ਲੈਂਦਾ ਜਿਸਦਾ ਉਹ ਪੁੱਤਰ ਬਣਿਆ ਹੈ ਉਸੇ ਦੇ ਗੋਤ੍ਰ ਤੇ ਮਾਇਆ ਨੂੰ ਪਾਉਂਦਾ ਹੈ ਅਤੇ ਪਿੰਡ ਵੀ ਉਸੇ ਨੂੰ ਦਿੰਦਾ ਹੈ ਅਤੇ ਦੂਜੇ ਨੂੰ ਨਹੀਂ।

142. ਵਿਧਵਾ ਇਸਤਰੀ ਨੇ ਪਿਤਾ ਆਦਿ ਦੀ ਆਗਿਆ ਤੋਂ ਬਿਨਾਂ ਜਿਹੜਾ ਪੁੱਤਰ ਦੇਵਰ ਆਦਿ ਤੋਂ ਉਤਪਤ ਕੀਤਾ ਤੇ ਕਿਸੇ ਇਸਤਰੀ ਨੇ ਪੁੱਤਰ ਕੋਲ ਨਾ ਹੋਣ ਦੇ ਸਬਬੋਂ ਸਹੁਰੇ ਆਦਿ ਦੀ ਆਗਿਆ ਨਾਲ ਦੇਵ ਆਦਿ ਤੋਂ ਪੁੱਤਰ ਉਤਪਤ ਕੀਤਾ ਹੋਵੇ ਇਹੋ ਜਿਹੇ ਪੁੱਤਰ ਹਿੱਸਾ ਨਹੀਂ ਲੈ ਸਕਦੇ ਕਿਉਂਕਿ ਪਹਿਲਾ ਪੁੱਤਰ ਦੂਜੇ ਪਤੀ ਤੋਂ ਜੰਮਿਆ ਹੈ।

143. ਜੇਕਰ ਇਸਤਰੀ ਸਹੁਰੇ ਆਦਿ ਦੀ ਆਗਿਆ ਨਾਲ ਦੂਜੀ ਤਰ੍ਹਾਂ ਪੈਦਾ ਕਰੇ ਤਾਂ ਉਹ ਪੁੱਤਰ ਪਿਤਾ ਦੀ ਮਾਇਆ ਨਹੀਂ ਪਾਉਂਦਾ ਕਿਉਂਕਿ ਉਹ ਪਤਿਤ ਤੋਂ ਜੰਮਿਆ ਹੈ।

144. ਜਿਸ ਤਰ੍ਹਾਂ ਹੋਰ ਪੁੱਤਰ ਮਾਇਆ ਲੈਂਦਾ ਹੈ ਉਸੇ ਤਰ੍ਹਾਂ ਜਿਹੜਾ ਪੁੱਤਰ ਸਹੁਰੇ ਆਦਿ ਦੀ ਆਗਿਆ ਨਾਲ ਇਸਤਰੀ ਨੇ ਉਤਪਤ ਕੀਤਾ ਹੋਵੇ ਉਹ ਵੀ ਮਾਇਆ ਲਵੇ ਕਿਉਂਕਿ ਜੇ ਉਹ (ਖਜੇਸਤੀਰ) ਤੀਵੀਂ ਦੀ ਸਲਾਹ ਨਾਲ ਬੀਰਜ ਦੇਣ ਵਾਲੇ ਦਾ ਬੀਰਜ ਹੈ ਤੇ ਉਸਦੀ ਉਤਪਤੀ ਧਰਮ ਨਾਲ ਹੋਈ ਹੈ।

145. ਰੰਡੀ ਭਰਜਾਈ ਨੂੰ ਜੋ ਦੇਵਰ ਜਾਂ ਜੇਠ ਸਾਂਭੇ ਉਸਦਾ ਧਨ ਉਸ ਵਿਚੋਂ ਜੰਮੇ ਹੋਏ ਪੁੱਤਰ ਨੂੰ ਹੀ ਦੇਵੇ।

146. ਇਸਤਰੀ ਸਹੁਰੇ ਆਦਿ ਦੀ ਆਗਿਆ ਨਾਲ ਦੇਵਰ ਜਾਂ ਹੋਰ ਸਪੰਡ ਸਨਬੰਧੀ ਤੋਂ ਪੁੱਤਰ ਉਤਪਤ ਕਰੇ ਤੇ ਇਹ ਸਮਝਿਆ ਜਾਵੇ ਜੋ ਉਹ ਪੁੱਤਰ ਕਾਮ ਨਾਲ ਜੰਮਿਆ ਹੈ ਉਹ ਰੁਪਏ ਨਹੀਂ ਲੈਂਦਾ ਰਿਖੀ ਆਦਿ ਆਖਦੇ ਹਨ ਉਹ ਐਵੇਂ ਜੰਮਿਆ ਹੈ।

147. ਬਹੁਤੀਆਂ ਆਪਣੀ ਜਾਤ ਦੀਆਂ ਇਸਤਰੀਆਂ ਵਿਚ ਹਿੱਸਿਆਂ ਦੀ ਵੰਡ ਉਤੇ ਲਿਖੇ ਅਨੁਸਾਰ ਸਮਝੋ ਤੇ ਵਖੋ ਵੱਖਰੀਆਂ ਜ਼ਾਤਾਂ ਦੀਆਂ ਬਹੁਤੀਆਂ ਇਸਤਰੀਆਂ ਵਿਚੋਂ ਇਕੋ ਜਿਹੇ ਪੈਦਾ ਹੋਏ ਸਭਨਾਂ ਪੁਤਰਾਂ ਦੀ ਹਿੱਸਿਆਂ ਦੀ ਵੰਡ ਅਗੇ ਲਿਖਾਂਗੇ।

148. ਦਰਜੇ ਵਾਰ ਜਦੋਂ ਚਾਰ ਵਰਨਾਂ ਦੀਆਂ ਤ੍ਰੀਮਤਾਂ ਬ੍ਰਾਹਮਣਾਂ ਦੇ ਘਰ ਹੋਵਣ ਤੇ ਉਨ੍ਹਾਂ ਤ੍ਰੀਮਤਾਂ ਦਿਆਂ ਪੁੱਤਰਾਂ ਦੇ ਹਿੱਸਿਆਂ ਦੀ ਵੰਡ ਅੱਗੇ ਲਿਖਾਂਗੇ।

149. ਹਰ ਵਰਿਆਈ ਗਊ, ਬਲਦ, ਘੋੜਾ, ਸਵਾਰੀ, ਟੂੰਬਾਂ ਘਰ ਆਦਿ ਸਾਰੀਆਂ ਚੀਜ਼ਾਂ ਵਿਚੋਂ ਇਕ ਚੰਗੀ ਚੀਜ਼ ਬ੍ਰਹਿਮਣੀ ਦੇ ਪੁਤ੍ਰ ਨੂੰ ਅਧਾਰ ਨਾਮ ਭਾਗ ਦੇ ਕੇ ਬਾਕੀ ਦੀ ਵੰਡ ਹੇਠ ਲਿਖੀ ਰੀਤੀ ਦੇ ਅਨੁਸਾਰ ਕਰਨ।

150. ਬ੍ਰਾਹਮਣ ਦਾ ਬ੍ਰਹਿਮਣੀ ਤੋਂ ਪੁੱਤਰ ਤਿੰਨ ਹਿੱਸੇ ਖਤਰਾਣੀ ਦਾ ਦੋ ਹਿਸੇ ਵੈਸ਼ਨੀ ਦਾ ਡੇਢ ਹਿੱਸਾ ਸ਼ੂਦਰਾਨੀ ਦਾ ਇਕ ਹਿੱਸਾ ਲੇਵੇ।

151. ਭਾਵੇਂ ਅੱਗੇ ਲਿਖੇ ਢੰਗ ਅਨੁਸਾਰ ਧਰਮਾਤਮਾ ਸਾਰੀ ਮਾਇਆ ਦੇ ਦਸ ਭਾਗ ਕਰਕੇ ਧਰਮ ਅਨੁਸਾਰ ਹਿੱਸਿਆਂ ਦੀ ਵੰਡ ਕਰਨ।

152. ਬ੍ਰਾਹਮਣੀ ਦਾ ਚਾਰ, ਖਤ੍ਰਾਣੀ ਦਾ 3, ਵੈਸ਼ਿਆਣੀ ਦਾ 2, ਸ਼ੂਦਰਾਣੀ ਦਾ 1 ਹਿੱਸਾ ਲੈਣ।

153. ਤਿੰਨਾਂ ਵਰਨਾਂ ਦੀ ਇਸਤਰੀ ਵਿਚੋਂ ਬ੍ਰਾਹਮਣ ਦਾ ਜੰਮਿਆ ਜਾਂ ਨਾ ਜੰਮਿਆ ਹੋਇਆ ਪੁੱਤਰ ਹੋਵੇ ਵੀ ਧਰਮ ਅਨੁਸਾਰ ਸ਼ੂਦਰਾਣੀ ਦੇ ਪੁੱਤਰ ਨੂੰ ਦਸਵੇਂ ਭਾਗ ਤੋਂ ਕੁਝ ਵਧੀਕ ਨਾ ਦਿੱਤਾ ਜਾਵੇ।

154. ਇਨ੍ਹਾਂ ਤਿੰਨਾਂ ਵਰਨਾਂ ਦੇ ਧਨ ਨੂੰ ਸ਼ੂਦਰਾਣੀ ਦਾ ਪੁੱਤਰ ਵਧੀਕ ਨਹੀਂ ਲੈ ਸਕਦਾ।

155. ਇਨ੍ਹਾਂ ਤਿੰਨਾਂ ਵਰਨਾਂ ਦੀ ਇਕ ਜਾਤੀ ਦੀ ਇਸਤਰੀ ਜੋ ਪੁੱਤਰ ਜੰਮੇ ਉਨ੍ਹਾਂ ਵਿਚੋਂ ਅਧਾਰ ਨਾਮ ਵਡੇਰੇ ਪੁੱਤਰ ਨੂੰ ਦੇ ਕੇ ਬਾਕੀ ਦੇ ਧਨ ਨੂੰ ਇਕੋ ਜਿਹਾ ਵੰਡਣ।

156. ਸ਼ੂਦਰ ਆਪਣੀ ਜਾਤੀ ਤੋਂ ਬਿਨਾਂ ਹੋਰ ਇਸਤਰੀ ਨਹੀਂ ਕਰ ਸਕਦਾ ਇਸੇ ਲਈ ਭਾਵੇਂ ਸ਼ੂਦਰ ਦਾ ਸੌ ਪੁੱਤਰ ਵੀ ਹੋਵੇ ਬਰਾਬਰ ਹਿੱਸਾ ਵੰਡਣ।

157. ਮਨੂੰ ਜੀ ਨੇ ਮਨੁੱਖਾਂ ਦੇ ਪੁੱਤਰ 12 ਪ੍ਰਕਾਰ ਦੇ ਦੱਸੇ ਹਨ (6 ਬਿੰਦਆਦਿ 6 ਅਯਾਦ ਬਿੰਦ) ਅਖਾਉਂਦੇ ਹਨ।

158. ਉਨ੍ਹਾਂ ਬਾਰ੍ਹਾਂ ਦੇ ਨਾ ਸੁਣੋ : 1 ਅਦਰਸ਼ 2 ਖੇਤ੍ਰਜ 3 ਦਤ 4 ਕ੍ਰਿਤਰਮ 5 ਗੁਢੋਤਪੁਨ 6 ਆਪੇ ਵਿਚ ਇਹ ਛੇ ਦਇਆ ਬਿੰਦ ਹਨ।

159. 1 ਕਾਨੈਨ 2 ਸੋਹੜ 3 ਕਰੀਤ 4 ਪੁਨਰਬ 5 ਸੂਯਮ ਦਤ 6 ਸ਼ੂਦਰ ਇਹ ਛੇ ਅਯਾਦ ਬਿੰਦ ਹਨ।

160. ਭੈੜੀ ਬੇੜੀ ਦੀ ਰਾਹੀਂ ਅਜਿਹਾ ਫਲ ਹੁੰਦਾ ਹੈ ਉਹੋ ਜਿਹਾ ਅਤਯਾਚਾਰੀ ਪੁੱਤਰ ਕੋਲੋਂ ਨਰਕੋਂ ਪਾਰ ਟੱਪਣ ਲਈ ਹੁੰਦਾ ਹੈ।

161. ਨਮਰਦ ਪੁਰਸ਼ ਜੋ ਬਿਨਾਂ ਸੰਤਾਨ ਹੈ ਉਸਦੀ ਇਸਤਰੀ ਵਿਚੋਂ ਉਸਦੇ ਦੇਵਰ ਨੇ ਆਪਣੇ ਪਿਤਾ ਦੀ ਆਗਿਆ ਨਾਲ ਪੁੱਤਰ ਜਮਾਇਆ ਹੈ ਫਿਰ ਉਹ ਨਮਰਦ ਔਸ਼ਧੀ ਕਰਕੇ ਰਾਜੀ ਹੋ ਕੇ ਪੁੱਤਰ ਪੈਦਾ ਕਰੇ ਤਾਂ ਉਹ ਖਜਤ੍ਰਜ ਤੇ ਅਪਦਰਸ ਪੁੱਤਰ ਉਸਦੇ ਧਨ ਦੇ ਹਿੱਸੇਦਾਰ ਹੋਏ ਪਰ ਮਨੂੰ ਜੀ ਦਾ ਇਹ ਬਚਨ ਹੈ ਕਿ ਜਿਸਦੇ ਬੀਰਜ ਤੋਂ ਮੁੜ ਜੰਮਿਆ ਹੈ ਉਹ ਧਨ ਦਾ ਮਾਲਕ ਹੈ।

162. ਅਦਰਸ਼ ਨਾਮ ਵਾਲਾ ਇਕੋ ਲੜਕਾ ਆਪਣੇ ਪਿਤਾ ਦੀ ਸਾਰੀ ਮਾਇਆ ਦਾ ਸਾਈਂ ਹੈ, ਤੇ ਉਹ ਹੋਰਨਾਂ ਭਰਾਵਾਂ ਨੂੰ ਤਰਸ ਕਰਕੇ ਕਪੜਾ ਭੋਜਨ ਦੇਵੇ।

163. ਪਿਤਾ ਆਦਿ ਦੀ ਆਗਿਆ ਨਾਲ ਪੁੱਤਰ ਉਪਜਾਵਣੇ ਵਾਲਾ ਸੰਤਾਨ ਵਾਲਾ ਹੋਵੇ ਤਾਂ ਖਜਤੀਰਜ ਤੇ ਅਦਰਸ਼ ਦੋਵੇਂ ਲੜਕੇ ਆਪਣੇ ਪਿਉ ਦੇ ਧਨ ਨੂੰ ਛੇ ਜਾਂ ਪੰਜ ਹਿੱਸੇ ਕਰਨ ਇਕ ਹਿੱਸਾ ਖਜਤੀਰਜ ਲਵੇ ਹੋਰ ਮਾਇਆ ਨੂੰ ਅਦਰਸ਼ ਲਵੇ ਜੇ ਖਜਤੀਰਜ ਗੁਣਾਂ ਵਾਲਾ ਹੋਵੇ ਤਾਂ ਪੰਜਵਾਂ ਹਿੱਸਾ ਲਵੇ।

164. ਖਜਤੀਰਜ ਤੇ ਆਦਰਸ਼ ਦੋਵੇਂ ਪਿਤਾ ਦੇ ਧਨ ਨੂੰ ਲੈ ਸਕਦੇ ਹਨ ਹੋਰ ਦਸੇ ਪੁੱਤਰ ਜਿਹੜੇ ਲਿਖੇ ਹਨ ਉਹ ਗੋਤ੍ਰ ਤੇ ਮਾਇਆ ਦੋਹਾਂ ਨੂੰ ਦਰਜੇ ਬਦਰਜੇ ਲੈਣ ਵਾਲੇ ਹਨ।

165. ਜਿਹੜਾ ਆਪਣੀ ਵਿਆਹੁਤਾ ਇਸਤਰੀ ਵਿਚੋਂ ਲੜਕਾ ਹੋਵੇ ਅਦਰਸ਼ ਨਾਮ ਪੁੱਤਰ ਹੈ ਹੋਰਨਾਂ ਸਾਰਿਆਂ ਨਾਲੋਂ ਉੱਤਮ ਹੈ।

166. ਹੀਜੜੇ, ਰੋਈ ਯਾ ਮੋਏ ਹੋਏ ਪੁਰਖ ਦੀ ਤੀਵੀਂ ਵਿਚੋਂ ਜੇੜ੍ਹਾ ਪੁੱਤਰ ਧਰਮ ਅਨੁਸਾਰ ਪਿਓ ਆਦਿ ਦੀ ਆਗਿਆ ਨਾਲ ਦੇਵਰ ਆਦਿਕ ਨੇ ਉਤਪਤ ਕੀਤਾ ਉਹ ਖਜਤੀਰਜ ਅਖਵਾਉਂਦਾ ਹੈ।

167. ਔਖੇ ਵੇਲੇ ਮਾਤਾ ਪਿਤਾ ਆਪ ਆਪਣੇ ਪੁੱਤਰ ਨੂੰ ਪਾਣੀ ਨਾਲ ਸੰਕਲਪ ਕਰਕੇ ਪਿਆਰ

ਨਾਲ ਦੇਵਣ ਤਾਂ ਉਹ ਲੜਕਾ (ਦਤਿਕੇ) ਪੁਤ੍ਰੇਲਾ ਅਖਵਾਉਂਦਾ ਹੈ।

168. ਜਿਹੜਾ ਲੜਕਾ ਆਪਣੀ ਜ਼ਾਤ ਦਾ ਹੋਵੇ ਤੇ ਭਲੇ ਬੁਰੇ ਨੂੰ ਪਛਾਣੇ ਤੇ ਸਿਆਣਾ ਅਤੇ ਗੁਣੀ ਹੋਵੇ ਉਸ ਨੂੰ ਪੁੱਤਰ ਬਣਾਈਏ ਤਾਂ ਕ੍ਰਿਤਮ ਸਦਾਉਂਦਾ ਹੈ।

169. ਘਰ ਵਿਚ ਪੈਦਾ ਹੋਵੇ ਤੇ ਇਹ ਮਲੂਮ ਨ ਹੋਵੇ ਕਿ ਕਿਸਦੇ ਬੀਰਜ ਤੋਂ ਜੰਮਿਆ ਹੈ ਤਾਂ ਜਿਸਦੀ ਇਸਤਰੀ ਨੇ ਜੰਮਿਆ ਹੋਵੇ ਉਸਦਾ ਗੁੜ ਉਤਪੰਨ ਨਾਮ ਪੁੱਤਰ ਸਦਾਉਂਦਾ ਹੈ।

170. ਮਾਂ ਪਿਉ ਦੋਹਾਂ, ਭਾਵੇਂ ਇਕ ਨੇ ਜਿਸ ਪੁੱਤਰ ਨੂੰ ਤਿਆਗਿਆ ਹੋਵੇ ਤੇ ਹੋਰ ਕੋਈ ਆਪਣਾ ਪੁੱਤਰ ਬਣਾ ਲਿਆ ਹੋਵੇ ਤਾਂ ਉਹ ਲੈਣ ਵਾਲੇ ਦਾ ਆਪ ਬਧ ਨਾਮ ਪੁੱਤਰ ਅਖਵਾਉਂਦਾ ਹੈ।

171. ਬਿਨਾਂ ਵਿਆਹੇ ਪੁੱਤਰੀ ਨੇ ਪਿਤਾ ਦੇ ਘਰ ਹੀ ਲੁੱਕ ਕੇ ਜਿਸ ਪੁੱਤਰ ਨੂੰ ਪੈਦਾ ਕੀਤਾ ਹੋਵੇ ਉਹ ਪੁੱਤਰ ਉਸ ਪੁੱਤਰੀ ਨਾਲ ਵਿਆਹ ਕਰਨੇ ਵਾਲੇ ਦਾ ਕਾਨੈਨ ਪੁੱਤਰ ਕਹਾਉਂਦਾ ਹੈ।

172. ਪੁੱਤਰੀ ਗਰਭਵਤੀ ਹੋਵੇ ਉਸ ਨੂੰ ਵਿਆਹ ਦੇਈਏ ਤੇ ਉਸ ਗਰਭ ਦਾ ਪੁੱਤਰ ਜਨਮੇ ਤਾਂ ਵਿਆਹ ਲੈਣ ਵਾਲੇ ਪੁਰਸ਼ ਦਾ ਉਹ ਸੁਰੜ ਨਾਮ ਪੁੱਤਰ ਸਦਾਉਂਦਾ ਹੈ।

173. ਜਿਸ ਪੁੱਤਰ ਨੂੰ ਮਾਤਾ ਪਿਤਾ ਆਪਣਾ ਪੁੱਤਰ ਬਣਾਨੇ ਵਾਸਤੇ ਮੁੱਲ ਲੈਣ ਤੇ ਉਹ ਪੁੱਤਰ ਆਪਣੇ ਜਿਹਾ ਹੋਵੇ ਤੇ ਆਪਣੇ ਜਿਹਾ ਨਾ ਹੋਵੇ ਪਰ ਆਪਣੀ ਜ਼ਾਤ ਦੇ ਬਰਾਬਰ ਜ਼ਾਤ ਦਾ ਹੋਵੇ ਤਾਂ ਉਹ ਪੁੱਤਰ ਮੁੱਲ ਲੈਣ ਵਾਲੇ ਦਾ ਕ੍ਰਿੜਨਾਮ ਪੁੱਤਰ ਸਦਾਉਂਦਾ ਹੈ।

174. ਛੁੱਟੜ ਜਾਂ ਵਿਧਵਾ ਇਸਤਰੀ ਨੇ ਆਪਣੀ ਮਰਜ਼ੀ ਨਾਲ ਹੋਰ ਪਤੀ ਕੋਲੋਂ ਪੁੱਤਰ ਜੰਮਿਆ ਹੋਵੇ ਉਸਦਾ ਨਾਮ ਪੁਨਰ ਭੂ ਪੁੱਤਰ ਹੈ।

175. ਨਵੀਂ ਵਿਆਹੀ ਇਸਤਰੀ ਜੋ ਅਜੇ ਆਪਣੇ ਪਤੀ ਨਾਲ ਨਾ ਸੁੱਤੀ ਹੋਵੇ ਉਹ ਜੇ ਹੋਰ ਪਤੀ ਕੋਲ ਜਾਵੇ ਤਾਂ ਉਹ ਉਸ ਮਨੁੱਖ ਨਾਲ ਵੀ ਵਿਆਹ ਯੋਗ ਹੁੰਦੀ ਹੈ।

176. ਜਿਸ ਲੜਕੇ ਦੇ ਮਾਪੇ ਮਰ ਗਏ ਹੋਣ ਜਾਂ ਬਿਨਾਂ ਕਿਸੇ ਕਾਰਨ ਦੇ ਉਸ ਨੂੰ ਘਰੋਂ ਕਢਿਆ ਹੋਵੇ ਉਹ ਬਾਲਕ ਆਪਣੇ ਆਪ ਨੂੰ ਦੇ ਦੇਵੇ ਤਾਂ ਉਹ ਸੋਮਦਤ ਸਦਾਉਂਦਾ ਹੈ।

177. ਕਾਮ ਤੇ ਮੋਹ ਦੀ ਅਧਿਕਤਾ ਤੋਂ ਵਿਆਹੀ ਹੋਈ ਸ਼ੂਦਰ ਦੀ ਇਸਤਰੀ ਵਿਚੋਂ ਉਤਪੰਨ ਹੋਇਆ ਲੜਕਾ ਜੀਉਂਦਾ ਮੋਇਆ ਹੈ ਇਸ ਲਈ ਉਹ ਲੜਕਾ ਭਾਵੇਂ ਬ੍ਰਾਹਮਣ ਦਾ ਹੋਵੇ ਭਾਵੇਂ ਸ਼ੂਦਰ ਦਾ ਉਹਦਾ ਨਾਮ ਪਾਰਸੂ ਪੁੱਤਰ ਹੈ।

178. ਦਾਸੀ ਜਾਂ ਦਾਸੀ ਦੀ ਦਾਸ ਦਾ ਪੁੱਤਰ ਵੀ ਮਾਤਾ ਦੇ ਹੁਕਮ ਨਾਲ ਹਿੱਸਾ ਲੈ ਸਕਦਾ

ਹੈ ਇਹ ਧਰਮ ਵਿਚ ਦਾਖਲ ਹੈ।

179. 11 ਪ੍ਰਕਾਰ ਦੇ ਖੇਤ੍ਰਜ ਆਦਿਕ ਪੁੱਤਰ ਵਿਚੋਂ ਪੰਡਤਾਂ ਨੇ ਕੁਲ ਵਰਨ ਧਰਮ ਦੇ ਨਾ ਨਾਸ ਹੋਣ ਲਈ ਸੰਤਾਨ ਮੰਨਿਆ ਹੈ।

180. ਦੂਜੇ ਦੇ ਬੀਰਜ ਤੋਂ ਉਤਪਤ ਲੜਕੇ ਆਦਰਸ਼ ਨਾਮ ਪੁੱਤਰ ਹਨ ਨਹੀਂ ਤਾਂ ਜਿਸਦੇ ਬੀਰਜ ਤੋਂ ਜੰਮੇ ਉਹਦਾ ਹੀ ਪੁੱਤਰ ਹੁੰਦਾ ਹੈ ਦੂਜੇ ਦਾ ਨਹੀਂ।

181. ਇਕ ਪਿਤਾ ਦੇ ਚਾਰ ਪੰਜ ਭਰਾਵਾਂ ਵਿਚੋਂ ਜੇ ਇਕ ਪੁੱਤਰਵਾਨ ਹੋਵੇ ਤਾਂ ਸਾਰੇ ਪੁਤ੍ਰਵਾਨ ਅਖਵਾਉਂਦੇ ਹਨ।

182. ਮਨੂੰ ਜੀ ਦਾ ਇਹ ਵੀ ਹੁਕਮ ਹੈ ਕਿ ਜੇ ਕਿਸੇ ਦੀਆਂ ਚਾਰ ਪੰਜ ਇਸਤਰੀਆਂ ਹੋਣ ਉਨ੍ਹਾਂ ਵਿਚੋਂ ਇਕ ਪੁੱਤਰਾਂ ਵਾਲੀ ਹੋਵੇ ਤਾਂ ਸਾਰੀਆਂ ਪੁਤਰਵਾਨ ਹਨ।

183. ਬਾਰਾਂ ਪ੍ਰਕਾਰ ਦੇ ਪੁੱਤਰਾਂ ਵਿਚੋਂ ਪਹਿਲੇ ਦੇ ਨਾ ਹੋਣ ਕਰਕੇ ਦੂਜੇ ਧਨ ਨੂੰ ਪਾਉਂਦੇ ਹਨ ਜੇ ਜੋੜੇ ਪੁੱਤਰ ਹੋਣ ਤਾਂ ਧਨ ਵੀ ਜੋੜਾ ਕਰਕੇ ਪਾਉਂਦੇ ਹਨ।

184. ਪੁੱਤਰ ਦੇ ਹੁੰਦਿਆਂ ਪਿਤਾ ਅਤੇ ਭਰਾ ਧਨ ਨਹੀਂ ਲੈ ਸਕਦੇ ਜੇ ਪੁੱਤਰ ਨਾ ਹੋਵੇ ਤਾਂ ਲੈ ਸਕਦੇ ਹਨ।

185. ਪਿਤਾ, ਦਾਦਾ, ਪਰਦਾਦਾ ਇਹਨਾਂ ਤਿੰਨਾਂ ਨੂੰ ਪਿੰਡ ਦੇਵੇ ਹੋਰ ਕਿਸੇ ਨੂੰ ਨਾ।

186. ਮਰਨ ਵਾਲੇ ਆਦਮੀ ਦਾ ਧਨ ਸੱਤਾਂ ਪੀਹੜੀਆਂ ਵਿਚੋਂ ਨੇੜੇ ਵਾਲਾ ਮਨੁੱਖ ਸਾਂਭਦਾ ਹੈ ਜੇ ਉਹ ਨਾ ਹੋਵੇ ਤਾਂ ਜੋ ਦੂਰੋਂ ਰਲਦਾ ਹੋਵੇ ਉਹ ਸਾਂਭੇ ਇਹਨਾਂ ਦੇ ਨਾ ਹੋਣ ਤੋਂ ਅਚਾਰੀਆ ਜੇ ਇਹ ਵੀ ਨਾ ਹੋਵੇ ਤਾਂ ਚੇਲਾ ਸਾਂਭੇ।

187. ਇਹਨਾਂ ਦੇ ਨਾ ਹੋਣ ਤੋਂ ਤਿੰਨ ਵੇਦ ਗਿਆਤਾ ਇੰਦ੍ਰੇ ਜਿਤ ਬ੍ਰਾਹਮਣ ਪੁਤਰਵਾਨ ਸਾਂਭੇ ਇਹ ਧਰਮ ਦਾ ਰਾਖਾ ਹੈ।

188. ਰਾਜਾ ਬੇਵਾਰਸ ਬ੍ਰਾਹਮਣ ਦਾ ਧਨ ਕਦਾਚਿਤ ਨਾ ਲਵੇ ਹੋਰ ਵਰਨਾਂ ਦੇ ਬੇਵਾਰਸਾਂ ਦਾ ਲੈ ਸਕਦਾ ਹੈ।

189. ਬਿਨਾਂ ਸੰਤਾਨ ਆਦਮੀ ਦੇ ਮਰ ਜਾਣ ਤੋਂ ਪਿਛੋਂ ਉਹਦੀ ਇਸਤਰੀ ਜੇ ਆਪਣੇ ਸਹੁਰੇ ਦੀ ਆਗਿਆ ਨਾਲ ਪੁੱਤਰ ਪੈਦਾ ਕਰ ਲਵੇ ਤਾਂ ਉਹ ਧਨ ਉਸ ਪੁੱਤਰ ਦਾ ਹੈ।

190. ਇਕ ਇਸਤਰੀ ਦੇ ਦੋ ਆਦਮੀਆਂ ਕੋਲ ਦੋ ਪੁੱਤਰ ਹੋਣ ਤੇ ਉਸ ਦੇ ਧਨ ਤੇ ਝਗੜਾ ਕਰਦੇ ਹੋਣ ਜਿਸਦੇ ਪਿਉ ਨੇ ਉਸ ਨੂੰ ਧਨ ਦਿੱਤਾ ਹੈ ਉਹ ਲਵੇ ਦੂਜਾ ਨਾ।

191. ਮਾਤਾ ਦੇ ਮਰਨ ਤੋਂ ਪਿਛੋਂ ਸਾਰੇ ਭਰਾ ਤੇ ਭੈਣਾਂ ਤੁਲ ਭਾਗ ਧਨ ਵੰਡਣ।

192. ਨਾਨੀ ਦੇ ਧਨ ਵਿਚੋਂ ਕੁਝ ਹਿੱਸਾ ਦੋਹਤ੍ਰੀ ਨੂੰ ਦੇਣਾ ਯੋਗ ਹੈ।

193. ਇਸਤਰੀ ਧਨ ਛੇ ਹਨ, ਵਿਆਹ ਸਮੇਂ ਅਗਨੀ ਸਾਹਮਣੇ ਜੋ ਮਾਪੇ ਦੇਣ, ਵਿਦਾ

ਵੇਲੇ, ਪਿਆਰ ਨਾਲ ਪਤੀ ਦਾ ਦਿੱਤਾ ਹੋਇਆ ਭਰਾ ਮਾਤਾ ਪਿਤਾ ਨੇ ਜੋ ਦਿੱਤਾ ਹੋਵੇ।

194. ਪਤੀ ਦਾ ਦਿੱਤਾ ਹੋਇਆ ਧਨ ਅਤੇ ਉਸਦੇ ਮਰਨ ਤੋਂ ਪਿਛੋ ਜੋ ਉਸਦੇ ਵਾਰਸਾਂ ਨੇ ਦਿੱਤਾ ਹੋਵੇ ਉਹ ਮਾਤਾ ਦੇ ਪਿਛੋਂ ਪੁੱਤਰਾਂ ਦਾ ਹੱਕ ਹੈ।

195. ਬ੍ਰਹਮ ਦੇਵ, ਅਰਸ਼, ਗੰਧਰਬ, ਪਰਜਾ ਪਤੀ ਇਹਨਾਂ ਵਿਆਹਾਂ ਵਿਚੋਂ ਜੋ ਧਨ ਇਸਤਰੀ ਨੂੰ ਮਿਲਿਆ ਹੋਵੇ ਉਸਦਾ ਮਾਲਕ ਉਹਦਾ ਪਤੀ ਹੈ ਉਸਦੇ ਮਰਨ ਤੋਂ ਪਿਛੋ।

196. ਅਸੁਰ, ਪਿਸਾਚ, ਰਾਖਸ਼ ਇਹਨਾਂ ਵਿਆਹਾਂ ਵਿਚ ਮਿਲਿਆ ਧਨ ਇਸਤਰੀ ਜੇ ਬੇ-ਔਲਾਦ ਮਰ ਜਾਵੇ ਤਾਂ ਉਸਦੇ ਮਾਪੇ ਲੈਂਦੇ ਹਨ ਪਤੀ ਨਹੀਂ ਲੈ ਸਕਦਾ।

197. ਬ੍ਰਾਹਮਣ ਦੀਆਂ ਚੌਹਾਂ ਵਰਨਾਂ ਦੀਆਂ ਇਸਤਰੀਆਂ ਵਿਚੋਂ ਜੇ ਬ੍ਰਾਹਮਣੀ ਦੀ ਪੁੱਤਰੀ ਹੋਵੇ ਤੇ ਹੋਰ ਵਰਨਾਂ ਦੀਆਂ ਬੇ-ਔਲਾਦ ਹੋਣ ਤੇ ਉਹਨਾਂ ਨੂੰ ਭਾਵੇਂ ਕਿਸੇ ਤਰ੍ਹਾਂ ਪਿਤਾ ਨੇ ਧਨ ਦਿੱਤਾ ਹੋਵੇ ਉਸ ਧਨ ਨੂੰ ਉਹਨਾਂ ਦੇ ਮਰਨ ਪਿਛੋ ਬ੍ਰਾਹਮਣੀ ਦੀ ਕੰਨਿਆਂ ਲਵੇ ਜੇ ਕੰਨਿਆਂ ਨਾ ਹੋਵੇ ਤਾਂ ਪੁੱਤਰ ਲਵੇ।

198. ਭਰਾ ਆਦਿਕਾਂ ਦਾ ਧਨ ਇਸਤਰੀ ਬਿਨਾਂ ਆਗਿਆ ਪਤੀ ਦੇ ਗਹਿਣਾ ਆਦਿ ਨਾ ਬਣਾਵੇ ਕਿਉਂਕਿ ਇਹ ਧਨ ਇਸਤਰੀਆਂ ਦਾ ਨਹੀਂ ਹੈ।

199. ਹੀਜੜਾ, ਜਮਾਂਦਰੂ ਅੰਨ੍ਹਾ, ਬੋਲਾ, ਗੂੰਗਾ, ਰੋਗੀ, ਅੰਗਹੀਨ ਅਜਿਹੇ ਆਦਮੀ ਉਹ ਹਿੱਸਾ ਨਹੀਂ ਪਾਉਂਦੇ।

200. ਉਪਰ ਦੱਸੇ ਹੋਏ ਪੁਰਸ਼ਾਂ ਨੂੰ ਸਾਰੇ ਹਿੱਸੇਦਾਰ ਜੀਵਨ ਪ੍ਰਯੰਤ ਅੰਨ ਬਸਤ੍ਰ ਆਦਿਕ ਦੇਣ ਜੇ ਨਾ ਦੇਣ ਤਾਂ ਪਾਪੀ ਹੁੰਦੇ ਹਨ।

201. ਹੀਜੜਾ ਵੀ ਜੇ ਵਿਆਹ ਦੀ ਇੱਛਾ ਕਰੇ ਤਾਂ ਸ਼ਾਸਤ੍ਰ ਅਨੁਸਾਰ ਉਸ ਵਿਚੋਂ ਪੁੱਤਰ ਪੈਦਾ ਕਰਾ ਕੇ ਉਸਨੂੰ ਹਿੱਸਾ ਦੇਵੇ।

202. ਪਿਤਾ ਦੇ ਮਰਨ ਤੇ ਪਿਛੋ ਵੱਡਾ ਭਰਾ ਧਨ ਇਕੱਠਾ ਕਰੇ। ਉਸ ਵਿਚੋਂ ਦੂਜੇ ਹਿੱਸਾ ਤਾਂ ਲੈ ਸਕਦੇ ਹਨ ਜੇ ਵਿਦਵਾਨ ਹੋਣ ਤਾਂ।

203. ਸਾਰੇ ਅਨਪੜ੍ਹ ਭਰਾਵਾਂ ਦੀ ਇਕੱਠੀ ਕੀਤੀ ਹੋਈ ਮਾਇਆ ਦਾ ਬਰਾਬਰ ਹਿੱਸਾ ਕਰਨਾ ਚਾਹੀਦਾ ਹੈ ਕਿਉਂਕਿ ਉਹ ਪਿਤਾ ਦਾ ਧਨ ਨਹੀਂ ਹੈ।

204. ਜੋ ਧਨ ਵਿੱਦਿਆ ਮਿਤ੍ਰਤਾਈ ਤੇ ਵਿਆਹ ਤੋਂ ਮਿਲੇ ਉਹ ਉਸੇ ਦਾ ਹੈ ਜਿਸਨੂੰ ਮਿਲੇ ਉਸ ਵਿਚ ਕਿਸੇ ਦਾ ਹਿੱਸਾ ਨਹੀਂ ਜੋ ਇਕੱਠਾ ਕਰੇ ਉਸੇ ਦਾ ਹੈ।

205. ਸਿਆਣੇ ਤੇ ਪਿਤਾ ਦੇ ਧਨ ਤੋਂ ਨਿਰਚਾਹ ਭਰਾ ਨੂੰ ਕੁਝ ਧਨ ਦੇ ਕੇ ਬੇ ਹਿੱਸਾ ਕਰੋ ਕਿਉਂਕਿ ਉਸਦੇ ਪੁੱਤਰ ਹਿੱਸਾ ਲੈਣ ਲਈ ਝਗੜਾ ਨਾ ਕਰਨ।

206. ਆਪਣੇ ਇਕੱਤ੍ਰ ਕੀਤੇ ਹੋਏ ਰੁਪਏ ਵਿਚੋਂ ਭਰਾਵਾਂ ਨੂੰ ਹਿੱਸਾ ਨਾ ਦੇਵੇ ਤੇ ਪਿਤਾ ਦਾ ਧਨ ਖਰਚ ਨਾ ਕਰੇ।

207. ਪਿਤਾ ਦਾ ਧਨ ਕੋਈ ਦਬਾ ਰੱਖੇ ਤੇ ਪੁੱਤਰ ਉਸਨੂੰ ਬੜੇ ਹੀ ਯਤਨ ਨਾਲ ਵਸੂਲ ਕਰੇ ਉਹ ਆਪਣੇ ਪੁੱਤਰਾਂ ਨੂੰ ਖੁਸ਼ੀ ਨਾਲ ਦੇਵੇ ਕਿਉਂਕਿ ਉਹਦੇ ਪਿਤਾ ਦਾ ਨਹੀਂ।

208. ਇਕ ਵਾਰ ਵੰਡ ਹੋ ਜਾਵੇ ਤੇ ਫਿਰ ਰਲਕੇ ਵਿਹਾਰ ਕਰਨ ਅਤੇ ਫੇਰ ਵੰਡਣ ਤਾਂ ਵੱਡੇ ਭਰਾ ਨੂੰ ਉਹ ਹਿੱਸਾ ਨਾ ਦੇਵੇ ਜਿਹੜਾ ਕਿ ਵਡਿਆਈ ਕਰਕੇ ਦਿੱਤਾ ਜਾਂਦਾ ਹੈ।

209. ਵੱਡਾ ਜਾਂ ਛੋਟਾ ਭਰਾ ਵੰਡ ਵੇਲੇ ਸੰਨਿਆਸੀ ਆਦਿ ਹੋ ਜਾਣ ਤੋਂ ਆਪਣਾ ਹਿੱਸਾ ਨਾ ਲਵੇ ਜੇ ਮਰ ਗਿਆ ਹੋਵੇ ਤਾਂ ਉਸਦਾ ਹਿੱਸਾ ਵੱਖਰਾ ਕਰਨਾ ਠੀਕ ਹੈ।

210. ਸਾਰੇ ਭੈਣ ਭਰਾ ਉਸਦੇ ਹਿੱਸੇ ਨੂੰ ਵੰਡ ਲੈਣ।

211. ਜੇ ਵੱਡਾ ਭਰਾ ਲਾਲਚ ਕਰਕੇ ਛੋਟੇ ਭਰਾ ਨੂੰ ਹਿੱਸਾ ਨਹੀਂ ਦਿੰਦਾ ਉਹ ਵੱਡਾ ਭਰਾ ਨਹੀਂ ਰਾਜਾ ਉਸਨੂੰ ਯੋਗ ਡੰਡ ਦੇਵੇ।

212. ਜੇ ਸਾਰੇ ਭਰਾ ਨਿਕੰਮੇ ਕੰਮਾਂ ਵਿਚ ਲਗੇ ਰਹਿਣ ਤਾਂ ਧਨ ਦੇ ਵਾਰਸ ਨਹੀਂ ਸਾਰਾ ਧਨ ਬਿਨਾਂ ਦਿੱਤੇ ਛੋਟੇ ਭਰਾ ਦੇ ਆਪਣੇ ਕਬਜ਼ੇ ਵਿਚ ਨਾ ਕਰੇ।

213. ਸਾਰੇ ਭਰਾ ਮਿਲਕੇ ਧਨ ਇਕੱਠਾ ਕਰਨ ਤਾਂ ਪਿਓ ਨੂੰ ਯੋਗ ਹੈ ਕਿ ਵੰਡ ਦੇ ਵੇਲੇ ਬਰਾਬਰ ਹਿੱਸਾ ਦੇਵੇ ਘੱਟ ਵੱਧ ਨਾ ਕਰੇ।

214. ਪਿਤਾ ਨੇ ਪੁੱਤਰਾਂ ਤੋਂ ਵੱਖ ਹੋ ਕੇ ਫੇਰ ਪੁੱਤਰ ਪੈਦਾ ਕੀਤਾ ਹੋਵੇ ਤਾਂ ਉਹ ਪੁੱਤਰ ਕੇਵਲ ਪਿਤਾ ਦਾ ਹੀ ਧਨ ਲਵੇ ਜੇ ਫਿਰ ਰਲ ਜਾਣ ਤਾਂ ਫਿਰ ਉਹਨਾਂ ਦੇ ਹਿੱਸਿਆਂ ਦੀ ਵੰਡ ਕਰੇ।

215. ਜੇ ਪੁੱਤਰ ਬੇ ਔਲਾਦ ਹੋਵੇ ਤਾਂ ਉਸਦਾ ਧਨ ਉਸਦੀ ਮਾਤਾ ਲਵੇ।

216. ਧਨ ਤੇ ਕਰਜੇ ਦੇ ਵੰਡਣ ਤੋਂ ਪਿਛੋਂ ਜੋ ਧਨ ਹੋਵੇ ਉਸਦੇ ਹਿੱਸੇ ਬਰਾਬਰ ਸ਼ਾਸਤ੍ਰ ਅਨੁਸਾਰ ਕਰੇ।

217. ਕੱਪੜਾ, ਸੁਆਰੀ, ਸਜਾਵਟ ਦੇ ਅਸਬਾਬ, ਗਹਿਣੇ, ਸ਼ੀਸ਼ੇ ਹਥਿਆਰ ਆਦਿ ਬਣੇ ਹੋਏ ਖਾਣੇ ਦਾ ਅੰਨ ਤੇ ਪਾਣੀ ਦਾ ਖੂਹ ਤੇ ਘਰ ਦੇ ਪ੍ਰੋਹਤ ਆਦਿ ਆਉਣ ਜਾਣ ਦਾ ਪਸੂ ਆਦਿ ਨਹੀਂ ਵੰਡਣੇ ਚਾਹੀਏ।

218. ਭ੍ਰਿਗੂ ਜੀ ਆਖਦੇ ਹਨ ਕਿ ਹੇ ਰਿਸ਼ੀ ਲੋਕੋ ! ਖੇਤ੍ਰਜ ਆਦਿ ਪੁੱਤਰਾਂ ਦੀ ਰਿਸ਼ੀਆਂ ਦੀ ਵੰਡ ਨੂੰ ਆਖਿਆ ਹੈ ਉਸ ਤੋਂ ਪਿਛੇ ਜੂਏ ਨੂੰ ਕਥਨ ਕਰਦੇ ਹਾਂ।

219. ਦੇਵਤਾ ਤੇ ਸਮਾਰ ਹੂਏ ਜੁਆਰੀਆਂ ਨੂੰ ਰਾਜਾ ਆਪਣੇ ਰਾਜ ਵਿਚ ਨਾ ਹੋਣ ਦੇਵੇ ਕਿਉਂਕਿ ਇਹ ਦੋਵੇਂ ਰਾਜ ਨੂੰ ਨਸ਼ਟ ਕਰਦੇ ਹਨ।

220. ਦੋਵੇਂ ਤਰ੍ਹਾਂ ਦਾ ਜੂਆ ਚੋਰੀ ਹੈ ਤੇ ਰਾਜ ਨੂੰ ਬਦਨਾਮ ਅਤੇ ਨੁਕਸਾਨ ਪਹੁੰਚਦਾ ਹੈ ਰਾਜੇ ਦਾ ਫਰਜ਼ ਹੈ ਕਿ ਦੋ ਤਰ੍ਹਾਂ ਦੇ ਜੁਆਰੀਆਂ ਨੂੰ ਨਾਸ ਕਰੇ।

221. ਨਿਰਜੀਵ ਸ਼ੈ ਪਾਸੇ ਤੇ ਲਾ ਕੇ ਜੂਆ ਖੇਡਣਾ ਦੇਵਤਾ ਹੈ ਤੇ ਜੀਵਾਂ ਤੇ ਸ਼ਰਤ ਲਾ ਕੇ ਜੂਆ ਖੇਡਣਾ ਸਮਾਰ ਹੁਏ ਹੈ।

222. ਇਹਨਾਂ ਦੇ ਖੇਡਣ ਵਾਲਾ ਭਾਵੇਂ ਚੌਹਾਂ ਵਰਨਾਂ ਵਿਚ ਕੋਈ ਹੋਵੇ ਨਸ਼ਟ ਕਰਨ ਯੋਗ ਹੈ।

223. ਰਾਜਾ ਹੇਠਲੇ ਮਨੁਖਾਂ ਨੂੰ ਛੇਤੀ ਦੇਸੋਂ ਬਾਹਰ ਕੱਢ ਦੇਵੇ ਜੁਆਰੀਆ, ਗਵੱਈਆ, ਨਾਚਾ, ਵਿਰੋਧੀ, ਪਾਖੰਡੀ, ਫਰੇਬੀ, ਵਿਕਾਰੀ, ਕਲਾਲ ਆਦਿਕਾਂ ਨੂੰ ਪਿੰਡੋਂ ਬਾਹਰ ਕਰ ਦੇਵੇ।

224. ਇਹ ਗੁਪਤ ਚੋਰ ਅਤੇ ਪਰਜਾ ਨੂੰ ਦੁਖੀ ਕਰਦੇ ਹਨ।

225. ਜੂਆ ਵੱਡਾ ਐਬ ਹੈ ਇਸ ਲਈ ਸਿਆਣਾ ਮਨੁੱਖ ਸੁਭਾਵਕ ਭੀ ਜੂਆ ਨਾ ਖੇਡੇ।

226. ਜੂਆ ਭਾਵੇਂ ਛਿਪਕੇ ਜਾਂ ਸਾਹਮਣੇ ਖੇਡੇ ਰਾਜਾ ਜ਼ਰੂਰ ਡੰਡ ਦੇਵੇ।

227. ਬ੍ਰਾਹਮਣ ਹੌਲੀ-ਹੌਲੀ ਜੁਰਮਾਨਾ ਦੇਵੇ ਅਤੇ ਦੂਜੇ ਵਰਨ ਮਜ਼ੂਰੀ ਕਰਕੇ ਜੁਰਮਾਨਾ ਪੂਰਾ ਕਰਨ।

228. ਇਸਤਰੀ, ਬਾਲ, ਬੁੱਢਾ, ਸੁਦਾਈ, ਗਰੀਬ, ਰੋਗੀ ਆਦਿ ਪੁਰਸ਼ਾਂ ਨੂੰ ਬੈਂਤ ਮਾਰਨ ਦੀ ਸਜਾ ਦੇਣੀ ਯੋਗ ਹੈ।

229. ਕੰਮ ਕਰਨ ਵਾਲਾ ਜੋ ਜਾਨ ਬੁਝਕੇ ਨੁਕਸਾਨ ਕਰੇ ਤਾਂ ਰਾਜਾ ਉਸਦਾ ਸਾਰਾ ਧਨ ਲੈ ਲਵੇ।

230. ਜੋ ਰਾਜਾ ਦੀ ਆਗਿਆ ਤੋਂ ਵਿਰੁੱਧ ਚਲਣ ਵਾਲੇ ਜਾਂ ਮਸੂਲ ਦੇ ਵਿਚ ਘਾਟ ਕਰਨ ਵਾਲੇ ਅਤੇ ਇਸਤਰੀ ਬਾਲਕ ਬ੍ਰਾਹਮਣ ਨੂੰ ਮਾਰਨ ਵਾਲੇ ਰਾਜੇ ਦੇ ਦੁਸ਼ਮਣ ਨਾਲ ਪਿਆਰ ਕਰਨ ਵਾਲੇ ਪੁਰਸ਼ ਹੋਣ ਛੇਤੀ ਹੀ ਰਾਜਾ ਉਹਨਾਂ ਦਾ ਨਾਸ ਕਰੇ।

231. ਨਿਆਂ ਨਾਲ ਦਿੱਤੀ ਹੋਈ ਸਜਾ ਪ੍ਰਵਾਨ ਕਰਨੀ ਉਚਿਤ ਹੈ।

232. ਵਜ਼ੀਰ ਆਦਿਕਾਂ ਦੇ ਕੀਤੇ ਹੋਏ ਨਿਆਂ ਨੂੰ ਰਾਜਾ ਆਪ ਸੋਚੇ ਜੇ ਕੋਈ ਭੁਲ ਅਨਿਆਏ ਕਰਕੇ ਹੋਵੇ ਤਾਂ 1000 ਪਨ ਡੰਡ ਦੇਵੇ।

233. ਮਾਤਾ ਨਾਲ ਭੋਗ ਕਰਨ ਵਾਲਾ ਸ਼ਰਾਬੀ, ਬ੍ਰਾਹਮਣਘਾਤੀ ਤੇ ਬ੍ਰਾਹਮਣ ਦਾ ਚੋਰ ਇਹ ਸਾਰੇ ਬੜੇ ਪਾਪੀ ਹਨ।

234. ਇਹਨਾਂ ਪਾਪਾਂ ਦੇ ਨਾ ਕਰਨ ਵਾਲੇ ਅਤੇ ਇਕ ਜਾਂ ਦੋ ਤ੍ਰੈ ਕਰਨ ਵਾਲੇ ਪੁਰਸ਼ਾਂ ਨੂੰ ਹੇਠ ਲਿਖੇ ਡੰਡ ਜ਼ਰੂਰ ਦੇਵੇ।

235. ਮਾਤਾ ਨਾਲ ਭੋਗ ਕਰਨ ਵਾਲੇ ਦੇ ਮੱਥੇ ਤੇ ਭਗ ਦੀ ਸ਼ਕਲ ਤੇ ਸ਼ਰਾਬੀ ਦੇ ਮੱਥੇ ਤੇ ਬੋਤਲ ਗਲਾਸ ਆਦਿਕਾਂ ਦਾ ਚਿੰਨ੍ਹ ਤੇ ਬ੍ਰਾਹਮਣ ਦਾ 16 ਮਾਸੇ ਸੋਨਾ ਚੁਰਾਨ ਵਾਲੇ ਦੇ ਮੱਥੇ ਤੇ ਕੁੱਤੇ ਦੇ ਪੈਰ ਦਾ ਨਿਸ਼ਾਨ ਬ੍ਰਾਹਮਣ ਦੇ ਮਾਰਨ ਵਾਲੇ ਪੁਰਸ਼ ਦੇ ਮੱਥੇ ਤੇ ਸਿਰ ਲੱਥੇ ਪੁਰਸ਼ ਦਾ ਚਿੰਨ੍ਹ ਤਪਾ ਕੇ ਉਕਰਨਾ ਜਾਂ ਛਾਪਣਾ ਚਾਹੀਏ।

236. ਤੇ ਜਿਨ੍ਹਾਂ ਨੂੰ ਇਹ ਨਿਸ਼ਾਨ ਹੋਵਣ ਉਹਨਾਂ ਦਾ ਭੋਜਨ ਯੱਗ, ਪਾਠ, ਵਿਆਹ ਆਦਿ ਕਰਮ ਨਹੀਂ ਕਰਨਾ ਚਾਹੀਦਾ ਇਹ ਸਾਰਿਆਂ ਧਰਮਾਂ ਤੋਂ ਦੂਰ ਕੰਗਾਲ ਫਿਕਰਮੰਦ ਡਰਦੇ ਧਰਤੀ ਉਪਰ ਫਿਰਨ।

237. ਜਾਤ ਦੇ ਸਾਕ ਵਾਲੇ ਸਬੰਧੀ ਸਾਰੇ ਉਨ੍ਹਾਂ ਦਾ ਤਿਆਗ ਕਰਨ ਉਹਨਾਂ ਤੇ ਦਇਆ ਵੀ ਨਾ ਕਰਨ ਤੇ ਉਨ੍ਹਾਂ ਨੂੰ ਨਮਸਕਾਰ ਆਦਿਕ ਕੁਝ ਨਾ ਕਰਨਾ ਮਨੂੰ ਜੀ ਮਹਾਰਾਜ ਦੀ ਆਗਿਆ ਹੈ।

238. ਜੇ ਚਾਰੇ ਵਰਨ ਇਹ ਪਾਪ ਕਰਨ ਵਾਲੇ ਹੋਣ ਤਾਂ ਰਾਜਾ ਉਨ੍ਹਾਂ ਦੇ ਮੱਥੇ ਤੇ ਨਿਸ਼ਾਨ ਨਾ ਕਰਕੇ ਹਜ਼ਾਰ ਪਨ ਡੰਡ ਲਵੇ।

239. ਬ੍ਰਾਹਮਣ ਪਾਪ ਕਰਨ ਵਾਲੇ ਕੋਲੋਂ ਮੱਧਮ ਸਾਹਸ ਡੰਡ ਲਵੇ ਭਾਵੇਂ ਉਸਨੂੰ ਘਰ ਦੇ ਪਦਾਰਥ ਤੇ ਅਸਬਾਬ ਸਮੇਤ ਆਪਣੇ ਰਾਜ ਵਿਚੋਂ ਬਾਹਰ ਕੱਢ ਦੇਵੇ।

240. ਖੱਤਰੀ ਆਦਿ ਤਿੰਨੇ ਵਰਨ ਬਿਨਾਂ ਚਾਹ ਤੋਂ ਇਹ ਪਾਪ ਕਰਨ ਤਾਂ ਉਹਨਾਂ ਦੀ ਸਾਰੀ ਮਾਇਆ ਲੈ ਲਵੇ ਜੇ ਚਾਹ ਕਰਨ ਤਾਂ ਅੰਗ ਕੱਟਣੇ ਜਾਂ ਕਤਲ ਦਾ ਡੰਡ ਦੇਣਾ ਚਾਹੀਦਾ ਹੈ।

241. ਜਿਹੜਾ ਰਾਜਾ, ਭਲਾ, ਸਤੀ, ਸਾਧ ਹੋਵੇ ਉਹ ਵਡਿਆਂ ਪਾਪੀਆਂ ਦੀ ਮਾਇਆ ਨਾ ਲਵੇ ਜੇ ਲਵੇਗਾ ਤਾਂ ਪਾਪ ਦਾ ਭਾਗੀ ਹੋਵੇਗਾ।

242. ਵੰਡ ਦਾ ਪਦਾਰਥ ਬਰਨ ਦੇਵਤੇ ਦੇ ਅਖਤਿਆਰ ਵਿਚ ਕਰਨ ਲਈ ਪਾਣੀ ਵਿਚ ਸੁੱਟ ਦੇਵੇ ਜਾਂ ਵੇਦ ਸ਼ਾਸਤ੍ਰ ਗਿਆਤਾ ਬ੍ਰਾਹਮਣ ਨੂੰ ਦੇਵੇ।

243. ਕਿਉਂਕਿ ਵੱਡੇ ਪਾਪੀ ਦੀ ਡੰਡ ਦੇ ਧਨ ਦਾ ਪਤੀ ਬਰਨ ਤੇ ਵੇਦ ਗਿਆਤਾ ਬ੍ਰਾਹਮਣ ਹੈ।

244. ਜਿਸ ਥਾਂ ਇਨ੍ਹਾਂ ਪਾਪੀਆਂ ਦੇ ਧਨ ਨੂੰ ਰਾਜਾ ਨਹੀਂ ਲੈਂਦਾ ਉਸ ਥਾਂ ਮਨੁੱਖ ਵੱਡੀ ਉਮਰ ਵਾਲੇ ਪੈਦਾ ਹੁੰਦੇ ਹਨ।

245. ਜਿਸ ਤਰ੍ਹਾਂ ਸ਼ੂਦਰ ਜੋ ਅਨਾਜ ਗੱਡਦੇ ਹਨ ਉਹ ਠੀਕ ਵੱਖੋ-ਵੱਖ ਉਗਦਾ ਹੈ ਉਸੇ ਤਰ੍ਹਾਂ ਉਸਦੇ ਰਾਜ ਵਿਚ ਲੜਕੇ ਵੀ ਨਹੀਂ ਮਰਦੇ ਤੇ ਨਾਹੀਂ ਕੋਈ ਲੜਕਾ ਅੰਗਹੀਣ ਜੰਮਦਾ ਹੈ।

246. ਜਿਹੜਾ ਛੋਟਾ ਵਰਨ ਜਾਣ ਬੁਝਕੇ ਬ੍ਰਾਹਮਣ ਹੱਤਿਆ ਕਰੇ ਉਸ ਨੂੰ ਕਈ ਪ੍ਰਕਾਰ ਦੇ

ਦੁੱਖ ਦੇ ਕੇ ਰਾਜਾ ਮਾਰੇ।

247. ਜੋ ਮਨੁੱਖ ਜਾਨੋਂ ਮਾਰਨੇ ਯੋਗ ਨਹੀਂ ਉਸਦੀ ਜਾਨ ਮਾਰਿਆਂ ਜਿਤਨਾ ਪਾਪ ਹੁੰਦਾ ਹੈ ਉਤਨਾ ਹੀ ਪਾਪ ਕਤਲ ਲਾਇਕ ਮਨੁੱਖ ਨੂੰ ਛੱਡ ਦਿੱਤਿਆਂ ਹੁੰਦਾ ਹੈ।

248. ਹੁਣ ਭ੍ਰਿਗੂ ਜੀ ਆਖਦੇ ਹਨ, ਹੇ ਰਿਖੀਓ ! ਅਠਾਰਾਂ ਹੀ ਪ੍ਰਕਾਰ ਦੇ ਮੁਕਦਮਿਆਂ ਦਾ ਆਪਸ ਵਿਚ ਝਗੜਨੇ ਵਾਲਿਆਂ ਦਾ ਹਾਲ ਪੂਰਾ-ਪੂਰਾ ਕਥਨ ਕੀਤਾ।

249. ਰਾਜਾ ਇਸੇ ਤਰ੍ਹਾਂ ਨਾਲ ਧਰਮ ਦੇ ਕੰਮਾਂ ਨੂੰ ਚੰਗੀ ਤਰ੍ਹਾਂ ਕਰਦਾ ਹੋਇਆ ਉਸ ਦੇਸ਼ ਨੂੰ ਜਿੱਤਣੇ ਹੀ ਖਾਸ ਕਰੇ ਜਿਹੜੇ ਨਹੀਂ ਜਿੱਤੇ ਫਿਰ ਜਿੱਤੇ ਹੋਏ ਦੇਸ਼ਾਂ ਦੀ ਪਰਜਾ ਪਾਲਣ ਦੀ ਖਾਸ ਕਰੇ।

250. ਸ਼ਾਸਤ੍ਰ ਵਿਚ ਕਥਨ ਕੀਤੇ ਹੋਏ ਦੇਸ਼ ਵਿਚ ਸ਼ਾਸਤ੍ਰ ਆਗਿਆ ਅਨੁਸਾਰ ਕਿਲ੍ਹਾ ਬਣਾ ਕੇ ਉਸ ਵਿਚ ਰਹਿ ਕੇ ਕੰਡਾ ਕੱਢਣੇ ਦੀ ਪੱਕੀ ਤਜਵੀਜ਼ ਕਰੇ।

251. ਰਾਜਾ ਪਰਜਾ ਦੇ ਪਾਲਣ ਵਿਚ ਠੀਕ ਠੀਕ ਲਗਕੇ ਤੇ ਭਲਿਆਂ ਮਨੁੱਖਾਂ ਦੀ ਰਖਿਆ ਕਰੇ ਤੇ ਕੰਡੇ ਕਢਿਆਂ ਸਵਰਗ ਵਿਚ ਜਾਂਦਾ ਹੈ।

252. ਜਿਹੜਾ ਰਾਜਾ ਕਰ ਲੈਂਦਾ ਹੈ ਚੋਰਾਂ ਨੂੰ ਡੰਡ ਨਹੀਂ ਦੇਂਦਾ ਉਸਦੀ ਪਰਜਾ ਬਦ ਅਸੀਸਾਂ ਦੇਂਦੀ ਹੈ ਜਿਸ ਤੋਂ ਰਾਜੇ ਦ ਪੁੰਨ ਦੂਰ ਹੋ ਕੇ ਨਰਕ ਪ੍ਰਾਪਤ ਹੁੰਦਾ ਹੈ।

253. ਜੋ ਰਾਜਾ ਆਪਣੀ ਪਰਜਾ ਨੂੰ ਨਿਡਰ ਤੇ ਸੁਖੀ ਰਖਦਾ ਹੈ ਉਹ ਹਮੇਸ਼ਾਂ ਵਧਦਾ ਫੁਲਦਾ ਹੈ।

254. ਰਾਜਾ ਦੋਹਾਂ ਦੀਆਂ ਅੱਖਾਂ ਵੇਖਕੇ ਚੋਰ ਨੂੰ ਅੰਦਰੋਂ ਬਾਹਰੋਂ ਹੱਛੀ ਤਰ੍ਹਾਂ ਸਮਝੇ।

255. ਕਈ ਪ੍ਰਕਾਰ ਦੀਆਂ ਚੀਜ਼ਾਂ ਵੇਚਣ ਵਾਲਾ ਜ਼ਾਹਰਾ ਚੋਰ ਹੈ ਸੁਤਿਆਂ ਤੇ ਕੰਡ ਪਿਛੋਂ ਚੁਰਾਨ ਵਾਲਾ ਗੁਪਤ ਚੋਰ ਹੈ।

256. ਕੰਮ ਵਾਲੇ ਮਨੁੱਖਾਂ ਕੋਲੋਂ ਮਾਇਆ ਲੈ ਕੇ ਅਯੋਗ ਕੰਮ ਕਰਨ ਵਾਲਾ ਡਰਕੇ ਮਾਇਆ ਲੈਣ ਵਾਲਾ ਸੋਨਾ ਆਦਿ ਵਿਚ ਖੋਟ ਰਲਾ ਕੇ ਵੇਚਣ ਵਾਲਾ ਤੇ ਦੇਵਤਾ ਤੇ ਸਮੂਹ ਕਿਸਮ ਦਾ ਜੂਆ ਖੇਡਣ ਵਾਲਾ ਦੌਲਤ ਪੁੱਤਰ ਲਾਭ ਆਦਿ ਦਸਕੇ ਗੁਜ਼ਾਰਾ ਕਰਨ ਵਾਲਾ ਲੋਕਾਂ ਨੂੰ ਖੁਸ਼ੀ ਦੀਆਂ ਬਾਤਾਂ ਦਸਕੇ ਤੇ ਆਪਣੇ ਅਵਗੁਣ ਛਪਾ ਕੇ ਤੇ ਗੁਣ ਪ੍ਰਗਟ ਕਰਕੇ ਪਰਾਈ ਮਾਇਆ ਲੈਣ ਵਾਲਾ ਹੱਥ ਦੀਆਂ ਰੇਖਾਂ ਦੇਖਕੇ ਚੰਗਾ ਜਾਂ ਮੰਦਾ ਫਲ ਦਸਕੇ ਮਾਇਆ ਲੈਣ ਵਾਲਾ।

257-58. ਹਾਥੀ ਨੂੰ ਸਿਖਾਵਣ ਨਾਲ ਗੁਜਾਰਾ ਕਰਨ ਵਾਲਾ, ਹਕੀਮੀ ਕਰਕੇ ਗੁਜਾਰਾ ਕਰਨ ਵਾਲਾ ਪਰ ਇਹ ਦੋਵੇਂ ਤਾਂ ਜੇ ਆਪਣਾ ਕੰਮ ਚੰਗੀ ਤਰ੍ਹਾਂ ਨਾ ਕਰਨ ਤੇ ਪਦਾਰਥ ਲੈ ਲੈਣ, ਮੂਰਤਾਂ ਬਣਾ ਕੇ ਨਿਰਬਾਹ ਕਰਨ ਵਾਲਾ, ਤੇ ਦੂਸਰੀ ਇਸਤਰੀ ਇਹ ਸਭੇ ਹੋਰਨਾਂ ਸਭਨਾਂ ਨੂੰ ਆਪਣੇ ਫੰਦੇ ਵਿਚ ਫਸਾਵਣ ਵਾਸਤੇ ਹੁਸ਼ਿਆਰ ਹਨ।

259. ਇਹ ਤੇ ਇਹੋ ਜਿਹੇ ਹੋਰਨਾਂ ਨੂੰ ਪਰਜਾ ਲਈ ਕੰਡਾ ਜਾਣੋ ਤੇ ਜਿਹੜੇ ਭੇਖ ਬਦਲਕੇ ਗੁਪਤ ਚੋਰੀ ਕਰਦੇ ਹਨ ਉਨ੍ਹਾਂ ਨੂੰ ਵੀ।

260. ਇਨ੍ਹਾਂ ਦਾ ਪਤਾ ਫਫੇਕੁਟਨਾਂ ਦੀ ਰਾਹੀਂ ਕੱਢਕੇ ਭਲੀ ਪ੍ਰਕਾਰ ਦੁੱਖ ਦੇ ਕੇ ਅਧੀਨ ਕਰੇ।

261. ਰਾਜਾ ਉਨ੍ਹਾਂ ਦੇ ਕੰਮ ਵੇਖ ਵੇਖ ਕੇ ਉਨ੍ਹਾਂ ਦੇ ਦੋਸ਼ ਦੱਸਕੇ ਡੰਡ ਦੇਵੇ।

262. ਜਿਹੜੇ ਚੋਰ ਤੇ ਪਾਪੀ ਭੋਲੀ ਭਾਲੀ ਸ਼ਕਲ ਵਿਚ ਫਿਰਦੇ ਹਨ ਉਨ੍ਹਾਂ ਦੇ ਦੋਸ਼ ਡੰਡ ਦੇ ਕੇ ਰੋਕਣੇ ਯੋਗ ਹਨ।

263. ਕਿਉਂਕਿ ਸਜ਼ਾ ਦਿਤੇ ਬਗੈਰ ਆਪਣਾ ਰੂਪ ਲੁਕਾ ਕੇ ਫਿਰਨ ਵਾਲੇ ਉਨ੍ਹਾਂ ਚੋਰਾਂ ਨੂੰ ਭੈੜੇ ਆਚਰਨ ਤੋਂ ਰੋਕਣਾਂ ਮੁਸ਼ਕਲ ਹੈ।

264. ਸਭਾ ਪੰਚਾਇਤ ਪਕਵਾਨ ਦਾ ਲੰਗਰ ਸ਼ਰਾਬਖਾਨਾਂ ਅਨਾਜ ਮੰਡੀ ਚੁਰਾਹਾ, ਕੰਜਰਾਂ ਦੇ ਘਰ, ਪ੍ਰਸਿੱਧ ਬ੍ਰਿਛ, ਮਨੁੱਖਾਂ ਦੇ ਇਕੱਠੂ ਹੋਣ ਦੀ ਜਗ੍ਹਾ।

265. ਬਾਗ ਪੁਰਾਣੇ ਜੰਗਲ, ਕਾਰੀਗਰਾਂ ਦੇ ਘਰ ਵੇਹਲਾ ਘਰ, ਅੰਬਾਂ ਦਾ ਬਨ, ਨਵਾਂ ਬਣਾਇਆ ਹੋਇਆ ਰੁੱਖ।

266. ਅਜਿਹੇ ਥਾਵਾਂ ਵਿਚ ਚੋਰ ਬਹੁਤ ਰਹਿੰਦੇ ਹਨ ਤਾਂਤੇ ਰਾਜਾ ਉਨ੍ਹਾਂ ਨੂੰ ਫੌਜ ਦੇ ਬਲ ਨਾਲ ਪਕੜੇ ਅਤੇ ਦਬਾ ਰਖੇ।

267. ਚੋਰਾਂ ਦੇ ਮੇਲੀ ਗੇਲੀ, ਜੋ ਉਨ੍ਹਾਂ ਨੂੰ ਬਚਾਉਂਦੇ ਤੇ ਫੰਧਦੇ ਹਨ ਉਨ੍ਹਾਂ ਦੀ ਰਾਹੀਂ ਉਨ੍ਹਾਂ ਨੂੰ ਫੜਕੇ ਨਾਸ਼ ਕਰਨਾ ਰਾਜੇ ਦਾ ਧਰਮ ਹੈ।

268. ਫਫੇਕੁਟਨ ਆਦਿ ਮੁਖਬਰ ਚੋਰ ਗੁਪਤ ਚੋਰਾਂ ਨੂੰ ਕਿਸੇ ਤਰ੍ਹਾਂ ਲਾਲਚ ਦੇ ਕੇ ਇਕੱਠਾ ਕਰੇ ਫਿਰ ਰਾਜੇ ਨੂੰ ਖਬਰ ਦੇ ਕੇ ਪਕੜਾ ਦੇਵੇ।

269. ਜਿਹੜਾ ਚੋਰ ਇਸ ਰੀਤੀ ਨਾਲ ਮੁਖਬਰਾਂ ਦੇ ਆਖੇ ਨਾ ਆਵਣ ਰਾਜਾ ਉਨ੍ਹਾਂ ਨੂੰ ਸਣੇ ਸਬੰਧੀਆਂ ਪਕੜ ਕੇ ਨਾਸ਼ ਕਰੇ।

270. ਰਾਜਾ ਚੋਰੀ ਦਾ ਮਾਲ ਪ੍ਰਾਪਤ ਕੀਤੇ ਬਿਨਾਂ ਕੇਵਲ ਸੰਦੇਹ ਵਿਚ ਚੋਰ ਨੂੰ ਨਾ ਮਾਰੇ।

271. ਜਦੋਂ ਤਾਈਂ ਰਾਜਾ ਇਹ ਪ੍ਰਤੀਤ ਨਾ ਕਰ ਲਵੇ ਕਿ ਇਹ ਪੱਕਾ ਚੋਰ ਹੈ ਉਸਨੂੰ ਜਾਨੋਂ ਨਾ ਮਾਰੇ। ਪਿੰਡ ਵਿਚ ਚੋਰਾਂ ਦੀ ਮਦਦ ਕਰਨ ਵਾਲੇ ਨੂੰ ਰਾਜਾ ਨਾਸ ਕਰੇ।

272. ਰਾਜ ਵਿਚ ਰਾਖੇ ਰਖਦੇ ਵੀ ਹੋਏ ਜੇ ਪਰਜਾ ਦਾ ਨੁਕਸਾਨ ਚੋਰਾਂ ਕੋਲੋਂ ਕਰਾਉਣ ਤਾਂ ਰਾਜਾ ਉਨ੍ਹਾਂ ਨੂੰ ਵੀ ਨਾਸ ਕਰੇ।

273. ਜੋ ਬ੍ਰਾਹਮਣ ਯੱਗ ਤੇ ਦਾਨ ਆਦਿ ਕਰਕੇ ਦੂਜੇ ਲਈ ਬਣਾ ਕੇ ਗੁਜਾਰਾ ਕਰੇ ਤੇ ਆਪਣੇ ਧਰਮ ਤੋਂ ਵਿਰੁੱਧ ਹੋਵੇ ਉਹ ਵੀ ਡੰਡ ਯੋਗ ਹੈ।

274. ਜਿਹੜਾ ਪੁਰਸ਼ ਆਘਸ ਹੁੰਦਿਆਂ ਵੀ ਚੋਰਾਂ ਨੂੰ ਸਿਰਾਉਂ ਲੁਟਦੇ ਜਾਂ ਪੁਲ ਤੇ ਰਾਹ

ਮਾਰਦਿਆਂ ਵੀ ਪਕੜਨ ਵਾਸਤੇ ਨਹੀਂ ਦੌੜਦਾ ਉਹ ਘਰ ਦੇ ਸਾਰੇ ਪਦਾਰਥਾਂ ਸਮੇਤ ਘਰੋਂ ਕੱਢ ਦੇਣਾ ਉਚਿਤ ਹੈ।

275. ਰਾਜੇ ਦਾ ਖਜਾਨਾ ਚੁਰਾਉਣ ਵਾਲਾ, ਤੇ ਰਾਜੇ ਤੋਂ ਉਲਟ ਚਲਣ ਵਾਲਾ ਰਾਜਾ ਦੇ ਦੁਸ਼ਮਣ ਦਾ ਮਿਤ੍ਰ ਇਨ੍ਹਾਂ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਕੇ ਜਾਨੋਂ ਮਾਰ ਦੇਣਾ ਯੋਗ ਹੈ।

276. ਜਿਹੜੇ ਚੋਰ ਰਾਤ ਨੂੰ ਸੰਨ੍ਹਾਂ ਲਾਉਂਦੇ ਹੋਣ ਉਨ੍ਹਾਂ ਦੇ ਦੋਨੋਂ ਹੱਥ ਕੱਟਕੇ ਸੂਲੀ ਤੇ ਬਿਠਾ ਦਿਓ।

277. ਜਿਹੜਾ ਚੋਰ ਪਹਿਲੀ ਵਾਰ ਗੰਢ ਕੱਟੇ ਉਸਦਾ ਅੰਗੂਠਾ ਤੇ ਅੰਗੂਠੇ ਦੇ ਨਾਲ ਦੀ ਉਂਗਲੀ ਕੱਟ ਦੇਣੀ ਯੋਗ ਹੈ, ਦੂਜੀ ਵਾਰੀ ਹੱਥ ਪੈਰ ਵੱਢ ਦੇਣੇ, ਤੀਸਰੀ ਵਾਰੀ ਜਾਨੋ ਮਾਰ ਦੇਣਾ।

278. ਜਿਹੜਾ ਪੁਰਸ਼ ਚੋਰ ਨੂੰ ਅੱਗ, ਅਨਾਜ ਭੱਤ, ਹਥਿਆਰ ਤੇ ਆਸਰਾ ਦੇਵੇ ਤੇ ਚੋਰੀ ਦਾ ਅਸਬਾਬ ਰੱਖੇ ਉਸਨੂੰ ਰਾਜਾ ਚੋਰ ਵਾਂਕਰ ਹੀ ਨਸ਼ਟ ਕਰ ਦੇਵੇ।

279. ਜਿਸ ਤਲਾ ਪੁਰ ਮਨੁੱਖ ਇਸ਼ਨਾਨ ਦਾਨ ਕਰਦੇ ਹੋਣ ਤੇ ਉਹ ਤਲਾ ਲੋਕਾਂ ਦੇ ਵਰਤਣ ਵਿਚ ਆਉਂਦਾ ਹੋਵੇ ਜਿਹੜਾ ਪੁਰਸ਼ ਉਸਨੂੰ ਖਰਾਬ ਕਰੇ ਉਸਨੂੰ ਪਾਣੀ ਵਿਚ ਡੋਬਕੇ ਜਾਂ ਹੋਰ ਪ੍ਰਕਾਰ ਨਾਸ ਕਰੇ ਜੇ ਉਹ ਪੁਰਸ਼ ਉਸ ਤਲਾ ਨੂੰ ਅਗੇਹਾਰ ਹੀ ਕਰ ਦੇਵੇ ਤਾਂ ਉਸਨੂੰ ਕੁਝ ਸਜਾ ਨਹੀਂ ਦੇਣੀ ਚਾਹੀਦੀ ਪਰ ਉੱਤਮ ਸਾਹਸ ਡੰਡ ਲੈਣਾ ਚਾਹੀਦਾ ਹੈ।

280. ਰਾਜੇ ਦਾ ਅੰਨ ਆਦਿ ਧਨ ਦਾ ਖਜ਼ਾਨਾ ਤੇ ਹਥਿਆਰ ਖਾਨਾ ਤੇ ਦੇਵ ਮੰਦਰ, ਇਨ੍ਹਾਂ ਦਾ ਤੋੜਨ ਤੇ ਵਢਾਉਂਣ ਵਾਲਾ, ਤੇ ਹਾਥੀ ਘੋੜੇ, ਰੱਥ ਆਦਿ ਨੂੰ ਚੁਰਾਉਣ ਵਾਲਾ ਇਨ੍ਹਾਂ ਸਾਰਿਆਂ ਨੂੰ ਬਿਨਾਂ ਵਿਚਾਰੇ ਮਾਰ ਦਿਓ।

281. ਕੋਈ ਪਰਜਾ ਵਾਸਤੇ ਤਲਾ ਬਣਵਾਏ ਤੇ ਦੂਜਾ ਆਦਮੀ ਪਾਣੀ ਦੇ ਆਉਣ ਵਾਲੇ ਰਾਹ ਤੇ ਬੰਨਾ ਪਾ ਕੇ ਪਾਣੀ ਨੂੰ ਰੋਕੇ ਤਾਂ ਉਹ ਮਨੁੱਖ ਪ੍ਰਥਮ ਸਾਹਸ ਸਜ਼ਾ ਦੇ ਜੋਗ ਹੈ।

282. ਬਿਨਾਂ ਔਖੇ ਵੇਲੇ ਸਰਕਾਰੀ ਰਾਹ ਤੇ ਅਪਵਿੱਤ੍ਰ ਚੀਜ਼ ਨੂੰ ਸਿਟੇ ਤਾਂ ਦੋ ਕਾਰਸਾ ਧਨ ਡੰਡ ਦੇਵੇ ਤੇ ਉਸ ਅਪਵਿੱਤ੍ਰ ਸ਼ੈ ਨੂੰ ਛੇਤੀ ਦੂਰ ਕਰੇ।

283. ਜੇ ਉਪਰ ਲਿਖਿਆ ਕਸੂਰ ਕੋਈ ਦੁਖੀਆ ਬੁੱਢਾ ਗਰਭਵਤੀ ਤੀਵੀਂ ਜਾਂ ਇਆਨਾ ਲੜਕਾ ਕਰੇ ਛੜਾ ਇਤਨਾ ਹੀ ਕਹਾਉਣੇ ਯੋਗ ਹੈ ਕਿ ਕੀ ਕੀਤਾ ਜਾਵੇ ਸਜ਼ਾ ਦੇ ਕਾਬਲ ਨਹੀਂ ਪਰ ਉਹ ਪਵਿੱਤਰ ਚੀਜ਼ ਜ਼ਰੂਰ ਉਥੋਂ ਚੁੱਕ ਲੈ ਜਾਵਣ।

284. ਜੋ ਆਦਮੀ ਪੜ੍ਹੇ ਬਿਨਾਂ ਐਵੇਂ ਪਸ਼ੂ ਆਦਿ ਦੀ ਹਕੀਮੀ ਕਰੇ ਉਸ ਕੋਲੋਂ ਪੂਰਬ ਸਾਹਸ ਤੇ ਜੋ ਆਦਮੀ ਦੀ ਕੂੜੀ ਹਕੀਮੀ ਕਰੇ ਉਸ ਕੋਲੋਂ ਮੱਧਮ ਸਾਹਸ ਚੱਟੀ ਲੈਣੀ ਲੋੜੀਏ।

285. ਜਲ ਤੋਂ ਪਾਰ ਹੋਣ ਵਾਸਤੇ ਜਿਹੜੀ ਲਕੜੀ ਜਾਂ ਪੱਥਰ ਧਰਿਆ ਹੋਵੇ ਰਾਜੇ ਦੇ ਮਹੱਲਾਂ ਦਾ ਝੰਡਾ ਜਾਂ ਨਿਸ਼ਾਨ ਤਲਾਓ ਆਦਿਕ ਲਕੜੀ ਦੇਵਤੇ ਦੀ ਤਸਵੀਰ ਇਨ੍ਹਾਂ

ਵਸਤੂਆਂ ਨੂੰ ਵਿਗਾੜਨੇ ਵਾਲੇ ਕੋਲੋਂ ਪੰਜ ਸੌ ਪਨ ਡੰਡ ਲਵੇ ਤੇ ਖਰਾਬ ਚੀਜ਼ ਠੀਕ ਕਰਾਵੇ।

286. ਬੇ ਨੁਕਸ ਵਸਤੂਆਂ ਨੂੰ ਨੁਕਸ ਵਾਲੀ ਕਰਨ ਤੇ ਤੋੜਨ ਦਾ ਤੇ ਜਵਾਹਰਾਤ ਆਦਿ ਵਿਚ ਐਵੇਂ ਮੋਰੀ ਕਰਨੇ ਦਾ ਪਹਿਲਾ ਸਾਹਸ ਸਜਾ ਦੇਵੇ।

287. ਇਕ ਮੁਲ ਨਾਲ ਇਕ ਵਸਤੂ ਨੂੰ ਨਾ ਵੇਚਣੇ ਦਾ ਕਿ ਇਕ ਨੂੰ ਉਤਨੀ ਹੀ ਕੀਮਤ ਨਾਲ ਬਹੁਤੀ ਤੇ ਦੂਸਰੇ ਨੂੰ ਥੋੜ੍ਹੀ ਦੇਣ ਦਾ ਜਾਂ ਇਕ ਨੂੰ ਸੋਹਣੀ ਤੇ ਦੂਸਰੇ ਨੂੰ ਖਰਾਬ ਦੇਣ ਦਾ ਪੂਰਬ ਸਾਹਸ ਜਾਂ ਮੱਧਮ ਸਾਹਸ ਤਕਲੀਫ ਦੇਵੇ ਸ਼ਕਤ ਅਨੁਸਾਰ ਭੁੱਲ ਦੀ ਸਜ਼ਾ ਠਹਿਰਾਉਣਾ ਚਾਹੀਦਾ ਹੈ।

288. ਸਭ ਜੇਲ੍ਹ ਖਾਨਿਆਂ ਨੂੰ ਸੜਕਾਂ ਉਤੇ ਬਣਾਉਣਾ ਚਾਹੀਦਾ ਹੈ ਜੋ ਪਾਪੀ ਪੁਰਸ਼ ਜੇਲ੍ਹਖਾਨੇ ਨੂੰ ਵੇਖਕੇ ਤੇ ਕੈਦੀਆਂ ਨੂੰ ਪੈਰ ਹੱਥ ਬੰਦੇ ਜਕੜੇ ਭੁੱਖੇ ਪਿਆਸੇ ਤੇ ਨਹੁੰ ਤੇ ਸਿਰ ਦਾੜ੍ਹੀ ਦੇ ਕੇਸ ਬੁਰੇ ਹੋਏ ਦੇਖਕੇ ਲਿੱਸੇ ਜੁਸੇ ਵੇਖਕੇ ਡਰਨ ਤੇ ਸਾਰੇ ਆਦਮੀ ਇਹ ਦੇਖਕੇ ਨਾ ਕਰਨ ਵਾਲੇ ਕੰਮ ਤੋਂ ਡਰਨਗੇ ਕਿ ਅਸੀਂ ਵੀ ਬੁਰਾ ਕੰਮ ਕਰਾਂਗੇ ਤਾਂ ਸਾਡਾ ਵੀ ਇਹੋ ਹਾਲ ਹੋਵੇਗਾ।

289. ਕਿਲ੍ਹੇ ਨੂੰ ਜਾਂ ਉਸਦੇ ਬੂਹੇ ਨੂੰ ਉਸਦੇ ਖਾਈ ਨੂੰ ਪੁੱਟਣ ਭੰਨਣ ਵਾਲਾ ਛੇਤੀ ਦੇਸੋਂ ਕੱਢਣ ਜੋਗ ਹੈ ਸ਼ਾਸਤ੍ਰ ਅਨੁਸਾਰ ਜਾਦੂ ਤੇ ਪੈਰਾਂ ਦੀ ਧੂੜ ਆਦਿ ਜਾਦੂਆਂ ਤੋਂ ਅਤੇ ਦੇਣ ਵਾਲੇ ਪੁਰਸ਼ ਨੂੰ ਸੌ ਪਨ ਡੰਡ ਦੇਣਾ ਜੋਗ ਹੈ ਜੇ ਜਾਦੂ ਨਾਲ ਮਰ ਜਾਵੇ ਤਾਂ ਉਸਨੂੰ ਵੀ ਮਾਰ ਦੇਣਾ ਚਾਹੀਦਾ ਹੈ ਇਸ ਤਰ੍ਹਾਂ ਲਾਲਚ ਦੇ ਬਦਲੇ ਵਸੀਕਾਰ ਕਰਨ ਵਾਲੇ ਨੂੰ ਜਾਂ ਮੰਤਰਾਂ ਦੇ ਜ਼ੋਰ ਜਾਂ ਹੋਰ ਜਾਦੂ ਕਰਨ ਵਾਲੇ ਨੂੰ ਦੋ ਸੌ ਪਨ ਡੰਡ ਦੇਣਾ ਯੋਗ ਹੈ।

290. ਜਿਸ ਬੀਜ ਵਿਚ ਜੰਮਣ ਦੀ ਤਾਕਤ ਨਹੀਂ ਹੈ ਉਸਨੂੰ ਚੰਗਾ ਤੇ ਜੰਮਣ ਵਾਲਾ ਆਖਕੇ ਵੇਚਣਾ ਤੇ ਮਰਜਾਦਾ ਭੰਨਣੀ ਇਹ ਸਾਰੇ ਅੰਗ ਕਟਾਉਣ ਵਾਲੇ ਦੋਸ਼ ਹਨ।

291. ਗਹਿਣੇ ਘੜਨ ਵਾਲਾ ਵੱਡਾ ਪਾਪੀ ਹੈ ਉਸਦਾ ਦੋਸ਼ ਵੇਖਕੇ ਅੰਗ ਕਟਵਾ ਦੇਣਾ ਚਾਹੀਏ।

292. ਫੌਜੀ ਵਾਹੀ ਦਾ ਹਥਿਆਰ ਦਾ ਚੋਰ ਤੇ ਦਵਾਈ ਦਾ ਚੋਰ ਸਮੇਂ ਅਤੇ ਕੰਮ ਦੇ ਅਨੁਸਾਰ ਸਜ਼ਾ ਦਾ ਅਧਿਕਾਰੀ ਹੈ।

293. ਰਾਜਾ, 1 ਵਜ਼ੀਰ, 2. ਰਾਜਧਾਨੀ, 3. ਮੁਲਕ, 4. ਖਜ਼ਾਨਾ, 5. ਸਜਾ, 6. ਸਾਕ ਤੇ ਮਿਤ੍ਰ, 7. ਬਾਦਸ਼ਾਹ ਦੇ ਇਨ੍ਹਾਂ ਸੱਤਾਂ ਨੂੰ ਪ੍ਰਕ੍ਰਿਤ ਆਖਦੇ ਹਨ ਇਹ ਸੱਤੇ ਰਾਜ ਦੇ ਅੰਗ ਹਨ ਇਸ ਲਈ ਰਾਜਾ ਸੱਤ ਹੀ ਅੰਗਾਂ ਵਾਲਾ ਕਹਾਉਂਦਾ ਹੈ।

294. ਇਨ੍ਹਾਂ ਸੱਤਾਂ ਨੂੰ ਨੰਬਰ ਵਾਰ ਪਹਿਲੇ ਪਹਿਲੇ ਨੂੰ ਭਾਰੀ ਤਕਲੀਫ ਹੁੰਦੀ ਹੈ ਸਿਧਾਂਤ ਇਹ ਹੈ ਜਿਸ ਤੋਂ ਪਿਛੇ ਜਿਹੜਾ ਸਿਖਿਆ ਹੈ ਉਹ ਨਾ ਹੋਵੇ ਤਾਂ ਪਹਿਲੇ ਨੂੰ ਤਕਲੀਫ ਹੁੰਦੀ ਹੈ ਜਿਸ ਤਰ੍ਹਾਂ ਵਜ਼ੀਰ ਨਾ ਹੋਵੇ ਤਾਂ ਪਾਤਿਸ਼ਾਹ ਨੂੰ ਇਸੇ ਤਰ੍ਹਾਂ ਸਮਝ ਲਵੇ।

295-96. ਇਸ ਜਗਤ ਤੇ ਆਪਸ ਵਿਚ ਰਲੇ ਹੋਏ ਸੱਤਾਂ ਅੰਗਾਂ ਨਾਲ ਰਾਜ ਦਿਆਂ ਵਿਚ ਅਜੀਬ ਅਨੋਖਾ ਮਦਦਗਾਰੀ ਨਾਲ ਤ੍ਰਿਡੰਡ ਹਾਰ ਕੋਈ ਸੰਗ ਵਧੀਕ ਨਹੀਂ ਭਾਵੇਂ ਪਹਿਲਿਆਂ ਅੰਗਾਂ ਨੂੰ ਚੰਗਾ ਤੇ ਵੱਡਾ ਆਖੀਏ ਤਾਂ ਵੀ ਇਨ੍ਹਾਂ ਸੱਤਾਂ ਵਿਚ ਆ ਕੇ ਇਕ ਦੂਸਰੇ ਅੰਗ ਦਾ ਕੰਮ ਆਪਣੇ ਹੀ ਆਪ ਨਹੀਂ ਦੇ ਸਕਦਾ ਇਸ ਤੋਂ ਅਗਲੇ ਅੰਗ ਦੀ ਵੀ ਲੋੜ ਹੁੰਦੀ ਹੈ ਇਸ ਲਈ ਬਹੁਤਿਆਂ ਦੀ ਮਨਾਹੀ ਹੈ ਤੇ ਜਤੀ ਦੇ ਤ੍ਰਿਡੰਡ ਦਾ ਦ੍ਰਿਸ਼ਟਾਂਤ ਦਿੱਤਾ ਹੈ ਜਿਸ ਤਰ੍ਹਾਂ ਤ੍ਰਿਡੰਡ ਮਿਲਾਕੇ ਉਤੇ ਚਾਰ ਉਂਗਲਾਂ ਗਾਂ ਦੇ ਵਾਲ ਨਾਲ ਬੰਧਿਆਂ ਮੇਲ ਹੁੰਦਾ ਹੈ ਤੇ ਤ੍ਰਿਡੰਡ ਧਾਰਨੇ ਤੋਂ ਸ਼ਾਸਤ੍ਰ ਵਿਚ ਕੋਈ ਡੰਡ ਵਧੀਕ ਨਹੀਂ ਇਸੀ ਤਰ੍ਹਾਂ ਰਾਜ ਦੇ ਸਤੇ ਅੰਗ ਸਮਝੋ।

297. ਜਿਸ ਅੰਗ ਨਾਲ ਜਿਹੜਾ ਕੰਮ ਹੋਵੇ ਉਸ ਵਾਸਤੇ ਉਹ ਚੰਗਾ ਹੈ।

298. ਮੁਖਬਰ, ਉਤਸ਼ਾਹ, ਪੱਕਾ ਦਿਲ, ਕਰਤਬ, ਇਨ੍ਹਾਂ ਕਰਕੇ ਰਾਜਾ ਹਮੇਸ਼ਾ ਦੂਜੇ ਦਾ ਜ਼ੋਰ ਸਮਝੇ।

299. ਨਿਕੇ ਵੱਡੇ ਕੰਮ ਨੂੰ ਸਭੇ ਦੁੱਖ ਤੇ ਔਖ ਜਾਚ ਕੇ ਸ਼ੁਰੂ ਕਰੇ।

300. ਜੇ ਕੰਮਾਂ ਨੂੰ ਕਰਦਾ-ਕਰਦਾ ਥੱਕ ਜਾਵੇ ਤਾਂ ਮੁੜ-ਮੁੜ ਕੰਮਾਂ ਨੂੰ ਹੀ ਸ਼ੁਰੂ ਕਰੇ ਕਿਉਂਕਿ ਕੰਮ ਕਰਨ ਵਾਲਿਆਂ ਦੀ ਲਛਮੀ ਸੇਵਾ ਕਰਦੀ ਹੈ।

301. ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ ਇਹ ਚਾਰੇ ਜੁਗ ਹੈਣ ਪਰ ਕੁਝ ਨਹੀਂ ਜਿਹਾ ਰਾਜਾ ਰਵਾਜ ਕਰੇ ਉਹੋ ਹੀ ਜਿਹਾ ਜੁਗ ਹੁੰਦਾ ਹੈ (ਅਰਥ ਰਾਜਾ ਹੀ ਜੁਗ ਹੈ)

302. ਜਦੋਂ ਰਾਜਾ ਆਲਸ ਜਾਂ ਬੇ ਅਕਲੀ ਕਰਕੇ ਕੰਮ ਠੀਕ ਨਾ ਕਰੇ ਤਦੋਂ ਦੁਆਪਰ ਤੇ ਜਦੋਂ ਕੰਮ ਕਰਦਾ ਹੈ ਤਦੋਂ ਤ੍ਰੇਤਾ ਤੇ ਜਦ ਸ਼ਾਸਤ੍ਰ ਅਨੁਸਾਰ ਕੰਮ ਕਰੇ ਇਹ (ਸਿਧਾਂਤ) ਸੱਚ ਹੈ ਚੌਹਾਂ ਜੁਗਾਂ ਦਾ ਨਾ ਹੋਣਾ (ਸਿਧਾਂਤ) ਸੱਚ ਨਹੀਂ।

303. ਇੰਦ੍ਰ, ਸੂਰਜ, ਵਾਯੂ, ਧਰਮਰਾਜ, ਬਰਨ, ਚੰਦ੍ਰਮਾ, ਅਗਨ ਜ਼ਮੀਨ ਇਨ੍ਹਾਂ ਦੇ ਜ਼ੋਰ ਨੂੰ ਰਾਜਾ ਧਾਰੇ ਤੇ ਦੋਖੀਆਂ ਦਾ ਨਾਸ ਕਰਕੇ ਇਕੋ ਤੇ ਪਿਆਰ ਨਾਲ ਮਿਲਿਆ ਰਹੇ।

304. ਜਿਕਰ ਰਾਜਾ ਇੰਦਰ ਬਰਸਾਤ ਵਿਚ ਚਾਰ ਮਹੀਨੇ ਮੀਂਹ ਬਰਸਾਉਂਦੇ ਹਨ ਇਸੇ ਤਰ੍ਹਾਂ ਰਾਜੇ ਇੰਦਰ ਵਾਂਗ ਚਾਰ ਕੰਮ ਕਰਕੇ ਸਾਰੀ ਪਰਜਾ ਦੀਆਂ ਆਸਾਂ ਪੂਰੀਆਂ ਕਰੇ।

305. ਜਿਕਰ ਸੂਰਜ ਆਪਣੀਆਂ ਕਿਰਨਾਂ ਨਾਲ ਅੱਠ ਮਹੀਨੇ ਧਰਤੀ ਉਤੋਂ ਪਾਣੀ ਖਿੱਚਦਾ ਹੈ ਉਸੇ ਵਾਂਗ ਰਾਜਾ ਸੂਰਜ ਦਾ ਕੰਮ ਕਰੇ ਕਿ ਰਾਜ ਵਿਚੋਂ ਆਪਣਾ ਕਰ, ਮਸੂਲ ਲਵੇ।

306. ਜਿਕਰ ਹਵਾ ਸਭ ਜੀਵਾਂ ਦੇ ਅੰਦਰ ਜਾ ਕੇ ਫਿਰਦੀ ਹੈ ਉਸੇ ਵਾਂਗ ਰਾਜਾ ਹਵਾ ਬਣਕੇ ਮੁਖਬਰਾਂ ਦੇ ਵਸੀਲੇ ਰਾਜ ਵਿਚ ਫਿਰੇ।

307. ਜਿਕਰ ਧਰਮਰਾਜ ਵੈਰੀਆਂ ਤੇ ਮਿਤ੍ਰਾਂ ਦੋਹਾਂ ਨੂੰ ਉਹਨਾਂ ਦੇ ਮਰਨ ਵੇਲੇ ਮਾਰਦਾ ਹੈ ਇਸੇ ਤਰ੍ਹਾਂ ਰਾਜਾ ਸਾਰੀ ਪਰਜਾ ਨੂੰ ਕਸੂਰ ਵੇਲੇ ਧਰਮਰਾਜ ਬਣਕੇ ਡੰਡ ਦੇਵੇ।

308. ਜਿਕਰ ਬਰਨ ਦੇਵਤਾ ਦੋਖੀਆਂ ਨੂੰ ਬੰਨ੍ਹਦਾ ਹੈ ਉਸੇ ਤਰ੍ਹਾਂ ਹੀ ਰਾਜਾ ਵੀ ਬਰਨ ਦਾ ਕੰਮ ਕਰਕੇ ਕਸੂਰ ਵਾਲੇ ਨੂੰ ਪਕੜੇ।

309. ਰਾਜਾ ਅਜਿਹੇ ਢੰਗ ਨਾਲ ਰਿਹਾ ਕਰੇ ਕਿ ਜਿਕਰ ਪੂਰੇ ਚੰਦ੍ਰਮਾ ਨੂੰ ਦੇਖਕੇ ਸਾਰੇ ਮਨੁੱਖ ਪ੍ਰਸੰਨ ਹੁੰਦੇ ਹਨ ਇਸੇ ਤਰ੍ਹਾਂ ਰਾਜੇ ਨੂੰ ਵੀ ਵੇਖਕੇ ਸਭੇ ਖ਼ੁਸ਼ ਹੋਣ।

310. ਪਾਪ ਕਰਮਾਂ ਵਾਸਤੇ ਹਰ ਵੇਲੇ ਪੱਕਾ ਤੇ ਤਕੜਾ ਰਹੇ ਕਸੂਰ ਵਾਲਿਆਂ ਨੂੰ ਸਰਪਰ ਡੰਡ ਦੇਵੇ ਤੇ ਅੰਗਨਾ ਬਰਤ ਕਰਕੇ ਬੁਰੀ ਸਲਾਹ ਵਾਲਿਆਂ ਨੂੰ ਡੰਡ ਦੇਵੇ।

311. ਜਿਕਰ ਜਿਮੀਂ ਸਭ ਜੀਵਾਂ ਨੂੰ ਆਪਣੇ ਉਤੇ ਸਹਾਰਦੀ ਹੈ ਉਸੇ ਤਰ੍ਹਾਂ ਰਾਜਾ ਜਿਮੀਂ ਦਾ ਤਰੀਕਾ ਰਖਕੇ ਸਭ ਜੀਵਾਂ ਨੂੰ ਸਹਾਰੇ।

312. ਇਨ੍ਹਾਂ ਢੰਗਾਂ ਨਾਲ ਵੀ ਪੱਕਾ ਰਹਿ ਕੇ ਹਰ ਵੇਲੇ ਆਲਸ ਤੋਂ ਦੂਰ ਰਹੇ ਅਪਣੇ ਤੇ ਦੂਜੇ ਦੇ ਰਾਜ ਵਿਚੋਂ ਚੋਰਾਂ ਦਾ ਨਾਸ ਕਰੇ।

313. ਰਾਜਾ ਔਖੇ ਵੇਲੇ ਵੀ ਬ੍ਰਾਹਮਣਾਂ ਨੂੰ ਗੁੱਸੇ ਨਾ ਕਰੇ ਕਿਉਂ ਜੋ ਉਨ੍ਹਾਂ ਦੇ ਰਿੰਜ ਕੀਤਿਆਂ ਰਾਜਾ ਸੁਆਰੀਆਂ ਫੌਜਾਂ ਸਮੇਤ ਨਸ਼ਟ ਹੋ ਜਾਂਦਾ ਹੈ।

314. ਜਿਨ੍ਹਾਂ ਬ੍ਰਾਹਮਣਾਂ ਨੇ ਅਗਨ ਨੂੰ ਸਰਬ ਭਖੀ ਤੇ ਸਮੁੰਦਰ ਨੂੰ ਖਾਰਾ ਤੇ ਚੰਦ੍ਰਮਾ ਨੂੰ ਕੁਸ਼ਟੀ ਰੋਗ ਕੀਤਾ ਉਨ੍ਹਾਂ ਬ੍ਰਾਹਮਣਾਂ ਨੂੰ ਗੁੱਸੇ ਕਰਕੇ ਕੌਣ ਨਸ਼ਟ ਨਾ ਹੋਵੇਗਾ।

315. ਜਿਹੜਾ ਬ੍ਰਾਹਮਣ ਗੁੱਸੇ ਹੋ ਕੇ ਪ੍ਰਲੋਕ ਤੇ ਲੋਕਪਾਲ ਬਣਾਵੇ ਤੇ ਦੇਵਤੇ ਨੂੰ ਦੈਤ ਬਣਾਵੇ ਉਸ ਬ੍ਰਾਹਮਣ ਨੂੰ ਦੁੱਖ ਦੇ ਕੇ ਕਿਹੜਾ ਮਨੁੱਖ ਰਾਜ ਤੇ ਮਾਇਆ ਪਾ ਸਕਦਾ ਹੈ।

316. ਜਿਨ੍ਹਾਂ ਬ੍ਰਾਹਮਣਾਂ ਦਾ ਧਨ ਵੇਦ ਹੀ ਹਨ ਉਨ੍ਹਾਂ ਦੀ ਓਟ ਲੈ ਕੇ ਦੇਵਤੇ ਰਹਿੰਦੇ ਹਨ ਉਨ੍ਹਾਂ ਬ੍ਰਾਹਮਣਾਂ ਨੂੰ ਜੀਵਨੇ ਦੀ ਚਾਹ ਵਾਲਾ ਕਿਹੜਾ ਮਨੁੱਖ ਮਾਰੇਗਾ।

317. ਜਿਕਰ ਅਗਨ ਦੇਵਤਾ ਕਰਮ ਕਰੇ ਭਾਵੇਂ ਨਾ ਕਰੇ ਤਾਂ ਵੀ ਉਹ ਵੱਡਾ ਦੇਵਤਾ ਹੈ ਇਸੇ ਤਰ੍ਹਾਂ ਬ੍ਰਾਹਮਣ ਪੰਡਿਤ ਹੋਵੇ ਭਾਵੇਂ ਮੂਰਖ ਹੋਵੇ ਅੰਜਾਨ ਹੋਵੇ ਤਾਂ ਵੀ ਵੱਡਾ ਦੇਵਤਾ ਹੈ।

318. ਤੇਜ ਵਾਲੀ ਅਗਨ ਸ਼ਮਸ਼ਾਨ ਅਪਵਿੱਤ੍ਰ ਨਹੀਂ ਹੋ ਜਾਂਦੀ ਤੇ ਯੱਗ ਵਿਚ ਵੀ ਵਰਤੀ ਜਾਂਦੀ ਹੈ ਸਭ ਦਾ ਹੀ ਅਦਬ ਪਾਉਂਦੀ ਹੈ।

319. ਇਸੇ ਤਰ੍ਹਾਂ ਭਾਵੇਂ ਬ੍ਰਾਹਮਣ ਸਭੇ ਖੋਟੇ ਕਰਮ ਕਰਦੇ ਹਨ ਤਾਂ ਵੀ ਪੂਜਨੇ ਯੋਗ ਹਨ ਤੇ ਵੱਡੇ ਦੇਵਤਾ ਹਨ।

320. ਖੱਤਰੀ ਸਭਨਾਂ ਗੱਲਾਂ ਕਰਕੇ ਵੱਡਾ ਹੋਵੇ ਤਾਂ ਵੀ ਬ੍ਰਾਹਮਣ ਨੂੰ ਆਪਣੇ ਵੱਸ ਨਹੀਂ ਕਰ ਸਕਦਾ ਤੇ ਕਿਉਂ ਜੋ ਉਹ ਬ੍ਰਾਹਮਣ ਤੋਂ ਹੋਇਆ ਹੈ ਇਸ ਵਾਸਤੇ ਬ੍ਰਾਹਮਣ ਖਤਰੀਆਂ ਨੂੰ ਆਪਣੇ ਵੱਸ ਕਰ ਸਕਦਾ ਹੈ।

321. ਪਾਣੀ ਤੋਂ ਅੱਗ ਦੀ ਬ੍ਰਾਹਮਣ ਤੋਂ ਖੱਤਰੀ ਦੀ ਤੇ ਪੱਥਰ ਤੋਂ ਲੋਹੇ ਦੀ ਉਤਪਤ ਹੈ ਇਨ੍ਹਾਂ

ਦਾ ਤੇਜ ਸਭ ਥਾਵੇਂ ਜਿੱਤਦਾ ਹੈ ਤੇ ਮਾਰਦਾ ਹੈ ਅਤੇ ਆਪਣੇ ਅਸਲ ਨੂੰ ਪਾ ਕੇ ਠਹਿਰ ਜਾਂਦਾ ਹੈ।

322. ਬ੍ਰਾਹਮਣ ਤੋਂ ਖਤਰੀ ਤੇ ਖਤਰੀ ਤੋਂ ਬ੍ਰਾਹਮਣ ਵਖਰਿਆਂ ਰਹਿ ਕੇ ਵਾਧਾ ਨਹੀਂ ਪਾਉਂਦਾ ਇਸ ਲੋਕ ਵਿਚ ਦੋਵੇਂ ਇਕੱਠੇ ਰਹਿਕੇ ਵਾਧਾ ਪਾਉਂਦੇ ਹਨ।

323. ਡੰਡ ਨਾਲ ਲਈ ਹੋਈ ਸਾਰੀ ਮਾਇਆ ਬ੍ਰਾਹਮਣ ਨੂੰ ਦੇ ਕੇ ਤੇ ਰਾਜ ਪੁੱਤਰ ਨੂੰ ਦੇ ਕੇ ਯੁੱਧ ਵਿਚ ਪ੍ਰਾਣ ਤਿਆਗੇ।

324. ਇਸ ਢੰਗ ਨਾਲ ਰਾਜਾ ਹਮੇਸ਼ਾ ਰਾਜ ਧਰਮ ਕਰਦਾ ਹੋਇਆ ਆਮ ਦੇ ਫਾਇਦੇ ਵਿਚ ਸਾਰਿਆਂ ਨੌਕਰਾਂ ਨੂੰ ਲਗਾਵੇ।

325. ਇਹ ਸਾਰਾ ਹਾਲ ਰਾਜਾ ਦੇ ਰੋਜ ਕਰਮਾਂ ਦਾ ਕਥਨ ਕੀਤਾ ਗਿਆ ਹੁਣ ਵਾਰੀ ਨਾਲ ਵੈਸ਼ ਤੇ ਸ਼ੁਦ੍ਰ ਦੇ ਧਰਮਾਂ ਨੂੰ ਕਥਨ ਕਰਾਂਗੇ।

326. ਵੈਸ਼ ਸੰਸਕਾਰ ਕਰਮਾਂ ਤੋਂ ਪਿਛੇ ਵਿਆਹ ਕਰਕੇ ਹਮੇਸ਼ਾਂ ਪਸ਼ੂਆਂ ਦੀ ਰਾਖੀ ਤੇ ਵਾਹੀ ਆਦਿ ਵਿਚ ਲਗਾ ਰਹੇ।

327. ਬ੍ਰਹਮਾ ਨੇ ਵੈਸ਼ ਨੂੰ ਉਤਪਤ ਕਰਕੇ ਤੇ ਉਸ ਨੂੰ ਪਸ਼ੂ ਚੌਪਾਏ ਦਿੱਤੇ ਬ੍ਰਾਹਮਣ ਤੇ ਖੱਤਰੀ ਨੂੰ ਸਭ ਪਰਜਾ ਦਿੱਤੀ।

328. ਵੈਸ਼ ਕਦੀ ਵੀ ਪਸ਼ੂਆਂ ਦੀ ਰੱਖਿਆ ਨਾ ਕਰਨੇ ਦਾ ਖਿਆਲ ਨਾ ਕਰੇ ਵਾਹੀ ਆਦਿ ਦੇ ਕੰਮ ਕਰਦਿਆਂ ਵੀ ਪਸ਼ੂਆਂ ਦੀ ਰੱਖਿਆ ਤੇ ਪਾਲਨਾ ਕਰੇ ਜਦੋਂ ਤੱਕ ਵੈਸ਼ ਚਾਰ ਪਾਏ ਪਾਲੇ ਉਤਨੇ ਤੱਕ ਹੋਰ ਵਰਨ ਨਾ ਪਾਲੇ।

329. ਜੁਆਹਰਾਤ, ਮੂੰਗ, ਮੋਤੀ, ਸੂਤ, ਸੰਬੰਧੀਆਂ, ਸਰਾਂ ਇਨ੍ਹਾਂ ਸਭਨਾ ਦਾ ਮੁਲ, ਵੇਲਾ ਦੇਸ ਸਮਝਕੇ ਵਧ ਜਾਂ ਘੱਟ ਰਹਿ ਜਾਵੇ।

330. ਖੇਤ ਦਾ ਅਵਗਣ ਤੇ ਬੀਜ ਸੁਟਣੇ ਦਾ ਢੰਗ, ਪ੍ਰਸਥਦ ਰੂਨ ਆਦਿ ਤੋਲ ਦੇ ਤੋਲ ਮਾਸੇ ਆਦਿ ਜਾਨਣੇ ਵਾਲਾ ਵੈਸ਼ ਹੋਵੇ।

331. ਭਾਂਡਿਆਂ ਦਾ ਖੋਟਾ ਖਰਾਪਨ ਦੇਸਾਂ ਦੇ ਅਵਗਣ ਤੇ ਚੀਜ਼ਾਂ ਵੇਚਣ ਦਾ ਵਾਧਾ ਘਾਟਾ ਤੇ ਚੀਜ਼ਾਂ ਦਾ ਹੁਨਰ ਤੇ ਪਸ਼ੂਆਂ ਦਾ ਵਾਧਾ ਇਨ੍ਹਾਂ ਸਭਨਾ ਨੂੰ ਸਮਝੇ।

332. ਮਜ਼ੂਰਾਂ ਦੀ ਮਜ਼ੂਰੀ ਮਨੁੱਖਾਂ ਦੀਆਂ ਕਈ ਪ੍ਰਕਾਰ ਦੀਆਂ ਬੋਲੀਆਂ ਰੁਪਇਆ ਮੋਹਰ ਦੇ ਚਲਾਉਣ ਦਾ ਢੰਗ ਦੇਣ ਲੈਣ ਇਨ੍ਹਾਂ ਸਭਨਾ ਨੂੰ ਜਾਣੇ।

333. ਧਰਮ ਰੱਖਕੇ ਮਾਇਆ ਦੇ ਵਾਧੇ ਵਿਚ ਚੰਗਾ ਢੰਗ ਕਰੇ ਸਾਰਿਆਂ ਜੀਵਾਂ ਦੇ ਖਾਣੇ ਪੀਣੇ ਦੀ ਢੰਗ ਦੀ ਖਬਰ ਚੰਗੀ ਤਰ੍ਹਾਂ ਰਖੇ।

334. ਵੇਦ ਪੜ੍ਹਨ ਵਾਲੇ ਭਲਿਆਂ ਗ੍ਰਿਹਸਤੀਆਂ ਦੀ ਸੇਵਾ ਸ਼ੂਦਰਾਂ ਨੂੰ ਮੋਖ ਵਾਸਤੇ ਸ੍ਰੇਸ਼ਟ ਹੈ।

335. ਪਵਿੱਤ੍ਰਤਾ ਤੇ ਵਡਿਆਈ ਦੀ ਸੇਵਾ ਮਿੱਠਾ ਬੋਲਣਾ ਹੰਕਾਰ ਨਾ ਕਰਨਾ ਹਮੇਸ਼ਾ ਬ੍ਰਾਹਮਣਾਂ ਦੇ ਸਾਏ ਹੇਠ ਰਹਿਣਾ ਇਹ ਸਾਰੇ ਕੰਮ ਸ਼ੂਦਰਾਂ ਨੂੰ ਉੱਚ ਪਦਵੀ ਦੇਣੇ ਵਾਲੇ ਹਨ।

336. ਔਖਾ ਵੇਲਾ ਨਾ ਹੋਣੇ ਨੂੰ ਇਹ ਭਲੇ ਕੰਮ ਸਭੇ ਚਾਰੇ ਵਰਨਾਂ ਦੇ ਵਾਸਤੇ ਕਥਨ ਕੀਤਾ ਹੁਣ ਔਖੇ ਵੇਲੇ ਉਹਨਾਂ ਦੇ ਕੰਮ ਦਾ ਢੰਗ ਵਾਰੀ ਨਾਲ ਆਖਦੇ ਹਾਂ।

ਮਨੂੰ ਜੀ ਦੇ ਧਰਮ ਸ਼ਾਸਤ੍ਰ ਭ੍ਰਿਗੂ ਜੀ ਦੀ ਸੰਘਤਾ ਦਾ
ਨੌਵਾਂ ਅਧਿਆਇ ਸਮਾਪਤ ਹੋਇਆ।

☆☆☆

# ਦਸਵਾਂ ਅਧਿਆਇ

1. ਤਿੰਨੇ ਵਰਨ ਅਪਨੇ ਕਰਮ ਦੇ ਪਕੇ ਹੋ ਕੇ ਵੇਦ ਅਨੁਸਾਰ ਸਵੈ ਧਰਮ ਨੂੰ ਕਰਦੇ ਹੋਏ ਵੇਦ ਨੂੰ ਪੜ੍ਹਨ ਬ੍ਰਾਹਮਣ ਹੋਰਨਾਂ ਨੂੰ ਪੜ੍ਹਾਵੇ ਪਰ ਖੱਤਰੀ ਨਾ ਪੜ੍ਹਾਵੇ ਜੇ ਪੜ੍ਹਾਵੇ ਤਾਂ ਪ੍ਰਾਸਚਿਤ ਕਰੇ।
2. ਬ੍ਰਾਹਮਣ ਰੁਜ਼ਗਾਰ ਦੀ ਜੁਗਤੀ ਵੇਦ ਅਨੁਸਾਰ ਹੋਰਨਾਂ ਨੂੰ ਸਮਝਾਵੇ ਆਪ ਵੀ ਉਸੇ ਤਰ੍ਹਾਂ ਕਰੇ।
3. ਬ੍ਰਾਹਮਣ ਉੱਤਮ ਜ਼ਾਤੀ ਤੇ ਉੱਤਮ ਉਤਪਤੀ, ਨੇਮ, ਸੰਸਕਾਰ ਆਦਿਕਾਂ ਤੋਂ ਵਡਾ ਹੈ ਸਭ ਵਰਨਾਂ ਦਾ ਗੁਰੂ ਹੈ।
4. ਤਿੰਨੇ ਵਰਨ ਦੁਜਨਮਾ ਤੇ ਸ਼ੂਦਰ ਇਕ ਜਨਮ ਅਖਵਾਂਦੇ ਹਨ।
5. ਸਾਰਿਆਂ ਵਰਨਾਂ ਵਿਚ ਉਹਨਾਂ ਇਸਤਰੀਆਂ ਨਾਲ ਜੋ ਆਪਣੀ ਜਾਤੀ ਦੀਆਂ ਵਿਆਹੀਆਂ ਵਿਚੋਂ ਜੋ ਸੰਤਾਨ ਹੋਵੇਗੀ ਉਹ ਮਾਤਾ ਪਿਤਾ ਦੀ ਜ਼ਾਤੀ ਵਾਲੀ ਹੋਵੇਗੀ।
6. ਦੂਜ ਤੇ ਇਕ ਜ਼ਾਤੀ ਦੀ ਫਰਕ ਵਾਲੀ ਇਸਤਰੀ ਤੋਂ ਜੰਮੀ ਹੋਈ ਸੰਤਾਨ ਸਦਰਸ ਹੋਵੇਗੀ ਪਰ ਉਹਦੇ ਵਿਚ ਮਾਤਾ ਪਿਤਾ ਵਾਲਾ ਦੋਸ਼ ਜ਼ਰੂਰ ਹੋਵੇਗਾ।
7. ਇਕ ਜਾਤੀ ਦੇ ਫਰਕ ਵਿਚ ਪੈਦਾ ਹੋਈ ਸੰਤਾਨ ਦੇ ਪ੍ਰਾਚੀਨ ਢੰਗ ਨੂੰ ਆਖਿਆ ਹੁਣ ਇਕ ਜਾਤੀ ਦੇ ਫਰਕ ਵਿਚ ਪੈਦਾ ਹੋਈ ਸੰਤਾਨ ਦੀ ਰੀਤੀ ਨੂੰ ਦਸਦੇ ਹਾਂ।
8. ਬ੍ਰਾਹਮਣ ਨਾਲ ਵਿਆਹੀ ਵੈਸ਼ਿਆ ਵਿਚੋਂ ਅਬਨਿਸ਼ਤ ਨਾਮ ਵਾਲਾ ਜਨ ਜੰਮਦਾ ਹੈ ਬ੍ਰਾਹਮਣ ਨਾਲ ਵਿਆਹੀ ਸ਼ੂਦਰਾਣੀ ਵਿਚੋਂ ਜੰਮਿਆ ਪੁੱਤਰ ਪਾਰਸੂ ਅਖਵਾਉਂਦਾ ਹੈ।
9. ਖਤ੍ਰੀ ਨਾਲ ਵਿਆਹੁਤਾ ਸ਼ੂਦਰਾ ਕੰਨਿਆਂ ਬਦਚਲਨ ਖੱਤਰੀ ਸ਼ੂਦਰ ਅੰਗ ਅਗਰ ਨਾਮ ਜਾਤੀ ਵਾਲਾ ਹੁੰਦਾ ਹੈ।
10. ਬ੍ਰਾਹਮਣ ਨੇ ਖਤ੍ਰਾਨੀ ਆਦਿ ਤਿੰਨਾਂ ਵਰਨਾਂ ਦੀ ਇਸਤਰੀ ਵਿਚੋਂ ਤੇ ਖਤਰੀ ਤੋਂ ਵੈਸ਼ ਆਦਿ ਦੋ ਵਰਨ ਦੀ ਇਸਤਰੀ ਵਿਚੋਂ ਵੈਸ਼ ਤੋਂ ਸ਼ੂਦਰਾਂ ਦੀ ਤੀਵੀਂ ਵਿਚੋਂ ਜੋ ਪੈਦਾ ਹੋਏ ਹਨ ਉਹ ਛੇ ਅਲਪਦ ਅਰਥਾਤ ਨਾਕਸ ਹਨ।
11. ਅਨਮੋਲ ਕਥਨ ਕੀਤਾ ਹੁਣ ਪ੍ਰਤਿਲੋਮ ਆਖਦੇ ਹਾਂ : ਖਤਰੀ ਤੋਂ ਬ੍ਰਾਹਮਣੀ ਕੰਨਿਆਂ

ਵਿਚੋਂ ਸੂਤ ਜਾਤ ਵਾਲਾ ਹੁੰਦਾ ਹੈ, ਵੈਸ਼ ਤੋਂ ਖਤਰੀ ਕੰਨਿਆਂ ਵਿਚੋਂ ਮਾਗਧ, ਬ੍ਰਾਹਮਣੀ ਕੰਨਿਆਂ ਵਿਚੋਂ ਬੋਦੀਆ ਜਾਤੀ ਵਾਲਾ ਹੁੰਦਾ ਹੈ।

12. ਸ਼ੂਦਰ ਤੋਂ ਵੈਸ਼, ਖੜ੍ਹੀ, ਬ੍ਰਾਹਮਣ ਦੀ ਕੰਨਿਆਂ ਤੋਂ ਆਯੂ ਗੁਖਤਾ ਮਨੁਖਾਂ ਵਿਚੋਂ ਨੀਚ ਚੰਡਾਲ ਜਾਤੀ ਵਾਲੇ ਹੁੰਦੇ ਹਨ।

13. ਜਿਸ ਤਰ੍ਹਾਂ ਇਕ ਜ਼ਾਤ ਦੇ ਫਰਕ ਵਿਚ ਅਨਮੋਲ ਵਿਚ ਉਬਤਿਸ਼ਟ ਤੇ ਅਗਰ ਹੈ ਇਸੇ ਤਰ੍ਹਾਂ ਪ੍ਰਤਿਲੋਮ ਵਿਚ ਖਿਨਾ ਤੇ ਬੇਦਿਰ ਕਾਰਨ।

14. ਦੁਜਨਮਾਂ ਵਿਚੋਂ ਇਕ ਜਾਤ ਵਾਲੀ ਇਸਤਰੀ ਵਿਚ ਲੜੀ ਅਨੁਸਾਰ ਜੋ ਲੜਕੇ ਉਤਪਤ ਹੋਏ ਕਹੇ ਹਨ ਉਹ ਸਾਰੇ ਮਾਤਾ ਦੇ ਦੋਸ਼ ਤੋਂ ਮਾਂ ਦੀ ਜ਼ਾਤੀ ਵਾਲੇ ਅਖਵਾਉਂਦੇ ਹਨ।

15. ਬ੍ਰਾਹਮਣ ਤੋਂ ਅਗਰ, ਉਬਤਿਸ਼ਟਤ, ਆਯੂਗੋ ਏਨਾ ਤਿੰਨਾਂ ਦੀ ਕੰਨਿਆਂ ਵਿਚ ਅਭਿਰਤ, ਅਭੀਰੋ, ਧਗਵਨ ਜ਼ਾਤੀ ਵਾਲੇ ਹੁੰਦੇ ਹਨ।

16. ਆਯੂ, ਗੋਖਨਾ, ਚੰਡਾਲ ਇਹ ਤਿੰਨੇ ਪੁੱਤਰ ਬਲੀ ਨਹੀਂ ਹੁੰਦੇ।

17. ਅਗਧ, ਬੋਦੀਆ, ਸੂਤ, ਇਹ ਤਿੰਨੇ ਪੁੱਤਰ ਵੀ ਕਾਮ ਵਿਚ ਸੰਮਰਥ ਨਹੀਂ ਹੁੰਦੇ।

18. ਨਸ਼ਾਦ ਤੋਂ ਸ਼ੂਦਰ ਕੰਨਿਆਂ ਵਿਚ ਬਕਸ ਜਾਤੀ ਵਾਲੇ ਹੁੰਦੇ ਹਨ ਨਸ਼ਾਦ ਵਿਚੋਂ ਕਲਿਕਟ ਜਾਤੀ ਵਾਲੇ ਹੁੰਦੇ ਹਨ।

19. ਕਸਨਾ ਪੁਰਖ ਤੋਂ ਅਗਰ ਕੰਨਿਆਂ ਵਿਚੋਂ ਸੁਪਾਕ ਜ਼ਾਤ ਵਾਲੇ ਹੁੰਦੇ ਹਨ ਬੇਦੀਅਕ ਪੁਰਸ਼ ਦਾ ਅਦਸਤ ਜ਼ਾਤ ਦੀ ਲੜਕੀ ਵਿਚੋਂ ਬੈਸਨ ਜ਼ਾਤ ਵਾਲੇ ਹੁੰਦੇ ਹਨ।

20. ਜੋ ਜਨਮਿਆਂ ਵਿਚੋਂ ਆਪਣੀ ਜ਼ਾਤ ਦੀ ਇਸਤਰੀ ਵਿਚੋਂ ਜੋੜ੍ਹੀ ਉਤਪਤ ਹੋਣ ਪਰ ਉਨ੍ਹਾਂ ਦਾ ਜਨੇਊ ਆਦਿ ਸੰਸਕਾਰ ਨਾ ਹੋਇਆ ਹੋਵੇ ਉਹ ਬਰਾਤੀਏ ਅਖਾਉਂਦੇ ਹਨ।

21. ਬਰਾਤੀਏ ਬ੍ਰਾਹਮਣ ਦਾ ਬ੍ਰਾਹਮਣੀ ਵਿਚੋਂ ਪੈਦਾ ਹੋਇਆ (ਆਤਮਾ ਭੌਰਜ ਕੰਟਕ) ਜਾਤ ਵਾਲਾ ਕਹਾਉਂਦਾ ਤੇ ਉਸੇ ਨੂੰ ਵੈਸ਼ ਬੇਦ ਨਾਲ ਅਵਨਤਯਾ ਬਾਟ, ਧਾਨਯ, ਪ੍ਰਸੀਧ ਸੀਸ ਵੀ ਆਖਦੇ ਹਨ।

22. ਬਰਾਤੀਯ ਖਤਰੀ ਦਾ ਖਤਰਾਈ ਵਿਚੋਂ ਝਲ ਜ਼ਾਤ ਵਾਲੇ ਹੁੰਦੇ ਹਨ ਉਨ੍ਹਾਂ ਦਾ ਨਾਮ ਛਲਮਲ, ਨਛਥ, ਨਟਕਰਨ, ਘਸ, ਵਰਡਰ ਹੈ।

23. ਬਰਾਤੀ ਵੈਸ਼ਯ ਦਾ ਵੈਸ਼ਜਾਣੀ ਵਿਚੋਂ ਸਧਨਵਾ ਚਾਰਜ ਜ਼ਾਤ ਵਾਲੇ ਉਨ੍ਹਾਂ ਨੂੰ ਕਾਰਸ ਜਨਮਾਂ, ਮਤੀਚ ਸਾਹੂਤ ਜ਼ਾਤ ਵਾਲੇ ਹੁੰਦੇ ਹਨ।

24. ਪਰਾਏ ਜ਼ਾਤ ਵਾਲੇ ਪੁਰਖ ਦਾ ਪਰਾਈ ਜ਼ਾਤ ਵਾਲੀ ਤੀਵੀਂ ਨੂੰ ਭੋਗ ਜਾਂ ਵਿਆਹ ਜਿਹੜੇ ਅਯੋਗ ਹਨ ਅਤੇ ਆਪਣੇ ਕਰਮਾਂ ਦਾ ਛੱਡਣਾ ਇਨ੍ਹਾਂ ਕਰਕੇ ਸ਼ੰਕਰ ਵਰਨ ਉਪਜਦੇ ਹਨ।

25. ਅਨਲੋਮ ਤੇ ਪ੍ਰਤਿਲੋਮ ਦਾ ਆਪਸ ਵਿਚ ਦੇ ਮੇਲ ਨਾਲ ਜੇੜ੍ਹਾ ਸ਼ੰਕਰ ਬਰਨ ਯੂਨ ਹੈ ਉਹ ਕਥਨ ਕਰਾਂਗੇ।

26. ਸੂਤ, ਬੇਦੀਯਕ, ਚੰਡਾਲ, ਮਾਗਧ, ਕਸਨਾ, ਆਯੂਗੋ।

27. ਇਹ ਸਭੇ ਆਪਣੀ ਜ਼ਾਤ ਦੀ ਤੀਵੀਂ ਵਿਚੋਂ ਆਪਣਾ ਵਰਨ ਉਪਜਾਂਵਦੇ ਹਨ ਇਸ ਤਰ੍ਹਾਂ ਮਾਤਾ ਪਿਤਾ ਇਕ ਜ਼ਾਤ ਦੇ ਹੋਣ ਕਰਕੇ ਪੁੱਤਰ ਵੀ ਉਸੇ ਜਾਤ ਦਾ ਸਮਝਣਾ ਚਾਹੀਏ ਕਿਉਂ ਜੋ ਚਾਰ ਵਰਨਾਂ ਦੀਆਂ ਤੀਵੀਆਂ ਵਿਚੋਂ ਪਿਤਾ ਦੀ ਜ਼ਾਤ ਨਾਲੋਂ ਨੀਵੀਂ ਜਾਤ ਦੇ ਜੰਮਦੇ ਹਨ। ਇਹ ਗੱਲ ਅੱਗੇ ਲਿਖਾਂਗੇ ਕਿ ਪਿਤਾ ਆਪਣੀ ਜ਼ਾਤ ਦੀ ਇਸਤਰੀ ਵਿਚੋਂ ਵੀ ਨਵੀਂ ਜਾਤ ਪੈਦਾ ਕਰਦੇ ਹਨ ਇਨ੍ਹਾਂ ਰਿਹਾ ਤੇ ਉਸੇ ਦਾ ਹਾਲ ਇਸ ਅੰਗ ਵਿਚ ਕੀਤਾ ਹੈ।

ਜਿਕੁਰ ਸ਼ੁਕਰ ਆਦਮੀ ਦਾ ਵੈਸ਼ ਤੀਵੀਂ ਵਿਚੋਂ ਪੈਦਾ ਹੋਇਆ ਹੋਇਆ ਲੜਕਾ ਅਯੂਗੋ ਕਹਾਉਂਦਾ ਹੈ ਉਸ ਕੋਲੋਂ ਸ਼ੁੱਧ ਜਿਹੜੀ ਆਯੂਗੋਈ, ਵੈਸ਼ਯਾਣੀ, ਬ੍ਰਾਹਮਣੀ, ਖਤ੍ਰਾਣੀ, ਸ਼ੂਦ੍ਰ ਵਿਚੋਂ ਪੈਦਾ ਹੋਵੇਗਾ ਉਹ ਵੀ ਆਯੂਗੋ ਕਿਹਾ ਜਾਂਦਾ ਹੈ ਪਰ ਸ਼ੁੱਧ ਆਯੂਗੋ ਕੋਲੋਂ ਇਹ ਸਾਰੇ ਆਯੂਗੋ ਨੀਵੇਂ ਹਨ ਦ੍ਰਿਸ਼ਟਾਂਤ ਦਿੰਦੇ ਹਨ ਕਿ ਜਿਹਾਕੁ ਆਦਮੀ ਤੀਵੀਂ ਵਿਚੋਂ ਇਕ ਬ੍ਰਹਮ ਹਤਿਆ ਕਰੇ ਉਸਦਾ ਪੁੱਤਰ ਜੰਮਿਆ ਤੇ ਇਸਤਰੀ ਭਰਤਾ ਦੋਵੇਂ ਕਸੂਰ ਵਾਲੇ ਹੋ ਜਾਂਦੇ ਹਨ ਉਹ ਉਨ੍ਹਾਂ ਦਾ ਜਿਹੜਾ ਬੱਚਾ ਪੈਦਾ ਹੋਵੇਗਾ ਉਹ ਭਾਰਾ ਨੀਚ ਹੋਵੇਗਾ।

28. ਜਿਹਾਕੁ ਤਿੰਨਾਂ ਵਰਨਾਂ ਵਿਚੋਂ ਤੀਵੀਆਂ ਵਿਚੋਂ ਆਪਣੇ ਵਰਗਾ ਜੰਮਦਾ ਹੈ ਆਪਣੀ ਤੀਵੀਂ ਤੇ ਇਕ ਜਾਤ ਦੀ ਨੀਚ ਵਰਨ ਵਾਲੀ ਤੀਵੀਂ ਵਿਚੋਂ ਇਸੇ ਤਰ੍ਹਾਂ ਨੀਚ ਜਾਤੀ ਦਾ ਵੀ ਹੁੰਦਾ ਹੈ।

29. ਆਯੂਗੋ ਆਦਿ ਛੇ ਅਪਣੀ ਜਾਤ ਦੀਆਂ ਇਸਤਰੀਆਂ ਵਿਚੋਂ ਵੀ ਅਲੋਮ ਹੋ ਕੇ ਬਹੁਤੇ ਦੁਸ਼ਟ ਪੁੱਤਰ ਪੈਦਾ ਕਰਦੇ ਹਨ ਜਿਸ ਤਰ੍ਹਾਂ ਆਯੂਗੋ ਕਸ਼ਨਾ ਇਸਤਰੀ ਵਿਚੋਂ ਆਪਣੇ ਕੋਲੋਂ ਨੀਚ ਜਾਤ ਪੈਦਾ ਕਰਦਾ ਹੈ ਤੇ ਕਸ਼ਨ ਵੀ ਆਯੂਗੋ ਤੀਵੀਂ ਵਿਚੋਂ ਆਪਣੇ ਕੋਲੋਂ ਨੀਚ ਜਾਤ ਉਤਪਤ ਕਰਦਾ ਹੈ ਇਸੇ ਤਰ੍ਹਾਂ ਦੂਜਿਆਂ ਪ੍ਰਤਿਲੋਆਂ ਨੂੰ ਵੀ ਸਮਝਣਾ ਚਾਹੀਦਾ ਹੈ।

30. ਜਿਹਾਕੁ ਸ਼ੂਦ੍ਰ ਬ੍ਰਾਹਮਣੀ ਵਿਚੋਂ ਚੰਡਾਲ ਨੂੰ ਪੈਦਾ ਕਰਦਾ ਹੈ ਇਸੇ ਤਰ੍ਹਾਂ ਚਾਰ ਵਰਨਾਂ ਦੀਆਂ ਤੀਵੀਆਂ ਵਿਚੋਂ ਵੀ ਆਪਣੇ ਨਾਲੋਂ ਨੀਚ ਬੱਚਾ ਪੈਦਾ ਕਰਦਾ ਹੈ।

31. ਉਚੀ ਤਰਫ ਉਲਟਕੇ ਜਾਤ ਧਰਮ ਵਲ ਚਲਨੇ ਵਾਲੇ ਆਪਣੇ ਨਾਲੋਂ ਉਚੀ ਜਾਤ ਦੀ ਕੰਨਿਆਂ ਨੂੰ ਵਿਆਹ ਲੈਣ ਵੇਲੇ ਜਿਹੇ ਨੀਚ ਤੋਂ ਅਤਿ ਨੀਚ ਹੋਣਗੇ ਉਹੋ ਜਿਹੇ ਹੀ ਉਨ੍ਹਾਂ ਦੀ ਉਲਾਦ ਵੀ ਨੀਵੀਂ ਤੋਂ ਨੀਵੀਂ ਪੰਦਰਾਂ ਤਰ੍ਹਾਂ ਦੀ ਹੋਵੇਗੀ।

32. ਕੇਸਾਂ ਦੀ ਸਫਾਈ ਤੇ ਬਰਾਬਰ ਕੇਸ ਬਣਾਉਣ ਵਾਲਾ, ਜੂਠਾ ਖਾਣੇ ਤੋਂ ਬਿਨਾਂ ਹੋਰ ਨੁਹਾਣ ਸੁਵਾਣ ਵਾਲਾ ਤੇ ਦਾਸ ਪੁਣੇ ਨੂੰ ਸਮਝਣ ਵਾਲਾ ਜਾਲ ਆਦਿ ਨਾਲ ਹਰਨ ਨੂੰ ਅਰਕੇ ਵਾਲਾ ਤੇ ਇਸ ਤਰ੍ਹਾਂ ਪੇਟ ਪਾਲਨਾ ਕਰਨੇ ਵਾਲਾ ਸੀਰ ਨਿਧ ਨਾਮ ਪੁੱਤਰ ਨੂੰ ਆਯੂਗੋ ਦੀ ਕੰਨਿਆਂ ਵਿਚੋਂ ਵਸਤਯੂ ਨਾਮ ਜਾਤ ਵਾਲਾ ਪੁਰਸ਼ (ਜਿਸਦਾ ਲਖਨ ਪੰਤਾਲੀ ਅੰਗ ਵਿਚ ਆਵੇਗਾ) ਪੈਦਾ ਕਰਦਾ ਹੈ।

33. ਆਯੂਗੋ ਦੀ ਪੁੱਤਰੀ ਵਿਚੋਂ ਬੇਦੀਜਕ ਪੁਰਸ਼ ਦਾ ਮੈਤ੍ਰੇ ਨਾਮ ਪੁੱਤਰ ਮਿੱਠੀ ਬੋਲੀ ਵਾਲਾ ਪੈਦਾ ਹੁੰਦਾ ਹੈ ਜਿਹੜਾ ਸਵੇਰੇ ਸਾਜ ਵਜਾਕੇ ਪੇਟ ਪਾਲਨਾ ਵਾਸਤੇ ਰਾਜਾ ਆਦਿ ਦੀ ਉਸਤਤ ਕਰਦਾ ਹੈ।

34. ਆਯੂਗੋ ਦੀ ਪੁੱਤਰੀ ਵਿਚੋਂ ਨਿਸ਼ਾਦ ਆਦਮੀ ਤੋਂ ਮਲਾਹਾਂ ਦਾ ਕੰਮ ਕਰਨੇ ਵਾਲਾ ਪੁੱਤਰ ਉਪਜਦਾ ਹੈ ਜਿਸਨੂੰ ਦਾਸ਼ਨ ਤੇ ਮਾਰਗੂ ਨਾਮ ਵੀ ਆਖਦੇ ਹਨ ਜਿਸਨੂੰ ਦੇਵਰਤ ਕਹਿੰਦੇ ਹਨ।

35. ਸੀਰਨਦ ਮਤ੍ਰੇ, ਮਾਗਰੂ ਤਿੰਨੇ ਨੀਚ ਜ਼ਾਤੀ ਆਯੂਗੋ ਦੀ ਉਸ ਇਸਤਰੀ ਵਿਚੋਂ ਪਿਉ ਦੇ ਘਾਟੇ ਕਰਕੇ ਅੱਡੋ ਅੱਡੀ ਪੈਦਾ ਹੁੰਦੇ ਹਨ ਜਿਹੜੇ ਮੁਰਦਿਆਂ ਦੇ ਨਾਮ ਦੇ ਕਪੜੇ ਲੈਣੇ ਵਾਲੇ ਜੂਠਾ ਖਾਣ ਵਾਲੇ ਹਨ।

36. ਨਿਸ਼ਾਦ ਪੁਰਸ਼ ਦਾ ਵੇਦੀ ਅਤੇ ਤ੍ਰੀਮਤ ਵਿਚੋਂ ਖਲ ਤੇ ਦਮੇ ਨੂੰ ਸੀਣੇ ਵਾਲਾ ਕਾਰ ਤੇ ਨਾਮ ਪੁੱਤਰ ਜੰਮਦਾ ਹੈ ਤੇ ਵੇਦੀਅਕ ਦਾ ਕਾਰ, ਤੇ ਨਾਮ ਦੀ ਕੰਨਿਆਂ ਵਿਚੋਂ ਇੰਧਰ ਜ਼ਾਤ ਦਾ ਤੇ ਨਿਸ਼ਾਦ ਦੀ ਇਸਤਰੀ ਵਿਚੋਂ ਮੇਦ ਜ਼ਾਤ ਵਾਲਾ ਪੁੱਤਰ ਉਤਪਤ ਹੁੰਦਾ ਹੈ ਇਹ ਦੋਵੇਂ ਪਿੰਡ ਤੋਂ ਬਾਹਰ ਰਹਿਣ ਵਾਲੇ ਹੁੰਦੇ ਹਨ।

37. ਬੇਦੀਅਕ ਤੀਵੀਂ ਵਿਚੋਂ ਚੰਡਾਲ ਪੁਰਸ਼ ਦਾ ਬਾਂਸ ਦੇ ਕੰਮ ਨਾਲ ਗੁਜ਼ਾਰਾ ਕਰਨ ਵਾਲਾ ਪਾਂਡੋ ਸੂਪਾਕ ਜ਼ਾਤ ਦਾ ਪੁੱਤਰ ਜੰਮਦਾ ਹੈ ਤੇ ਉਸੇ ਤ੍ਰੀਮਤ ਵਿਚੋਂ ਨਿਸ਼ਾਦ ਦਾ ਜ਼ਾਤ ਅਮਿੰਡਕ ਪੁੱਤਰ ਜਨਮਦਾ ਹੈ।

38. ਚੰਡਾਲ ਦਾ ਪੁਕਸੀ ਇਸਤਰੀ ਵਿਚੋਂ ਸੂਪਾਕ ਜ਼ਾਤ ਵਾਲਾ ਪੁੱਤਰ ਪੈਦਾ ਹੁੰਦਾ ਹੈ ਜਿਹੜਾ ਰਾਜੇ ਦੀ ਆਗਿਆ ਅਨੁਸਾਰ ਕਤਲ ਕਰਨੇ ਯੋਗ ਪਾਪੀ ਆਦਮੀਆਂ ਨੂੰ ਮਾਰਦਾ ਹੈ ਤੇ ਇਸ ਤਰ੍ਹਾਂ ਪੇਟ ਪਾਲ ਕਰਨੇ ਵਾਲਾ ਹੁੰਦਾ ਹੈ ਤੇ ਪਾਪੀ ਹਮੇਸ਼ਾਂ ਚੰਗਿਆਂ ਮਨੁੱਖਾਂ ਪਾਸੋਂ ਫਿਟਕਾਰ ਪਾਉਂਦਾ ਹੈ।

39. ਚੰਡਾਲ ਪੁਰਖ ਦਾ ਨਿਸ਼ਦੀ ਵਿਚੋਂ ਸ਼ਮਸ਼ਾਨ ਭੂਮੀ ਵਿਚ ਰਹਿਣੇ ਵਾਲਾ ਤੇ ਸਭਨਾ ਪਾਸੋਂ ਫਿਟਕਾਰ ਪਾਉਣੇ ਵਾਲਾ ਅੰਬਜਾਦ ਸਾਈ ਜ਼ਾਤ ਦਾ ਪੁੱਤਰ ਜਨਮਦਾ ਹੈ।

40. ਵਰਣ ਸ਼ੰਕਰ ਜ਼ਾਤ ਦੇ ਮਾਤਾ ਪਿਤਾ ਕਰਕੇ ਇਤਨੀਆਂ ਜ਼ਾਤਾਂ ਕਥਨ ਕੀਤੀਆਂ ਉਹ ਜ਼ਾਤਾਂ ਸਾਹਮਣੇ ਹੋਵਣ ਯਾਂ ਛਪੀਆਂ ਹੋਵਣ ਪਰ ਆਪਣੇ-ਆਪਣੇ ਕੰਮਾਂ ਨੂੰ ਜਾਨਣ ਵਾਲੀਆਂ ਹੁੰਦੀਆਂ ਹਨ।

41. ਬ੍ਰਾਹਮਣ ਖੱਤਰੀ ਵੈਸ਼ਜ ਦੇ ਆਪੋ ਆਪਣੀ ਜ਼ਾਤ ਦੀ ਇਸਤਰੀ ਵਿਚੋਂ ਜਿਹੜੇ ਪੁੱਤਰ ਪੈਦਾ ਹੁੰਦੇ ਹਨ ਤੇ ਬ੍ਰਾਹਮਣ ਦਾ ਖਤਰਾਣੀ ਤੇ ਖੜ੍ਹੀ ਦਾ ਵੈਸ਼ਜਾਣੀ ਤੇ ਵੈਸ਼ ਦਾ ਸ਼ੂਦ੍ਰਾਣੀ ਵਿਚੋਂ ਜੋ ਪੁੱਤਰ ਜਨਮਦਾ ਹੈ ਉਹ ਛਿਵਿਜ ਖਟ ਕਰਮੀ ਦੇ ਧਰਮ ਵਾਲੇ ਜਨੇਊ ਆਦਿ ਸੰਸਕਾਰ ਦੇ ਯੋਗ ਹੁੰਦੇ ਹਨ ਇਸ ਤੋਂ ਬਿਨਾਂ ਜਿਹੜੇ ਪ੍ਰਤਿਲੋਮ ਤੋਂ ਪੈਦਾ ਹੁੰਦੇ ਹਨ ਉਹ ਸਭੇ ਸ਼ੂਦਰ ਦੇ ਧਰਮ ਵਾਲੇ ਅਖਵਾਉਂਦੇ ਹਨ।

42. ਤਤੇ ਬੀਜ ਪ੍ਰਨ ਦੇ ਫਲ ਕਰਕੇ ਇਕ ਜ਼ਾਤ ਤੇ ਹੋਰ ਜ਼ਾਤ ਤੇ ਪੈਦਾ ਹੋਇ ਹੋਇ ਆਦਮੀ ਜੁਗਾਂ ਜੁਗਾਂ ਵਿਚ ਊਚ ਤਪ ਦੇ ਫਲ ਨਾਲ ਵਿਸ਼ਵਾ ਮਿਤ੍ਰ ਜਿਹੇ ਨੀਚ ਜਨਮ ਬੀਜ ਦੇ ਫਲ ਨਾਲ ਸ੍ਰਿੰਗੀ ਰਿਖੀ ਜੇਹੀ ਸਮਝਣੇ ਚਾਹੀਏ।

43. ਹੌਲੀ-ਹੌਲੀ ਨੇਮ ਧਰਮ ਨੂੰ ਤਿਆਗਣ ਕਰਕੇ ਤੇ ਬ੍ਰਾਹਮਣਾਂ ਦਾ ਖਿਆਲ ਨਾ ਰੱਖਣ ਕਰਕੇ ਹੇਠਾਂ ਲਿਖੇ ਹੋਏ ਖੱਤ੍ਰੀ ਜਗਤ ਵਿਚ ਸ਼ੂਦ੍ਰ ਹੋ ਗਏ।

44. ਪੌਂਡਰਕ ਅਡਰਦਾਰ, ਦ੍ਰਵਿੰਡਾ ਕਾਮਬੋਜ ਜਵਨ-ਸ਼ਕਪਾ ਰਦ ਪਾਹਲੂ-ਚੀਨ-ਕਿਰਾਤ-ਦਰਖਸ-ਇਹਨਾਂ ਦੇਸ਼ਾਂ ਦੇ ਮਨੁੱਖ ਖਤਰੀ ਆਦਿ ਜਨੇਊ ਆਦਿ ਸੰਸਕਾਰ ਵੇਦਾਂ ਦਾ ਪੜ੍ਹਨਾ ਤਜਾਗਨ ਕਰਕੇ ਸ਼ੂਦਰ ਹੋ ਗਏ।

45. ਬ੍ਰਾਹਮਣ ਖੜ੍ਹੀ ਵੈਸ਼ ਸ਼ੂਦਰ ਇਹਨਾਂ ਚਵਾਂ ਵਰਨਾਂ ਦੇ ਕਰਮ ਛਪ ਜਾਣੇ ਕਰਕੇ ਜਿਤਨੀਆਂ ਜਾਤਾਂ ਬਣੀਆਂ ਉਹਨਾਂ ਦਾ ਨਾਮ (ਮਲੇਛ ਭਾਖਾ) ਭ੍ਰਿਸ਼ਟ ਬੋਲੀ ਵਿਚ ਹੋਵੇ ਜਾਂ ਆਰੀ ਬੋਲੀ ਹੋਵੇਗਾ ਇਹ ਸਾਰੀਆਂ ਦਿਸਿਯਵ ਬ੍ਰਾਹਮਣ ਖਤਰੀ ਸੂਦ ਵੈਸ਼ ਅਖਾਉਂਦੀਆਂ ਹਨ।

46. ਦ੍ਵਿਜਾ ਤੋਂ ਆਪਸਦ ਆਦਿ ਅਨਲੋਮ ਦੇ ਢੰਗ ਨਾਲ ਪੈਦਾ ਹੋਏ ਹਨ ਤੇ ਜਿਨ੍ਹਾਂ ਦਾ ਹਾਲ ਦਸਵੇਂ ਸਲੋਕ ਵਿਚ ਹੈ ਤੇ ਹੋਰ ਵੀ ਜੋ ਪ੍ਰਤਿਲੋਮ ਤੋਂ ਉਤਪਤ ਹੁੰਦੇ ਹਨ ਸਾਰੇ ਦ੍ਵਿਜਾਂ ਦੇ ਨਿੰਦਤ ਕਰਮਾਂ ਤੋਂ ਦਿਨ ਕਟਦੇ ਹਨ।

47. ਸੂਤ ਦਾ ਕੰਮ ਰਥ ਵਾਹਨਾ ਅਖਿੰਸ਼ਟ ਵਿਦੰਗੀ, ਬੇਦੇ ਹਕ ਨਚਨਾ ਮਾਗਧ ਬਨੀਆਂ ਪੁਨਾ ਕਰਦੇ ਹਨ।

48. ਨਸਾਦ ਦਾ ਨਿਰਬਾਹ ਮੱਛੀ ਮਾਰਨ ਤੋਂ ਆਯੂਗੋ ਦਾ ਕਾਠ ਕੱਟਣਾ, ਹੈਡ, ਅੰਦਰ, ਚੁੰਜ ਮਦਗੋ ਇਨ੍ਹਾਂ ਦਾ ਗੁਜਾਰਾ ਜਾਨਵਰਾਂ ਦੇ ਮਰਨ ਤੋਂ ਹੈ।

49. ਕਸ਼ਾਦ ਅਗਰ ਪ੍ਰਕਸ਼ ਦਾ ਕਰਮ ਤੇ ਨਿਰਬਾਹ ਗੋਹ ਆਦਿ ਖਿਲਾਂ ਵਿਚ ਵੱਸਣ ਵਾਲੇ ਜੀਵਾਂ ਨੂੰ ਪਕੜਨਾ ਹੈ, ਧੀਖਣ ਦਾ ਕੰਮ ਚੰਮ ਦਾ ਹੈ ਬੀਨ ਢੋਲ ਡੱਫ ਆਦਿ ਵਜਾ ਕੇ ਨਿਰਬਾਹ ਕਰਦੇ ਹਨ।

50. ਇਹ ਸਾਰੇ ਪਿੰਡ ਦੇ ਨੇੜੇ, ਪ੍ਰਸਿੱਧ ਦਰਖਤਾਂ ਦੀਆਂ ਜੜ੍ਹਾਂ, ਪੱਥਰ ਪਹਾੜ ਬਨ ਵਿਚ ਸਾਮਨੇ ਆਪਣੇ ਕੰਮਾਂ ਤੋਂ ਦਿਨ ਗੁਜਾਰੀ ਕਰਦੇ ਹਨ।

51. ਚੰਡਾਲ ਸਪਚ ਪਿਛੋਂ ਬਾਹਰ ਰਹਿ ਕੇ ਬਿਨਾਂ ਭਾਂਡਿਆਂ ਦੇ ਕੁੱਤੇ ਖੋਤੇ ਆਦਿ ਰਖਕੇ ਗੁਜਾਰਾ ਕਰਨ।

52. ਮੁਰਦਿਆਂ ਦੇ ਕਪੜੇ ਪਾਨ ਤੇ ਟੁੱਟੇ ਭੰਨੇ ਭਾਂਡੇ ਰੱਖਣ ਤੇ ਲੋਹੇ ਦੀਆਂ ਟੂੰਬਾਂ ਗਲ ਪਾ ਫਿਰਦੇ ਰਹਿਣ।

53. ਧਰਮੀ ਪੁਰਸ਼ ਏਨ੍ਹਾਂ ਨਾਲ ਵਿਹਾਰ ਆਦਿ ਨਾ ਕਰਨ ਏਹੋ ਵਿਹਾਰ ਆਦਿ ਸਾਰੇ ਕੰਮ ਆਪੋ ਵਿਚ ਕਰਦੇ ਹਨ।

54. ਇਹ ਰਾਤ ਨੂੰ ਪਿੰਡਾਂ ਵਿਚ ਨਾ ਫਿਰਨ, ਇਨ੍ਹਾਂ ਨੂੰ ਅੰਨ ਟੁੱਟੇ ਭਾਂਡਿਆਂ ਵਿਚ ਦੇਣਾ ਉਚਿਤ ਹੈ ਇਨ੍ਹਾਂ ਦਾ ਭੋਜਨ ਆਦਿ ਹੋਰਨਾ ਦੇ ਵੱਸ ਹੈ।

55. ਇਹ ਰਾਜੇ ਦੀ ਆਗਿਆ ਅਨੁਸਾਰ ਆਪਣੀ ਜਾਤ ਦਾ ਚਿੰਨ੍ਹ ਲੈ ਕੇ ਕੰਮ ਕਰਨ ਤੇ ਦਿਹਾੜੀ ਫਿਰਨ।

56. ਇਹ ਰਾਜੇ ਦੀ ਆਗਿਆ ਅਨੁਸਾਰ ਅਪਰਾਧੀਆਂ ਨੂੰ ਜਾਨੋ ਮਾਰਨ ਤੇ ਉਨ੍ਹਾਂ ਦੇ ਬਸਤ੍ਰ ਆਦਿ ਲੈਣ।

57. ਜੋ ਪੁਰਸ਼ ਹੋਵੇ ਨੀਚ ਦਾ ਤੇ ਵਰਨ ਤੋਂ ਵੱਖ ਪਰ ਸ਼ਕਲ ਭਲੇਮਾਨਸਾਂ ਦੀ ਹੋਵੇ ਤਾਂ ਉਸਦੀ ਜਾਤ ਉਸਦੇ ਕਰਮ ਤੋਂ ਮਲੂਮ ਕਰੋ।

58. ਖੋਟਾ ਸੁਭਾ ਹੋਣਾ, ਨੀਚਤਾ ਜੁਲਮ ਕਰਨਾ ਤੇ ਸ਼ਾਸਤ੍ਰ ਦੇ ਵਿਰੁੱਧ ਹੋਣਾ ਇਹ ਲੱਛਣ ਦਸਦੇ ਹਨ ਕਿ ਪੁਰਸ਼ ਕਿਸੇ ਨੀਚ ਕੁਲ ਦਾ ਹੈ।

59. ਪੁਰਸ਼ ਮਾਂ ਜਾਂ ਪਿਓ ਜਾਂ ਦੋਨਾ ਦਾ ਅਸਰ, ਸੁਭਾਉ ਆਦਿਤ ਸ਼ਕਲ ਪਾਉਂਦਾ ਹੈ ਪਰ ਨੀਚ ਜ਼ਾਤ ਦਾ ਕਦੀ ਵੀ ਆਪਣੀ ਆਦਿਤ ਨੂੰ ਨਹੀਂ ਛੱਡਦਾ।

60. ਜਿਹੜਾ ਆਦਮੀ ਚੰਗੀ ਕੁਲ ਵਿਚ ਪੈਦਾ ਹੋਇਆ ਹੈ ਪਰ ਉਸ ਦੀ ਮਾਤਾ ਨੀਵੀਂ ਕੁਲ ਦੀ ਹੋਵੇ ਤਦ ਵੀ ਉਹ ਪਿਓ ਦਾ ਹੀ ਵਰਤਾਉ ਪਾਉਂਦਾ ਹੈ।

61. ਜਿਸ ਰਾਜ ਵਿਚ ਵਰਨਾਂ ਨੂੰ ਖਰਾਬ ਕਰਨ ਵਾਲੇ ਸ਼ੰਕਰ ਵਰਨ ਜੰਮਦੇ ਹਨ ਉਹ ਬਾਦਸ਼ਾਹੀ ਪਰਜਾ ਸਣੇ ਜਲਦੀ ਨਸ਼ਟ ਹੋ ਜਾਂਦੀ ਹੈ।

62. ਆਪਣਾ ਭਾਵ ਛੱਡ ਕਰਕੇ ਜਿਹੜੇ ਵਰਨਾਂ ਤੋਂ ਵੱਖਰੇ ਪੁਰਸ਼ ਕਿਸੇ ਬ੍ਰਾਹਮਣ, ਇਸਤਰੀ, ਗਊ, ਬਾਲਕ ਦੇ ਸੁਖ ਵਾਸਤੇ ਜਾਨ ਦੇਂਦੇ ਹਨ ਪੂਰਨਤਾ ਨੂੰ ਮਿਲਦਾ ਹੈ।

63. ਜਾਨਵਰਾਂ ਨੂੰ ਨਾ ਮਾਰਨਾ ਚੋਰੀ ਤਿਆਗਣਾ, ਸੱਚ ਦਾ ਗ੍ਰਹਿਣ ਕਰਨਾ ਸੁਚਮਨ ਇਸਤਰੀਆਂ ਨੂੰ ਜਿੱਤਣਾ ਇਹ ਸਾਰਾ ਧਰਮ ਮਨੂੰ ਜੀ ਨੇ ਚਾਰਾਂ ਵਰਨਾਂ ਵਾਸਤੇ ਬਚਨ ਕੀਤਾ ਹੈ।

64. ਸ਼ੂਦ੍ਰਾਣੀ ਵਿਚੋਂ ਬ੍ਰਾਹਮਣ ਤੋਂ ਲੜਕੀ ਜਨਮੇ ਤਾਂ ਉਹ ਪਾਰਸੂ ਕਹਾਉਂਦੀ ਹੈ ਉਸ ਨਾਲ ਬ੍ਰਾਹਮਣ ਵਿਆਹ ਕਰੇ ਫਿਰ ਲੜਕੀ ਹੀ ਜਨਮੇ ਫਿਰ ਬ੍ਰਾਹਮਣ ਵਿਆਹੇ ਤਾਂ

ਲੜਕੀ ਇਸੇ ਤਰ੍ਹਾਂ ਛੇਵੀਂ ਵਾਰ ਪੁੱਤਰੀ ਉੱਤਮ ਬੀਰਜ ਵਾਸਤੇ ਬ੍ਰਾਹਮਣ ਕੁਲ ਦੀ ਹੁੰਦੀ ਹੈ।

65. ਸ਼ੂਦ੍ਰ ਬ੍ਰਾਹਮਣ ਪੁਣੇ ਨੂੰ ਲੈਂਦਾ ਹੈ ਤੇ ਬ੍ਰਾਹਮਣ ਸ਼ੂਦ੍ਰ ਪੁਣੇ ਨੂੰ ਪਾਉਂਦਾ ਹੈ ਇਸੇ ਪ੍ਰਕਾਰ ਖੱਤਰੀ ਵੈਸ਼ ਤੋਂ ਜੰਮੀ ਹੋਈ ਸੰਤਾਨ ਸਮਝੋ।

66. ਸ਼ੂਦ੍ਰਨੀ ਵਿਚੋਂ ਬ੍ਰਾਹਮਣ ਤੋਂ ਜੰਮਿਆ ਤੇ ਬ੍ਰਾਹਮਣੀ ਵਿਚੋਂ ਕਿਹੜਾ ਵੱਡਾ ਹੈ ਇਸਦਾ ਜਵਾਬ ਅੱਗੇ ਲਿਖੇ ਸਫੇ ਵਿਚ ਲਿਖਾਂਗੇ।

ਨੋਟ :- ਜਿਸ ਤਰੀਕੇ ਸੂਦ੍ਰਾਨੀ ਵਿਚੋਂ ਬ੍ਰਾਹਮਣ ਦਾ ਜਮਾਇਆ ਪਾਰਸੂ ਹੁੰਦਾ ਹੈ ਤੇ ਉਹ ਸ਼ੂਦ੍ਰੀ ਦਾ ਵਿਆਹ ਕਰਕੇ ਬਾਲਕ ਉਪਜਾਵੇ ਤੇ ਉਹ ਵੀ ਸ਼ੂਦ੍ਰੀ ਦਾ ਵਿਆਹ ਕਰੇ ਇਸੇ ਤਰ੍ਹਾਂ ਛੇਵਾਂ ਪੁੱਤਰ ਮਾਤਾ ਦੇ ਨੀਚ ਹੁੰਦਿਆਂ ਸ਼ੂਦ੍ਰ ਹੋ ਜਾਂਦਾ ਹੈ ਇਸੇ ਤਰ੍ਹਾਂ ਸ਼ੂਦ੍ਰੀ ਵਿਚੋਂ ਖੱਤਰੀ ਤੋਂ ਜੰਮੀ ਲੜਕੀ ਚੌਥੀ ਪੀਹੜੀ ਬੀਰਜ ਦੀ ਉੱਤਮਤਾਈ ਵਾਸਤੇ ਖੜ੍ਹਾਣੀ ਹੁੰਦੀ ਹੈ ਤੇ ਖੜ੍ਹੀ ਜਨਮਦੀ ਹੈ ਫਿਰ ਉਹ ਲੜਕੀ ਤੀਵੀਂ ਦੇ ਨੀਚ ਹੋਇਆ ਦੂਜੀ ਵਾਰੀ ਸ਼ੂਦ੍ਰ ਨੂੰ ਪੈਦਾ ਕਰਦੀ ਹੈ ਤੇ ਵੈਸ਼ ਤੋਂ ਸ਼ੂਦ੍ਰੀ ਵਿਚੋਂ ਜੰਮੀ ਹੋਈ ਲੜਕੀ ਦੂਜੀ ਪੀੜ੍ਹੀ ਬੀਰਜ ਦੀ ਉੱਤਮਤਾ ਨਾਲ ਵੈਸ਼ ਨੂੰ ਪੈਦਾ ਕਰਦੀ ਹੈ ਤੇ ਪੁੱਤਰ ਦੂਜੀ ਵਾਰੀ ਤੀਵੀਂ ਦੇ ਨੀਚ ਹੋਇਆਂ ਸ਼ੂਦ੍ਰ ਉਪਜਾਂਵਦੀ ਹੈ ਇਸੇ ਢੰਗ ਨਾਲ ਬ੍ਰਾਹਮਣ ਪੁਰਖ ਦਾ ਵੈਸ਼ਿਆਣੀ ਵਿਚੋਂ ਪੰਜਵੀਂ ਪੀਹੜੀ ਵਿਚ ਊਚ ਨੀਚ ਹੁੰਦਾ ਹੈ ਤੇ ਬ੍ਰਾਹਮਣ ਤੇ ਖੜ੍ਹਾਣੀ ਵਿਚੋਂ ਉਪਜਿਆ ਤੀਸਰੀ ਪੀੜ੍ਹੀ ਵਿਚ ਖੜ੍ਹੀ ਦਾ ਵੈਸ਼ਜਾਨੀ ਵਿਚ ਤੀਜੀ ਪੀਹੜੀ ਊਚ ਨੀਚ ਅਖਵਾਉਂਦਾ ਹੈ।

67. ਊਚ ਨੀਚ ਤੋਂ ਨੀਚੀਆਂ ਵਿਚੋਂ ਜਿਸ ਤਰ੍ਹਾਂ ਬ੍ਰਾਹਮਣ ਤੇ ਸ਼ੂਦ੍ਰੀ ਵਿਚੋਂ ਉਪਜਿਆ ਹੋਇਆ ਪਵਿਤ੍ਰ ਯੱਗ ਆਦਿ ਕੰਮ ਕਰੇ ਤਾਂ ਉਹ ਵੱਡਾ ਹੈ ਤੇ ਨੀਚ ਬੀਰਜ ਉਚੀਆਂ ਵਿਚੋਂ ਜਿਹਾਕੁ ਸ਼ੂਦਰ ਤੋਂ ਬ੍ਰਾਹਮਣੀ ਵਿਚੋਂ ਜੰਮਿਆ ਹੋਇਆ ਵੱਡਾ ਨਹੀਂ ਏਹ ਪੱਕ ਹੈ।

68. ਇਹ (ਸਿਧਾਂਤ) ਸੱਚ ਹੈ ਕਿ ਦੋਨੋਂ ਸੰਸਕਾਰ ਕਰਮ ਦੇ ਯੋਗ ਨਹੀਂ ਹਨ ਕਿਉਂ ਜੋ ਪਹਿਲਾਂ ਤੀਵੀਂ ਜਾਤ ਵਿਚ ਜੰਮਿਆ ਤੇ ਦੂਜਾ ਪ੍ਰਤਲੋਮ ਹੈ।

69. ਜਿਸ ਤਰ੍ਹਾਂ ਚੰਗਾ ਬੀ ਚੰਗੇ ਖੇਤ ਵਿਚ ਪਿਆ ਚੰਗਾ ਅਨਾਜ ਜੰਮਦਾ ਹੈ ਇਸੇ ਤਰ੍ਹਾਂ ਹੀ ਉੱਤਮ ਪੁਰਸ਼ ਤੇ ਸ੍ਰੇਸ਼ਟ ਤੀਵੀਂ ਵਿਚੋਂ ਪੈਦਾ ਹੋਇਆ ਸਭਨਾ ਸੰਸਕਾਰਾਂ ਦੇ ਯੋਗ ਰਹਿੰਦਾ ਹੈ।

70. ਕਈ ਪੜ੍ਹੇ ਹੋਏ ਪੰਡਿਤ ਬੀਜ ਨੂੰ ਚੰਗਾ ਕਹਿੰਦੇ ਹਨ ਤੇ ਕਿੰਨੇ ਹੀ ਬਰਤਨ ਨੂੰ ਤੇ ਕਈ ਦੋਹਾਂ ਨੂੰ ਉੱਤਮ ਕਹਿੰਦੇ ਹਨ ਇਸ ਦੀ ਬਾਬਤ ਜੋ ਅੱਗੇ ਲਿਖਾਂਗੇ ਸੋ ਸਮਝਣਾ।

71. ਖਰਾਬ ਧਰਤੀ ਤੇ ਜੋ ਵੀ ਪਾਉਂਦਾ ਹੈ ਉਹ ਵਿਅਰਥ ਜਾਂਦਾ ਹੈ ਪੈਦਾ ਨਹੀਂ ਹੁੰਦਾ ਤੇ ਜਿਹੜੀ ਭੋਇੰ ਚੰਗੀ ਹੋਵੇ ਤੇ ਉਸ ਵਿਚ ਬੀ ਨਹੀਂ ਤਾਂ ਉਹ ਕਿਰਾਰੜਾ ਹੀ ਹੈ ਉਸ

ਵਿਚੋਂ ਅਨਾਜ ਨਹੀਂ ਹੁੰਦਾ ਇਸ ਵਾਸਤੇ ਦੋਹਾਂ ਦੀ ਰਲਕੇ ਵਡਿਆਈ ਹੈ ਚੰਗੇ ਖੇਤ ਵਿਚ ਚੰਗਾ ਬੀ ਪਵੇ ਤਾਂ ਦਾਣੇ ਚੰਗੇ ਹੁੰਦੇ ਹਨ ਇਹ ਗੱਲ ਅੱਗੇ ਲਿਖ ਆਏ ਹਾਂ ਕਿ ਦੋਵੇਂ ਚੰਗੇ ਹੋਣ ਤਾਂ ਹੀ ਠੀਕ ਹੁੰਦਾ ਹੈ।

72. ਬੀਜ ਦੀ ਉੱਤਮਤਾ ਕਰਕੇ ਸਿੰਙੀ ਰਿਖੀ ਹਰਨੀ ਵਿਚੋਂ ਸ੍ਰੇਸ਼ਟ ਪੈਦਾ ਹੋਏ ਜਿਹੜੇ ਬ੍ਰਹਮ ਰਿਖੀ ਪੂਜਨੀਕ ਹੋਏ ਇਸ ਵਾਸਤੇ ਬੀਜ ਹੈ ਸਿਧਾਂਤ ਇਹ ਹੈ ਕਿ ਬੀਜ ਤੇ ਬਰਤਨ ਵਿਚੋਂ ਉਚੀ ਜਾਤ ਪਵਿਤ੍ਰ ਹੈ ਇਹ ਗੱਲ ਸਮਝਣੀ ਲੋੜੀਏ।

73. ਊਚ ਹੋ ਕੇ ਨੀਚ ਦਾ ਤੇ ਨੀਚ ਹੋ ਕੇ ਊਚ ਦਾ ਕੰਮ ਕਰੇ ਇਨ੍ਹਾਂ ਦੋਹਾਂ ਨੂੰ ਬ੍ਰਹਮਾ ਜੀ ਨੇ ਕਿਹਾ ਕਿ ਇਹ ਨਾ ਇਕੋ ਜਿਹੇ ਹਨ ਤੇ ਨਾ ਵਖਰੇ ਵਖਰੇ ਹਨ।

74. ਉਹ ਛੇ ਕੰਮਾਂ ਨਾਲ ਗੁਜਾਰਾ ਕਰੇ ਜਿਹੜਾ ਬ੍ਰਾਹਮਣ ਬ੍ਰਹਮ ਧਿਆਨ ਵਿਚ ਲਗਾ ਹੋਇਆ ਅਤੇ ਆਪਣੇ ਕਰਮ ਕਰੇ।

75. ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ, ਤੇ ਯੱਗ ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ ਇਹ ਛੇ ਕਰਮ ਬ੍ਰਾਹਮਣ ਦੇ ਹਨ।

76. ਇਹਨਾਂ ਛੇਆਂ ਵਿਚੋਂ ਰੋਟੀ ਕਮਾਉਣੇ ਦੇ ਇਹ ਤਿੰਨ ਕਰਮ ਹਨ ਪੜ੍ਹਨਾ ਯੱਗ ਕਰਾਉਣਾ ਤੇ ਸ੍ਰੇਸ਼ਟ ਪੁਰਸ਼ਾਂ ਕੋਲੋਂ ਦਾਨ ਲੈਣਾ।

77. ਬ੍ਰਾਹਮਣ ਤੇ ਅੱਗੇ ਖੱਤਰੀ ਇਹਨਾਂ ਤਿੰਨਾਂ ਕਰਮਾਂ ਦਾ ਕਰਨੇ ਯੋਗ ਨਹੀਂ।

78. ਅਜਿਹੇ ਤਿੰਨੇ ਕੰਮ ਵੈਸ਼ਾਂ ਵਿਚ ਨਹੀਂ ਖੱਤਰੀ ਵੈਸ਼ ਦੋਹਾਂ ਵਾਸਤੇ ਪਰਜਾ ਦੇ ਮਾਲਕ ਮਨੂੰ ਜੀ ਨੇ ਇਹ ਧਰਮ ਨਹੀਂ ਲਿਖੇ।

79. (ਸ਼ਸਤ੍ਰ) ਹਥਿਆਰ (ਅਸਤ੍ਰ) ਮੰਤ੍ਰ ਪੜ੍ਹਕੇ ਹਥਿਆਰ ਨੂੰ ਚਲਾਉਣਾ ਇਹਨਾਂ ਦੋਹਾਂ ਨੂੰ ਕਰਨਾ ਖੱਤਰੀ ਦਾ ਕੰਮ ਹੈ, ਵਣਜ ਤੇ ਗਊਆਂ ਦੀ ਪਾਲਣਾ ਕਰਨੀ ਤੇ ਖੇਤੀ ਬੀਜਣਾ ਵੈਸ਼ ਦਾ ਕੰਮ ਹੈ ਤੇ ਪੜ੍ਹਨਾ ਦਾਨ ਦੇਣਾ ਇਹ ਧਰਮ ਦੋਹਾਂ ਦਾ ਹੈ।

80. ਆਪੋ ਆਪਣੇ ਕੰਮਾਂ ਵਿਚ ਤਿੰਨਾਂ ਦਾ ਇਕ-ਇਕ ਸ੍ਰੇਸ਼ਟ ਕੰਮ ਹੈ ਬ੍ਰਾਹਮਣਾਂ ਦਾ ਕੰਮ ਪੜ੍ਹਾਨਾ ਤੇ ਖਤ੍ਰੀ ਦਾ ਸੰਸਾਰ ਦੀ ਰੱਖਿਆ ਕਰਨਾ ਤੇ ਵੈਸ਼ ਦਾ ਵਪਾਰ ਕਰਨਾ ਇਹ ਸਭ ਕੰਮ ਸ੍ਰੇਸ਼ਟ ਹਨ।

81. ਜੇ ਬ੍ਰਾਹਮਣ ਦਾ ਗੁਜਾਰਾ ਆਪਣਾ ਕੰਮ ਕੀਤਿਆਂ ਨਾ ਹੋਵੇ ਤਾਂ ਖੱਤ੍ਰੀ ਦਾ ਕਰਮ ਕਰ ਲਵੇ ਕਿਉਂਕਿ ਖੱਤਰੀ ਦੀ ਜਾਤ ਤੇ ਬ੍ਰਾਹਮਣ ਦੀ ਜਾਤ ਵਿਚ ਥੋੜ੍ਹਾ ਹੀ ਫਰਕ ਹੈ।

82. ਜੇ ਦੋਹਾਂ ਦਾ ਕੰਮ ਕੀਤਿਆਂ ਬ੍ਰਾਹਮਣ ਦਾ ਗੁਜਾਰਾ ਨਾ ਹੋਵੇ ਤਾਂ ਵੈਸ਼ ਦਾ ਕੰਮ ਕਰ ਲਵੇ।

83. ਬ੍ਰਾਹਮਣ ਤੇ ਖਤ੍ਰੀ ਵੈਸ਼ ਦਾ ਕੰਮ ਕਰਨ ਤਾਂ ਨਿਰਾ ਵਾਹੀ ਦਾ ਹੀ ਕਰਨ ਜਿਹੜਾ ਹੋਰਨਾਂ ਦੇ ਵੱਸ ਵਿਚ ਹੈ ਅਰਥਾਤ ਜੋ ਹਲ ਵਾਹੇ ਤੇ ਬਿਨਾਂ ਕੰਮ ਨਹੀਂ ਨਿਭਦਾ ਤੇ

ਭੋਇੰ ਵਿਚ ਰਹਿਣ ਵਾਲੇ ਬਹੁਤ ਜੰਤੂ ਜੀਵ ਮਰਦੇ ਹਨ।

84. ਕਈ ਤਾਂ ਖੇਤੀ ਨੂੰ ਚੰਗਾ ਜਾਣਦੇ ਹਨ ਪਰ ਇਹ ਝੂਠ ਹੈ ਕਿਉਂਕਿ ਲਕੜੀ ਦੇ ਲੋਹੇ ਵਾਲੇ ਹਲ ਨਾਲ ਕਿਤਨੇ ਹੀ ਜੀਵ ਮਰਦੇ ਹਨ ਇਸ ਕਰਕੇ ਚੰਗੇ ਪੁਰਸ਼ਾਂ ਨੇ ਇਸਨੂੰ ਖਰਾਬ ਗਿਣਿਆ ਹੈ।

85. ਬ੍ਰਾਹਮਣ ਤੇ ਖਤਰੀ ਆਪਣੇ ਕੰਮ ਨਾਲ ਗੁਜਾਰਾ ਨਾ ਕਰ ਸਕਣ ਤੇ ਵੈਸ਼ ਦੇ ਰੁਜ਼ਗਾਰ ਨਾਲ ਝੱਟ ਲੰਘਾਵਣ ਤਾਂ ਅੱਗੇ ਜਿਨ੍ਹਾਂ ਚੀਜ਼ਾਂ ਨੂੰ ਮਨਾਹੀ ਵਿਚ ਲਿਖਾਂਗੇ ਉਸ ਤੋਂ ਬਿਨਾਂ ਵਾਧਾ ਦੇਣ ਵਾਲੀਆਂ ਚੀਜ਼ਾਂ ਨੂੰ ਵੇਚਣ।

86. ਸਾਰੇ ਰਸੂ ਸਰੋਂ, ਤਿਲ, ਪੱਥਰ, ਲੂਣ, ਪਸ਼ੂ ਤੇ ਮਨੁੱਖ ਇਨ੍ਹਾਂ ਸਾਰਿਆਂ ਨੂੰ ਨਾ ਵੇਚੇ, ਰਸ ਦੀ ਮਨਾਹੀ ਨਾਲ ਲੂਣ ਦੀ ਜ਼ਰੂਰ ਮਨਾਹੀ ਹੈ ਤੇ ਪੱਥਰ ਜਿਹੜਾ ਪੱਥਰ ਲੂਣ ਦੀ ਮਨਾਹੀ ਦੀ ਖਿੱਚ ਨੂੰ ਦਖਾਉਣ ਲਈ ਕਿਹਾ ਹੈ ਉਹ ਵੀ ਪ੍ਰਾਸਚਿਤ ਦੀ ਵਡਾਈ ਵਾਸਤੇ ਹੈ ਇਸੇ ਤਰ੍ਹਾਂ ਇਨ੍ਹਾਂ ਦੀ ਵੱਖਰੀ ਮਨਾਹੀ ਨੂੰ ਵੀ ਜਾਨਣਾ।

87. ਲਾਲ ਕਪੜਾ,. ਸਣ, ਅਲਸੀ, ਇਨ੍ਹਾਂ ਦੁਹਾਂ ਤੇ ਭੇਡ ਦੀ ਉਨ ਦਾ ਜਿਹੜਾ ਕਪੜਾ ਬਣਦਾ ਹੈ ਉਹ ਭਾਵੇਂ ਚਿੱਟਾ ਹੋਵੇ ਤੇ ਫਲ, ਮੂਲ ਤੇ ਦਵਾਏ।

88. ਪਾਣੀ, ਹਥਿਆਰ, ਦੋਹਰਾ, ਮਾਨ, ਸੋਮਲਤਾ, ਸੁਗੰਧੀਆਂ ਦੁੱਧ ਦਹੀਂ ਮਾਖਿਓਂ, ਘਿਓ, ਤੇਲ, ਸਿਥ, ਗੁੜ, ਦਭ।

89. ਥਨਾ ਦਾ ਪਸੂ ਹਣਿਓ ਵਾਲੇ ਜੀਵ ਸ਼ੇਰ ਆਦਿ ਪੰਛੀ ਸ਼ਰਾਬ, ਨੀਲ, ਲਾਖ, ਇਕ ਖੁਰ ਵਾਲੇ ਜੀਵ ਇਹਨਾਂ ਸਭਨਾ ਨੂੰ ਨਾ ਵੇਚੇ।

90. ਖੇਤੀ ਵਾਲਾ ਕਰਕੇ ਤਿਲ ਉਗਾ ਕੇ ਪੈਦਾ ਕਰੇ ਤੇ ਉਹ ਤਿਲ ਸੁੱਧ ਹੋਣ ਬਹੁਤੇ ਦਿਹਾੜੇ ਘਰ ਨਾ ਰਹੇ ਤਾਂ ਉਸ ਨੂੰ ਧਰਮ ਦੇ ਵਾਸਤੇ ਵੇਚੇ।

91. ਜਿਹੜਾ ਮਨੁਖ ਖਾਣ ਤੇ ਵਰਤਨ ਤੇ ਦਾਨ ਤੋਂ ਬਿਨਾਂ ਤਿਲਾਂ ਨਾਲ ਕੋਈ ਹੋਰ ਕੰਮ ਕਰੇ ਉਹ ਆਪਣੇ ਵਡਿਆਂ ਸਮੇਤ ਕੀੜਾ ਬਣਕੇ ਕੁਤਿਆਂ ਦੇ ਵਿਸ਼ਟੇ ਵਿਚ ਗਰਕ ਹੋ ਜਾਂਦਾ ਹੈ।

92. ਮਾਸ, ਲੂਣ ਤੇ ਲਾਖ ਦੇ ਵੇਚਿਆਂ ਛੇਤੀ ਭ੍ਰਸ਼ਟ ਹੋ ਜਾਂਦਾ ਹੈ ਆਪਣੇ ਵਰਨੋਂ ਬਾਹਰ ਹੋ ਜਾਂਦਾ ਹੈ ਤੇ ਦੁੱਧ ਦੇ ਵੇਚਿਆਂ ਤਿੰਨ ਦਿਨ ਸ਼ੂਦਰ ਪੁਨੇ ਵਿਚ ਰਹਿੰਦਾ ਹੈ।

93. ਬ੍ਰਾਹਮਣ ਆਪਣੀ ਮਰਜ਼ੀ ਨਾਲ ਹੋਰ ਚੀਜ਼ਾਂ ਵੇਚਿਆਂ ਸੱਤ ਰਾਤਾਂ ਵੈਸ਼ ਪੁਣੇ ਵਿਚ ਗੁਜ਼ਾਰਦਾ ਹੈ।

94. ਰਸ ਗੁੜ ਆਦਿ ਨੂੰ ਘਿਉ ਆਦਿ ਨਾਲ ਵਟੋਣਾ ਮੁਨਾਸਿਬ ਹੈ ਤੇ ਲੂਣ ਨੂੰ ਹੋਰਨਾਂ ਰਸਾਂ ਨਾਲ ਨਹੀਂ ਵਟੋਣਾ ਚਾਹੀਦਾ ਤੇ ਨਾ ਪੱਕੇ ਹੋਏ ਅਨਾਜ ਨੂੰ ਪੱਕੇ ਹੋਏ ਅਨਾਜ ਨਾਲ ਤੇ ਤਿਲਾਂ ਨੂੰ ਮੂੰਜੀ ਨਾਲ ਵਟੋਣਾ ਚਾਹੀਦਾ ਹੈ, ਪਰ ਉਹ ਵਟਾਂਦਰਾ ਤੋਲ ਵਿਚ ਇਕੋ

ਜਿਹਾ ਹੋਵੇ।

95. ਖੱਤਰੀ ਔਖੇ ਵੇਲੇ ਉਤੇ ਲਿਖੇ ਕੰਮ ਨਾਲ ਗੁਜ਼ਾਰਾ ਕਰੇ ਤੇ ਵਡਿਆਂ ਦੇ ਕੰਮ ਨਾਲ ਗੁਜ਼ਾਰਾ ਕਰਨ ਦਾ ਅਭਿਮਾਨ ਨਾ ਕਰੇ।

96. ਨੀਵੀਂ ਜਾਤ ਵਾਲਾ ਵਡਿਆਂ ਦੇ ਕੰਮ ਨਾਲ ਗੁਜ਼ਾਰਾ ਕਰੇ ਤਾਂ ਰਾਜਾ ਉਸ ਨੂੰ ਕੰਗਾਲ ਕਰਕੇ ਆਪਣੇ ਰਾਜ ਵਿਚੋਂ ਕੱਢ ਦੇਵੇ।

97. ਆਪਣਾ ਧਰਮ ਨਫੇ ਤੋਂ ਬਿਨਾਂ ਵੀ ਕਰਨਾ ਯੋਗ ਹੈ ਪਰਾਇਆ ਧਰਮ ਕਿੰਨਾ ਹੀ ਚੰਗਾ ਹੋਵੇ ਨਾ ਕਰੇ ਕਿਉਂਕਿ ਹੋਰ ਧਰਮ ਕੀਤਿਆਂ ਆਪਣੀ ਜ਼ਾਤ ਵਿਚੋਂ ਛੇਤੀ ਭ੍ਰਿਸ਼ਟ ਹੋ ਜਾਂਦਾ ਹੈ।

98. ਵੈਸ਼ ਜੇਕਰ ਆਪਣੇ ਕੰਮ ਨਾਲ ਗੁਜ਼ਾਰਾ ਨਾ ਕਰ ਸਕੇ ਤਾਂ ਸ਼ੂਦਰ ਦਾ ਕੰਮ ਕਰਕੇ ਝੱਟ ਟਪਾਵੇ ਤੇ ਜਿਹੜਾ ਕੰਮ ਕਰਨੇ ਯੋਗ ਨਹੀਂ ਉਹ ਨਾ ਕਰੇ।

99. ਜੇ ਸ਼ੂਦਰ ਬ੍ਰਾਹਮਣਾਂ ਦੀ ਟਹਿਲ ਨਾ ਕਰ ਸਕੇ ਤੇ ਉਸਦੇ ਬਾਲ ਬੱਚੇ ਭੁੱਖੇ ਤ੍ਰੇਹ ਨਾਲ ਦੁਖੀ ਹੋਵਣ ਤਾਂ ਰੋਟੀ ਪਕਾਵਨ ਦਾ ਕੰਮ ਕਰਕੇ ਝੱਟ ਲੰਘਾ ਲਵੇ।

100. ਜਿਨ੍ਹਾਂ ਕੰਮਾਂ ਨਾਲ ਬ੍ਰਾਹਮਣਾਂ ਦੀ ਟਹਿਲ ਹੋਵੇ ਉਹ ਕੰਮ ਮੂਰਤਾਂ ਬਣਾਨੀਆਂ ਜਾਂ ਤਰਖਾਣ ਦਾ ਕੰਮ ਕਰੇ।

101. ਜਿਹੜਾ ਬ੍ਰਾਹਮਣ ਵੈਸ਼ ਦਾ ਕਰਮ ਨਾ ਕਰੇ ਤੇ ਰੋਟੀ ਵਲੋਂ ਆਤਰ ਹੋਵੇ ਆਪਣੇ ਰਸਤੇ ਪੱਕਾ ਹੋਵੇ ਉਹ ਉਸ ਕੰਮ ਨੂੰ ਕਰੇ ਜਿਹੜਾ ਅੱਗੇ ਲਿਖਾਂਗੇ।

102. ਬ੍ਰਾਹਮਣ ਔਖੇ ਵੇਲੇ ਸਭ ਦਾ ਦਾਨ ਲੈ ਲਵੇ ਜਿਹਾਕੁ ਇਹ ਗੱਲ ਧਰਮ ਦੀ ਨਹੀਂ ਹੈ ਕਿ ਗੰਗਾ ਆਦਿ ਨਦੀਆਂ ਨੂੰ ਕੋਈ ਦੋਸ਼ ਨਹੀਂ।

103. ਉਸੇ ਤਰ੍ਹਾਂ ਪੜ੍ਹਾਣਾ, ਯੱਗ ਕਰਾਨਾ, ਨੀਚ ਮਨੁੱਖਾਂ ਪਾਸੋਂ ਦਾਨ ਲੈਣ ਵਿਚ ਬ੍ਰਾਹਮਣ ਨੂੰ ਕੋਈ ਦੋਸ਼ ਨਹੀਂ ਹੁੰਦਾ ਕਿਉਂ ਜੋ ਬ੍ਰਾਹਮਣ ਪਾਣੀ ਤੇ ਅੱਗ ਬਰਾਬਰ ਹੈ।

104. ਜਿਹੜਾ ਬ੍ਰਾਹਮਣ ਔਖੇ ਵੇਲੇ ਇਧਰੋਂ ਉਧਰੋਂ ਖਾਣਾ ਖਾ ਲੈਂਦਾ ਹੈ ਉਸ ਨੂੰ ਪਾਪ ਨਹੀਂ ਲਗਦਾ ਜਿੱਕੁਣ ਅਸਮਾਨ ਚਿਕੜ ਵਿਚ ਵੀ ਹੈ ਪਰ ਉਸ ਨਾਲ ਭਰਿਆ ਨਹੀਂ ਹੁੰਦਾ।

105. ਅਜੀਗਰੂਤ ਰਿਖੀ ਨੇ ਭੁੱਖ ਨਾਲ ਦੁਖੀ ਹੋ ਕੇ ਆਪਣੇ ਪੁੱਤਰ ਸੋਧਨਾ ਸੇਪ ਨੂੰ ਵੇਚਿਆ ਤੇ ਯੱਗ ਵਿਚ 100 ਗਾਈਆਂ ਲਈਆਂ ਤੇ ਭੁੱਖ ਹਟਾਉਣ ਵਾਸਤੇ ਯੱਗ ਵਿਚ ਥੰਮ੍ਹ ਨਾਲ ਬੰਨ੍ਹ ਕੇ ਪੁੱਤਰ ਨੂੰ ਮਾਰਨ ਲੱਗੇ ਪਰ ਪਾਪ ਨਾਲ ਨਹੀਂ ਇਹ ਗੱਲ ਰਿਗਵੇਦ ਦੇ ਸਯੋਨ ਸੇਬ ਦੀ ਕਥਾ ਵਿਚ ਕਥਨ ਹੋਈ ਹੈ।

106. ਬ੍ਰਹਮ ਦੇਵ ਰਿਖੀ ਧਰਮ ਅਧਰਮ ਨੂੰ ਸਮਝਣ ਵਾਲੇ ਭੁੱਖ ਵਾਲੇ ਦੁਖੀ ਹੋ ਕੇ ਜਾਨ ਦੀ ਰਖਿਆ ਵਾਸਤੇ ਕੁੱਤੇ ਦਾ ਮਾਸ ਖਾਣ ਦੀ ਇਛਿਆ ਨਾਲ ਵੀ ਪਾਪੀ ਨਹੀਂ ਹੋਏ।

107. ਭਾਰਦਵਾਜ ਵੱਡੇ ਤਪਸੀ ਰਿਖੀ ਨੇ ਭੁੱਖ ਨਾਲ ਆਤਰ ਹੋ ਕੇ ਪੁੱਤਰ ਸਣੇ ਬਨ ਵਿਚ

ਬ੍ਰਿਧੂ ਨਾਮ ਤਰਖਾਣ ਪਾਸੋਂ ਬਹੁਤੀਆਂ ਗਊਆਂ ਦਾ ਦਾਨ ਲਿਆ।

108. ਬਿਸਵਾਮਿਤ੍ਰ ਰਿਖੀ ਨੇ ਭੁੱਖ ਨਾਲ ਦੁਖੀ ਹੋ ਕੇ ਨੀਚ ਜਾਤੀ ਵਾਲੇ ਹੱਥੋਂ ਕੁੱਤੇ ਦੀ ਚਉੜੀ ਖਾਣੇ ਤੇ ਦਿਲ ਕੀਤਾ ਸੀ।

109. ਬ੍ਰਾਹਮਣ ਨੂੰ ਬਿਨਾਂ ਔਖੇ ਵੇਲੇ ਯੱਗ ਕਰਾਨਾ, ਪੜ੍ਹਾਨਾ, ਇਨ੍ਹਾਂ ਦੋਹਾਂ ਕੰਮਾਂ ਕਰਕੇ ਦਾਨ ਲੈਣਾ ਪ੍ਰਲੋਕ ਵਿਚ ਨਿੰਦਣੇ ਲਾਇਕ ਹੈ।

110. ਉਪਰ ਲਿਖੀ ਹੋਈ ਗੱਲ ਦਾ ਇਹ ਢੰਗ ਹੈ ਕਿ ਔਖੇ ਜਾਂ ਸੌਖੇ ਵੇਲੇ ਬ੍ਰਾਹਮਣ, ਖੱਤਰੀ ਵੈਸ਼, ਦੁਨੀਆਂਦਾਰਾਂ ਨੂੰ ਪੜ੍ਹਾਣਾ ਤੇ ਯੱਗ ਕਰਾਨਾ ਹੁੰਦਾ ਹੈ ਤੇ ਦਾਨ ਲੈਣਾ ਸ਼ੂਦਰ ਪਾਸੋਂ ਵੀ ਹੁੰਦਾ ਹੈ ਇਸ ਲਈ ਇਹਨਾਂ ਕਰਮਾਂ ਨਾਲੋਂ ਦਾਨ ਲੈਣ ਦਾ ਕੰਮ ਬਹੁਤ ਨਿੰਦਤ ਹੈ।

111. ਯੱਗ ਕਰਾਇਆਂ ਤੇ ਪੜ੍ਹਾਇਆਂ ਜੋ ਪਾਪ ਹੁੰਦਾ ਹੈ ਉਹ ਜਪ ਤੇ ਹੋਮ ਨਾਲ ਜਾਂਦਾ ਹੈ ਤੇ ਦਾਨ ਲੈਣ ਦਾ ਪਾਪ ਤਪੋ ਦਾਨ ਦਾ ਪਦਾਰਥ ਤਿਆਗਿਆ ਜਾਂਦਾ ਹੈ।

112. ਬ੍ਰਾਹਮਣ ਆਪਣੇ ਕਰਮ ਨਾਲ ਡੰਗ ਨਾ ਲੰਘਾ ਸਕੇ ਤਾਂ ਸਲਤੇ ਉਨਛ ਨਾਲ ਡੰਗ ਲੰਘਾਵੇ ਦਾਨ ਨਾਲੋਂ ਸਲਤੇ ਸਲ ਨਾਲੋਂ ਉਨਛ ਅੱਛਾ ਹੈ।

113. ਧਨ ਹੀਣ ਬ੍ਰਾਹਮਣ ਟੱਬਰ ਤੇ ਪੁੱਤਰ ਇਨ੍ਹਾਂ ਦੋਹਾਂ ਵਾਸਤੇ ਚਾਂਦੀ ਸੋਨੇ ਤੋਂ ਬਿਨਾਂ ਅੰਨ ਕਪੜਾ ਤੇ ਯੱਗ ਦੇ ਵਾਸਤੇ ਸੋਨਾਂ ਚਾਂਦੀ ਵੀ ਉਸ ਖੱਤਰੀ ਪਾਸੋਂ ਮੰਗੇ ਜਿਹੜਾ ਸ਼ਾਸਤਰ ਅਨੁਸਾਰ ਕੰਮ ਨਾ ਕਰਦਾ ਹੋਵੇ ਤੇ ਚੁਗਲੀ ਹੰਕਾਰ ਨਾਲ ਵੀ ਦੇਣਾ ਨਾ ਚਾਹੇ ਉਸ ਨੂੰ ਤਿਆਗ ਛੱਡੇ।

114. ਪੈਲੀ ਬੀਜੀ ਹੋਈ ਨਾਲੋਂ ਅਨ ਬੀਜੀ ਜ਼ਮੀਨ ਦਾ ਦਾਨ ਲੈਣਾ ਬੇਦੋਸ਼ ਹੈ ਤੇ ਗਊ, ਬਕਰਾ, ਭੇਡ, ਸੋਨਾ, ਅੰਨ ਇਨ੍ਹਾਂ ਵਿਚੋਂ ਪਹਿਲਾ ਦੂਜੇ ਨਾਲੋਂ ਬੇਅਵਗੁਣ ਹੈ ਇਸ ਕਰਕੇ ਜੇ ਪਹਿਲਾ ਨਾ ਹੋਵੇ ਤਦ ਦੂਸਰਾ ਲੈ ਲਵੇ।

115. ਵੰਡ ਵਿਚ ਨੌਕਰੀ ਵਿਚ ਦਬਿਆ ਧਨ ਲਭਿਆ ਤੇ ਮੁੱਲ ਲਿਆ ਤੇ ਵਪਾਰ ਦਾ ਵਾਧਾ ਨਫਾ ਜਿਤ ਵਿਚੋਂ ਲਿਆ ਕੰਮ ਕੀਤਿਆਂ ਹੱਥ ਲਗੇ ਅੱਛੇ ਪੁਰਸ਼ਾਂ ਕੋਲੋਂ ਦਾਨ ਮਿਲਿਆ ਇਹ ਸੱਤਾਂ ਤਰ੍ਹਾਂ ਦੀ ਮਾਇਆ ਦਾ ਹੱਥ ਲਗਣਾ ਧਰਮ ਵਿਚ ਪ੍ਰਵਾਣ ਹੈ।

116. ਵੇਦ ਤੋਂ ਬਿਨਾਂ ਦੂਜੀ ਵਿੱਦਿਆ ਲਿਖਣੀ ਆਦਿ ਮੇਹਨਤ ਟਹਿਲ ਤੇ ਗਊਆਂ ਦੀ ਪਾਲਣਾ ਮੁੱਲ ਨਾਲ ਚੀਜ਼ ਲੈਣੀ ਦੇਣੀ ਪੈਲੀ ਬੀਜਣਾ ਕਰਾਇਆ ਭਿਖਿਆ ਵਿਆਜ ਲੈਣਾ ਇਹ 10 ਢੰਗ ਹਜ਼ਾਰਾਂ ਕਰਦੇ ਹਨ। (ਤਾਤਪਰਜ) ਔਖੇ ਵੇਲੇ ਜਿਸਨੂੰ ਰੋਟੀ ਵਾਸਤੇ ਜਿਹੜਾ ਰੁਜ਼ਗਾਰ ਮਨਾਹੀ ਹੈ ਉਹ ਰੁਜ਼ਗਾਰ ਔਖੇ ਵੇਲੇ ਕਰ ਲਵੇ।

117. ਬ੍ਰਾਹਮਣ ਖੱਤਰੀ ਵਿਆਜ ਨਾ ਲੈਣ ਜਾਂ ਭੈੜਾ ਕੰਮ ਕਰਨ ਵਾਲੇ ਨੂੰ ਧਰਮ ਦੇ ਵਾਸਤੇਂ ਥੋੜ੍ਹੀ ਵਿਆਜ ਲੈ ਕੇ ਲੋੜ ਅਨੁਸਾਰ ਰੁਪਇਆ ਦੇਣ।

118. ਖੱਤਰੀ ਆਪਣੇ ਵਿਤ ਮੁਜਬ ਪਰਜਾ ਦੀ ਪਾਲਣਾ ਕਰਦਿਆਂ ਔਖੇ ਵੇਲੇ ਪਰਜਾ ਪਾਸੋਂ ਚੌਥਾ ਹਿੱਸਾ ਲੈ ਕੇ ਪਾਪ ਤੋਂ ਛੁਟਦਾ ਹੈ।

119. ਹਥਿਆਰਾਂ ਨਾਲ ਜਿੱਤਣਾ ਯੁੱਧ ਵਿਚੋਂ ਨਾ ਭੱਜਣਾ ਇਹ ਦੋਨੋਂ ਕੰਮ ਰਾਜੇ ਦਾ ਧਰਮ ਹੈ ਤੇ ਹਥਿਆਰਾਂ ਨਾਲ ਪਰਜਾ ਦੀ ਰਖਿਆ ਕਰਕੇ ਆਪਣਾ ਕਰ ਲਵੇ।

120. ਔਖੇ ਵੇਲੇ ਪਰਜਾ ਕੋਲੋਂ ਮੁੰਜੀ ਦੇ 20 ਰੁਪਏ ਨਫਾ ਹੋਵਣ ਤਾਂ ਅੱਠਵਾਂ ਹਿੱਸਾ ਲਵੇ ਤੇ ਬਹੁਤ ਔਖੇ ਵੇਲੇ ਚੌਥਾ ਲਿਖ ਆਏ ਹਾਂ ਔਖਾ ਵੇਲਾ ਨਾ ਹੋਵੇ ਤਾਂ ਬਾਰ੍ਹਵਾਂ ਸੋਨੇ ਦੇ ਪਸ਼ੂਆਂ ਵਿਚੋਂ ਪਚਾਸਵਾਂ ਜੇ ਔਖਾ ਵੇਲਾ ਨਾ ਹੋਵੇ ਤਾਂ ਵੀਹਵਾਂ ਹਿੱਸਾ ਲਵੇ, ਸੂਦਰ ਤੋਂ ਰੋਟੀ ਪਕਾਉਣ ਵਾਲੇ ਤੇ ਤਰਖਾਣਾਂ ਕੋਲੋਂ ਔਖੇ ਵੇਲੇ ਮਸੂਲ ਨਾ ਲਵੇ ਪਰੰਤੂ ਕੋਈ ਕੰਮ ਕਰਾ ਲਵੇ।

121. ਜੇਕਰ ਸ਼ੂਦਰ ਬ੍ਰਾਹਮਣ ਦੀ ਟਹਿਲ ਕਰਕੇ ਗੁਜਾਰਾ ਨਾ ਕਰ ਸਕੇ ਤੇ ਹੋਰ ਰੁਜ਼ਗਾਰ ਵੀ ਨਾ ਕਰੇ ਤਾਂ ਖੱਤਰੀ ਜਾਂ ਧਨੀ ਵੈਸ਼ ਦੀ ਟਹਿਲ ਕਰਕੇ ਗੁਜ਼ਾਰਾ ਕਰੇ।

122. ਸ਼ੂਦਰ ਸੁਰਗ ਜਾਂ ਰੋਟੀ ਲਈ ਬ੍ਰਾਹਮਣ ਦੀ ਸੇਵਾ ਕਰਨ ਵਾਲਾ ਹੈ ਇਸ ਲਈ ਉਘਾ ਹੋਣ ਸ਼ੂਦਰ ਵਾਸਤੇ ਅਜਿਹਾ ਹੈ ਕਿ ਉਹ ਸ਼ੂਦਰ ਕਰਨੇ ਯੋਗ ਸਾਰੇ ਕੰਮ ਕਰ ਚੁੱਕਾ ਹੈ।

123. ਬ੍ਰਾਹਮਣ ਦੀ ਸੇਵਾ ਸ਼ੂਦਰ ਦਾ ਵੱਡਾ ਕੰਮ ਹੈ ਉਸ ਤੋਂ ਬਿਨਾਂ ਹੋਰ ਸਾਰਾ ਕੰਮ ਨਿਸਫਲ ਹੈ।

124. ਬ੍ਰਾਹਮਣ ਆਪਣੇ ਸੇਵਕ ਸ਼ੂਦਰ ਦੀ ਸਮਰੱਥਾ ਤੇ ਕੰਮ ਤੇ ਘਰ ਦਾ ਖਰਚ ਦੇਖਕੇ ਉਸ ਦਾ ਰੋਜੀਨਾ ਵਧਾਵੇ।

125. ਜਿਹੜਾ ਸ਼ੂਦਰ ਆਪਣਾ ਟਹਿਲੀਆਂ ਹੋਵੇ ਉਸਨੂੰ ਦਾਣੇ, ਪੁਰਾਣਾ ਕਪੜਾ ਆਦਿਕ ਚੀਜ਼ਾਂ ਦੇਵੇ।

126. ਸ਼ੂਦਰ ਨੂੰ ਥੋਮ ਆਦਿਕ ਖਾਧਿਆਂ ਪਾਪ ਨਹੀਂ ਹੁੰਦਾ ਤੇ ਸ਼ੂਦਰ ਲਈ ਜਨੇਊ ਆਦਿਕ ਸੰਸਕਾਰ ਵੀ ਨਹੀਂ ਤੇ ਅਗਨ ਹੋਤ੍ਰ ਆਦਿਕ ਧਰਮ ਵੀ ਨਹੀਂ ਪਵਿੱਤ੍ਰ ਯੱਗ ਆਦਿਕ ਧਰਮ ਦੀ ਮਨਾਹੀ ਨਹੀਂ।

127. ਆਪਣੇ ਧਰਮ ਨੂੰ ਜਾਨਣ ਵਾਲਾ ਤੇ ਧਰਮ ਦੀ ਚਾਹ ਵਾਲਾ ਤੇ ਖਰਾਬ ਕੰਮ ਕਰਨ ਵਾਲਾ ਜੋ ਸ਼ੂਦਰ ਹੈ ਉਹ ਨਮਸ਼ਕਾਰ ਮੰਤ੍ਰ ਨਾਲ ਪੰਜ ਯੱਗਾਂ ਨੂੰ ਕਰੇ ਜੇ ਫਿਰ ਉਹਨਾਂ ਨੂੰ ਨਾ ਤਿਆਗੇ ਤਾਂ ਇਸ ਲੋਕ ਉਤੇ ਭਲਾ ਨਾਮ ਪਾਉਂਦਾ ਹੈ।

128. ਪਰਾਏ ਗੁਣਾਂ ਨੂੰ ਮਾੜਾ ਨਾ ਆਖਣ ਵਾਲਾ ਸ਼ੂਦਰ ਜੇਹਾਕੁ ਚੰਗਿਆਂ ਪੁਰਸ਼ਾਂ ਦੇ ਕੰਮਾਂ ਨੂੰ ਕਰਦਾ ਹੈ ਤੇ ਲੋਕ ਪ੍ਰਲੋਕ ਵਿਚ ਸੁਖ ਪਾਉਂਦਾ ਹੈ।

129. ਸ਼ੂਦਰ ਦਾ ਮਾਨ ਹੋਵੇ ਤਾਂ ਵੀ ਮਾਇਆ ਕੱਠੀ ਨਾ ਕਰੇ ਕਿਉਂਕਿ ਸ਼ੂਦਰ ਧਨ ਪਾ ਕੇ ਬ੍ਰਾਹਮਣ ਨੂੰ ਹੀ ਦੁਖਾਉਂਦਾ ਹੈ।

130. ਔਖੇ ਵੇਲੇ ਵਿਚ ਚਾਰੇ ਜ਼ਾਤਾਂ ਲਈ ਇਹ ਧਰਮ ਕਥਨ ਕੀਤਾ ਹੈ ਜਿਸ ਧਰਮ ਦੇ ਕੀਤਿਆਂ ਸ੍ਰੇਸ਼ਟ ਪਾਉਂਦਾ ਹੈ।

131. ਚਾਰੇ ਜਾਤਾਂ ਦਾ ਇਹ ਧਰਮ ਦਾ ਢੰਗ ਕਥਨ ਕੀਤਾ ਇਸ ਦੇ ਮਗਰੋਂ ਪਾਪ ਦੇ ਡੰਡਾਂ ਦਾ ਹਾਲ ਕਥਨ ਕਰਦੇ ਹਾਂ।

ਇਤਿ ਸ੍ਰੀ ਮਨੂੰ ਸਿੰਮ੍ਰਤੀ ਧਰਮ ਸ਼ਾਸਤ੍ਰ ਭ੍ਰਿਗੂ ਜੀ ਦੀ ਸੰਘਤਾ ਦਾ
ਦਸਵਾਂ ਅਧਿਆਇ ਸਮਾਪਤ ਹੋਇਆ।

☆☆☆

# ਗਿਆਰ੍ਹਵਾਂ ਅਧਿਆਇ

1. ਵਿਆਹ ਦੀ ਇੱਛਾ ਕਰਨ ਵਾਲਾ ਜੋ ਤਸਵ੍ਹ ਆਦਿ ਯੱਗ ਦੀ ਇੱਛਾ ਕਰਨ ਵਾਲਾ ਮੁਸਾਫਰ ਸਾਰਾ ਧਨ ਦੱਖਣਾ ਦੇਣ ਵਾਲਾ ਬਸੁ ਜਤ ਨਾਮ ਯੱਗ ਕਰਨ ਵਾਲਾ ਵਿੱਦਿਆ ਗੁਰੂ, ਮਾਤਾ, ਪਿਤਾ, ਇਨ੍ਹਾਂ ਤਿੰਨਾਂ ਨੂੰ ਅੰਨ, ਬਸਤ੍ਰ ਦਾਤਾ ਵੇਦ ਪਾਠੀ ਨੂੰ ਅੰਨ ਬਸਤ੍ਰ ਦੀ ਲੋੜ ਰੱਖਣ ਵਾਲਾ ਰੋਗੀ।
2. ਇਹ ਨੌਂ ਪ੍ਰਕਾਰ ਦੇ ਬ੍ਰਾਹਮਣ ਬ੍ਰਹਮਚਾਰੀ ਅਖਵਾਉਂਦੇ ਹਨ ਤੇ ਧਰਮ ਭਖਸ਼ਾ ਦਾ ਸੁਭਾਓ ਰਖਦੇ ਹਨ ਇਹ ਸਾਰੇ ਬਿਨਾਂ ਧਨ ਹੋਣ ਤਾਂ ਉਨ੍ਹਾਂ ਦੀ ਸਹਾਇਤਾ ਵਿੱਦਿਆ ਲਈ ਸੋਨੇ ਆਦਿਕਾਂ ਤੋਂ ਕਰਨੀ ਉਚਿਤ ਹੈ।
3. ਇਹ ਬ੍ਰਾਹਮਣ ਸ੍ਰੇਸ਼ਟ ਹਨ ਇਨ੍ਹਾਂ ਨੂੰ ਅੰਨ ਆਦਿ ਦੱਖਣਾ ਬੇਦੀ ਹੇਠ ਦੇਣੀ ਯੋਗ ਹੈ ਜੋ ਇਨ੍ਹਾਂ ਤੋਂ ਵੱਖਰੇ ਹਨ ਉਨ੍ਹਾਂ ਨੂੰ ਬੇਦੀ ਤੋਂ ਬਾਹਰ।
4. ਰਾਜਾ ਆਪਣੇ ਵੇਦ ਗੁਰੂ ਨੂੰ ਬ੍ਰਾਹਮਣ ਨੂੰ ਉਸਦੀ ਲਿਆਕਤ ਅਨੁਸਾਰ ਹੱਛੇ-ਹੱਛੇ ਰਤਨ ਤੇ ਯੱਗ ਲਈ ਦੱਖਣਾ ਵੀ ਦੇਣੀ ਉਚਿਤ ਹੈ।
5. ਪਹਿਲੀ ਇਸਤਰੀ ਹੋਵੇ ਤੇ ਭਿਖਸ਼ਾ ਤੋਂ ਧਨ ਇਕੱਠਾ ਕਰਕੇ ਦੂਜਾ ਵਿਆਹ ਕਰੇ ਉਸ ਨੂੰ ਕਾਮ ਦਾ ਅਨੰਦ ਆਵੇਗਾ ਪਰ ਪੁੱਤਰ ਧਨ ਵਾਲੇ ਦਾ ਹੈ।
6. ਜੋ ਧਨ ਵੇਦ ਪਾਠੀ ਹੋਣ ਤੋਂ ਲਿਆ ਹੋਵੇ ਉਸ ਵਿਚੋਂ ਯਥਾ ਯੋਗ ਇਕਾਂਤ ਬਾਸੀ ਬ੍ਰਾਹਮਣ ਨੂੰ ਦੇਣੀ ਚਾਹੀਏ, ਇਸ ਦੇ ਦੇਣ ਤੋਂ ਪ੍ਰਲੋਕ ਵਿਚ ਤੇ ਅਗਲੇ ਜਨਮ ਸੁੱਖ ਮਿਲਦਾ ਹੈ ਤੇ ਏਥੇ ਵੀ ਅਨੰਦ ਹੁੰਦਾ ਹੈ।
7. ਆਦਮੀ, ਇਸਤਰੀ ਪੁੱਤਰ, ਨੌਕਰ, ਆਦਿਕਾਂ ਦੇ ਤਿੰਨ ਸਾਲ ਦੇ ਖਰਚ ਲਈ ਅੰਨ ਆਦਿਕ ਰਖਕੇ ਸੋਮ ਯੱਗ ਕਰ ਸਕਦਾ ਹੈ।
8. ਇਸ ਤੋਂ ਘੱਟ ਧਨ ਵਾਲਾ ਇਸ ਯੱਗ ਦੇ ਫਲ ਨੂੰ ਨਹੀਂ ਪਾਂਦਾ।
9. ਹੋਰ ਪੁਰਸ਼ਾਂ ਨੂੰ ਅੰਨ ਆਦਿਕ ਦੇਂਦਾ ਹੈ ਪਰ ਆਪਣੇ ਨੂੰ ਅਜਿਹਾ ਪੁਰਸ਼ ਜੋ ਬਾਲ ਬੱਚੇ ਨੂੰ ਔਖਿਆਂ ਰਖਦਾ ਹੈ ਉਹ ਧਰਮੀ ਨਹੀਂ।
10. ਜੋ ਪੁਰਸ਼ ਯੋਗ ਸਬੰਧੀਆਂ ਨੂੰ ਦੁੱਖ ਦੇ ਕੇ ਦਾਨ ਕਰਦਾ ਹੈ ਉਹ ਉਸਨੂੰ ਲੋਕ ਸੁਖਦਾਈ

ਪਰ ਪ੍ਰਲੋਕ ਦੁਖਦਾਈ ਹੈ।

11. ਜਿਸ ਬ੍ਰਾਹਮਣ ਜਾਂ ਖਤਰੀ ਤੋਂ ਧਰਮੀ ਰਾਜਾ ਦੇ ਹੁੰਦਿਆਂ ਯੱਗ ਦਾ ਕੋਈ ਅਸਬਾਬ ਤਿਆਰ ਨਾ ਹੋਵੇ।

12. ਜੋ ਵੈਸ਼ ਗਊ ਆਦਿ ਚੁਪਾਏ ਰਖਦਾ ਹੋਇਆ ਕਿਸੇ ਪ੍ਰਕਾਰ ਦਾ ਯੱਗ ਅਰੋਗਤਾ ਲਈ ਨਹੀਂ ਕਰਦਾ ਤੇ ਸੋਮਰਸ ਪੀਂਦਾ ਹੈ ਉਸ ਕੋਲੋਂ ਧੱਕੇ ਨਾਲ ਧਨ ਲੈ ਕੇ ਯੱਗ ਕਰਨਾ ਚਾਹੀਏ ਪਰ ਕੇਵਲ ਯੱਗ ਲਈ ਲੈਣਾ ਹੀ ਲੈਣਾ ਹੈ।

13. ਜੇ ਯੱਗ ਦੇ ਸਾਮਾਨ ਬਿਨਾਂ ਰੁਪਏ ਪੂਰੇ ਨਹੀਂ ਹੁੰਦੇ ਤੇ ਵੈਸ਼ ਤੋਂ ਵੀ ਧਨ ਨਹੀਂ ਮਿਲਦਾ ਤਾਂ ਸ਼ੂਦਰ ਪਾਸੋਂ ਖੋਹਕੇ ਜੱਗ ਕਰਨਾ ਮਨ੍ਹਾਂ ਨਹੀਂ।

14. ਜਿਹੜਾ ਪੁਰਸ਼ ਅਗਨ ਹੋਤ੍ਰੀ ਨਾ ਹੋਵੇ, ਸੋ ਗਊ ਰਖਦਾ ਹੋਵੇ, ਯੱਗ ਨਾ ਕਰੇ, ਹਜ਼ਾਰ ਗਊ ਦਾ ਮਾਲਕ ਹੋਵੇ ਇਨ੍ਹਾਂ ਦੋਹਾਂ ਦੇ ਘਰੋਂ ਯੱਗ ਵਾਸਤੇ ਧਨ ਲਵੇ ਕੋਈ ਵਿਚਾਰ ਨਾ ਕਰੋ।

15. ਜਿਹੜਾ ਬ੍ਰਾਹਮਣ ਹਮੇਸ਼ਾ ਦਾਨ ਲੈਂਦਾ ਹੋਵੇ ਤੇ ਬਾਵਲੀ, ਖੂਹ, ਤਲਾਉ ਆਦਿਕ ਨਾ ਲਵਾਵੇ ਯੱਗ ਨਾ ਕਰੇ ਦਾਨ ਨਾ ਦੇਵੇ ਤੇ ਜੇ ਉਹ ਯੱਗ ਵਾਸਤੇ ਧਨ ਨਾ ਦੇਵੇ ਤਾਂ ਜ਼ੋਰ ਨਾਲ ਜਾਂ ਹੋਰ ਕਿਸੇ ਢੰਗ ਨਾਲ ਧਨ ਲਵੇ ਇਸ ਤਰ੍ਹਾਂ ਲੈਣ ਵਾਲੇ ਦੀ ਮਸ਼ਹੂਰੀ ਹੁੰਦੀ ਹੈ ਤੇ ਧਰਮ ਵਧਦਾ ਹੈ।

16. ਇਕ ਦਿਨ ਵਿਚ ਦੋ ਦਫਾ ਖੁਰਾਕ ਖਾਣਾ ਸ਼ਾਸਤ੍ਰ ਦੀ ਆਗਿਆ ਹੈ ਜੇ ਕਿਸੇ ਬ੍ਰਾਹਮਣ ਨੇ 3 ਦਿਨ ਨਾ ਖਾਧਾ ਹੋਵੇ ਤਾਂ ਉਹ ਭੈੜੇ ਕੰਮ ਕਰਨ ਵਾਲੇ ਤੋਂ ਚੋਰੀ ਜਾਂ ਹੋਰ ਕਿਸੇ ਢੰਗ ਨਾਲ ਲੈ ਲਵੇ।

17. ਪੈਲੀ ਜਾਂ ਘਰ ਆਦਿਕ ਵਿਚੋਂ ਜੇ ਅਨਾਜ ਲੱਭੇ ਤੇ ਚੁਗ ਲਵੇ ਜੇਕਰ ਕੋਈ ਅਨਾਜ ਦਾ ਭਾ ਪੁੱਛੇ ਤਾਂ ਸਚੋ ਸੱਚ ਦਸ ਦੇਵੇ।

18. ਖੱਤਰੀ ਬ੍ਰਾਹਮਣ ਦਾ ਪਦਾਰਥ ਬਿਲਕੁਲ ਨਾ ਲਵੇ ਜੇ ਬਹੁਤ ਭਿਆਨਕ ਸਮਾਂ ਹੋਵੇ ਤਾਂ ਮਾੜੇ ਕੰਮ ਕਰਨ ਵਾਲਾ ਤੇ ਸ਼ਾਸਤ੍ਰ ਲਿਖੇ ਕਰਮਾਂ ਦਾ ਤਿਆਗਣ ਵਾਲਾ ਬ੍ਰਾਹਮਣ ਜਾਂ ਖੱਤਰੀ ਹੈ ਉਸਦੇ ਘਰੋਂ ਚੋਰੀ ਕਰੇ।

19. ਜੋ ਪੁਰਸ਼ ਭਲੇ ਪੁਰਸ਼ਾਂ ਨੂੰ ਧਨ ਬੁਰਿਆਂ ਪਾਸੋਂ ਖੋਹ ਕੇ ਦੇਂਦਾ ਹੈ ਉਹ ਆਪਣੇ ਆਪ ਨੂੰ ਬੇੜੀ ਬਣਾ ਕੇ ਦੋਹਾਂ ਨੂੰ ਤਾਰਦਾ ਹੈ।

20. ਯੱਗ ਕਰਨ ਵਾਲਿਆਂ ਦਾ ਪਦਾਰਥ ਦੇਵਤਿਆਂ ਦਾ ਪਦਾਰਥ ਕਹਾਉਂਦਾ ਹੈ ਤੇ ਯੱਗ ਨਾ ਕਰਨ ਵਾਲਿਆਂ ਦਾ ਪਦਾਰਥ ਦੈਂਤਾਂ ਦਾ ਪਦਾਰਥ ਸਦਾਉਂਦਾ ਹੈ ਪੰਡਤਾਂ ਨੇ ਕਿਹਾ ਹੈ।

21. ਜਿਹੜੇ ਕੰਮ ਉਪਰ ਹਨ ਇਨ੍ਹਾਂ ਕੰਮਾਂ ਦੀ ਸਜ਼ਾ ਰਾਜਾ ਨਾ ਦੇਵੇ ਕਿਉਂਕਿ ਜੇਕਰ ਰਾਜਾ

ਡੰਡ ਦੇਵੇ ਤਾਂ ਬ੍ਰਾਹਮਣ ਭੁੱਖ ਨਾਲ ਦੁੱਖ ਪਾਉਂਦਾ ਹੈ।

22. ਰਾਜਾ ਬ੍ਰਾਹਮਣ ਦੇ ਨੌਕਰ ਟੱਬਰ ਟੀਰ ਬਾਲ ਬੱਚੇ ਤੇ ਵੇਦ ਪੜ੍ਹਨ ਦਾ ਸੁਭਾ ਸਾਰਿਆਂ ਨੂੰ ਵਿਚਾਰਕੇ ਧਰਮ ਦੀ ਮਰਯਾਦਾ ਅਨੁਸਾਰ ਉਸ ਬ੍ਰਾਹਮਣ ਦਾ ਗੁਜ਼ਾਰਾ ਠਹਿਰਾ ਦੇਵੇ।

23. ਬ੍ਰਾਹਮਣ ਨੂੰ ਗੁਜ਼ਾਰਾ ਦੇ ਕੇ ਉਸਦੀ ਸਭ ਪਾਸਿਓਂ ਰੱਖਿਆ ਕਰੇ ਉਸ ਰੱਖਿਆ ਦਾ ਫਲ ਰਾਜਾ ਬ੍ਰਾਹਮਣ ਦੇ ਧਰਮ ਵਿਚੋਂ ਛੇਵਾਂ ਹਿੱਸਾ ਪਾਵੇਗਾ।

24. ਬ੍ਰਾਹਮਣ ਸ਼ੂਦਰ ਪਾਸੋਂ ਧਨ ਲੈ ਕੇ ਕਦੀ ਵੀ ਉਸ ਧਨ ਨਾਲ ਯੱਗ ਨਾ ਕਰੇ ਜੇਕਰ ਕਰੇਗਾ ਤਾਂ ਅਗਲੇ ਜਨਮ ਚੰਡਾਲ ਬਣਦਾ ਹੈ।

25. ਯੱਗ ਵਾਸਤੇ ਭਿੱਖਿਆ ਮੰਗਕੇ ਧਨ ਇਕੱਠਾ ਕਰੇ ਤੇ ਉਹ ਮਾਇਆ ਯੱਗ ਤੇ ਖਰਚ ਨਾ ਕਰੇ ਤਾਂ 100 ਸੌ ਜਨਮ ਤਕ ਭਾਮ ਨਾਮ ਪੰਛੀ ਤੇ ਕਾਂ ਬਣਦਾ ਹੈ।

26. ਜਿਹੜਾ ਪੁਰਸ਼ ਲੋਭ ਕਰਕੇ ਬ੍ਰਾਹਮਣ ਤੇ ਦੇਵਤੇ ਦਾ ਧਨ ਗੁਆਉਂਦਾ ਹੈ ਉਹ ਪਾਪੀ ਪ੍ਰਲੋਕ ਵਿਚ ਗਿਰਝ ਪੰਛੀ ਦਾ ਜੂਠਾ ਖਾ ਕੇ ਜੂਨ ਭੋਗਦਾ ਹੈ।

27. ਪਸ਼ੂ ਤੇ ਹੋਮ ਯੱਗ ਸਾਰੇ ਵਰ੍ਹੇ ਵਿਚ ਇਕ ਵਾਰੀ ਕਰਨਾ ਲੋੜੀਏ ਜੇ ਨਾ ਹੋ ਸਕੇ ਤਾਂ ਉਸਦੇ ਬਦਲੇ ਖਤਮ ਵਿਚ ਅਗਨ ਦੇਵਤਾ ਦਾ ਯੱਗ ਕਰੇ।

28. ਬਿਨਾਂ ਤਕਲੀਫ ਵੇਲੇ ਜਿਹੜਾ ਬ੍ਰਾਹਮਣ ਦੁੱਖ ਦੇ ਧਰਮ ਨੂੰ ਕਰਦਾ ਹੈ ਉਹ ਪ੍ਰਲੋਕ ਵਿਚ ਉੱਚ ਫਲ ਨਹੀਂ ਪਾਉਂਦਾ।

29. ਮਰਨ ਤੋਂ ਡਰ ਕੇ ਵਿਸਵੇ ਦੇਵਤੇ ਸਾਧੂ ਲੋਕ ਇਨ੍ਹਾਂ ਸਾਰਿਆਂ ਨੇ ਦੁੱਖ ਦੇ ਵੇਲੇ ਚੰਗੇ ਧਰਮ ਦੇ ਵਿਰੁੱਧ ਕੰਮ ਕੀਤਾ ਹੈ।

30. ਵੱਡਾ ਧਰਮ ਕਰਨ ਵੇਲੇ ਸਾਮਰਥ ਹੋ ਕੇ ਧਰਮ ਦੇ ਉਲਟ ਕਰਨ ਵਾਲਾ ਉਸ ਉਲਟ ਧਰਮ ਦਾ ਫਲ ਨਹੀਂ ਪਾਉਂਦਾ।

31. ਧਰਮ ਦੇ ਜਾਣਨ ਵਾਲਾ ਬ੍ਰਾਹਮਣ ਰਾਜਾ ਨੂੰ ਕੁਝ ਨਾ ਕਹੇ ਸਗੋਂ ਸੰਮ੍ਰਥਾ ਨਾਲ ਚੰਗੇ ਪੁਰਸ਼ਾਂ ਨੂੰ ਪਾਪ ਦੀ ਸਜਾ ਦੇਵੇ।

32. ਰਾਜਾ ਦੇ ਜ਼ੋਰ ਥੋਂ ਆਪਣਾ ਜ਼ੋਰ ਵੱਡਾ ਹੈ ਇਸ ਲਈ ਬ੍ਰਾਹਮਣ ਆਪਣੇ ਜ਼ੋਰ ਨਾਲ ਵੈਰੀਆਂ ਨੂੰ ਜਿੱਤੇ।

33. ਅਥਰਬ ਤੇ ਅੰਗਰਾ ਰਿਖੀ ਨੇ ਜਿਹੜਾ ਮਾਰਨ ਦਾ ਜਾਦੂ ਦਸਿਆ ਹੈ ਬ੍ਰਾਹਮਣ ਉਸਨੂੰ ਕਰੇ ਬ੍ਰਾਹਮਣ ਦਾ ਸ਼ਸਤ੍ਰ ਬਾਣੀ ਹੀ ਹੈ ਉਸ ਨਾਲ ਵੈਰੀ ਨੂੰ ਮਾਰੇ।

34. ਖੱਤਰੀ ਆਪਣੀਆਂ ਬਾਹਵਾਂ ਦੇ ਜ਼ੋਰ ਤੇ ਵੈਸ਼ ਸ਼ੂਦਰ ਧਨ ਨਾਲ ਤੇ ਬ੍ਰਾਹਮਣ ਜਪ ਤੇ ਹੋਮ ਨਾਲ ਆਪਣੇ ਦੁੱਖ ਦਾ ਵੇਲਾ ਟਪਾਵੇ।

35. ਜਿਹੜਾ ਬ੍ਰਾਹਮਣ ਸ਼ਾਸਤ੍ਰ ਅਨੁਸਾਰ ਕੰਮ ਕਰੇ ਤੇ ਪੁੱਤਰ ਤੇ ਚਾਟੜੇ ਨੂੰ ਪੜ੍ਹਾਵੇ ਤੇ ਪਾਪ

ਆਦਿਕ ਦਸੇ ਤੇ ਸਭ ਜੀਵਾਂ ਨਾਲ ਪਿਆਰ ਕਰੇ ਤੇ ਮਾੜੀ ਗੱਲ ਜਾਂ ਮੰਦਾ ਬਚਨ ਨਾ ਬੋਲਣਾ ਚਾਹੀਏ।

36. ਲੜਕੀ ਜਵਾਨ ਥੋੜੀ ਵਿੱਦਿਆ ਵਾਲਾ ਅਹਿਮਕ ਕਮਲਾ ਰੋਗੀ ਤੇ ਜਨੇਊ ਤੋਂ ਬਿਨਾਂ ਇਹ ਸਾਰੇ ਸੰਧਿਆ ਸਵੇਰੇ ਅਗਨ ਹੋਤ੍ਰ ਨਾ ਕਰਨ।

37. ਜੇਕਰ ਇਹ ਅਗਨ ਹੋਤ੍ਰ ਕਰਨ ਤਾਂ ਨਰਕ ਵਿਚ ਵਾਸ ਹੁੰਦਾ ਹੈ ਤੇ ਜਿਸਦੀ ਅਗਨ ਹੈ ਤੇ ਜਿਹੜਾ ਜਜਮਾਨ ਹੈ ਉਹ ਵੀ ਨਰਕ ਦਾ ਅਧਿਕਾਰੀ ਹੈ ਇਸੇ ਲਈ ਜੋ ਕੋਈ ਵੇਦ ਨੂੰ ਪੜ੍ਹਿਆ ਹੋਵੇ ਉਹੋ ਹੀ ਇਹ ਕੰਮ ਕਰੇ।

38. ਬ੍ਰਾਹਮਣ ਲਈ ਅਗਨ ਹੋਤ੍ਰ ਦੱਛਨਾ ਜੋ ਘੋੜਾ ਲਿਖਿਆ ਹੈ ਹੁੰਦੇ ਵੀ ਨਾ ਦੇਵੇ ਤਾਂ ਉਸ ਨੂੰ ਅਗਨ ਹੋਤ੍ਰ ਦਾ ਫਲ ਕੁਝ ਨਹੀਂ ਹੁੰਦਾ।

39. ਮਨੁੱਖ ਇੰਦ੍ਰੀਆਂ ਜਿੱਤਕੇ ਖੁਸ਼ੀ ਅਨੁਸਾਰ ਹੋਰ ਪੁੰਨ ਕਰੇ ਪ੍ਰੰਤੂ ਯੱਗ ਨੂੰ ਥੋੜ੍ਹੀ ਦੱਛਣਾ ਨਾਲ ਨਾ ਕਰੇ।

40. ਥੋੜ੍ਹੀ ਦੱਛਣਾ ਵਾਲ਼ਾ ਯੱਗ, ਇੰਦ੍ਰੀ, ਸੋਭਾ, ਸਵਰਗ, ਆਰਬਲਾ ਔਲਾਦ, ਸਿਫਤ ਪਸ਼ੂ ਇਹਨਾਂ ਸਾਰਿਆਂ ਦਾ ਨਾਸ ਕਰਦਾ ਹੈ ਇਸ ਲਈ ਥੋੜ੍ਹੇ ਧਨ ਨੂੰ ਲਾ ਕੇ ਯੱਗ ਕਰਨਾ ਯੋਗ ਨਹੀਂ।

41. ਅਗਨ ਹੋਤ੍ਰੀ ਬ੍ਰਾਹਮਣ ਜੇਕਰ ਜਾਣ ਬੁੱਝਕੇ ਸੰਧਿਆ, ਸਵੇਰੇ, ਹੋਮ ਨਾ ਕਰੇ ਤਾਂ ਬੱਚਾ ਮਾਰਨੇ ਦਾ ਪਾਪ ਹੁੰਦਾ ਹੈ ਉਹ ਪਾਪ ਹਟਾਉਣ ਲਈ 1 ਮਹੀਨਾ ਚੰਦ੍ਰਾਇਣ ਬਰਤ ਕਰੇ।

42. ਜਿਹੜਾ ਬ੍ਰਾਹਮਣ ਸ਼ੂਦਰ ਦੇ ਧਨ ਨਾਲ ਯੱਗ ਕਰਦਾ ਹੈ ਉਹ ਸ਼ੂਦਰ ਦਾ ਹੀ ਪ੍ਰੋਹਤ ਹੁੰਦਾ ਹੈ ਉਸ ਨੂੰ ਕੁਝ ਫਲ ਨਹੀਂ ਹੁੰਦਾ ਤੇ ਉਹ ਵੇਦ ਪਾਠੀਆਂ ਬ੍ਰਾਹਮਣਾਂ ਵਿਚ ਬੁਰਾ ਸਦਾਉਂਦਾ ਹੈ।

43. ਤੇ ਉਹ ਸ਼ੂਦਰ ਧਨ ਦੇਣ ਵਾਲਾ ਆਪਣੇ ਪ੍ਰੋਹਤਾਂ ਦੇ ਮੱਥੇ ਤੇ ਪੈਰ ਰੱਖਕੇ ਨਰਕ ਤੋਂ ਪਾਰ ਹੁੰਦਾ ਹੈ ਤੇ ਪ੍ਰੋਹਤਾਂ ਨੂੰ ਕੁਛ ਫਲ ਨਹੀਂ ਹੁੰਦਾ।

44. ਸ਼ਾਸਤ੍ਰ ਅਨੁਸਾਰ ਕੰਮ ਨਾ ਕੀਤਿਆਂ ਤੇ ਬੁਰੇ ਕੰਮ ਕੀਤਿਆਂ ਤੇ ਦਿਲੋਂ ਇੰਦ੍ਰੀਆਂ ਦੇ ਵੱਸ ਹੋਇਆਂ ਮਨੁੱਖ ਪਾਪ ਡੰਡ ਦੇਣ ਦੇ ਲਾਇਕ ਹੈ।

45. ਪੰਡਿਤਾਂ ਨੇ ਬਿਨਾਂ ਮਰਜ਼ੀ ਦੇ ਅਚੇਤ ਪਾਪ ਦੇ ਡੰਡ ਨੂੰ ਕਥਨ ਕੀਤਾ ਤੇ ਜਾਣ ਬੁੱਝ ਕੇ ਪਾਪ ਕਰਨ ਦੀ ਸਜ਼ਾ ਵੀ ਵੇਦ ਵਿਚ ਆਗਿਆ ਹੈ।

46. ਅਚੇਤਨਾ ਨਾਲ ਕੀਤਾ ਹੋਇਆ ਪਾਪ ਵੇਦ ਦੀ ਸਮਰੱਥਾ ਕਰਕੇ ਜਾਂਦਾ ਹੈ ਤੇ ਜਾਣ ਬੁੱਝਕੇ ਕੀਤਾ ਹੋਇਆ ਪਾਪ ਕਈ ਪ੍ਰਕਾਰ ਦੇ ਪ੍ਰਾਸਚਿਤ ਨਾਲ ਜਾਂਦਾ ਹੈ।

47. ਪ੍ਰਾਲਬਧ ਦੇ ਜੋਰ ਨਾਲ ਪਹਿਲੇ ਜਨਮ ਦੇ ਪਾਪਾਂ ਕਰਕੇ ਡੰਡ ਦੇ ਅਧਿਕਾਰੀ ਹੋ ਕੇ

ਪਿਤਾ ਦੇ ਨਾਲ ਖਾਣਾ ਤੇ ਡੇਰਾ ਤੇ ਮੁਲਾਕਾਤ ਆਦਿਕ ਨਾ ਕਰੇ।

48. ਕਈ ਪੁਰਸ਼ ਇਸ ਜਨਮ ਵਿਚ ਤੇ ਕਈ ਅਗਲੇ ਜਨਮ ਵਿਚ ਮਾੜੇ ਕੰਮ ਕਰਨ ਵਿਚ ਬੇ ਅਕਲੀ ਵਿਚ ਦੁਖ ਪਾਉਂਦੇ ਹਨ।

49. ਸੋਨਾ ਚੁਰਾਣ ਵਾਲਾ, ਨਿਕੰਮਾ, ਸ਼ਰਾਬ ਪੀਣ ਵਾਲਾ, ਜਮਾਂਦਰੂ ਕਾਲੇ ਰੰਗ ਵਾਲਾ, ਬ੍ਰਾਹਮਣ ਨੂੰ ਮਾਰਨ ਵਾਲਾ, ਕੁਸ਼ਟੀ ਰੋਗ ਤੇ ਗੁਰੂ ਦੀ ਤੀਵੀਂ ਨਾਲ ਭੋਗ ਕਰਨ ਵਾਲਾ, ਭੈੜੀ ਖੱਲੜੀ ਨੂੰ ਪਾਉਂਦਾ ਹੈ।

50. ਚੁਗਲੀ ਕਰਨ ਵਾਲਾ ਕਦੀ ਮੁਸ਼ਕ, ਤੇ ਇਸ਼ਾਰੇ ਨਾਲ ਪਾਪ ਕਰਨ ਵਾਲਾ ਮੂੰਜੀ ਚੁਰਾਉਣ ਵਾਲਾ ਅੰਗਹੀਣਾ ਤੇ ਮਿਲਕੇ ਪਾਪ ਕਰਨ ਵਾਲਾ ਵਧੀਕ ਅੰਗਾਂ ਨੂੰ ਪਾਉਂਦਾ ਹੈ।

51. ਅੰਨ ਚੁਰਾਉਣ ਵਾਲਾ ਆਮ ਰੋਗ, ਜਾਨ ਬੁਝਕੇ ਚੁੱਪ ਰਹਿਣ ਵਾਲਾ, ਗੁੰਗਾ, ਕਪੜਾ ਚੁਰਾਣ ਵਾਲਾ, ਚਿਟੇ ਕੋਹੜ ਨੂੰ ਤੇ ਘੋੜਾ ਚੁਰਾਣ ਵਾਲਾ ਲੰਙਾ ਹੁੰਦਾ ਹੈ।

52. ਇਸੇ ਤਰ੍ਹਾਂ ਮਨੁੱਖ ਬੁਰੇ ਕੰਮ ਕੀਤਿਆਂ ਚੰਗਿਆਂ, ਪੁਰਸ਼ਾਂ ਵਿਚ ਨਿੰਦਕ ਹੁੰਦਾ ਹੈ ਮੂਰਖ ਪੁਣੇ, ਗੁੰਗਾ, ਅੰਨਾ, ਡੋਰਾ, ਆਦਿਕ ਦੁੱਖਾਂ ਨੂੰ ਪਾਉਂਦਾ ਹੈ।

53. ਇਸੇ ਲਈ, ਪਵਿੱਤ੍ਰ ਹੋਣ ਲਈ ਹਮੇਸ਼ਾਂ ਪ੍ਰਾਸਚਿਤ ਕਰਕੇ ਜਿਹੜੇ ਪ੍ਰਾਸਚਿਤ ਨਹੀਂ ਕਰਦੇ ਉਹ ਭੈੜਿਆਂ ਲੱਛਣਾਂ ਵਾਲੇ ਹੁੰਦੇ ਹਨ।

54. ਬ੍ਰਾਹਮਣ ਹੱਤਿਆ, ਸ਼ਰਾਬ ਪੀਣੀ ਬ੍ਰਾਹਮਣ ਦਾ ਸੋਨਾ 10 ਮਾਸੇ ਜਾਂ ਵਧੀਕ ਚੁਰਾਣਾ, ਮਾਤਾ ਨਾਲ ਭੋਗ ਕਰਨਾ ਇਹ ਚਾਰੇ ਵੱਡੇ ਪਾਪ ਹਨ ਤੇ ਪੰਜਵਾਂ ਪਾਪ ਇਨ੍ਹਾਂ ਨਾਲ ਮਿਲਾਪ ਦਾ ਹੈ।

55. ਨੀਚ ਜਾਤੀ ਹੋ ਕੇ ਝੂਠ ਬੋਲਕੇ ਵੱਡਾ ਬਨਣਾ ਤੇ ਕਿਸੇ ਦਾ ਭਾਰਾ ਅਜਿਹਾ ਔਗੁਣ ਰਾਜੇ ਨੂੰ ਦੱਸਣਾ ਜਿਸ ਕਰਕੇ ਉਸਦੀ ਜਾਨ ਮਾਰੀ ਜਾਵੇ ਤੇ ਗੁਰੂ ਦੇ ਅੱਗੇ ਝੂਠ ਬੋਲਣਾ ਇਹ ਸਾਰੇ ਬ੍ਰਹਮ ਹਤਿਆ ਦੇ ਪਾਪ ਹਨ।

56. ਪੜ੍ਹੇ ਹੋਏ ਵੇਦ ਨੂੰ ਬੁਲਾਣਾ ਵੇਦ ਦੀ ਨਿੰਦਾ ਕਰਨੀ ਤੇ ਗਵਾਹ ਬਣਕੇ ਝੂਠ ਬੋਲਣਾ ਮਿਤ੍ਰ ਨੂੰ ਧੋਖੇ ਨਾਲ ਮਾਰਨਾ ਥੋਮ ਜਾਂ ਵਿਸ਼ਟਾ ਖਾਣਾ ਇਹ ਸਭ ਸ਼ਰਾਬ ਪੀਣ ਜਿਹੇ ਹਨ।

57. ਅਮਾਨਤ ਧਨ ਮਨੁੱਖ ਘੋੜਾ ਚਾਂਦੀ ਧਰਤੀ ਗੰਗਮਣੀ, ਆਦਿਕ ਦਾ ਚੁਰਾਣਾ ਸੋਨਾ ਚੁਰਾਨ ਦੇ ਤੁੱਲ ਹੈ।

58. ਸੱਕੀ ਭੈਣ ਕੁਆਰੀ ਕੰਨਿਆਂ, ਭੰਗਣ, ਮਿੱਤ੍ਰ ਦੀ ਤੀਵੀਂ ਤੇ ਨੂੰਹ ਨਾਲ ਭੋਗ ਕਰਨਾ ਮਾਤਾ ਨਾਲ ਭੋਗ ਕਰਨ ਦੇ ਤੁੱਲ ਹੈ।

59. ਗਊ ਨੂੰ ਮਾਰਨਾ, ਜਿਹੜਾ ਯੱਗ ਕਰਨ ਦੇ ਯੋਗ ਨਹੀਂ ਉਸ ਪਾਸੋਂ ਯੱਗ ਕਰਾਨਾ, ਪਰਾਈ ਇਸਤਰੀ ਨਾਲ ਭੋਗ ਕਰਨਾ ਆਪਣੇ ਆਪ ਨੂੰ ਵੇਚਣਾ, ਗੁਰੂ ਦੇ ਮਾਪਿਆਂ

ਦਾ ਤਿਆਗਣ ਤੇ ਵੇਦ ਨਾ ਪੜ੍ਹਨਾ, ਅਗਨ ਦੀ ਪੂਜਾ ਨਾ ਕਰਨੀ ਤੇ ਪੁੱਤਰ ਦਾ ਤਿਆਗਣਾ।

60. ਵੱਡੇ ਭਰਾ ਤੋਂ ਪਹਿਲੇ ਨਿਕੇ ਦਾ ਵਿਆਹ ਹੋਣਾ ਤੇ ਉਨ੍ਹਾਂ ਦੋਹਾਂ ਭਰਾਵਾਂ ਨੂੰ ਕੰਨਿਆਂ ਦੇਣਾ ਤੇ ਉਨ੍ਹਾਂ ਕੋਲੋਂ ਯੱਗ ਕਰਾਨਾ।

61. ਕੰਨਿਆਂ ਦੀ ਯੋਨੀ ਵਿਚ ਉਂਗਲੀ ਪਾ ਕੇ ਖਰਾਬ ਕਰਨਾ, ਵਿਆਜ ਨਾਲ ਗੁਜ਼ਾਰਾ ਕਰਨਾ ਬ੍ਰਹਮਚਾਰੀ ਹੋ ਕੇ ਭੋਗ ਕਰਨਾ, ਤਲਾ, ਬਾਗ, ਤੀਵੀਂ ਪੁੱਤਰ ਨੂੰ ਵੇਚਣਾ।

62. ਵੇਲੇ ਨਾਲ ਜੰਞੂ ਦਾ ਨਾ ਹੋਣਾ, ਚਾਚੇ ਆਦਿਕ ਦੀ ਟਹਿਲ ਨਾ ਕਰਨੀ, ਧਨ ਲੈ ਕੇ ਜਾਂ ਦੇ ਕੇ ਪੜ੍ਹਨ ਤੇ ਤਿਲ ਆਦਿਕ ਜਿਹੜੀਆਂ ਚੀਜ਼ਾਂ ਨਹੀਂ ਵੇਚਣ ਵਾਲੀਆਂ ਉਨ੍ਹਾਂ ਚੀਜ਼ਾਂ ਨੂੰ ਵੇਚਣਾ।

63. ਸੋਨੇ ਆਦਿ ਦੀ ਖਾਣ ਉਤੇ ਰਾਜੇ ਦੀ ਆਗਿਆ ਅਨੁਸਾਰ ਅਖਤਿਆਰ ਹੋਣਾ ਪੁਲ ਆਦਿ ਬੰਨ੍ਹਣਾ, ਦੁਆਈਆਂ ਦਾ ਮਾਰਨਾ ਆਪਣੀ ਤੀਵੀਂ ਨੂੰ ਕੰਜਰੀ ਬਣਾ ਕੇ ਦੂਜੇ ਆਦਮੀ ਦੇ ਭੋਗ ਕਰਨ ਤੇ ਜਿਹੜੀ ਮਾਇਆ ਮਿਲੇ ਉਸ ਨਾਲ ਨਿਰਬਾਹ ਕਰਨਾ ਸ਼ਾਸਤ੍ਰ ਲਿਖੇ ਮਾਰਨ ਵਾਲੇ ਜਾਦੂ ਮੰਤ੍ਰ ਕਰਨੇ ਤੇ ਵੱਸ ਕਰਨਾ ਜਾਂ ਜਪ ਕਰਨਾ।

64. ਬਾਲਨ ਲਈ ਹਰੇ ਦਰਖਤ ਨੂੰ ਕੱਟ ਸਿੱਟਨਾ ਦੇਵਤੇ ਪਿਤ੍ਰਾਂ ਤੋਂ ਬਿਨਾਂ ਹੀ ਕਿਹਾ ਆਪਣੇ ਵਾਸਤੇ ਭੋਜਨ ਬਣਾਨਾ ਮਰਜ਼ੀ ਤੋਂ ਬਿਨਾਂ ਥੋਮ ਆਦਿਕ ਨਾ ਖਾਣ ਵਾਲੀਆਂ ਚੀਜ਼ਾਂ ਨੂੰ ਇਕ ਵਾਰੀ ਹੀ ਖਾਣਾ।

65. ਅਧਿਕਾਰੀ ਹੁੰਦਿਆਂ ਅਗਨ ਹੋਤਰ ਦਾ ਤਿਆਗਣਾ ਸੋਨਾ ਛੱਡਕੇ ਚਾਂਦੀ ਚੁਰਾਨਾ ਰੇਖ ਰਿਣ ਦੇਵ ਰਿਣ ਪਿਤ੍ਰ ਰਿਣ ਇਨ੍ਹਾਂ ਤਿਨਾਂ ਰਿਣਾਂ ਨੂੰ ਨਾ ਮੁਕਾਣਾ ਵੇਦ ਧਰਮ ਸ਼ਾਸਤ੍ਰ ਦੇ ਵਿਰੁੱਧ ਸ਼ਾਸਤਰਾਂ ਦਾ ਸਿੱਖਣਾ ਜੀਕਣ ਨੱਚਣਾ ਤੇ ਗਾਉਣਾ ਵਜਾਉਣਾ ਹੈ।

66. ਮੂੰਜ ਤ੍ਰਾਮਾ ਲੋਹਾ ਆਦਿ ਤੇ ਪਸ਼ੂ ਨੂੰ ਚੁਰਾਣਾ ਬ੍ਰਾਹਮਣ ਖੱਤਰੀ ਵੈਸ਼ ਦੀ ਸ਼ਰਾਬੀ ਹੋਈ ਤੀਵੀਂ ਨੂੰ ਭੋਗਣਾ ਤੀਵੀਂ ਸੂਦ੍ਰ ਵੈਸ਼ ਤੇ ਖੱਤਰੀ ਇਨ੍ਹਾਂ ਦਾ ਮਾਰਨਾ ਤੇ ਨਾ ਮੰਨਿਆ ਇਹ ਸਾਰੇ ਅਲੱਗ ਅਲੱਗ (ਉਪਮਾ ਤਕ) ਚੋਥੇ ਪਾਪ ਅਖਵਾਉਂਦੇ ਹਨ।

67. ਬ੍ਰਾਹਮਣ ਨੂੰ ਮਾਰਨਾ ਹੱਥ ਪੈਰ ਆਦਿ ਦਾ ਦੁੱਖ ਦੇਣਾ ਤੇ ਥੋਮ ਮੂਤ੍ਰ ਸ਼ਰਾਬ ਆਦਿ ਨੂੰ ਸੁੰਘਣਾ ਭੈੜੇ ਕਰਮ ਅਜਿਹੇ ਕਰਨਾ ਕਿ ਆਪਣੀ ਇੰਦ੍ਰੀ ਮੂੰਹ ਵਿਚ ਪਾ ਕੇ ਮੁਖ ਭੋਗ ਕਰਨਾ ਇਹ ਸਾਰੇ ਕੰਮ ਜਾਤ ਨੂੰ ਖਰਾਬ ਕਰਦੇ ਹਨ।

68. ਖੋਤਾ, ਘੋੜਾ, ਊਠ, ਹਾਥੀ, ਬੱਕਰਾ, ਭੇਡੂ, ਮੱਛੀ, ਸੱਪ, ਸੰਢਾ ਇਨ੍ਹਾਂ ਦਾ ਮਾਰਨਾ ਸ਼ੰਕਰੀ ਕਰਨ ਅਖਵਾਉਂਦਾ ਹੈ।

69. ਭੈੜੇ ਮਨੁੱਖ ਪਾਸੋਂ ਪਦਾਰਥ ਲੈਣਾ ਬਣੀਏ ਦਾ ਕੰਮ ਕਰਨਾ ਸ਼ੂਦਰ ਦੀ ਖ਼ੁਸ਼ਾਮਦ ਸੇਵਾ ਕਰਨਾ ਝੂਠ ਆਖਣਾ ਇਹ ਸਾਰੇ ਉਪਾਤ੍ਰੀਕਰਨ ਅਖਵਾਉਂਦੇ ਹਨ।

70. ਕੀੜਿਆਂ ਤੇ ਮੱਛੀਆਂ ਨੂੰ ਮਾਰਨਾ ਖਾਣ ਵਾਲੀ ਸ਼ੈ ਨੂੰ ਮੱਛੀ ਵਿਚ ਰਖੀ ਹੋਈ ਆਈ ਹੋਈ ਸ਼ੈ ਨੂੰ ਖਾਣਾ ਫਲ ਲਕੜੀ ਤੇ ਫੁੱਲਾਂ ਦਾ ਚੁਰਾਣਾ ਇਹ ਸਭੇ ਮਲਾਯ ਹੀ ਅਖਵਾਉਂਦੇ ਹਨ।

71. ਇਹ ਸਾਰੇ ਪਾਪ ਵੱਖੋ-ਵੱਖ ਆਖੇ ਤੇ ਇਹ ਸਾਰੇ ਪਾਪ ਜਿਸ ਵਿਚ ਵਰਤ ਦੇ ਧਾਰਨ ਕਰਕੇ ਦੂਰ ਹੋਵਣ ਉਹ ਵਰਤ ਕਥਦੇ ਹਾਂ।

72. ਬ੍ਰਾਹਮਣ ਨੂੰ ਮਾਰਨ ਵਾਲਾ ਪਵਿੱਤ੍ਰ ਹੋਣ ਵਾਸਤੇ ਬਨ ਵਿਚ ਕੁਟੀਆ ਬਣਾ ਕੇ 12 ਸਾਲ ਰਹੇ ਮਾਰੇ ਹੋਏ ਬ੍ਰਾਹਮਣ ਦਾ ਸਿਰ ਨੇਜੇ ਵਿਚ ਰੱਖਕੇ ਭਿਖਯਾ ਮੰਗੇ ਇਹ ਪ੍ਰਾਸਚਿਤ ਨਿਰਗੁਣ ਬ੍ਰਾਹਮਣ ਨੂੰ ਮਾਰਨ ਵਾਸਤੇ ਗੁਨਵਾਨ ਬ੍ਰਾਹਮਣ ਨੂੰ ਇੱਛਾ ਤੋਂ ਬਿਨਾਂ ਸਮਝਣਾ।

73. ਭਾਵੇਂ ਇਸਤਰਾਂ ਪ੍ਰਾਸਚਿਤ ਕਰੇ ਯਾ ਆਪਣੀ ਮਰਜ਼ੀ ਨਾਲ ਹਥਿਆਰ ਵਿੰਦਿਆ ਦੇ ਜਾਨਣ ਵਾਲਿਆਂ ਕੋਲੋਂ ਹਥਿਆਰ ਨਾਲ ਮਰੀ ਪਵੇ ਜਾਂ ਬਲਦੀ ਅੱਗ ਵਿਚ ਸਿਰ ਹੇਠ ਕਰਕੇ ਤਿੰਨ ਵਾਰੀ ਆਪਣੇ ਆਪ ਨੂੰ ਗਰਾ ਵਿਚ ਪਾਵੇ ਇਹ ਪ੍ਰਾਸਚਿਤ ਹੈ ਅਗਲੇ ਅੰਗ ਵਿਚ ਜਿਹੜਾ ਅਸਮਿਧ ਯੱਗ ਕਥਨ ਕਰਾਂਗੇ ਉਹ ਵੀ ਨਿਰਗੁਣ ਬ੍ਰਾਹਮਣ ਨੂੰ ਗੁਣ ਵਾਲਾ ਖੱਤਰੀ ਆਪਣੀ ਮਰਜ਼ੀ ਨਾਲ ਮਾਰੇ ਤੇ ਉਸ ਵਾਸਤੇ ਜਾਨਣਾ।

74. ਭਾਵੇਂ ਅਸਮਿਧ ਮੂਰਚਿਤ ਗੋਸਬ ਅਭਨਾਤ ਤਿੰਨ ਵਰਤ ਗਗਨਸ਼ੋਟ ਇਹਨਾਂ ਵਿਚੋਂ ਕੋਈ ਇਕ ਯੱਗ ਕਰੇ ਇਹ ਪ੍ਰਾਸਚਿਤ ਜੇਕਰ ਬਿਨਾਂ ਇੱਛਾ ਬ੍ਰਾਹਮਣ ਨੂੰ ਮਾਰੇ ਉਥੇ ਬ੍ਰਾਹਮਣ ਆਦਿ ਤਿੰਨਾਂ ਵਰਨਾਂ ਵਾਸਤੇ ਸਮਝਣਾ।

75. ਹੋਰ ਤਿੰਨਾਂ ਵਰਨਾਂ ਦਾ ਬਿਨਾਂ ਇੱਛਾ ਬ੍ਰਾਹਮਣ ਨੂੰ ਮਾਰਨ ਦਾ ਪ੍ਰਾਸਚਿਤ ਇਹ ਸਮਝਣਾ ਕਿ ਥੋੜਾ ਖਾਣਾ ਖਾ ਕੇ ਇੰਦ੍ਰੀਆਂ ਜਿਤਨੇ 100 ਜੋਜਨ ਜਾਂ 400 ਸੌ ਕੋਸ ਪੰਧ ਕਰੇ ਤੇ ਪੰਧ ਵਿਚ ਵੇਦ ਨੂੰ ਵੀ ਪੜ੍ਹਦਾ ਹੀ ਜਾਵੇ।

76. ਭਾਵੇਂ ਵੇਦ ਪੜ੍ਹੇ ਹੋਏ ਬ੍ਰਾਹਮਣ ਨੂੰ ਵੀ ਸਾਰੀ ਉਮਰ ਭੋਜਨ ਦੇਵੇ ਜਾਂ ਖਾਣ ਦੇ ਸਾਰੀ ਉਮਰ ਵਾਸਤੇ ਪਦਾਰਥ ਦੇਵੇ ਜਾਂ ਸਭ ਪਦਾਰਥਾਂ ਸਮੇਤ ਘਰ ਦੇਵੇ ਇਹ ਪ੍ਰਾਸਚਿਤ ਜੇਕਰ ਬ੍ਰਾਹਮਣ ਬਿਨਾਂ ਇੱਛਾ ਬ੍ਰਾਹਮਣ ਨੂੰ ਮਾਰੇ ਉਸ ਵਾਸਤੇ ਸਮਝਣਾ।

77. ਬ੍ਰਾਹਮਣ ਹੀ ਬ੍ਰਾਹਮਣ ਨੂੰ ਮਾਰੇ ਤਾਂ ਉਸਦਾ ਪ੍ਰਾਸਚਿਤ ਇਹ ਹੈ ਕਿ ਪਵਿੱਤ੍ਰ ਭੋਜਨ ਪਾ ਕੇ ਸੁਰਸਤੀ ਨਦੀ ਦੇ ਕੰਢੇ ਤੀਰਥ ਯਾਤਰਾ ਤੇ ਇਸ਼ਨਾਨ ਕਰੇ ਜਾਂ ਥੋੜਾ ਭੋਜਨ ਪਾ ਕੇ ਤਿੰਨ ਵਾਰੀ ਵੇਦ ਦੀ ਸੰਘਤਾ ਦਾ ਪਾਠ ਕਰੇ।

78. ਗਊ ਬ੍ਰਾਹਮਣ ਦਾ ਭਲਾ ਕੀਤਾ ਕਰੇ ਦਾਹੜੀ, ਮੁੱਛਾਂ, ਸਿਰ ਮੁੰਨਕੇ ਪਿੱਛੋਂ ਬਾਹਰ ਲੋਕਾਂ ਦੇ ਸਾਹਮਣੇ ਗਊ ਦੇ ਥਾਂ ਜਾਂ ਬ੍ਰਿਛਾਂ ਦੀਆਂ ਜੜ੍ਹਾਂ ਵਿਚ ਬਨ ਵਿਚ ਕੁਟੀਆ ਬਣਾ ਕੇ ਰਹੇ ਇਸ ਵਾਸਤੇ ਹੈ।

79. ਭਾਵੇਂ ਬਾਰ੍ਹਾਂ ਬਰਸ ਵਾਲੇ ਬਰਤ ਦਾ ਅਰੰਭ ਕੀਤਾ ਹੋਵੇ ਤੇ ਉਸ ਬਰਤ ਦੇ ਵਿਚ ਹੀ ਗਊ ਜਾਂ ਬ੍ਰਾਹਮਣ ਦੀ ਵਿਪਤਾ ਛੁਡਾਣ ਵਾਸਤੇ ਜਾਨ ਦੇ ਦੇਵੇ ਤਾਂ ਬ੍ਰਹਮ ਹੱਤਿਆ ਦੇ ਪਾਪ ਤੋਂ ਛੁੱਟ ਜਾਂਦਾ ਹੈ।

80. ਕੋਈ ਮਨੁੱਖ ਬ੍ਰਾਹਮਣ ਦਾ ਸਾਰਾ ਪਦਾਰਥ ਚੁਰਾ ਕੇ ਜਾਂ ਖੋਹ ਲੈ ਜਾਂਦਾ ਪਿਆ ਹੋਵੇ ਤੇ ਉਸ ਮਾਇਆ ਨੂੰ ਛੁਡਾਣ ਵਾਸਤੇ ਬਿਨਾਂ ਛਲ ਦੇ ਉੱਦਮ ਕਰੇ ਤਿੰਨ ਵਾਰੀ ਲੜਾਈ ਕਰੇ ਤੇ ਭਾਵੇਂ ਉਸਨੂੰ ਧਨ ਨਾ ਮੋੜ ਸਕੇ ਤਾਂ ਵੀ ਬ੍ਰਹਮ ਹੱਤਿਆ ਦੇ ਪਾਪ ਤੋਂ ਛੁਟ ਜਾਂਦਾ ਹੈ ਤੇ ਜੇਕਰ ਧਨ ਦੇ ਜਾਣ ਕਰਕੇ ਦੁਖਿਆ ਹੋਇਆ ਬ੍ਰਾਹਮਣ ਨੂੰ ਆਪਣੀ ਜਾਨ ਦੇਣੀ ਚਾਹੇ ਤੇ ਉਸ ਗਏ ਹੋਏ ਧਨ ਜਿਤਨਾ ਧਨ ਦੇ ਕੇ ਉਸਦੀ ਜਾਨ ਦੀ ਰੱਖਿਆ ਕਰੇ ਤਾਂ ਵੀ ਬ੍ਰਹਮ ਹੱਤਿਆ ਤੋਂ ਛੁਟ ਜਾਂਦਾ ਹੈ।

81. ਹਮੇਸ਼ਾ ਇਸੇ ਤਰ੍ਹਾਂ ਬਰਤ ਕਰਨੇ ਵਾਲਾ ਬੇਫਿਕਰ ਹੋ ਕੇ ਬ੍ਰਹਮਚਰਜ ਧਾਰਨ ਵਾਲਾ ਬਾਰ੍ਹਾਂ ਬਰਸਾਂ ਦੇ ਮੁੱਕ ਜਾਣ ਪਰ ਬ੍ਰਹਮ ਹੱਤਿਆ ਤੋਂ ਛੁਟ ਜਾਂਦਾ ਹੈ।

82. ਭਾਵੇਂ ਬ੍ਰਹਮ ਹੱਤਿਆ ਕਰਨ ਵਾਲਾ ਬ੍ਰਾਹਮਣ ਅਸਮੇਧ ਯੱਗ ਦੇ ਪਿੱਛੇ ਅਸ਼ਨਾਨ ਕਰਨ ਦੇ ਵੇਲੇ ਰਾਜੇ ਦੇ ਕੋਲ ਜਾ ਕੇ ਬ੍ਰਹਮ ਹੱਤਿਆ ਦੱਸਕੇ ਰਾਜੇ ਦੇ ਨਾਲ ਹੋ ਕੇ ਇਸ਼ਨਾਨ ਕਰੇ ਤਾਂ ਬ੍ਰਹਮ ਹੱਤਿਆ ਤੋਂ ਛੁਟ ਜਾਂਦਾ ਹੈ ਪ੍ਰਾਸਚਿਤ ਸੁਮੰਤ੍ਰ ਇਸੇ ਦਾ ਅੰਗ ਹੈ।

83. ਕਿਉਂ ਜੋ ਬ੍ਰਾਹਮਣ ਧਰਮ ਦਾ ਮੁੱਢ ਤੇ ਖੱਤਰੀ ਧਰਮ ਦਾ ਪਹਿਲਾ ਹਿੱਸਾ ਹੈ ਇਸੇ ਵਾਸਤੇ ਦੋਹਾਂ ਨੂੰ ਆਪਣਾ ਆਪ ਦਸਿਆਂ ਪਵਿੱਤ੍ਰ ਹੁੰਦਾ ਹੈ।

84. ਬ੍ਰਾਹਮਣ ਜੰਮਣ ਤੋਂ ਹੀ ਦੇਵਤਿਆਂ ਦਾ ਦੇਵ ਵੱਡਾ ਹੈ ਤੇ ਉਸ ਦਾ ਉਪਦੇਸ਼ ਸਭਨਾ ਦੇ ਮੰਨਣ ਯੋਗ ਹੈ ਉਨ੍ਹਾਂ ਗੱਲਾਂ ਦਾ ਵੇਦ ਹੀ ਸਬਬ ਹੈ ਤੇ ਉਪਦੇਸ਼ ਦਾ ਮੁੱਢ ਵੇਦ ਹੀ ਹੈ।

85. ਤਿੰਨ ਬ੍ਰਾਹਮਣ ਵੇਦ ਦੇ ਪੜ੍ਹੇ ਹੋਏ ਜਿਹੜਾ ਪ੍ਰਾਸਚਿਤ ਦੱਸਣ ਉਹ ਪਵਿੱਤਰ ਹੈ ਕਿਉਂ ਜੋ ਵੇਦ ਪਾਠੀ ਬ੍ਰਾਹਮਣ ਦਾ ਬਚਨ ਹੀ ਪਵਿੱਤਰ ਹੁੰਦਾ ਹੈ।

86. ਕਥਨ ਕੀਤੇ ਹੋਏ ਪ੍ਰਾਸਚਿਤ ਵਿਚੋਂ ਇਕ ਵੀ ਕਰੇ ਤੇ ਬ੍ਰਹਮ ਨੂੰ ਸਮਝੇ ਤਾਂ ਬ੍ਰਹਮ ਹੱਤਿਆ ਤੋਂ ਛੁਟਦਾ ਹੈ।

87. ਬ੍ਰਾਹਮਣੀ ਵਿਚੋਂ ਬ੍ਰਾਹਮਣ ਦਾ ਗਰਭ ਗਿਰਾਨ ਦੇ ਵੀ ਇਹੋ ਪ੍ਰਾਸਚਿਤ ਹਨ ਤੇ ਯੱਗ ਕਰਦਿਆਂ ਖੱਤਰੀ ਵੈਸ਼ ਬ੍ਰਾਹਮਣ ਦੀ ਚਿਤਵੰਤੀ ਤੀਵੀਂ ਦੇ ਮਾਰਨੇ ਦੇ ਪ੍ਰਾਸਚਿਤ ਵਾਸਤੇ ਵੀ ਉਪਰ ਲਿਖੇ ਬਰਤਾਂ ਵਿਚੋਂ ਕੋਈ ਇਕ ਕਰੇ।

88. ਗਵਾਹ ਬਣਕੇ ਝੂਠ ਬੋਲਣੇ ਦਾ ਗੁਰੂ ਨੂੰ ਝੂਠਾ ਦੋਸ਼ ਲਾਵਣੇ ਦਾ ਬ੍ਰਾਹਮਣ ਦਾ ਸੋਨਾ ਛੱਡਕੇ ਚਾਂਦੀ ਚੁਰਾਣੇ ਦਾ ਵੀ ਅਮਾਨਤੀ ਧਨ ਤੇ ਖਤ੍ਰੀ ਆਦਿ ਦਾ ਸੋਨਾ ਚੁਰਾਵਣੇ

ਦਾ ਤੇ ਅਗਨ ਹੋਤ੍ਰੀ ਦੀ ਤੀਵੀਂ ਮਾਰਨੇ ਦੇ ਵੀ ਬ੍ਰਹਮ ਹਤਿਆ ਵਾਲੇ ਪ੍ਰਾਸਚਿਤ ਕਰਨੇ ਚਾਹੀਦੇ ਹਨ।

89. ਬਾਰ੍ਹਾਂ ਬਰਸ ਵਾਲਾ ਪ੍ਰਾਸਚਿਤ ਤੋਂ ਅਨਜਾਣ ਪੁਣੇ ਨਾਲ ਬ੍ਰਹਮ ਹਤਿਆ ਦਾ ਕਥਿਆ ਹੈ ਤੇ ਜਾਣ ਬੁਝਕੇ ਬ੍ਰਹਮ ਹਤਿਆ ਕਰਨੇ ਦਾ ਪ੍ਰਾਸਚਿਤ ਇਸ ਤੋਂ ਦੂਣਾ ਹੈ।

90. ਬ੍ਰਾਹਮਣ, ਖਤਰੀ, ਬੈਸਯ, ਲਾਲਚ, ਕਰਕੇ ਤੇ ਪੇਸੀ ਸ਼ਰਾਬ ਪੀਕੇ ਫਿਰ ਅਗਨ ਬਰਨ ਸ਼ਰਾਬ ਨੂੰ ਪੀਵਨ ਤਾਂ ਇਸੇ ਤਰ੍ਹਾਂ ਹੀ ਮਰ ਜਾਵਣ ਤਾਂ ਉਸ ਪਾਪ ਤੋਂ ਛੁਟਦੇ ਹਨ।

91. ਗਊਤ੍ਰ ਜਾਂ ਪਾਣੀ ਜਾਂ ਗਾਵਾਂ ਦੁਧ ਜਾਂ ਗਾਵਾਂ ਘਿਉ ਜਾਂ ਗਾਇ ਦੇ ਗੋਹੇ ਦਾ ਰਸ ਇਨ ਵਿਚੋਂ ਕਿਸੇ ਇਕ ਨੂੰ ਅੱਗ ਨਾਲ ਤਾ ਕੇ ਅੱਗ ਦੇ ਰੰਗਹਾਰ ਲਾਲ ਕਰਕੇ ਇਤਨਾ ਪੀਵੇ ਕਿ ਉਸੇ ਨਾਲ ਮਰ ਜਾਵੇ ਤਾਂ ਪਵਿਤ੍ਰ ਹੁੰਦਾ ਹੈ।

92. ਗਾਇ ਦਿਆਂ ਵਾਲਾਂ ਦਾ ਕਪੜਾ ਬਨਾ ਕੇ ਪੀਵੇ ਜਟਾਂ ਰਖਕੇ ਸਿਰਾਪ ਦੇ ਭਾਂਡੇ ਬੋਤਲ ਆਦਿ ਦੀ ਨਿਸ਼ਾਨੀ ਲਾ ਕੇ ਚਾਵਲ (ਕਾਕਨ) ਤਿਲ ਦਾ ਭੁਗਤਾਯਾ ਤਿਲਾਂ ਦੀ ਖਲ ਇਨ੍ਹਾਂ ਵਿਚੋਂ ਇਕ ਸ਼ੈ ਨੂੰ ਰਾਤ ਦੇ ਵੇਲੇ ਇਕੋ ਵਾਰੀ ਇਕ ਬਰਸ ਪ੍ਰਜੰਤ ਖਾਵੇ ਤਾਂ ਸ਼ਰਾਬ ਪੀਵਣੇ ਦੇ ਪਾਪ ਤੋਂ ਛੁਟਦਾ ਹੈ ਇਹ ਪ੍ਰਾਸਚਿਤ ਅਨਜਾਣ ਪੁਣੇ ਨਾਲ ਸ਼ਰਾਬ ਪੀਵਣੇ ਦਾ ਸਮਝਣਾ।

93. (ਅੰਨ ਦੇ ਮਲ) ਅੰਨ ਵਿਚੋਂ ਸ਼ਰਾਬ ਕਢੇ ਨੂੰ ਸੁਰਾ ਆਖਦੇ ਹਨ ਇਸ ਕਰਕੇ ਬ੍ਰਾਹਮਣ ਖਤਰੀ ਵੈਸ਼ ਸੁਰਾ ਨੂੰ ਨਾ ਪੀਵੇ।

94. ਗੜੀ ਮਾਧਵੀ ਪੇਸੀ ਤ੍ਰੈਵੇ ਪ੍ਰਕਾਰ ਦੀ ਸ਼ਰਾਬ ਹੈ ਜੋ ਗੁੜ ਮਾਖਿਓਂ (ਪਸਾਨ) ਪੀਸਨ ਨਾਲ ਬਣਦੀਆਂ ਹਨ ਤੇ ਜਿਹੀ ਇਕ ਤੇ ਤ੍ਰੈਵੇ ਆ ਗਏ।

95. ਸ਼ਰਾਬ, ਮਾਸ, ਸੁਰਾ, ਅਸਾਟਾਨ, ਏਨਾ ਸਾਰਿਆਂ ਨੂੰ ਯੱਖ ਰਾਖਸ਼ ਤੇ ਪਿਸਾਚ ਇਨ੍ਹਾਂ ਦਾ ਖਾਣਾ ਆਖਦੇ ਹਨ ਇਸ ਵਾਸਤੇ ਦੇਵਤਿਆਂ ਦੀ ਤੇ ਪਿਤ੍ਰਾਂ ਦੇ ਪਾਸੋਂ ਖਾਣ ਵਾਲਾ ਬ੍ਰਾਹਮਣ ਇਨ੍ਹਾਂ ਨੂੰ ਨਾ ਪੀਵੇ।

96. ਬ੍ਰਾਹਮਣ ਜੇਕਰ ਸ਼ਰਾਬ ਪੀਵੇ ਤਾਂ ਬੇਹੋਸ਼ ਹੋ ਕੇ ਅਪਵਿਤ੍ਰਤਾ ਡਿਗੇਗਾ ਜਾਂ ਵੇਦ ਦੇ ਮੰਤ੍ਰ ਪਿਆ ਬੋਲੇਗਾ ਜਾਂ ਅਯੋਗ ਕੰਮ ਕਰੇਗਾ ਇਸ ਕਰਕੇ ਸ਼ਰਾਬ ਨਾ ਪੀਵੇ।

97. ਜਿਹੜੇ ਬ੍ਰਾਹਮਣ ਦੇ ਅੰਦਰ ਪਕਾਇਆ ਹੋਇਆ ਵੇਦ ਇਕ ਵਾਰੀ ਵੀ ਸ਼ਰਾਬ ਵਿਚ ਬੁਡੇਗਾ ਉਸ ਬ੍ਰਾਹਮਣ ਦਾ ਬ੍ਰਹਮ ਤੇਜ ਦੂਰ ਹੋ ਜਾਵੇਗਾ।

98. ਇਹ (ਬਚਿਤ੍ਰ) ਬਹੁਤ ਤਰ੍ਹਾਂ ਦਾ ਪ੍ਰਾਸਚਿਤ ਸ਼ਰਾਬ ਪੀਣੇ ਦਾ ਕਥਨ ਕੀਤਾ ਹੁਣ ਸੋਨਾ ਚੁਰਾਣੇ ਦਾ ਪ੍ਰਾਸਚਿਤ ਕਥਨ ਕਰਦੇ ਹਾਂ।

99. ਬ੍ਰਾਹਮਣ ਸੋਨਾ ਚੁਰਾ ਕੇ ਰਾਜੇ ਨੂੰ ਜਾ ਆਖੇ ਕਿ ਮੈਨੇ ਸੋਨਾ ਚੁਰਾਇਆ ਹੈ ਮੈਨੂੰ ਡੰਡ

ਲਗਾਵੇ।

100. ਰਾਜਾ ਆਪ ਮੋਹਲੀ ਲੈ ਕੇ ਇਕ ਵਾਰ ਉਸ ਨੂੰ ਮਾਰੇ, ਚੋਰੀ ਕਰਨੇ ਵਾਲਾ ਕਤਲ ਕੀਤਿਆਂ ਜਾਂ ਕਤਲ ਜਿਤਨੀ ਮਾਰ ਕੁੱਟ ਕੀਤਿਆਂ ਪਵਿੱਤ੍ਰ ਹੋ ਜਾਂਦਾ ਹੈ ਕਿਉਂ ਜੋ ਬ੍ਰਾਹਮਣ ਨੂੰ ਸਰੀਰ ਤੇ ਡੰਡ ਦੇਣਾ ਵਾਜਬ ਨਹੀਂ ਇਸ ਵਾਸਤੇ ਬ੍ਰਾਹਮਣ ਤਪ ਨਾਲ ਹੀ ਪਵਿੱਤ੍ਰ ਹੁੰਦਾ ਹੈ।

101. ਤਪ ਨਾਲ ਸੋਨਾ ਚੁਰਾਨੇ ਦੇ ਪਾਪ ਨੂੰ ਹਟਾਉਣੇ ਦੀ ਚਾਹ ਵਾਲਾ ਕਪੜੇ ਦਾ ਤੋਟਾ ਪਹਿਰ ਕੇ ਜੰਗਲ ਵਿਚ ਜਾ ਕੇ ਉਹ ਬਰਤ ਕਰੇ ਜਿਸ ਨਾਲ ਬ੍ਰਹਮ ਹਤਿਆ ਹਟਦੀ ਹੈ ਤੇ ਸੋਨਾ ਚੁਰਾਣਾ ਬ੍ਰਹਮ ਹਤਿਆ ਦੇ ਬਰਾਬਰ ਹੈ।

102. ਬ੍ਰਾਹਮਣ ਇਨ੍ਹਾਂ ਬਰਤਾਂ ਨਾਲ ਚੋਰੀ ਦੇ ਪਾਪਾਂ ਨੂੰ ਹਟਾਵੇ ਤੇ ਮਾਤਾ ਨਾਲ ਭੋਗ ਕਰਨੇ ਦੇ ਪਾਪ ਨੂੰ ਹੇਠਾਂ ਲਿਖੇ ਬਰਤ ਨਾਲ ਹਟਾਵੇ।

103. ਮਾਤਾ ਨਾਲ ਭੋਗ ਕਰਨੇ ਵਾਲਾ ਆਪਣਾ ਪਾਪ ਦਸਕੇ ਤੇ ਤੱਤੇ ਹੋਏ-ਹੋਏ ਲੋਹੇ ਦੀ ਮੰਜੀ ਉਤੇ ਸਵੇਂ ਜਾਂ ਲੋਹੇ ਦੀ ਇਸਤਰੀ ਬਣਾ ਕੇ ਉਸ ਨੂੰ ਅੱਗ ਨਾਲ ਤੱਤਾ ਕਰਕੇ ਉਸਨੂੰ ਜੱਫੀ ਵਿਚ ਘੁੱਟੇ।

104. ਜਾਂ ਇੰਦਰੀ ਤੇ ਪਤਾਲੂ ਆਪਣਿਆਂ ਨੂੰ ਵੱਢ ਕੇ ਤਲੀ ਤੇ ਰਖਕੇ ਜਿਤਨਾ ਚਿਰ ਨਾ ਮਰੇ ਦੱਖਣ ਲਹਿੰਦੇ ਦੀ ਗੁੱਠ ਵੱਲ ਹੀ ਉਹ ਤੁਰਿਆ ਜਾਵੇ।

105. ਜਾਂ ਮੰਜੀ ਦਾ ਇਕ ਹਿੱਸਾ ਲੈ ਕੇ ਕੱਪੜੇ ਦਾ ਟੋਟਾ ਪਹਿਰ ਨਹੁੰ ਤੇ ਪਿੰਡੇ ਦੇ ਵਾਲ ਦਾਹੜੀ, ਮੁੱਛਾਂ ਸਮੇਤ ਰਹੇ ਤੇ ਨਿਸਚਿੰਤ ਹੋਇ ਕੇ ਇਕ ਬਰਸ ਪੂਰਾ ਜੰਗਲ ਵਿਚ ਰਹਿ ਕੇ ਪਰਜਾ ਪਤ ਬਰਤ ਨੂੰ ਕਰੇ ਇਹ ਪ੍ਰਾਸਚਿਤ ਅਨਜਾਣ ਪੁਨੇ ਨਾਲ ਮਾਤਾ ਨੂੰ ਤੀਵੀਂ ਸਮਝ ਕੇ ਭੋਗ ਕਰਨ ਵਿਚ ਜਾਨਣਾ ਚਾਹੀਦਾ ਹੈ।

106. ਜਾਂ ਇੰਦ੍ਰੀਆਂ ਜਿਤ ਕੇ (ਹੇਤੀਯ) ਪਵਿਤ੍ਰ ਅੰਨ ਜਾਂ ਜੌਂ ਦੀ (ਪਸੀ) ਕੋਟਾ ਖਾ ਕੇ ਮਾਤਾ ਨਾਲ ਭੋਗ ਕਰਨੇ ਦੇ ਪਾਪ ਨੂੰ ਹਟਾਣੇ ਵਾਸਤੇ ਤਿੰਨ ਮਹੀਨੇ ਪੂਰਾ ਚੰਦ੍ਰਾਇਣ ਬਰਤ ਕਰੇ, ਇਹ ਪ੍ਰਾਸਚਿਤ ਸਿਵਾਇ ਪਤੀਬ੍ਰਤ ਇਸਤਰੀ ਜਾਂ ਦੂਜੇ ਵਰਨਾਂ ਦੀ ਗੁਰਿਆਣੀ ਨਾਲ ਭੋਗ ਕਰਨ ਦਾ ਸਮਝੋ।

107. ਮਹਾਂ ਪਾਪੀ ਇਨ੍ਹਾਂ ਬਰਤਾਂ ਨਾਲ ਆਪਣੇ ਪਾਪਾਂ ਨੂੰ ਹਟਾਵਣ ਤੇ ਉਪ ਪਾਤਕੀ ਹੇਠਾਂ ਲਿਖੇ ਹੋਏ ਪ੍ਰਾਸਚਿਤ ਨਾਲ ਪਾਪ ਹਟਾਵਣ।

108. ਉਪ ਪਾਤਕੀ ਪਾਪੀ ਗਊ ਨੂੰ ਮਾਰਨੇ ਵਾਲਾ ਇਕ ਮਹੀਨਾ ਜੌਂ ਦੇ ਸੱਤੂ ਪੀਵੇ ਨਹੁੰ ਤੇ ਹਜਾਮਤ ਨਾ ਬਣਾਵੇ ਤੇ ਛੁਰੇ ਨਾਲ ਨਹੁੰ ਅਤੇ ਵਾਲ ਵਧਾ ਕੇ ਗਊ ਦੀ ਖੱਲੜੀ ਆਪਣੇ ਸਰੀਰ ਤੇ ਪਹਿਨਕੇ ਗਊ ਦੀ ਥਾਂ ਉਤੇ ਡੇਰਾ ਕਰੇ।

109. ਇਕ ਦਿਹਾੜੇ ਬਰਤ ਰਖਕੇ ਦੂਜੇ ਦਿਨ ਪਹਿਲੀ ਵਾਰੀ ਥੋੜ੍ਹਾ ਖਾਵੇ ਇੰਦਰੀਜਿਤ ਹੋ

ਕੇ ਮਹੀਨਾ ਪੂਰਾ ਗਊ ਦੇ ਮੂਤ੍ਰ ਨਾਲ ਇਸ਼ਨਾਨ ਕਰੇ।

110. ਦਿਨ ਨੂੰ ਗਊ ਦੇ ਪਿੱਛੇ ਫਿਰੇ ਤੇ ਖੜਾ ਹੋ ਕੇ ਗਊ ਦਿਆਂ ਖੁਰਾਂ ਦੀ ਉਡਦੀ ਧੂੜ ਨੂੰ ਝੋਪੇ ਟਹਿਲ ਕਰਦਿਆਂ ਗਊ ਨੂੰ ਨਮਸਕਾਰ ਕਰਕੇ ਰਾਤੀਂ (ਬੀਰ ਆਸਨ) ਬਹਾਦਰ ਹਾਰ ਰਹੇ।

111. ਗਊ ਖੜ ਜਾਵੇ ਤਾਂ ਆਪ ਵੀ ਹੰਕਾਰ ਬਖੀਲੀ ਨੂੰ ਛੱਡਕੇ ਇੰਦ੍ਰੀਆਂ ਨੂੰ ਜਿਤਕੇ ਖਲੋ ਰਹੇ ਗਊ ਤੁਰ ਪਵੇ ਤਾਂ ਆਪ ਵੀ ਉਸਦੇ ਹੀ ਪਿੱਛੇ ਚਲੇ ਜੇ ਗਊ ਬੈਠੇ ਤਾਂ ਆਪ ਵੀ ਬੈਠੇ।

112. ਰੋਗੀ ਗਊ ਚੋਰ ਜਾਂ ਸ਼ੇਰ ਦੀ ਡਰਾਈ ਹੋਈ ਜਾਂ ਡਿੱਗੀ ਪਈ ਜਾਂ ਚਿਕੜ ਵਿਚ ਖੁਭੀ ਹੋਈ ਗਊ ਹੋਵੇ ਭਾਵੇਂ ਕਿਸ ਤਰ੍ਹਾਂ ਹੋ ਸਕੇ ਉਸ ਨੂੰ ਕਿਸੇ ਢੰਗ ਨਾਲ ਛੁਡਾਵੇ।

113. ਧੁੱਪ ਜਾਂ ਸਰਦੀ ਜਾਂ ਮੀਂਹ ਝੱਖੜ ਗਊ ਦੀ ਰੱਖਿਆ ਕਰੇ ਜਿਤਨੀ ਰਖਿਆ ਉਸ ਪਾਸੋਂ ਹੋ ਸਕੇ ਉਨੀ ਕਰੇ।

114. ਆਪਣੇ ਭਾਵੇਂ ਪਰਾਏ, ਘਰ ਖਲਵਾੜੇ ਜਾਂ ਖੇਤਰ ਵਿਚ ਗਊ ਚੁਗਦੀ ਹੋਵੇ ਤਾਂ ਨਾ ਆਪ ਹਟਾਵੇ ਤੇ ਨਾ ਹੋਰ ਕਿਸੇ ਨੂੰ ਦਸੇ ਜੇ ਵਛੇ ਨੂੰ ਚੁਗਾਉਂਦੀ ਹੋਵੇ ਤਾਂ ਵੀ ਨਾ ਹਟਾਵੇ ਤੇ ਨਾ ਕਿਸੇ ਨੂੰ ਦੱਸੇ।

115. ਗਊ ਹਤਿਆ ਦਾ ਪਾਪੀ ਇਸ ਤਰ੍ਹਾਂ ਗਊ ਦੇ ਪਿੱਛੇ ਹੋ ਕੇ ਗਊਆਂ ਦੀ ਰਖਿਆ ਕਰੇ ਤਾਂ ਤਿੰਨ ਮਹੀਨੇ ਵਿਚ ਉਸ ਪਾਪ ਤੋਂ ਛੁੱਟ ਸਕਦਾ ਹੈ।

116. ਭਲੀ ਪ੍ਰਕਾਰ ਬ੍ਰਤ ਕਰਕੇ ਇਕ ਬਲਦ ਤੇ ਦਸ ਗਊਆਂ ਬ੍ਰਾਹਮਣ ਨੂੰ ਦੇਵੇ ਜੇ ਉਸ ਪਾਸ ਇਤਨਾ ਨਾ ਹੋਵੇ ਤਾਂ ਆਪਣਾ ਸਾਰਾ ਪਦਾਰਥ ਬ੍ਰਾਹਮਣ ਨੂੰ ਦੇਵੇ।

117. ਅਵਕੀਰਨੀ ਬਰਤ ਜਿਹੜਾ ਅਗੇ ਕਥਨ ਕਰਾਂਗੇ ਜੇਕਰ ਬ੍ਰਾਹਮਣ ਖਤਰੀ, ਵੈਸ਼, ਪਵਿੱਤ੍ਰ ਹੋਣੇ ਵਾਸਤੇ ਉਸਨੂੰ ਛੱਡ ਦੇਣ ਤਾਂ ਉਪਪਾਤਕ ਹੋਇਆਂ ਇਸੇ ਬਰਤ ਨੂੰ ਕਰਨ ਜਾਂ ਚੰਦ੍ਰਾਇਣ ਬਰਤ ਕਰਨ।

118. ਅਵਕੀਰਨ ਚੋਰਾਹੇ ਵਿਚ ਪਵਿੱਤ੍ਰ ਯੱਗ ਦੀ ਵਿਧੀ ਕਰਕੇ ਰਾਤ ਵਿਚ ਨਰਵਤ ਦੇਵਤਾ ਲਈ ਕਾਣੇ ਖੋਤੇ ਨੂੰ ਯੱਗ ਕਰੇ ਜਾਂ ਖੋਤੇ ਨਾਲ ਯੱਗ ਕਰੇ।

119. ਅਗਨ ਵਿਚ ਵਿਧ ਅਨੁਸਾਰ ਸਮੱਗਰੀ ਸੰਚੰਤ੍ਰਮੂਤ ਮੰਤ੍ਰ ਨਾਲ ਹਵਾ ਇੰਦ੍ਰ ਅਗਨ ਨੂੰ ਘਿਓ ਨਾਲ ਅਹੂਤੀ ਦੇਵੇ।

120. ਧਰਮ ਦੇ ਜਾਨਣੇ ਵਾਲੇ ਬ੍ਰਹਮ ਬਾਦੀਆਂ ਦਾ ਕਥਨ ਹੈ ਜੇਕਰ ਬ੍ਰਾਹਮਣ, ਖਤ੍ਰੀ, ਵੈਸ਼, ਤਿੰਨ ਵਰਨ ਬਰਤ ਧਾਰਨ ਕਰਕੇ ਫਿਰ ਆਪਣੀ ਖੁਸ਼ੀ ਨਾਲ ਬੀਰਜ ਗਿਰਵਾਨ ਤਾਂ ਬਰਤ ਖੰਡਣ ਹੋ ਜਾਂਦਾ ਹੈ।

121. *ਅਵਕੀਰਨੀ ਬ੍ਰਹਮ ਤੇਜ਼, ਵਾਯੂ, ਇੰਦ੍ਰ ਗੁਰੂ ਅਗਨ ਇਨ੍ਹਾਂ ਚੌਹਾਂ ਦੇ ਪਾਸ ਜਾਂਦਾ ਹੈ।

122. ਇਸ ਪਾਪ ਨੂੰ ਹਟਾਉਣ ਵਾਸਤੇ ਖੋਤੇ ਦਾ ਚਮੜਾ ਪਹਿਰ ਕੇ ਆਪਣੇ ਕਰਮ ਕਰਦਾ ਹੋਇਆ ਸੱਤਾਂ ਘਰਾਂ ਪਾਸੋਂ ਭਿਖਿਆ ਮੰਗੇ।

123. ਇਸ ਭਿੱਖਿਆ ਨੂੰ ਇਕ ਵਾਰੀ ਰੋਜ਼ ਖਾ ਕੇ ਤੇ ਸਵੇਰੇ ਦੁਪਹਿਰ ਸੰਧਿਆ ਇਸ਼ਨਾਨ ਕਰਕੇ ਗੁਜ਼ਾਰਾ ਕਰਦਿਆਂ ਇਕ ਬਰਸ ਨੂੰ ਪਵਿੱਤ੍ਰ ਹੁੰਦਾ ਹੈ।

124. ਜ਼ਾਤ ਵਿਚੋਂ ਭ੍ਰਿਸ਼ਟ ਕਰਨ ਵਾਲਾ ਕੋਈ ਕਰਮ ਵੀ ਆਪਣੀ ਮਰਜ਼ੀ ਨਾਲ ਕਰੇ ਤਾਂ ਸਾਂਤ ਪਨ ਕ੍ਰਿਛ ਬਰਤ ਕਰੇ ਤੇ ਬਿਨਾਂ ਮਰਜ਼ੀ ਕੀਤਾ ਹੋਵੇ ਤਾਂ ਪਰਜਾ ਪਤ ਬਰਤ ਕਰੇ ਬਰਤਾਂ ਦਾ ਲੱਛਣ ਅੱਗੇ ਕਥਨ ਕਰਾਂਗੇ।

125. **ਸ਼ੰਕਰੀ ਕਰਨ ਕਰਮ ਨੂੰ ਜਾਂ +ਉਪਾਤ੍ਰੀ ਕਰਨ ਕਰਮ ਨੂੰ ਮਰਜ਼ੀ ਨਾਲ ਕਰੇ ਤਾਂ ਇਕ ਮਹੀਨਾ ਪੂਰਾ ਚੰਦਰਾਇਣ ਬਰਤ ਕਰੇ ਜੇ ++ਮਿਲਣੀ ਕਰਨ ਕਰਮ ਮਰਜ਼ੀ ਨਾਲ ਕਰੇ ਤਾਂ ਤਿੰਨ ਦਿਨ ਜਵਾਂ ਦੀ (ਪਸੀ) ਕੋਟਾ ਖਾਵੇ।

126. ਆਪਣੇ ਕਰਮਾਂ ਵਿੱਚ ਪੱਕੇ ਖੜ੍ਹੀ, ਵੈਸ਼, ਸ਼ੂਦਰ ਨੂੰ ਜਾਣ ਕੇ ਮਾਰ ਸੁਟਣੇ ਦੇ ਪ੍ਰਾਸਚਿਤ ਵਿਚ ਚੌਥੇ, ਅਠਵੇਂ, ਸੋਲ੍ਹਵੇਂ, ਹਿੱਸੇ ਦੇ ਬਰਤ ਨੂੰ ਕਰਨਾ।

127. ਬ੍ਰਾਹਮਣ ਪਾਸੋਂ ਬਿਨਾਂ ਮਰਜ਼ੀ ਦੇ ਖਤਰੀ ਮਾਰਿਆ ਜਾਵੇ ਤਾਂ ਉਹ ਬ੍ਰਾਹਮਣ ਹਜ਼ਾਰ ਗਊ ਤੇ ਇਕ ਬਲਦ ਹੋਰ ਕਿਸੇ ਬ੍ਰਾਹਮਣ ਨੂੰ ਦੇਵੇ।

128. ਭਾਵੇਂ ਜਟਾਂ ਧਾਰ ਕੇ ਨੇਮ ਨਾਲ ਪਿੰਡੋਂ ਬਾਹਰ ਬ੍ਰਿਛ ਦੇ ਹੇਠ ਡੇਰਾ ਲਗਾ ਕੇ ਤਿੰਨ ਬਰਸ ਤਕ ਬ੍ਰਹਮ ਹਤਿਆ ਦਾ ਬਰਤ ਕਰੇ ਜੇ ਬਿਨਾਂ ਮਰਜ਼ੀ ਮਾਰੇ ਤਾਂ।

129. ਬ੍ਰਾਹਮਣ ਆਪਣੇ ਕਰਮ ਵਿਚ ਪੱਕਾ ਹੋਵੇ ਤੇ ਉਸ ਪਾਸੋਂ ਵੈਸ਼ ਮਾਰਿਆ ਜਾਵੇ ਤਾਂ ਇਕ ਬਰਸ ਪੂਰਾ ਬ੍ਰਹਮ ਹਤਿਆ ਦਾ ਬ੍ਰਤ ਕਰੇ ਜਾਂ ਇਕ ਸੌ ਇਕ ਗਊ ਦਾਨ ਕਰੇ, ਬਿਨਾਂ ਮਰਜ਼ੀ ਮਾਰਿਆਂ ਇਹ ਬਰਤ ਸਮਝਣਾ ਹੈ।

130. ਬ੍ਰਾਹਮਣ ਪਾਸੋਂ ਸ਼ੂਦਰ ਮਾਰਿਆ ਜਾਵੇ ਤਾਂ ਛੇ ਮਹੀਨੇ ਤਕ ਬ੍ਰਹਮ ਹਤਿਆ ਦਾ ਬਰਤ ਕਰੇ ਤੇ ਇਕ ਬਲਦ ਚਿਟੇ ਰੰਗ ਵਾਲਾ ਤੇ ਦਸ ਗਊਆਂ ਬ੍ਰਾਹਮਣ ਨੂੰ ਦੇਵੇ ਇਹ ਵੀ ਬਿਨਾਂ ਮਰਜ਼ੀ ਦੇ ਮਾਰੇ ਹੋਏ ਵਾਸਤੇ ਹੈ ਤੇ ਇਨ੍ਹਾਂ ਸਭਨਾਂ ਬਰਤਾਂ ਦੇ ਕਰਨੇ ਵਾਲੇ (ਕਮਾਲ) ਪਗੜੀ ਤੇ (ਧੁਜਾ) ਨਿਸ਼ਾਨ ਨੂੰ ਛੱਡ ਦੇਵੇ।

131. ਬਿਲੀ, ਨੇਉਲ, (ਨੀਲ ਕੰਠ) ਗਰੁੜ, ਡੱਡੂ, ਕੁੱਤਾ, ਕਾਂ, ਗੋਹ, ਉੱਲੂ ਇਨ੍ਹਾਂ ਵਿਚੋਂ ਕਿਸੇ ਨੂੰ ਸ਼ੂਦਰ ਮਾਰੇ ਤਾਂ ਉਹ ਮਤੀਆਂ ਦੇ ਬਰਤ ਨੂੰ ਕਰੇ।

132. ਜਾਂ ਤਿੰਨ ਰਾਤਾਂ ਦੁੱਧ ਪੀਵੇ ਜਾਂ ਅਸਮਰਥ ਹੋਵੇ ਤਾਂ ਤਿੰਨ ਰਾਤਾਂ ਚਾਰ ਚਾਰ ਕੋਹ ਪੈਂਡਾ

---

*ਬ੍ਰਹਮਚਰਜ ਨੂੰ ਧਾਰ ਕੇ ਬੀਰਜ ਗਿਰਾਨਾ। **ਸ਼ੰਕਰ ਬਰਣ ਨੂੰ ਹੈ। +ਉਪਾਤ੍ਰੀ ਬਰਾਦਰੀ ਵਿਚੋਂ ਕਢਿਆ ਜਾਣਾ। ++ਮਿਲਨੀ ਮਾੜੇ ਕਰਮ।

ਕਰੇ ਜੇਕਰ ਇਹ ਵੀ ਨਾ ਹੋਵੇ ਤਾਂ ਤਿੰਨ ਰਾਤਾਂ ਦਰਯਾ ਤੇ ਇਸ਼ਨਾਨ ਕਰੇ ਇਹ ਵੀ ਨਾ ਹੋ ਸਕੇ ਤਾਂ ਆਪੂਸਠਾ ਨਾਮ ਸੋਕਤ ਦਾ ਜਾਪ ਕਰੇ, ਇਹ ਜੋ ਬਿਨਾਂ ਮਰਜ਼ੀ ਮਾਰਨੇ ਵਾਸਤੇ ਹੈ।

133. ਸੱਪ ਨੂੰ ਮਾਰੇ ਤਾਂ ਲੋਹੇ ਦਾ ਡੰਡਾ ਜਿਸਦਾ ਅਗਲਾ ਪਾਸਾ ਮੋਟਾ ਹੋਵੇ ਉਹ ਬ੍ਰਾਹਮਣ ਨੂੰ ਦੇਵੇ ਜੇ ਹੀਜੜੇ ਨੂੰ ਮਾਰੇ ਤਾਂ ਇਕ ਭਾਰ (ਪਵਾਰ) ਛਛਰਾ ਮਾਸਾ ਸਿੱਕਾ ਵੀ ਦੇਵੇ।

134. ਹੰਸ, (ਬਲਾਕਾ) ਬਗਲੀ, ਬੰਗਲਾ, ਮੋਰ, ਬਾਂਦਰ, ਬਾਜ, ਰਿਛ, ਇਨ੍ਹਾਂ ਵਿਚੋਂ ਕਿਸੇ ਜਾਨਵਰ ਨੂੰ ਮਾਰੇ ਤਾਂ ਗਊ ਬ੍ਰਾਹਮਣ ਨੂੰ ਦੇਵੇ।

135. ਸੂਰ ਨੂੰ ਮਾਰੇ ਤਾਂ ਘਿਓ ਦਾ ਘੜਾ ਤਿੱਤਰ ਨੂੰ ਮਾਰੇ ਤਾਂ ਇਕ ਕਰੋੜ ਤਿਲ ਤੋਤੇ ਨੂੰ ਮਾਰੇ ਤਾਂ ਦੋ ਵਰ੍ਹੇ ਦਾ ਵੱਛਾ ਤੇ ਕੂੰਜ ਨੂੰ ਮਾਰੇ ਤਾਂ ਤਿੰਨ ਸਾਲ ਦਾ ਵੱਛਾ ਬ੍ਰਾਹਮਣ ਨੂੰ ਦੇਵੇ।

136. ਘੋੜੇ ਨੂੰ ਮਾਰੇ ਤਾਂ ਕਪੜਾ ਦੇਵੇ ਹਾਥੀ ਮਾਰੇ ਤਾਂ ਪੰਜ ਬਲਦ ਬਕਰਾ ਜਾਂ ਭੇਡ ਮਾਰੇ ਤਾਂ ਇਕ ਬਲਦ ਤੇ ਖੋਤੇ ਨੂੰ ਮਾਰੇ ਤਾਂ ਇਕ ਸਾਲ ਦਾ ਵੱਛਾ ਬ੍ਰਾਹਮਣ ਨੂੰ ਦੇਵੇ।

137. ਸ਼ੇਰ ਆਦਿ ਕੱਚੇ ਮਾਸ ਨੂੰ ਖਾਣੇ ਵਾਲੇ ਜੀਵ ਨੂੰ ਮਾਰੇ ਤਾਂ ਦੁੱਧ ਦੇਣੇ ਵਾਲੀ ਗਊ ਦੇਵੇ ਹਰਨ ਆਦਿਕ ਨੂੰ ਮਾਰੇ ਤਾਂ ਵੱਛੀ ਦੇਵੇ ਜੇ ਊਠ ਨੂੰ ਮਾਰੇ ਤਾਂ ਇਕ ਰੱਤੀ ਸੋਨਾ ਦੇਵੇ।

138. ਬ੍ਰਾਹਮਣ ਆਦਿ ਚੌਹਾਂ ਵਰਨਾਂ ਦੀ ਅੱਧ ਲੋੜ ਜਾਂ ਛਿਨਾਲ ਤੀਵੀਂ ਨੂੰ ਮਾਰਿਆਂ ਚਮੜਾ ਰੇਸ਼ਮ ਧਨੁੱਖ ਭੇਡੂ ਜਾਂ ਬਕਰਾ ਦੇਵੇ।

139. ਸਾਰਿਆਂ ਪਾਪਾਂ ਨੂੰ ਹਟਾਣੇ ਵਾਸਤੇ ਦਾਨ ਦੇਵਣੇ ਵਿਚ ਪਹੁੰਚ ਨਾ ਹੋਵੇ ਤਾਂ ਇਕ ਇਕ ਹਤਿਆ ਵਾਸਤੇ ਇਕ ਇਕ ਕ੍ਰਿਛ ਬਰਤ ਕਰਨਾ ਚਾਹੀਏ।

140. ਹੱਡੀ ਵਾਲੇ ਹਜ਼ਾਰ ਜੀਵ ਮਾਰਨੇ ਤੇ ਬਿਨਾਂ ਹੱਡੀ ਵਾਲੇ ਗੁਝੇ ਭਰੇ ਹੋਏ ਜਿਤਨੇ ਜੀਵ ਮਾਰਨੇ ਦੇ ਪ੍ਰਾਸਚਿਤ ਵਿਚ ਸ਼ੂਦਰ ਹੱਤਿਆ ਦਾ ਬਰਤ ਕਰੇ।

141. ਹੱਡੀ ਵਾਲਾ ਜੀਵ ਮਾਰਿਆਂ ਬ੍ਰਾਹਮਣ ਨੂੰ ਕੁਝ ਦੇਵੇ ਤੇ ਬਿਨਾਂ ਹੱਡੀ ਵਾਲਾ ਜੀਵ ਮਾਰਿਆਂ ਪ੍ਰਾਣਾਯਾਮ ਕਰੇ।

142. ਫਲ ਦੇਣੇ ਵਾਲੇ ਅੰਬ ਆਦਿ ਬ੍ਰਿਛ ਜਾਂ (ਗਲਗਲ ਤੇ ਸਿਚਲਤਾ) ਦਰਖਤ ਉਤੇ ਜਾਨ ਵਾਲੀ ਵੇਲ ਤੇ ਫਲਿਆ ਹੋਇਆ (ਕਠੜਾ) ਫਲਾਂ ਦੀ ਵੇਲ ਜਿਸਨੂੰ ਫਲ ਨਹੀਂ ਹੁੰਦਾ ਇਨ੍ਹਾਂ ਵਿਚੋਂ ਕਿਸੇ ਵਢਣੇ ਜਾਂ ਪੁਟਨੇ ਦਾ ਗਾਇਤ੍ਰੀ ਆਦਿ ਬਾਣੀ ਨੂੰ ਸੌ ਵਾਰੀ ਜਪੇ।

143. ਅੰਨ ਆਦਿ ਤੇ ਗੁੜ ਆਦਿ ਰਸਾਂ ਤੇ ਫੂਲ ਫੁਲਾਂ ਦੇ ਜੀਵਾਂ ਨੂੰ ਮਾਰਿਆਂ ਘਿਓ ਖਾਵੇ।

144. ਮੁੰਜੀ ਆਦਿ ਅੰਨ ਜਿਹੜਾ ਵਾਰੀ ਨਾਲ ਜੰਮਦਾ ਹੈ ਤੇ ਤ੍ਰਿਣ ਆਦਿ ਜਿਹੜਾ ਬਨ ਵਿਚ ਆਪਣੇ ਆਪ ਜੰਮਦਾ ਹੈ ਬਿਨਾਂ ਲੋੜ ਦੇ ਪੁਟੇ ਤਾਂ ਇਕ ਦਿਨ ਨਿਰਾ ਦੁੱਧ ਅਹਾਰੀ ਰਹੇ ਤੇ ਗਊ ਦੇ ਪਿੱਛੇ ਚਲੇ।

145. ਜਾਣਕੇ ਜਾਂ ਅਨਜਾਣੇ ਜੀਵਾਂ ਦੇ ਮਾਰਨ ਦੇ ਪਾਪ ਨੂੰ ਇਨ੍ਹਾਂ ਸ਼ਰਤਾਂ ਨਾਲ ਹਟਾਉਣਾ ਚਾਹੀਦਾ ਹੈ ਤਾਂ ਖਾਣੇ ਵਾਲੀ ਚੀਜ਼ ਦੇ ਖਾਣੇ ਦਾ ਪਾਪ ਸੁਣੋ :—

146. ਸ਼ਾਸਤ੍ਰ ਦੀ ਆਗਿਆ ਹੈ ਕਿ ਜਾਣਕੇ ਗੌੜੀ ਜਾਂ ਮਾਧਵੇ ਦਾਮ ਸ਼ਰਾਬ ਨੂੰ ਪੀਵੇ ਤਾਂ ਦੇਹ ਤਿਆਗਿਆਂ ਪਵਿਤ੍ਰ ਹੁੰਦਾ ਹੈ ਜੇ ਅਣਜਾਨ ਪੁਣੇ ਨਾਲ ਪੀਵੇ ਤਾਂ ਹੋਰ ਤਰ੍ਹਾਂ ਵੀ ਪਵਿਤ੍ਰ ਹੋ ਜਾਂਦਾ ਹੈ।

147. ਪੇਸੀ ਤੇ ਮਦ ਵਾਲੇ ਭਾਂਡੇ ਵਿਚ ਪਾਣੀ ਪਾ ਕੇ ਪੀਤਿਆਂ ਸਿੰਘ ਪੁਸ਼ਟੀ ਨਾਮ ਦੁਆਈ ਤਤੇ ਦੁੱਧ ਨਾਲ ਪੰਜ ਰਾਤਾਂ ਤਕ ਪੀਵੇ।

148. ਸ਼ਰਾਬ ਨੂੰ ਦੇ ਕੇ ਜਾਂ ਲੈ ਕੇ ਜਾਂ ਛੋਹਕੇ ਤੇ ਸੁਛਦ੍ਰ ਦੇ ਝੂਠੇ ਪਾਣੀ ਨੂੰ ਪੀਕੇ ਦਬ ਨਾਲ ਕੜ੍ਹੇ ਹੋਏ ਪਾਣੀ ਨੂੰ ਤਿੰਨ ਦਿਨ ਪੀਵੇ।

149. ਸੋਮ ਨਾਮ ਜਗ ਨੂੰ ਕਰਨ ਵਾਲਾ ਬ੍ਰਾਹਮਣ ਸ਼ਰਾਬ ਪੀਣੇ ਵਾਲੇ ਦੀ ਮੁਸ਼ਕ ਨੂੰ ਸੁੰਘੇ ਤਾਂ ਪਾਣੀ ਵਿਚ ਤਿੰਨ ਵਾਰੀ ਪ੍ਰਾਣਾਯਾਮ ਕਰਕੇ ਘਿਉ ਖਾਧਿਆਂ ਪਵਿਤ੍ਰ ਹੁੰਦਾ ਹੈ।

150. ਜਿਹੜੀ ਚੀਜ਼ ਮੂਤ ਟੱਟੀ ਤੇ ਮਦ ਨਾਲ ਲੱਗ ਜਾਵੇ ਅਤੇ ਉਸਨੂੰ ਅਣਜਾਨ ਪੁਣੇ ਨਾਲ ਖਾਵੇ ਤਾਂ ਬ੍ਰਾਹਮਣ ਖਤਰੀ ਵੈਸ਼ ਫਿਰ ਸੰਸਕਾਰ ਕਰਨ।

151. ਦੂਜੇ ਸੰਸਕਾਰ ਵਿਚ ਮੁੰਡਣ ਡੰਡ ਤੇ ਭਿਖਿਆ ਮੇਖਲ ਨਹੀਂ ਹੁੰਦੀ।

152. ਜਿਸਦਾ ਖਾਣੇ ਯੋਗ ਅਨਾਜ ਨਹੀਂ ਉਸਦਾ ਅੰਨ ਜਾਂ ਸ਼ੂਕ ਜਾਂ ਤੀਵੀਂ ਦਾ ਜੂਠਾ ਅਨਾਜ ਤੇ ਜਿਹੜਾ ਮਾਸ ਖਾਣੇ ਵਾਲਾ ਨਹੀਂ ਉਹਨਾਂ ਵਿਚੋਂ ਕਿਸੇ ਨੂੰ ਖਾਧਿਆਂ ਸੱਤ ਦਿਨਾ ਤਕ ਜੌਂ ਦੇ ਸਤੂ ਖਾਵੇ।

153. ਖੱਟਾ ਜੋ ਬਹੁਤਿਆਂ ਦਿਨਾਂ ਦਾ ਬੇਹਾ ਤੇ ਵਿਸ਼ਈ ਚੀਜ਼ ਪਵਿਤ੍ਰ ਵੀ ਹੋਵੇ ਤਾਂ ਵੀ ਇਹਨਾਂ ਨੂੰ ਖਾ ਪੀ ਕੇ ਉਨੇ ਤਕ ਪਵਿੱਤ੍ਰ ਨਹੀਂ ਹੁੰਦਾ ਜਿੰਨੇ ਤਕ ਪਚ ਨਾ ਜਾਵੇ।

154. ਪਿੰਡ ਦਾ ਸੂਰ ਖੋਤਾ ਊਠ ਕਾਂ ਗਿਦੜ ਇਨ੍ਹਾਂ ਦਾ ਪੇਸ਼ਾਬ ਜਾਂ ਵਿਸ਼ਟਾ ਖਾਧਿਆਂ ਬ੍ਰਾਹਮਣ ਖੜ੍ਹੀ ਵੈਸ਼ ਚੰਦ੍ਰਾਇਣ ਬਰਤ ਕਰੇ।

155. ਸੁਕਾ ਹੋਇਆ ਮਾਸ ਜਾਂ ਉਹ ਮਾਸ ਜਿਹੜਾ ਪਤਾ ਨਹੀਂ ਕਿ ਖਾਣਾ ਯੋਗ ਹੈ ਕਿ ਨਹੀਂ ਉਹ ਮਾਰੇ ਹੋਏ ਜੀਵ ਦੀ ਜਗ੍ਹਾ ਰਖਿਆ ਹੋਵੇ ਤੇ ਖਾ ਲਵੇ ਉਹ ਵੀ ਉਪਰ ਲਿਖਿਆ ਬਰਤ ਕਰੇ।

156. ਕੱਚਾ ਮਾਸ ਖਾਣ ਵਾਲੇ ਪੰਛੀ ਸ਼ੇਰ ਸੂਰ ਮਨੁੱਖ ਕੁਕੜ ਕਾਂ ਤੇ ਊਠ ਜਾਂ ਗਧੇ ਦਾ ਮਾਸ ਖਾ ਕੇ ਭ੍ਰਿਸ਼ਟ ਹੋਇਆ ਹੋਵੇ ਤਾਂ ਉਹ ਪੁਰਸ਼ ਕ੍ਰਿਛ ਬਰਤ ਕਰੇ।

157. ਬ੍ਰਹਮਚਾਰੀ ਇਕ ਮਹੀਨੇ ਦੇ ਰਖੇ ਹੋਏ ਸਰਾਧ ਦੇ ਅੰਨ ਨੂੰ ਖਾ ਕੇ ਤਿੰਨ ਦਿਹਾੜੇ ਬਰਤ ਲੰਘਨ ਕਰੇ ਤੇ ਇਕ ਦਿਨ ਜਲ ਵਿਚ ਰਹੇ।

158. ਬ੍ਰਹਮਚਾਰੀ ਅਨਜਾਣ ਪੁਣੇ ਨਾਲ ਸ਼ਰਾਬ ਜਾਂ ਮਾਸ ਖਾਵੇ ਤਾਂ ਪਰਜਾ ਪਤ ਕ੍ਰਿਛ ਬਰਤ

ਨੂੰ ਕਰੇ ਤੇ ਹੋਰ ਸਾਰੇ ਬਰਤਾਂ ਨੂੰ ਕਰੇ।

159. ਬਿਲਾ, ਕਾਂ, ਚੂਹਾ, ਕੁੱਤਾ, ਨਿਓਲਾ ਇਹਨਾਂ ਵਿਚੋਂ ਕਿਸੇ ਦੀ ਜੂਠੀ ਚੀਜ਼ ਖਾਧੀ ਜਾਵੇ ਤੇ ਵਾਲ ਜਾਂ ਵਡਿਆਂ ਕੱਪੜਿਆਂ ਨਾਲ ਰਲੀ ਹੋਈ ਚੀਜ਼ ਖਾਧੀ ਜਾਵੇ ਤਾਂ (ਜ਼ੀਰਟਲਾ ਨਾਮ) ਦਵਾਈ ਨਾਲ ਪੱਕਾ ਹੋਇਆ ਪਾਣੀ ਪੀਵੇ।

160. ਪਵਿਤ੍ਰ ਰਹਿਣੇ ਦੀ ਚਾਹ ਵਾਲਾ ਪੁਰਸ਼ ਅਜਿਹੀ ਚੀਜ਼ ਜੋ ਨਹੀਂ ਖਾਣ ਵਾਲੀ ਭੁਲਕੇ ਖਾ ਜਾਵੇ ਤਾਂ ਉਚਾਰ ਕਰਕੇ ਬਾਹਰ ਕਢ ਸੁੱਟੇ ਜੇ ਇਹ ਨਾ ਕਰ ਸਕੇ ਤਾਂ ਛੇਤੀ ਹੀ ਪ੍ਰਾਸਚਿਤ ਕਰਕੇ ਆਪਣੇ ਅੰਦਰ ਨੂੰ ਪਵਿੱਤ੍ਰ ਕਰੇ।

161. ਨਾ ਖਾਣੇ ਵਾਲੀ ਸ਼ੈ ਦਾ ਪ੍ਰਾਸਚਿਤ ਕਥਨ ਕੀਤਾ ਤੇ ਹੁਣ ਚੋਰੀ ਦੇ ਪਾਪ ਦਾ ਪ੍ਰਾਸਚਿਤ ਕਹਿੰਦੇ ਹਾਂ :—

162. ਬ੍ਰਾਹਮਣ, ਬ੍ਰਾਹਮਣ ਦੇ ਘਰੋਂ ਮਰਜ਼ੀ ਨਾਲ ਮੁੰਜੀ ਦੀ ਚੋਰੀ ਕਰਕੇ ਪਵਿੱਤ੍ਰ ਹੋਣੇ ਲਈ ਇਕ ਵਰ੍ਹੇ ਪ੍ਰਯੰਤ ਕ੍ਰਿਛ ਬਰਤ ਕਰੇ, ਪਰ ਵੇਲਖਤੇ ਥਾਉਂ ਪਦਾਰਥ ਦੀ ਜਾਚ ਗੁਣ ਆਦਿਕ ਜਾਣਕੇ ਇਸ ਤੋਂ ਵੱਧ ਵੀ ਕਰੇ ਇਸੇ ਤਰ੍ਹਾਂ ਅੱਗੇ ਲਿਖਿਆ ਵੀ ਸਮਝਣਾ।

163. ਆਦਮੀ ਇਸਤਰੀ, ਖੇਤੀ ਪਰ ਬਾਉਲੀ ਤੇ ਖੂਹ ਦਾ ਪਾਣੀ ਚੁਰਾ ਕੇ ਪਵਿਤ੍ਰ ਹੋਣੇ ਲਈ ਚੰਦ੍ਰਾਇਣ ਬਰਤ ਕਰੇ।

164. ਥੋੜੇ ਮਲ ਦੀ ਯਾਂ ਥੋੜੀ ਲੋੜ ਵਾਲੀ ਸ਼ੈ ਚੁਰਾਉਣ ਕਰ ਕੇ ਕ੍ਰਿਛ ਬਰਤ ਕਰੇ ਤੇ ਚੋਰੀ ਦੀ ਸ਼ੈ ਮਾਲਕ ਨੂੰ ਦੇਵੇ, ਇਹ ਸਾਰਾ ਚੋਰੀ ਦਾ ਪ੍ਰਾਸਚਿਤ ਹੈ।

165. ਚਬੀਨਾਂ ਪਤ ਸਵਾਰੀ ਮੰਜਾ ਆਸਣ ਫੁਲ ਮੂਲ ਫਲ ਇਨ੍ਹਾਂ ਵਿਚੋਂ ਕੋਈ ਚੀਜ਼ ਚੁਰਾਣੇ ਵਾਸਤੇ (ਪੰਚਗਵੀਯਾ) ਦੇਖੋ ਅੰਗ 212.

166. ਘਾਹ ਲਕੜੀ ਸੁਕਾ ਦਰਖਤ ਗੁੜ ਕਪੜਾ ਮਾਸ ਇਹਨਾਂ ਚੀਜ਼ਾਂ ਵਿਚੋਂ ਕੋਈ ਚੁਰਾਵੇ ਤਾਂ ਤਿੰਨ ਦਿਨ ਬਰਤ ਕਰੇ।

167. ਜਵਾਹਰਾਤ, ਮੋਤੀ ਮੂੰਗਾ, ਤ੍ਰਾਮਾ, ਲੋਹਾ, ਪੱਥਰ ਰੂਪਾ, ਇਨ੍ਹਾਂ ਵਿਚੋਂ ਕੋਈ ਚੁਰਾਵੇ ਤਾਂ 12 ਦਿਨ ਚਾਵਲ ਦੀਆਂ ਕਣੀਆਂ ਖਾਵੇ।

168. ਕਪਾਹ ਜਾਂ ਕੀੜੇ ਦੇ ਰੇਸ਼ਮ ਦਾ ਕਪੜਾ ਚੁਰਾਵੇ ਤੇ ਸੁਮ ਵਾਲੇ ਪਸੂ ਪੰਛੀ ਸੁਗੰਧੀਆਂ ਦਵਾਈਆਂ ਦੇ ਚੋਰੀ ਕਰਨ ਦੇ ਪ੍ਰਾਸਚਿਤ ਲਈ 3 ਦਿਨ ਪ੍ਰਯੰਤ ਦੁੱਧ ਪੀਵੇ ਇਸੇ ਤਰ੍ਹਾਂ ਹੋਰ ਚੋਰੀ ਦਾ ਵੀ ਸਮਝੋ।

169. ਇਹਨਾਂ ਵਰਤਾਂ ਨਾਲ ਚੋਰੀ ਦੇ ਪਾਪ ਨੂੰ ਹਟਾਵੇ ਨਾ ਭੋਗਣ ਵਾਲੀ ਇਸਤਰੀ ਦੇ ਭੋਗਣ ਦਾ ਪਾਪ ਹੇਠ ਲਿਖੇ ਬਰਤਾਂ ਨਾਲ ਹਟਾਵੇ।

170. ਸਕੀ ਭੈਣ ਪਿਆਰੇ ਜਾਂ ਪੁੱਤਰ ਦੀ ਇਸਤਰੀ ਤੇ ਕੁਆਰੀ ਤੇ ਭੰਗਣ ਇਹਨਾਂ ਵਿਚੋਂ ਕਿਸੇ ਨਾਲ ਭੁਲਕੇ ਭੋਗ ਕਰੇ ਤਾਂ ਵੀ ਉਹ ਪ੍ਰਾਸਚਿਤ ਕਰੇ ਜਿਹੜਾ ਮਾਤਾ ਦੇ ਨਾਲ

ਭੋਗ ਕੀਤਿਆਂ ਹੁੰਦਾ ਹੈ।

171. ਮਾਸੀ, ਫੁਫੀ, ਤੇ ਮਾਮੇ ਦੀ ਧੀ ਜਿਹੜੀ ਆਪਣੀਆਂ ਭੈਣਾਂ ਹਨ ਇਹਨਾਂ ਨਾਲ ਕਿਸੇ ਨਾਲ ਭੋਗ ਕਰੇ ਤਾਂ ਚੰਦ੍ਰਾਇਣ ਬਰਤ ਕਰੇ ਪਰ ਇਹ ਸਭੇ ਮਰਦ ਨੂੰ ਭੁਲਾ ਕੇ ਭੋਗ ਕਰਾਵਣ ਤਾਂ ਇਹ ਪ੍ਰਾਸਚਿਤ ਸਮਝਣਾ।

172. ਅਕਲ ਵਾਲਾ ਆਦਮੀ ਇਹਨਾਂ ਤਿੰਨਾਂ ਨਾਲ ਭੋਗ ਨਾ ਕਰੇ ਕਿਉਂ ਜੋ ਸਾਕਾਦਾਰੀ ਲਈ ਇਹ ਭੋਗਣੇ ਯੋਗ ਨਹੀਂ ਤੇ ਉਨ੍ਹਾਂ ਨਾਲ ਭੋਗ ਕੀਤਿਆਂ ਨਰਕ ਵਿਚ ਜਾਂਦਾ ਹੈ।

173. ਬਿਨਾਂ ਗਊ ਦੇ, ਘੋੜੀ ਆਦਿਕ ਪਸ਼ੂ ਤੇ ਅਪਵਿਤ੍ਰ ਤੀਵੀਂ ਜਾਂ ਕਿਸੇ ਤਰ੍ਹਾਂ ਵਖਰਿਆਂ ਹੋ ਕੇ ਜਾਂ ਪਾਣੀ ਵਿਚ ਬੀਰਜ ਗਿਰਾਵੇ ਤਾਂ ਸਾਤਪਨ ਕ੍ਰਿਛ ਬਰਤ ਕਰੇ।

174. ਗੱਡੀ, ਪਾਣੀ ਵਿਚ ਜਾਂ ਦਿਨ ਦੇ ਵੇਲੇ ਬ੍ਰਾਹਮਣ ਜਾਂ ਖੱਤ੍ਰੀ ਹੋ ਕੇ ਵੈਸ਼ ਪੁਰਸ਼ ਜਾਂ ਇਸਤਰੀ ਨਾਲ ਭੋਗ ਕਰੇ ਤਾਂ ਕਪੜਿਆਂ ਸਣੇ ਨਹਾਵੇ।

175. ਬ੍ਰਾਹਮਣ ਭੁੱਲ ਕੇ ਮਲੇਸ਼ ਜਾਂ ਭੰਗੀ ਦੇ ਘਰੋਂ ਖਾਵੇ ਤਾਂ ਧਰਮ ਤੋਂ ਪਤਿਤ ਹੋ ਜਾਂਦਾ ਹੈ ਤੇ ਜਾਣਕੇ ਖਾਵੇ ਤੇ ਉਨ੍ਹਾਂ ਜੈਸਾ ਹੀ ਹੋ ਜਾਂਦਾ ਹੈ।

176. ਜਿਸ ਇਸਤਰੀ ਦਾ ਪਰਾਏ ਆਦਮੀ ਨਾਲ ਦਿਲ ਲੱਗ ਜਾਵੇ ਉਸਨੂੰ ਪਤੀ ਕੋਠੇ ਵਿਚ ਬੰਦ ਕਰਕੇ ਰਖੇ ਤੇ ਜਿਹੜਾ ਬਰਤ ਮਰਦ ਨੂੰ ਪਰਾਈ ਇਸਤਰੀ ਦੇ ਭੋਗਣ ਦਾ ਲਿਖਿਆ ਹੈ ਉਹ ਬਰਤ ਇਸਤਰੀ ਪਾਸੋਂ ਕਰਾਵੇ।

177. ਜਿਹੜੀ ਤੀਵੀਂ ਆਪਣੀ ਜ਼ਾਤ ਦੇ ਪੁਰਸ਼ ਨਾਲ ਇਕ ਵਾਰ ਭੋਗ ਕਰਕੇ ਕਸੂਰ ਵਾਲੀ ਬਣੀ ਹੋਵੇ ਤੇ ਉਸ ਦਾ ਪ੍ਰਾਸਚਿਤ ਕਰਕੇ ਫੇਰ ਅੱਗੇ ਤਰ੍ਹਾਂ ਕਸੂਰ ਕਰੇ ਤਾਂ ਉਹ ਪਰਜਾਪਤ ਚੰਦ੍ਰਾਇਣ ਬਰਤ ਕਰੇ।

178. ਜਿਹੜੇ ਪੁਰਸ਼ ਬ੍ਰਾਹਮਣੀ ਖਤ੍ਰਾਣੀ ਸੂਦ੍ਰਾਣੀ ਨੂੰ ਭੋਗਣ ਦਾ ਪਾਪ ਕਰਦੇ ਹਨ ਉਹਨਾਂ ਨੂੰ ਹਟਾਵਣ ਲਈ ਤਿੰਨ ਵਰ੍ਹੇ ਪ੍ਰਯੰਤ ਭਿੱਖਿਆ ਮੰਗਕੇ ਖਾਂਦੇ ਤੇ ਜਪ ਕਰਦੇ ਹਨ।

179. ਚਾਰੇ ਵਰਨਾਂ ਦਾ ਪ੍ਰਾਸਚਿਤ ਕਥਨ ਕੀਤਾ ਤੇ ਹੁਣ ਭ੍ਰਿਸ਼ਟੀ ਨਾਲ ਮਿਲਾਪ ਤੇ ਵਿਹਾਰ ਕਰਨ ਦਾ ਪ੍ਰਾਸਚਿਤ ਸੁਣੋ :—

180. ਪਤਿਤ ਮਨੁੱਖਾਂ ਨਾਲ ਜੋ ਕੋਈ ਸਾਲ ਪ੍ਰਯੰਤ ਇਕ ਸਵਾਰੀ ਜਾਂ ਆਸਨ ਜਾਂ ਦਰੀ ਤੇ ਬੈਠੇ ਜਾਂ ਇਕ ਚੌਂਕੇ ਵਿਚ ਖਾਵੇ ਤਾਂ ਉਸੇ ਜਿਹਾ ਹੁੰਦਾ ਹੈ ਤੇ ਭ੍ਰਿਸ਼ਟਾਂ ਨੂੰ ਯੱਗ ਕਰਾਵੇ ਜਾਂ ਜਨੇਊ ਪਵਾ ਕੇ ਗਾਇਤ੍ਰੀ ਸੁਣਾਵੇ ਜਾਂ ਵਿਆਹ ਆਦਿ ਸਾਕਾਦਾਰੀ ਕਰੇ ਤਾਂ ਛੇਤੀ ਉਸਦੇ ਤੁੱਲ ਹੋ ਜਾਂਦਾ ਹੈ।

181. ਜਿਸ ਭ੍ਰਿਸ਼ਟ ਦੇ ਨਾਲ ਜਿਹੜਾ ਵਪਾਰ ਕਰੇ ਫੇਰ ਪਵਿੱਤ੍ਰ ਹੋਣ ਲਈ ਉਸੇ ਕੰਮ ਦਾ ਬਰਤ ਕਰੇ।

182. ਸਪਿੰਡ ਜਾਂ ਸਨਬੰਧੀ ਬਾਹਰ ਜਾ ਕੇ ਜ਼ਾਤ, ਰਿਤੂਜ ਗੁਰੂ ਦੇ ਸਾਹਮਣੇ ਮਾੜੇ ਮਾੜੇ

ਭ੍ਰਿਸ਼ਟੇ ਨੂੰ ਜਲ ਦੇਣ।

183. ਉਸੇ ਜਲ ਦੇ ਭਰੇ ਹੋਏ ਘੜੇ ਨੂੰ ਦੱਖਣ ਵਾਲੇ ਪਾਸੇ ਨੂੰ ਖੜਕੇ ਪੈਰ ਨਾਲ ਰੋੜ੍ਹ ਦੇਵੇ ਤੇ ਸਪਿੰਡ ਲੋਕ ਸੰਬੰਧੀਆਂ ਸਣੇ ਇਕ ਇਕ ਭੁਖੇ ਰਹਿਣ।

184. ਭ੍ਰਿਸ਼ਟ ਨਾਲ ਬਹਿਣਾ ਉੱਠਣਾ ਬੋਲਣਾ ਤੇ ਉਸਨੂੰ ਹਿੱਸਾ ਦੇਣਾ ਤੇ ਉਸ ਨਾਲ ਦੁਨੀਆਂ ਦੇ ਕੰਮ ਕਰਕੇ ਇਹ ਨਾ ਕਰੇ।

185. ਜੇ ਛੋਟਾ ਭਰਾ ਵੱਡੇ ਤੋਂ ਲਾਇਕ ਹੋਵੇ ਤਾਂ ਵੱਡੇ ਭਰਾ ਦਾ ਹਿੱਸਾ ਲਵੇ ਤੇ ਵੱਡੇ ਭਰਾ ਦੀ ਵਡਿਆਈ ਤੇ ਵਡਿਆਈ ਦਾ ਹਿੱਸਾ ਦੋਵੇਂ ਹਟ ਜਾਂਦੇ ਹਨ।

186. ਜਦੋਂ ਪਤਿਤ ਪ੍ਰਾਸਚਿਤ ਕਰੇ ਤਾਂ ਸਪਿੰਡ ਲੋਕ ਉਸ ਦੇ ਨਾਲ ਪਵਿਤ੍ਰ ਦਰਿਆ ਤੇ ਇਸ਼ਨਾਨ ਕਰਕੇ ਜਲ ਨਾਲ ਭਰੇ ਹੋਏ ਘੜੇ ਤਾਈਂ ਰੁੜ੍ਹਾ ਦੇਣ।

187. ਜੋ ਘੜੇ ਨੂੰ ਤੱਤੇ ਪਾਣੀ ਵਿਚ ਸੁੱਟ ਕੇ ਆਪਣੇ ਘਰ ਆਇਕੇ ਜਾਤ ਦੇ ਸਾਰੇ ਕੰਮ ਪਹਿਲੇ ਵਾਂਗੂੰ ਕਰਨ।

188. ਭ੍ਰਿਸ਼ਟ ਤੀਵੀਂ ਦੀ ਵੀ ਇਹ ਵਿਧੀ ਹੈ ਤੇ ਘਰ ਦੇ ਅੱਗੇ ਹੀ ਡੇਰਾ ਖਾਣਾ ਪੀਣਾ ਤੇ ਕੱਪੜਾ ਦੇਣਾ ਚਾਹੀਦਾ ਹੈ।

189. ਪ੍ਰਾਸਚਿਤ ਤੋਂ ਬਿਨਾਂ ਪਾਪਾਂ ਸਣੇ ਭਲੇ ਅਰਥ ਨੂੰ ਨਾ ਕਰੇ ਤੇ ਜਦੋਂ ਪ੍ਰਾਸਚਿਤ ਕਰ ਰਹੇ ਤਾਂ ਪਿਛੇ ਉਨ੍ਹਾਂ ਪ੍ਰਾਸਚਿਤਾਂ ਦੀ ਨਿੰਦਿਆ ਕਦੀ ਵੀ ਨਾ ਕਰੇ।

190. ਬਾਲਕ ਤੇ ਉਪਕਾਰੀ ਤੇ ਸ਼ਰਨੀ ਆਏ ਤੇ ਇਸਤਰੀ ਇਨ੍ਹਾਂ ਵਿਚੋਂ ਇਕ ਨੂੰ ਵੀ ਮਾਰਨ ਵਾਲੇ ਨੇ ਸ਼ਾਸਤ੍ਰ ਅਨੁਸਾਰ ਪ੍ਰਾਸਚਿਤ ਕੀਤਾ ਹੋਵੇ ਤਾਂ ਵੀ ਉਸਦੇ ਨਾਲ ਨਾ ਰਿਹਾ ਕਰੇ।

191. ਜਿਸ ਬ੍ਰਾਹਮਣ, ਖਤਰੀ, ਵੈਸ਼ ਨੂੰ ਗਾਇਤ੍ਰੀ ਵਿਧੀ ਨਾਲ ਉਪਦੇਸ਼ ਨਾ ਹੋਇਆ ਹੋਵੇ ਉਸ ਨੂੰ ਤਿੰਨ ਕ੍ਰਿਛ ਬਰਤ ਕਰਾਕੇ ਵਿਧੀ ਅਨੁਸਾਰ ਜਨੇਊ ਸੰਸਕਾਰ ਕਰਾਨਾ ਚਾਹੀਦਾ ਹੈ।

192. ਵਿਰੁੱਧ ਕੰਮ ਸੂਦ੍ਰ ਦੀ ਸੇਵਾ ਕਰਨ ਵਾਲੇ ਤੇ ਵੇਦ ਨੂੰ ਨਾ ਪੜ੍ਹਨ ਵਾਲੇ ਬ੍ਰਾਹਮਣ ਖੱਤਰੀ ਤੇ ਵੈਸ਼ ਨੂੰ ਪ੍ਰਾਸਚਿਤ ਕਰਨਾ ਚਾਹੁਣ ਤਾਂ ਉਨ੍ਹਾਂ ਨੂੰ ਵੀ ਤਿੰਨ ਕ੍ਰਿਛ ਬਰਤ ਕਰਨ ਦਾ ਉਪਦੇਸ਼ ਦੇਣਾ ਚਾਹੀਦਾ ਹੈ।

193. ਬ੍ਰਾਹਮਣ ਮਾੜਾ ਕੰਮ ਕਰਨ ਤਾਂ ਉਸ ਨਾਲ ਜਿਹੜਾ ਧਨ ਜੋੜਨ ਤੇ ਉਸਨੂੰ ਤਿਆਗਿਆਂ ਤੇ ਜਪ ਤਪ ਕਰਕੇ ਪਵਿੱਤ੍ਰ ਹੁੰਦੇ ਹਨ।

194. ਬ੍ਰਾਹਮਣ ਨਿਸਚਿੰਤ ਹੋ ਕੇ ਹਰ ਮਹੀਨੇ 3 ਹਜ਼ਾਰ ਗਾਇਤ੍ਰੀ ਦਾ ਜਪ ਕਰਦਾ ਹੋਵੇ ਤੇ ਗਊ ਦੇ ਥਾਂ ਉਤੇ ਡੇਰਾ ਕਰਕੇ ਨਿਰਾ ਜਪ ਹੀ ਕਰਦਿਆਂ ਦੁੱਧ ਪੀਵੇ ਤਾਂ ਮਾੜਾ ਦਾਨ ਲੈਣ ਦੇ ਪਾਪ ਤੋਂ ਛੁਟਦਾ ਹੈ।

195. ਬਰਤ ਕਰਕੇ ਗਊ ਦੇ ਥਾਂ ਤੋਂ ਆਏ ਹੋਏ ਹਲੀਮ ਤੇ ਲਿੱਸੇ ਬ੍ਰਾਹਮਣ ਨੂੰ ਭਲੇ ਪੁਰਸ਼ ਪੁੱਛਣ ਕਿ ਹੇ ਬ੍ਰਾਹਮਣ! ਤੂੰ ਸਾਡੇ ਜੇਹਾ ਹੋਣ ਦੀ ਇੱਛਾ ਕਰਦਾ ਹੈਂ।

196. ਤਾਂ ਉਹ ਬ੍ਰਾਹਮਣ ਕਹੇ ਕਿ ਅਜੋਗ ਦਾਨ ਫੇਰ ਨਾ ਲਵਾਂਗਾ ਮੈਂ ਸਚ ਕਹਿੰਦਾ ਹਾਂ ਇਸ ਤਰ੍ਹਾਂ ਕਹੇ ਕਿ ਫੇਰ ਗਊ ਦੇ ਵਾਸਤੇ ਘਾਹ ਦੇਵੇ ਜੇ ਉਹ ਘਾਹ ਗਊ ਖਾ ਲਵੇ ਤਾਂ ਭਲੇ ਲੋਕ ਉਸਨੂੰ ਮਿਲਾ ਲੈਣ।

197. ਬਰਤੀ ਮਨੁੱਖਾਂ ਨੂੰ ਯੱਗ ਕਰਕੇ ਬਾਪ ਤੇ ਗੁਰੂ ਤੋਂ ਬਗੈਰ ਮਨ੍ਹਾਂ ਕੀਤੇ ਹੋਏ ਦਾਹ ਤੇ ਮਰਨ ਸਰਾਧ ਕਰਕੇ ਤੇ ਬਾਰਨ ਪ੍ਰਯੋਗ ਕਰਕੇ ਤੇ ਅਮੀਨ ਨਾਮ ਯੱਗ ਕਰਕੇ ਤਿੰਨ ਕ੍ਰਿਛ ਬਰਤ ਕਰੇ।

198. ਆਪਣੀ ਸਰਨ ਆਏ ਹੋਏ ਨੂੰ ਤਿਆਗਕੇ ਤੇ ਜੋ ਮਨੁਖ ਵੇਦ ਪੜ੍ਹਾਉਣ ਯੋਗ ਨਹੀਂ ਉਸ ਨੂੰ ਵੇਦ ਪੜ੍ਹਾ ਕੇ ਇਕ ਸਾਲ ਪ੍ਰਯੰਤ ਜੌਂ ਖਾਵੇ।

199. ਕੁੱਤਾ ਗਿੱਦੜ ਮਨੁੱਖ ਖੋਤਾ ਘੋੜਾ ਪਿੰਡ ਵਿਚ ਰਹਿਣ ਵਾਲਾ ਸੂਰ ਚੱਕ ਵੱਢੇ ਤਾਂ ਮਨੁੱਖ ਪ੍ਰਾਣਾਯਾਮ ਕੀਤਿਆਂ ਪਵਿੱਤ੍ਰ ਹੁੰਦਾ ਹੈ।

200. ਕੱਚਾ ਮਾਸ ਖਾਣ ਵਾਲਾ ਤੇ ਜਿਹੜੇ ਬ੍ਰਾਹਮਣ ਸੰਗਤ ਵਿਚ ਰਹਿਣ ਦੇ ਯੋਗ ਨਹੀਂ ਇਹ ਦੋਵੇਂ ਇਕ ਮਹੀਨਾ ਪ੍ਰਯੰਤ ਦੋ ਦਿਹਾੜੇ ਭੁੱਖੇ ਰਹਿ ਕੇ ਤੀਜੇ ਦਿਨ ਸ਼ਾਮ ਵੇਲੇ ਖੁਰਾਕ ਖਾਣ ਤੇ ਸੰਘਤਾ ਦਾ ਜਪ ਕਰਨ ਤੇ ਦੇਵ ਕ੍ਰਿਤ ਆਦਿਕ ਅੱਠ ਮੰਤ੍ਰ ਕਰਕੇ ਹਮੇਸ਼ਾ ਅੱਠ ਵਾਰੀ ਹਵਨ ਕਰਨ ਤਾਂ ਪਵਿਤ੍ਰ ਹੁੰਦੇ ਹਨ।

201. ਜਿਹੜੇ ਗੱਡੀ ਅੱਗੇ ਗਧਾ ਜਾਂ ਊਠ ਜੋਇਆ ਹੋਵੇ ਉਸਤੇ ਮਰਜ਼ੀ ਨਾਲ ਸਵਾਰ ਹੋਵੇ ਜਾਂ ਨੰਗਾ ਹੋ ਕੇ ਨਹਾਵੇ ਤਾਂ ਪ੍ਰਾਣਾਯਾਮ ਕਰੇ।

202. ਦੁਖੀ ਮਨੁੱਖ ਪਾਣੀ ਲਏ ਤੋਂ ਬਿਨਾਂ ਜਾਂ ਪਾਣੀ ਦੇ ਵਿਚ ਝਾੜਾ ਮੂਤਰ ਕਰੇ ਤਾਂ ਪਿੰਡੋਂ ਬਾਹਰ ਜਾ ਕੇ ਦਰਿਆ ਆਦਿਕ ਵਿਚ ਕੱਪੜਿਆਂ ਸਣੇ ਨਹਾਵੇ ਤਾਂ ਗਊ ਨੂੰ ਛੋਹ ਕਰਕੇ ਪਵਿੱਤ੍ਰ ਹੁੰਦਾ ਹੈ।

203. ਵੇਦ ਵਿਚ ਲਿਖੇ ਕਰਮ ਰੋਜ ਨਾ ਕੀਤਿਆਂ ਤੇ ਬ੍ਰਹਮਚਰਜ ਬ੍ਰਤ ਦੇ ਛੁੱਟ ਗਿਆਂ ਇਕ ਦਿਨ ਭੁੱਖਾ ਰਹਿਣਾ ਚਾਹੀਦਾ ਹੈ।

204. ਬ੍ਰਾਹਮਣ ਨੂੰ ਹੋਂ ਤੇ ਵੱਡੇ ਲੋਕਾਂ ਨੂੰ ਤੁਸੀਂ ਆਖੇ ਤਾਂ ਇਸ਼ਨਾਨ ਕਰੇ ਤੇ ਉਨ੍ਹਾਂ ਨੂੰ ਰਾਜੀ ਕਰੇ ਤੇ ਪ੍ਰਾਣਾਯਮ ਕਰਕੇ ਇਕ ਦਿਨ ਭੁੱਖਾ ਰਹੇ।

205. ਬ੍ਰਾਹਮਣ ਨੂੰ ਤ੍ਰਿਣ ਨਾਲ ਵੀ ਮਾਰੇ ਜਾਂ ਝਗੜੇ ਵਿਚ ਜਿਤੇ ਤਾਂ ਗਲ ਵਿਚ ਕਪੜਾ ਪਾ ਕੇ ਨਮਸਕਾਰ ਕਰਕੇ ਉਨ੍ਹਾਂ ਨੂੰ ਰਾਜ਼ੀ ਕਰੇ।

206. ਬ੍ਰਾਹਮਣ ਨੂੰ ਮਾਰਨ ਲਈ ਸ਼ਸਤ੍ਰ ਚੁਕੇ ਤੇ ਫਿਰ ਭਾਵੇਂ ਨਾ ਮਾਰੇ ਤਾਂ ਵੀ 100 ਬਰਸ ਨਰਕ ਵਿਚ ਰਹਿੰਦਾ ਹੈ।

207. ਮਾਰਿਆਂ ਬ੍ਰਾਹਮਣ ਦਾ ਲਹੂ ਜਿਮੀਂ ਤੋਂ ਮਿੱਟੀ ਦੇ ਜਿਤਨੇ ਕਿਣਕਿਆਂ ਨੂੰ ਜੋੜੇ ਉਤਨੇ ਹਜ਼ਾਰ ਸਾਲ ਮਾਰਨੇ ਵਾਲਾ ਨਰਕ ਵਿਚ ਰਹਿੰਦਾ ਹੈ।

208. ਬ੍ਰਾਹਮਣ ਨੂੰ ਮਾਰਨ ਲਈ ਹਥਿਆਰ ਚੁੱਕੇ ਤਾਂ ਕ੍ਰਿਛ ਬ੍ਰਤ ਕਰੇ ਤੇ ਮਾਰੇ ਤਾਂ ਅਤ ਕ੍ਰਿਛ ਬਰਤ ਕਰੇ ਤੇ ਲਹੂ ਵਗਾਵੇ ਤਾਂ ਕ੍ਰਿਛ ਤੇ ਉਤ ਕ੍ਰਿਛ ਦੋਵੇਂ ਬਰਤ ਕਰੇ।

209. ਜਿਸ ਪਾਪ ਦਾ ਪ੍ਰਾਸਚਿਤ ਨਹੀਂ ਕੀਤਾ ਉਸ ਪਾਪ ਨੂੰ ਹਟਾਣ ਲਈ ਪਾਪ ਤੇ ਸਾਮਰ ਨੂੰ ਵੇਖ ਜਾਚਕੇ ਪ੍ਰਾਸਚਿਤ ਸੋਚੇ।

210. ਮਨੁੱਖ ਜਿਨ੍ਹਾਂ ਢੰਗਾਂ ਨਾਲ ਪਾਪਾਂ ਨੂੰ ਹਟਾਉਂਦੇ ਹਨ ਤੇ ਉਨ੍ਹਾਂ ਢੰਗਾਂ ਨੂੰ ਦੇਵਤਿਆਂ ਰਿਸ਼ੀਆਂ ਪਿਤ੍ਰਾਂ ਨੇ ਵੀ ਕਥਨ ਕੀਤਾ ਹੈ ਅਸੀਂ ਉਹ ਢੰਗ ਕਥਨ ਕਰਾਂਗੇ।

211. ਪ੍ਰਜਾਪਤ ਬ੍ਰਤ ਧਾਰੇ ਤਾਂ ਤਿੰਨ ਦਿਹਾੜੇ ਸਵੇਰੇ ਤੇ ਤਿੰਨ ਦਿਹਾੜੇ ਸ਼ਾਮ ਵੇਲੇ ਖਾਣਾ ਖਾਵੇ ਤੇ ਤਿੰਨ ਦਿਹਾੜੇ ਬਿਨਾਂ ਮੰਗੇ ਜੋ ਕੁਝ ਲੱਭ ਜਾਵੇ ਉਹੋ ਹੀ ਖਾਵੇ ਤੇ ਪਿਛਲੇ ਤਿੰਨ ਦਿਨ ਨਿਰੇਹਾਰ ਰਹੇ ਤੇ ਹੁਣ ਗਰਾਹੀਆਂ ਦੀ ਗਿਣਤੀ ਤੇ ਅੰਦਾਜ਼ਾ ਦਸਦੇ ਹਾਂ ਕਿ ਸਵੇਰੇ 26 ਗਰਾਹੀਆਂ ਤੇ ਸੰਧਿਆਂ ਵੇਲੇ 32 ਤੇ ਮੰਗੇ ਤੋਂ ਬਗੈਰ 24 ਬੁਰਕੀਆਂ ਅੰਡੇ ਕੁੱਕੜ ਜਿੱਡੀਆਂ ਜਾਂ ਜਿਤਨੀ ਮੂੰਹ ਵਿਚ ਆ ਸਕੇ ਉਹ ਪਵਿਤ੍ਰ ਖਾਜਾ ਖਾਣ ਹੋਰ ਕੁਝ ਨਾ ਖਾਣ।

212. ਗਊ ਦਾ ਮੂਤ੍ਰ ਤੇ ਗੋਹਾ, ਦੁੱਧ, ਘਿਓ, ਦਹੀਂ, ਪਾਣੀ ਦੱਭ ਸਮੇਤ ਇਨ੍ਹਾਂ ਨੂੰ ਰਲਾ ਕੇ ਇਕ ਦਿਨ ਖਾਏ, ਤੇ ਦੂਜੇ ਦਿਨ ਨਿਰਾਹਾਰ ਰਹੇ ਇਹ ਬਰਤ ਸੱਤ ਪਨ ਕ੍ਰਿਛ ਬਰਤ ਅਖਵਾਉਂਦਾ ਹੈ ਤੇ ਜੇ ਉਤੇ ਲਿਖੀ ਇਕ-ਇਕ ਚੀਜ਼ ਨੂੰ ਇਕ-ਇਕ ਦਿਨ ਖਾਵੇ ਤੇ ਸਤਵੇਂ ਦਿਨ ਨਿਰਾਹਾਰ ਰਹੇ ਇਹ ਮਹਾਂ ਸ਼ਾਂਤ ਪਨ ਕ੍ਰਿਛ ਬਰਤ ਕਹਾਉਂਦਾ ਹੈ।

213. ਅਤੇ ਕ੍ਰਿਛ ਬ੍ਰਤ ਧਾਰੇ ਤਾਂ ਇਕ ਦਿਨ ਤਾਂ ਇਕ ਦਿਨ ਸਵੇਰੇ ਇਕ ਬੁਰਕੀ ਇਕ ਦਿਨ ਸੰਧਿਆਈ ਇਕ ਬੁਰਕੀ ਖਾਵੇ ਤੇ ਫਿਰ ਦਿਨ ਦਿਹਾੜੇ ਨਿਰਾਹਾਰ ਰਹੇ।

214. ਪ੍ਰਤਕ੍ਰਿਛ ਬਰਤ ਧਾਰੇ ਤਾਂ ਨਿਸਚਿੰਤ ਹੋ ਕੇ ਨ੍ਹਾਵੇ ਤੱਤਾ ਪਾਣੀ, ਦੁੱਧ ਤੇ ਘਿਉ ਤੇ ਵਾਯੂ ਇਨ੍ਹਾਂ ਚੌਹਾਂ ਵਿਚੋਂ ਇਕ ਇਕ ਨੂੰ ਇਕ ਇਕ ਵਾਰੀ ਤਿੰਨ-ਤਿੰਨ ਦਿਨ ਪੀਵੇ ਤੇ ਅੰਦਾਜ਼ਾ ਦਸਦੇ ਹਾਂ ਛੇ ਗੰਡਾ ਭਰ ਪਾਣੀ, 3 ਗੰਡਾ ਭਰ ਦੁੱਧ ਤੇ ਇਕ ਗੰਡਾ ਭਰ ਘਿਓ।

215. ਦਿਲ ਨੂੰ ਤਕੜਾ ਕਰਕੇ ਇੰਦ੍ਰੀ ਜਿਤਕੇ ਬਾਰ੍ਹਾਂ ਦਿਹਾੜੇ ਨਿਰਾਹਾਰ ਰਹੇ ਇਹ ਬਰਤ ਸਾਰੇ ਪਾਪ ਹਟਾਵਣ ਵਾਲਾ ਹੈ।

216. ਵੱਡੇ ਵੇਲੇ, ਦੁਪਹਿਰੇ, ਸੰਧਿਆਂ ਵੇਲੇ ਨਹਾ ਕੇ ਤੇ ਸ਼ੁਕਲਾ ਪੱਖ ਪੂਰਨਮਾਸ਼ੀ ਨੂੰ 15 ਬੁਰਕੀਆਂ ਖਾਵੇ ਤੇ ਦੂਜੇ ਦਿਨ ਕ੍ਰਿਸ਼ਨਾ ਪਖ ਦੀ ਏਕਮ ਨੂੰ ਇਕ ਬੁਰਕੀ ਘਟਾ ਕੇ 14 ਬੁਰਕੀਆਂ ਖਾਵੇ ਇਸੇ ਤਰ੍ਹਾਂ ਘਟਾਦਿਆਂ ਮੱਸਿਆ ਨੂੰ ਨਿਰਾਹਾਰ ਕਰਕੇ ਤੇ ਸ਼ੁਕਲ ਪੱਖ ਦੀ ਏਕਮ ਨੂੰ ਇਕ ਗਰਾਹੀ ਤੋਂ ਵਧਾਉਂਦੇ-ਵਧਾਉਂਦੇ ਪੂਰਨਮਾਸ਼ੀ ਨੂੰ 15

ਬੁਰਕੀਆਂ ਹੋ ਜਾਵਣ ਇਹ ਬਰਤ ਯਯੀਪਕਾ ਮਧ ਚੰਦ੍ਰਾਇਣ ਸਦਾਂਵਦਾ ਹੈ।

217. ਇਸਨੂੰ ਸ਼ੁਕਲਾ ਪੱਖ ਵਿਚ ਅਰੰਭੇ, ਤੇ ਜਿਹੜਾ ਮੱਧਜ ਚੰਦ੍ਰਾਇਣ ਅਖਵਾਉਂਦਾ ਹੈ ਜਿਹੜਾ ਵਿਚੋਂ ਮੋਟਾ ਤੇ ਸਿਰਿਉਂ ਪਤਲਾ ਹੁੰਦਾ ਹੈ।

218. ਯਤੀ ਚੰਦ੍ਰਾਇਣ ਬਰਤ ਧਾਰੇ ਤਾਂ ਇੰਦ੍ਰੀਆਂ ਜਿਤਕੇ ਪਵਿਤ੍ਰ ਅੰਨ ਦੀਆਂ 8 ਅੰਨ ਬੁਰਕੀਆਂ ਦੁਪਹਿਰ ਵੇਲੇ ਮਹੀਨਾ ਪ੍ਰਯੰਤ ਖਾਵੇ ਤੇ ਜਿਸ ਪੱਖ ਵਿਚ ਚਾਹੇ ਅਰੰਭ ਕਰ ਦੇਵੇ।

219. ਸਿਸਜ ਚੰਦ੍ਰਾਇਣ ਬਰਤ ਧਾਰੇ ਤਾਂ ਨਿਸਚਿੰਤ ਹੋ ਕੇ ਚਾਰ ਬੁਰਕੀਆਂ ਸਵੇਰੇ ਤੇ ਚਾਰੇ ਸੰਧਿਆਂ ਵੇਲੇ ਖਾਵੇ।

220. ਭਾਵੇਂ ਕੀਕਣ ਬੇਚਿੰਤ ਹੋ ਕੇ ਇਕ-ਇਕ ਮਹੀਨੇ ਵਿਚ ਸਭੋ ਪਵਿਤ੍ਰ ਭੋਜਨ 240 ਬੁਰਕੀਆਂ ਖਾਵੇ ਤਾਂ ਚੰਦ੍ਰ ਲੋਕ ਵਿਚ ਜਾਂਦਾ ਹੈ।

221. ਸਾਰੇ ਪਾਪਾਂ ਨੂੰ ਹਟਾਣ ਲਈ, ਰਿੰਜ ਪ੍ਰਿਥਵੀ, ਵਾਯੂ ਦੇਵ ਤਾਂ ਤੇ ਵੱਡੇ-ਵੱਡੇ ਰਿਸ਼ੀਆਂ ਨੇ ਇਸ ਬਰਤ ਨੂੰ ਧਾਰਨ ਕੀਤਾ ਹੈ।

222. ਆਪ ਰੋਜ਼ ਹੀ (ਮਹਾਂ ਬਿਆਹਰਤ) ਨਾਮ ਮੰਤ੍ਰ ਦੇ ਨਾਲ ਹਵਨ ਕਰੇ ਜੀਵਾਂ ਨੂੰ ਨਾ ਮਾਰਨਾ ਸੱਚ ਬੋਲਣਾ, ਗੁੱਸਾ ਨਾ ਕਰਨਾ, ਠੰਡਾ ਸੁਭਾ ਹੋਣਾ ਇਹ ਸਭ ਧਾਰਨ ਕਰੇ।

223. ਰਾਤ ਤੇ ਦਿਨ ਵਿਚ ਕਪੜਿਆਂ ਸਣੇ ਨ੍ਹਾਵੇ ਤੇ ਇਸ ਤਰ੍ਹਾਂ ਦਾ ਨ੍ਹਾਵਣਾ ਪਹਿਲਿਆਂ ਦੋਹਾਂ ਚੰਦ੍ਰਾਇਣਾਂ ਤੋਂ ਬਿਨਾਂ ਤੀਜੇ ਚੰਦ੍ਰਾਇਣ ਵਿਚ ਸਮਝਣਾ ਕਿਉਂ ਜੋ ਇਨ੍ਹਾਂ ਦੋਹਾਂ ਵਿਚ ਤਿੰਨ ਵੇਲੇ ਨ੍ਹਾਉਣਾ ਲਿਖਿਆ ਹੈ ਤੇ ਬਰਤ ਧਾਰੀ ਤੀਵੀਂ ਜਾਂ ਸ਼ੂਦਰ ਨਾਲ ਗੱਲ ਨਾ ਕਰੇ।

224. ਦੇਹ ਤੇ ਗਤੀ ਖਲੋਤਾ ਰਹੇ ਜਾਂ ਬੈਠ ਰਹੇ ਸਵੇਂ ਨਹੀਂ ਜੇ ਸਮਰੱਥਾ ਨਾ ਹੋਵੇ ਤਾਂ ਧਰਤੀ ਤੇ ਸਵੇਂ, ਬ੍ਰਹਮਚਾਰੀ ਰਹੇ ਮੁੰਜ ਦੀ ਤੜਾਗੀ ਤੇ ਛਛਰੇ ਦਾ ਡੰਡਾ ਧਾਰਨ ਕਰੇ, ਗੁਰੂ ਦੇਵਤਾ ਤੇ ਬ੍ਰਾਹਮਣਾਂ ਦੀ ਪੂਜਾ ਕਰੇ।

225. ਗਾਇਤ੍ਰੀ ਤੇ ਪਵਿੱਤ੍ਰ ਮੰਤ੍ਰ ਇਨ੍ਹਾਂ ਦੋਹਾਂ ਦਾ ਜਾਪ ਯਥਾ ਸ਼ਕਤ ਕਰੇ ਇਹ ਗੱਲ ਸਾਰਿਆਂ ਬ੍ਰਤਾਂ ਵਿਚ ਜਾਨਣੀ ਚਾਹੀਦੀ ਹੈ।

226. ਬ੍ਰਾਹਮਣ, ਖੱਤਰੀ, ਵੈਸ਼ ਇਨ੍ਹਾਂ ਬ੍ਰਤਾਂ ਨਾਲ ਆਪਣੇ ਕੀਤੇ ਹੋਏ ਪਾਪਾਂ ਨੂੰ ਹਟਾਵਣਾ ਤੇ ਲੁਕੇ ਹੋਏ ਪਾਪਾਂ ਨੂੰ ਮੰਤ੍ਰ ਤੇ ਹਵਨ ਨਾਲ ਹਟਾਵਣ।

227. ਦਸਿਆਂ, ਪਛਤਾਇਆਂ, ਤਪ ਕੀਤਿਆਂ, ਵੇਦ ਪੜ੍ਹਿਆਂ ਪਾਪੀ ਪਾਪ ਤੋਂ ਛੁੱਟ ਜਾਂਦਾ ਹੈ ਤੇ ਦੁੱਖ ਦੇ ਸਮੇਂ ਦਾਨ ਕੀਤਿਆਂ ਪਾਪ ਤੋਂ ਛੁੱਟਦਾ ਹੈ।

228. ਜੀਕੁਣ ਕੁੰਜ ਵਿਚੋਂ ਸੱਪ ਨਿਕਲ ਜਾਂਦਾ ਹੈ ਇਸੇ ਤਰ੍ਹਾਂ ਪ੍ਰਤੱਖ ਪਾਪਾਂ ਨੂੰ ਪੂਰੇ-ਪੂਰੇ ਦਸ ਦੇਵੇ ਤਾਂ ਛੁਟਦਾ ਹੈ।

229. ਪਾਪੀ ਆਦਮੀ ਦਾ ਦਿਲ ਜਿਉਂ-ਜਿਉਂ ਭੈੜੇ ਕੰਮ ਨੂੰ ਨਿੰਦਦਾ ਹੈ ਤਿਉਂ-ਤਿਉਂ ਉਸ ਦਾ ਸਰੀਰ ਉਸ ਪਾਪ ਤੋਂ ਛੁਟਦਾ ਹੈ।

230. ਪਾਪ ਕਰਕੇ ਪਛਤਾ ਕੇ ਦਿਲ ਨਾਲ ਠਾਨ ਲਵੇ ਕਿ ਮੈਂ ਫਿਰ ਇਸ ਤਰ੍ਹਾਂ ਨਾ ਕਰਾਂਗਾ ਤੇ ਉਹ ਪਾਪੀ ਪਾਪ ਤੋਂ ਛੁਟਕੇ ਪਵਿੱਤ੍ਰ ਹੋ ਜਾਂਦਾ ਹੈ।

231. ਇਸੇ ਤਰ੍ਹਾਂ ਦਿਲੋਂ ਪ੍ਰਲੋਕ ਵਿਚ ਕਰਮਾਂ ਦਾ ਫਲ ਸੋਚਕੇ ਦਿਲ, ਬੋਲੀ, ਸਰੀਰ ਕਰਕੇ ਸਦਾ ਹੀ ਅੱਛੇ ਕੰਮਾਂ ਨੂੰ ਕਰਿਆ ਕਰੇ।

232. ਜਾਣ ਕੇ ਜਾਂ ਭੁੱਲ ਕੇ ਮਾੜਾ ਕੰਮ ਕਰਕੇ ਉਸ ਤੋਂ ਛੁੱਟਣ ਦੀ ਚਾਹ ਕਰੇ ਤੇ ਫਿਰ ਮੰਦਾ ਕੰਮ ਨਾ ਕਰੇ ਤੇ ਜੇ ਦੂਜੀ ਵਾਰੀ ਵੀ ਮੰਦਾ ਕੰਮ ਕਰੇ ਤਾਂ ਦੂਣਾ ਪ੍ਰਾਸਚਿਤ ਕਰੇ।

233. ਜੇ ਪ੍ਰਾਸਚਿਤ ਕੀਤਿਆਂ ਦਿਲ ਨੂੰ ਸ਼ਾਂਤ ਨਾ ਹੋਵੇ ਤਾਂ ਫਿਰ ਪ੍ਰਾਸਚਿਤ ਕਰੇ ਜਿਤਨਾ ਚਿਰ ਦਿਲ ਨੂੰ ਯਕੀਨ ਨਾ ਹੋਵੇ ਪ੍ਰਾਸਚਿਤ ਕਰਦਾ ਰਹੇ।

234. ਵੇਦ ਦੇ ਜਾਨਣ ਵਾਲਿਆਂ ਨੇ ਕਥਨ ਕੀਤਾ ਹੈ ਕਿ ਦੇਵਤਾ ਤੇ ਮਨੁੱਖ ਇਨ੍ਹਾਂ ਦੋਹਾਂ ਦੇ ਸੁੱਖ ਦਾ ਮੁੱਢ ਤੇ ਵਿਚਕਾਰ ਤੇ ਪਿੱਛੇ ਵੀ ਤਪ ਹੀ ਹੈ।

235. ਬ੍ਰਾਹਮਣ ਦਾ ਤਪ ਬ੍ਰਹਮ ਗਿਆਨ ਹੈ ਤੇ ਖੱਤਰੀ ਦਾ ਤਪ ਸੰਸਾਰੀ ਜੀਵਾਂ ਦੀ ਰਖਿਆ ਹੈ, ਵੈਸ਼ ਦਾ ਤਪ ਖੇਤੀ ਵਪਾਰ ਆਦਿਕ ਤੇ ਸ਼ੂਦਰ ਦਾ ਤਪ ਟਹਿਲ ਸੇਵਾ ਹੈ।

236. ਰਿਖੀ ਲੋਕ ਇੰਦ੍ਰੀਆਂ ਵੱਸ ਕਰਕੇ ਫਲ, ਮੂਲ, ਵਾਯੂ ਇਨ੍ਹਾਂ ਵਿਚੋਂ ਕੋਈ ਇਕ ਚੀਜ਼ ਖਾ ਕੇ ਤਿੰਨ ਲੋਕੀ ਨੂੰ ਤਪ ਕਰਕੇ ਵੀ ਵੇਖਦੇ ਹਨ।

237. ਦਵਾਈਆਂ ਸਰੀਰ ਦਾ ਸੁਖ, ਵਿੱਦਿਆ, ਬ੍ਰਹਮ ਕਰਮ ਸੁੰਦ੍ਰਤਾ ਵੇਦ ਕਾਮਨਾ ਵੇਦ ਦਾ ਜਾਨਣਾ ਤੇ ਪੜ੍ਹਨਾ ਤੇ ਸਮਝਣਾ ਤੇ ਕਈ ਪ੍ਰਕਾਰ ਦਾ ਸਵਰਗ ਇਹ ਸਭ ਕੁਝ ਤਪ ਨਾਲ ਹੀ ਸਿੱਧ ਹੁੰਦੇ ਹਨ।

238. ਜਿਹੜੀ ਚੀਜ਼ ਦੁੱਖ ਤੋਂ ਤਾਰਨ ਯੋਗ ਮਿਲਣ ਯੋਗ ਤੇ ਜਾਨਣ ਲਾਇਕ ਹੈ ਉਹ ਤਪ ਨਾਲ ਹੀ ਹੋ ਸਕਦੀ ਹੈ ਜੇ ਨਾ ਹੋਵੇ ਤਾਂ ਵੀ ਤਪ ਹੀ ਸਾਮਰੱਥ ਹੈ ਤੇ ਤਪ ਦਾ ਰੁਕਾਵਣਾ ਬਹੁਤ ਔਖਾ ਹੈ।

239. ਮਹਾਂ ਪਾਤਕੀ ਤੋਂ ਲੈ ਕੇ ਜਿਤਨੇ ਪਾਪੀ ਹਨ ਸਭੇ ਤਪ ਨਾਲ ਪਵਿੱਤ੍ਰ ਹੁੰਦੇ ਹਨ।

240. ਵੱਡੇ-ਵੱਡੇ ਸੱਪ, ਚਿੱਤਰੇ, ਪਸ਼ੂ ਪੰਛੀ ਤੇ ਅਸਥਾਵਰ ਜੀਵ ਇਹ ਸਾਰੇ ਤਪ ਦੇ ਜ਼ੋਰ ਸਵਰਗ ਵਿਚ ਜਾਂਦੇ ਹਨ।

241. ਦਿਲ ਜ਼ਬਾਨ ਸਰੀਰ ਨਾਲ ਜਿਹੜਾ ਪਾਪ ਹੁੰਦਾ ਹੈ ਉਹ ਸਾਰਾ ਤਪ ਨਾਲ ਹੀ ਨਸ਼ਟ ਹੁੰਦਾ ਹੈ।

242. ਯੱਗ ਵਿਚ ਪਵਿੱਤ੍ਰ ਬ੍ਰਾਹਮਣ ਦੇ ਦਿੱਤੇ ਹੋਏ ਪਵਿੱਤ੍ਰ ਭੋਜਨ ਨੂੰ ਦੇਵਤੇ ਲੈਂਦੇ ਤੇ ਉਹਨਾਂ ਦੀ ਕਾਮਨਾ ਪੂਰੀ ਕਰਦੇ ਹਨ।

243. ਬ੍ਰਹਮਾ ਜੀ ਨੇ ਇਹ ਸ਼ਾਸਤ੍ਰ ਤਪ ਨਾਲ ਹੀ ਉਤਪਤ ਕੀਤਾ ਤੇ ਉਸ ਨੂੰ ਰਿਸ਼ੀਆਂ ਨੇ ਵੀ ਤਪ ਨਾਲ ਹੀ ਲਿਆ ਹੈ।

244. ਸਭ ਜੀਵਾਂ ਨੂੰ ਤਪ ਨਾਲ ਅਮੋਲਕ ਜਨਮ ਹੁੰਦਾ ਹੈ ਅਤੇ ਇਹ ਗੱਲ ਜਾਣਕੇ ਦੇਵਤੇ ਤਪ ਨੂੰ ਸਾਰਿਆਂ ਦੀ ਜੜ੍ਹ ਜਾਣਕੇ ਤਪ ਦਾ ਮਹਾਤਮ ਕਹਿੰਦੇ ਹਨ।

245. ਮਹਾਂ ਯੱਗ ਤੇ ਵਿਤ ਮੂਜਬ ਵੇਦ ਦਾ ਪਾਠ ਕਰਨ ਵਾਲੇ ਛੇਤੀ ਭਾਰੇ ਪਾਪ ਦਾ ਵੀ ਨਾਸ ਕਰਦੇ ਹਨ।

246. ਜਿਹੀਕੁ ਮੱਚੀ ਹੋਈ ਅੱਗ ਲਕੜੀ ਨੂੰ ਛੇਤੀ ਨਾਲ ਸਾੜ ਦੇਂਦੀ ਹੈ ਇਸੇ ਤਰ੍ਹਾਂ ਵੇਦ ਨੂੰ ਜਾਨਣ ਵਾਲੇ ਗਿਆਨ ਰੂਪੀ ਅੱਗ ਨਾਲ ਸਭਨਾ ਪਾਪਾਂ ਨੂੰ ਸਾੜਦਾ ਹੈ।

247. ਪ੍ਰਤੱਖ ਪਾਪਾਂ ਦਾ ਪ੍ਰਾਸਚਿਤ ਇਹ ਆਖਿਆ ਤੇ ਹੁਣ ਗੁਪਤ ਪਾਪਾਂ ਦਾ ਪ੍ਰਾਸਚਿਤ ਆਖਦੇ ਹਾਂ।

248. (ਪਰਨੋ ਵਸਾਤ ਬਿਯਾ ਹਰਤ) ਨਾਮ ਮੰਤ੍ਰ ਕਰਨ ਦੇ ਨਾਲ ਰਲਕੇ ਰੋਜ਼ ਗਾਇਤ੍ਰੀ ਨਾਲ 16 ਹਰ ਰੋਜ਼ ਦ੍ਵਿਹ ਮਹੀਨੇ ਪ੍ਰਯੰਤ ਪ੍ਰਾਣਾਯਾਮ ਕਰੇ ਤਾਂ ਗਰਭ ਗਿਰਵਾਨ ਦੇ ਪਾਪ ਨੂੰ ਹਟਾਉਂਦਾ ਹੈ।

249. ਕਉਨਸ਼ਰਿਖ ਨੇ ਜੋ ਸ਼ਕਤੀ ਦੇਖੀ ਅਨਜ ਨਾਮ ਤੇ ਬਸਿਸ਼ਟ ਰਿਖੀ ਪ੍ਰਤਸਠੋ ਨਾਮ ਸ਼ਕਤੀ ਦੇਖੀ ਤੇ ਹੋਰ ਮਹਿਤ੍ਰ ਸ਼ੁਕਤ ਮੇਚਤ੍ਰੀ ਸਿਧਤੀ ਤੇ ਈਨਾ ਨੰਦ੍ਰ ਇਹ ਤਿੰਨੇ ਵੇਦ ਦੀ ਰਿਚਾ ਇਨ੍ਹਾਂ ਨੂੰ ਹਰ ਇਕ ਮਹੀਨਾ ਪ੍ਰਯੰਤ ਸੋਲਾਂ ਵਾਰੀ ਜਪੇ ਤਾਂ ਸ਼ਰਾਬੀ ਪਵਿਤ੍ਰ ਹੁੰਦਾ ਹੈ।

250. ਰੋਜ਼ ਇਕ ਵਾਰੀ ਮਹੀਨਾ ਪ੍ਰਯੰਤ ਸੁਆਮੀ ਨੂੰ ਤੇ ਸੇਵ ਸੰਕਲਪ ਉਪਨਿਸ਼ਦਾਂ ਨੂੰ ਜਪੇ ਤਾਂ ਬ੍ਰਾਹਮਣ ਦਾ ਸੋਨਾ ਚੁਰਾਵਨ ਵਾਲਾ ਪਵਿਤ੍ਰ ਹੁੰਦਾ ਹੈ।

251. ਹੇਬੇਸਤਮ ਆਦਿਕ 19 ਰਿਚਾ ਤੇ ਨਿਤ ਮੰਗ ਹੋ ਦੁਰਤੰਗ ਆਦਿਕ 8 ਰਿਚਾ ਇਹ ਸਹਰ ਸੀਰਖ ਜੋ ਪੁਰਸ਼ ਸ਼ਕਤ ਨਾਮ ਉਪਨਿਸ਼ਦ ਤੋਂ ਮਸ਼ਹੂਰ ਹੈ ਇਨ੍ਹਾਂ ਨੂੰ ਸੋਲ੍ਹਾਂ ਵਾਰੀ ਰੋਜ਼ ਮਹੀਨਾ ਪ੍ਰਯੰਤ ਜਪੇ ਤਾਂ ਮਾਤਾ ਨਾਲ ਭੋਗ ਕਰਨ ਦੇ ਪਾਪ ਤੋਂ ਛੁੱਟ ਜਾਂਦਾ ਹੈ।

252. ਅਵੇਤਹੇਲੂਬ੍ਰਨ ਰਿਚਾ ਤੇ ਯਤਕਚੰਦਮ ਬਰਨ ਦੇਵਤਾ ਜਲ ਇਹ ਰਿਚਾ ਇਕ ਵਾਰੀ ਰੋਜ਼ ਸਾਲ ਪ੍ਰਯੰਤ ਜਪ ਕਰੇ ਤਾਂ ਛੋਟਿਆਂ ਵੱਡਿਆਂ ਪਾਪਾਂ ਤੋਂ ਛੁੱਟ ਜਾਂਦਾ ਹੈ।

253. ਨਾ ਲੈਣ ਵਾਲੀ ਚੀਜ਼ ਨੂੰ ਲੈ ਕੇ ਨਿੰਦਤ ਅੰਨ ਖਾ ਕੇ ਸਰਤ ਸਮੰਦ੍ਰਮ ਆਦਿਕ ਚਾਰ ਰਚਾਊ ਨੂੰ ਤਿੰਨ ਦਿਹਾੜੇ ਜਪ ਕਰੇ।

254. ਧੋਮਰ ਉਦਰ ਆਦਿਕ ਚਾਰ ਰਿਚਾਂ ਅਰ ਜਨਮ ਆਦਿਕ ਤਿੰਨ ਰਿਚਾਂ ਇਹਨਾਂ ਵਿਚੋਂ ਇਕ ਇਕ ਨੂੰ ਇਕ ਵਾਰੀ ਰੋਜ਼ ਇਕ ਮਹੀਨੇ ਤਕ ਦਰਿਆ ਵਿਚ ਨਹਾ ਕੇ ਜਪ ਕਰੇ ਤਾਂ ਬਹੁਤਿਆਂ ਪਾਪਾਂ ਤੋਂ ਛੁਟਦਾ ਹੈ।

255. ਅਬਦਰਧ ਮੰਦਰ ਆਦਿਕ ਸੱਤਾਂ ਰਿਚਾਂ ਨੂੰ ਛੇ ਮਹੀਨੇ ਤੱਕ ਜਪ ਕਰੇ ਤਾਂ ਸਾਰਿਆਂ ਪਾਪਾਂ ਤੋਂ ਛੁਟਦਾ ਹੈ ਪਾਣੀ ਵਿਚ ਮੂਤ੍ਰ ਅਤੇ ਸੁਚੇਤ ਕਰਨ ਵਾਲਾ ਮਹੀਨਾ ਪ੍ਰਯੰਤ ਭਿੱਖਿਆ ਮੰਗਕੇ ਲਵੇ।

256. ਦੇਵ ਕਰਬਸੀਯਾ ਆਦਿ ਸ਼ਾਕਲ ਹਵਨ ਮੰਤ੍ਰ ਨਾਲ ਸਾਲ ਤੱਕ ਘਿਓ ਦਾ ਹਵਨ ਕਰੇ, ਭਾਵੇਂ ਅੰਦਰ ਸੱਚ ਰਿਚਾ ਦਾ ਜਪ ਕਰੇ ਸਾਲ ਭਰ ਤਾਂ ਬ੍ਰਾਹਮਣ, ਖੱਤ੍ਰੀ ਵੈਸ਼ ਦੇ ਭਾਰੇ ਪਾਪ ਵੀ ਹਟ ਜਾਵਣ।

257. ਬ੍ਰਹਮ ਹੱਤਿਆ ਆਦਿਕ ਪਾਪਾਂ ਵਿਚੋਂ ਕਿਸੇ ਪਾਪ ਨਾਲ ਪਾਪੀ ਹੋਵੇ ਤਾਂ ਬੇਚਿੰਤ ਹੋ ਕੇ ਗਊ ਦੇ ਪਿੱਛੇ-ਪਿੱਛੇ ਤੁਰ ਪਏ ਤੇ ਭਿਖਿਆ ਮੰਗਕੇ ਖਾਵੇ ਤੇ ਇੰਦ੍ਰੀਆਂ ਜਿਤਕੇ ਇਕ ਬਰਸ ਤੱਕ ਰੋਜ਼ ਪਦਮਨੀ ਰਿਚਾ ਦਾ ਜਪ ਕਰੇ ਤਾਂ ਪਵਿੱਤ੍ਰ ਹੁੰਦਾ ਹੈ।

258. ਬਨ ਵਿਚ ਬੇਚਿੰਤ ਹੋ ਕੇ ਵੇਦ ਨੂੰ ਤਿੰਨ ਵਾਰ ਸੋਚੇ ਤੇ ਤ੍ਰੈ ਵਾਰ ਇਕ ਬਰਤ ਕਰੇ ਤਾਂ ਸਾਰਿਆਂ ਪਾਪਾਂ ਤੋਂ ਛੁਟਦਾ ਹੈ।

259. ਇੰਦ੍ਰੀਜਿਤ ਹੋ ਕੇ ਰੋਜ਼ ਹੀ ਤਿੰਨ ਵਕਤ ਸਵੇਰੇ ਸੰਧਿਆਂ ਤੇ ਸ਼ਾਮ ਨੂੰ ਨਹਾ ਕੇ (ਤਿੰਨ ਸਚਸੀਤਮ ਅਸਵ ਅਘ ਮਰਖਨ ਯੁਕਤ) ਦਾ ਜਪ ਕਰੇ ਤਾਂ ਸਭਨਾਂ ਪਾਪਾਂ ਤੋਂ ਛੁਟ ਜਾਂਦਾ ਹੈ।

260. ਜੇਹਾ ਕਿ ਸਾਰਿਆਂ ਯੱਗਾਂ ਦਾ ਰਾਜਾ ਅਸਮੇਧ ਯੱਗ ਸਭਨਾਂ ਪਾਪਾਂ ਨੂੰ ਦੂਰ ਕਰਦਾ ਹੈ ਇਸੇ ਵਾਂਗ (ਅਘ ਮਰਖਨ) ਯੁਕਤ ਸਭਲਾਂ ਪਾਪਾਂ ਨੂੰ ਦੂਰ ਕਰਦਾ ਹੈ।

261. ਤ੍ਰੈਲੋਕੀ ਕਰਕੇ ਤੇ ਜਿਥੇ ਜਿਥੇ ਖਾਣੇ ਤੋਂ ਪਿੱਛੇ ਰਿਗ ਵੇਦ ਨੂੰ ਧਾਰੇ ਤਾਂ ਕੋਈ ਪਾਪ ਨਹੀਂ ਲੱਗਦਾ।

262. ਰਿਗ, ਯੁਜਰ, ਸਿਆਮ ਵੇਦ ਦੀਆਂ ਸੰਘਤਾਂ ਵਿਚੋਂ ਨਿਸਚਿੰਤ ਹੋ ਕੇ ਇਕ-ਇਕ ਸੰਘਤਾ ਨੂੰ ਤਿੰਨ ਵਾਰੀ ਮਜਾਵਲਤ ਉੱਦਮ ਕਰੇ ਸਭਨਾ ਪਾਪਾਂ ਤੋਂ ਛੁਟਦਾ ਹੈ।

263. ਜੀਕੁਣ ਡੂੰਘੇ ਪਾਣੀ ਵਿਚ ਮਿਟੀ ਦੀ ਇੱਟ ਸਿਟਿਆਂ ਛੇਤੀ ਗਲ ਜਾਂਦੀ ਹੈ ਇਸੇ ਤਰ੍ਹਾਂ ਤਿੰਨਾਂ ਵੇਦਾਂ ਦੇ ਪੜ੍ਹਿਆਂ ਸਭੇ ਪਾਪ ਛੇਤੀ ਗਲ ਜਾਂਦੇ ਹਨ।

264. ਰਿਗ, ਯੁਜਰ ਸਿਆਮ ਵੇਦਾਂ ਦੇ ਮੰਤ੍ਰਾਂ ਨੂੰ ਬ੍ਰਾਹਮਣ ਸਣੇ ਹੀ ਤਿੰਨੇ ਤਰ੍ਹਾਂ ਦਾ ਵੇਦ ਜਾਨਣਾ ਚਾਹੀਏ।

265. ਸਾਰਿਆਂ ਵੇਦਾਂ ਦੇ ਮੁੱਢ ਉਤੇ ਜੋ ਤਿੰਨ ਅਰਕ ਵਾਲਾ ਸਾਰੇ ਵੇਦ ਦਾ ਤੱਤ ਤੇ ਸਾਰਿਆਂ ਵੇਦਾਂ ਨੂੰ ਆਪਣੇ ਵਿਚ ਦ੍ਰਿੱਢ ਕਰਨ ਵਾਲਾ ਜਿਹੜਾ ਪ੍ਰਣਾਮ ਹੈ ਉਸ ਨੂੰ ਜੋ ਜਾਣੇ ਉਹ ਵੇਦ ਦੇ ਜਾਨਣ ਵਾਲਾ ਹੈ।

ਇਤਿ ਸ੍ਰੀ ਮਨੂੰ ਸਿੰਮ੍ਰਤੀ ਧਰਮ ਸ਼ਾਸਤ੍ਰ ਭ੍ਰਿਗੂ ਜੀ ਦੀ ਸੰਘਤਾ
ਦਾ ਗਿਆਰ੍ਹਵਾਂ ਅਧਿਆਇ ਸੰਪੂਰਣ ਹੋਇਆ।

# ਬਾਰ੍ਹਵਾਂ ਅਧਿਆਇ

1. ਸਾਰੇ ਰਿਖੀ ਭ੍ਰਿਗੂ ਜੀ ਨੂੰ ਆਖਦੇ ਹਨ ਹੇ ਪਾਪ ਤੋਂ ਬਿਨਾਂ ਰਿਖੀ ਜੀ ! ਆਪਣੇ ਵਿਧੀ ਅਨੁਸਾਰ ਚੌਹਾਂ ਵਰਨਾਂ ਦਾ ਧਰਮ ਕਥਨ ਕੀਤਾ ਤੇ ਹੁਣ ਸਾਨੂੰ ਸਾਰਿਆਂ ਨੂੰ ਭਲੇ ਬੁਰੇ ਕਰਮਾਂ ਦੇ ਫਲ ਨੂੰ ਵਿਧੀ ਅਨੁਸਾਰ ਸੁਣਾਵੋ ਜੀ।
2. ਧਰਮਾਤਮਾ ਮਨੂੰ ਜੀ ਦੇ ਪੁੱਤਰ ਭ੍ਰਿਗੂ ਜੀ ਨੇ ਆਖਿਆ ਕਿ ਹੇ ਰਿਖੀਓ ! ਸਾਰੇ ਕਰਮ ਯੋਗ ਦੇ (ਨਿਰ੍ਣੇ) ਵੇਰਵੇ ਨੂੰ ਅਸਾਥੋਂ ਸੁਣੋ: —
3. ਦਿਲ ਸਰੀਰ ਜ਼ੁਬਾਨ ਨਾਲ ਜੋ ਭਲਾ ਜਾਂ ਬੁਰਾ ਕਰਮ ਹੁੰਦਾ ਹੈ ਉਸ ਨਾਲ ਮਨੁਖਾਂ ਦੀ (ਉੱਤਮ) ਚੰਗੀ (ਮਧਜਮ) ਵਿਚਲੇ ਮੇਲ ਦੀ ਜਾਂ (ਅਧਜਮ) ਭੈੜੀ (ਗਤਿ) ਹਾਲਤ ਹੁੰਦੀ ਹੈ।
4. ਅੱਗੇ ਜਿਹੜੇ ਦਸ ਲੱਛਣ ਕਥਨ ਕਰਾਂਗੇ ਉਹਨਾਂ ਨਾਲ ਰਲਕੇ ਮਨੁੱਖ ਨਰ ਸਰੀਰ ਦਾ ਦਿਲ ਜਿਹੜਾ ਸਰੀਰ ਜ਼ਬਾਨ ਮਨ ਨਾਲ ਰਲਕੇ ਉੱਤਮ, ਮਧਜਮ, ਮੰਦ ਕਰਮਾਂ ਦੇ ਵਿਚ ਲਾਉਂਦਾ ਹੈ ਉਸ ਨੂੰ ਸਮਝੋ।
5. ਦੂਜੇ ਦੀ ਮਾਇਆ ਵਿਚ ਖਿਆਲ ਦਿਲੋਂ ਬੁਰਾ ਧਿਆਨ ਨਾਸਤੀਪੁਣਾ ਇਹ ਤਿੰਨ ਪ੍ਰਕਾਰ ਦੇ ਮਾਨਸ ਕਰਮ ਹਨ ਤਾਤਪਰਜ ਜੋ ਮਨ ਕਰ ਹੁੰਦੇ ਹਨ।
6. ਬਿਨਾ ਦਿੱਤੇ ਹੋਈ ਸ਼ੈ ਦਾ ਲੈਣਾ ਤੇ ਰਸਮਾਂ ਦੇ ਵਿਰੁੱਧ ਜੀਵਾਂ ਨੂੰ ਮਾਰਨਾ ਪਰਾਈ ਤੀਵੀਂ ਨੂੰ ਭੋਗਣਾ ਇਹ ਤਿੰਨ ਪ੍ਰਕਾਰ ਕਰਮ ਸਰੀਰ ਦਾ ਹੈ।
7. ਕੌੜਾ ਬਚਨ ਝੂਠ ਦੂਜੇ ਦੇ ਅਵਗੁਣ ਦੱਸਣਾ ਬਿਨਾਂ ਕਾਰਜ ਬੋਲਣਾ ਇਹ ਚਾਰ ਪ੍ਰਕਾਰ ਦਾ ਕਰਮ ਜਬਾਨ ਦਾ ਹੈ।
8. ਸਰੀਰ ਦੇ ਨਾਲ ਭਲਾ ਯਾ ਬੁਰਾ ਕਰਮ ਕਰਨ ਦਾ ਫਲ ਸਰੀਰ ਧਾਰੀ ਮਨੁੱਖ ਮਨ ਸਰੀਰ ਤੇ ਜ਼ਬਾਨ ਨਾਲ ਭੋਗਦਾ ਹੈ।
9. ਸਰੀਰ, ਜ਼ਬਾਨੀ ਤੇ ਮਨ ਨਾਲ ਕਰਮ ਕੀਤੇ ਅਨੁਸਾਰ ਅਸਥਾਵਰ ਬ੍ਰਿਛ ਆਦਿ ਪਸੂ ਪੰਖੀ ਦਾ ਤੇ ਚੰਡਾਲ ਆਦਿ ਦਾ ਜਨਮ ਪਾਂਵਦਾ ਰਹਿੰਦਾ ਹੈ।
10. ਜਿਸਦੀ ਜ਼ਬਾਨ ਮਨ ਸਰੀਰ ਤ੍ਰੈਵੇ ਹੀ ਖੋਟੇ ਬਚਨ ਭੈੜੇ ਧਿਆਨ ਤੇ ਬੁਰੇ ਕੰਮਾਂ ਨੂੰ

ਤਿਆਗਦੇ ਹਨ ਉਹ ਹੀ ਤ੍ਰਿਦੰਡੀ ਅਖਵਾਉਂਦਾ ਹੈ।

11. ਸਭ ਜੀਵਾਂ ਵਿਚ ਇਹਨਾਂ ਤਿੰਨਾਂ ਡੰਡਾਂ ਨੂੰ ਪੱਕਾ ਕਰਕੇ ਅਤੇ ਕਾਮ ਕ੍ਰੋਧ ਨੂੰ ਰੋਕ ਕੇ ਤੇ ਸਿਧੀ ਨੂੰ ਪਾਉਂਦਾ ਹੈ।

12. ਸਰੀਰ ਨੂੰ ਕਰਮਾਂ ਵਿਚ ਲਗਾਣ ਵਾਲਾ ਖੇਤਜਰਗ ਅਖਵਾਉਂਦਾ ਹੈ ਤੇ ਜਿਹੜਾ ਕਰਮ ਕਰਦਾ ਹੈ ਉਹ ਭੂਤ ਆਤਮਾ ਸਦਾਉਂਦਾ ਹੈ ਇਹ ਪੰਡਤਾਂ ਦਾ ਕਥਨ ਹੈ।

13. ਸਭਨਾਂ ਸਰੀਰਾਂ ਦੇ ਨਾਲ ਉਪਜਿਆ ਹੋਇਆ ਅੰਦਰ ਜੋ ਆਤਮਾ ਜੀਵ ਨਾਮ ਵਾਲਾ ਜਿਸਨੂੰ (ਮਹਿਤ੍ਰ) ਬੜਾ ਆਖਦੇ ਹਨ ਉਹ ਵੱਖਰਾ ਹੈ ਜਿਸ ਕਰਕੇ ਜਨਮ ਵਿਚ ਸਾਰਿਆਂ ਸੁਖਾਂ ਦੁਖਾਂ ਨੂੰ ਖੇਤ੍ਰਗ ਮਲੂਮ ਹੀ ਕਰਦਾ ਹੈ।

14. ਮਹਤ ਤਤ ਤੇ ਖੇਤ੍ਰਗ ਇਹ ਦੋਵੇਂ ਮਿੱਟੀ ਆਦਿ ਪੰਜਾਂ ਤੱਤਾਂ ਦੇ ਹੋਣੇ ਕਰਕੇ ਊਚ ਨੀਚ ਜੋਨਾ ਵਿਚ ਆਤਮਾ ਨੂੰ ਫੜੀ ਰਖਦੇ ਹਨ।

15. ਪ੍ਰਮਾਤਮਾ ਦੇ ਜੁੱਸੇ ਵਿਚੋਂ ਨੀਚ ਊਚ ਜੂਨ ਵਿਚ ਪ੍ਰਪੱਕ ਸਰੀਰ ਨੂੰ ਹਮੇਸ਼ਾ ਕਰਮ ਫਿਰਾਵਣ ਵਾਲੇ ਅਨਗਿਣਤ ਜੀਵ ਨਿਕਲਦੇ ਹਨ।

16. ਪ੍ਰਲੋਕ ਵਿਚ ਪਾਪੀਆਂ ਨੂੰ ਦੁਖ ਭੁਗਾਵਣ ਵਾਸਤੇ ਮਿੱਟੀ ਆਦਿ ਪੰਜਾਂ ਤੱਤਾਂ ਵਿਚੋਂ ਇਕ ਹੋਰ ਸਰੀਰ ਜਿਸਦਾ ਨਾਮ (ਲੰਗ) ਸਰੀਰ ਹੈ ਉਹ ਸਰੀਰ ਵੱਖਰਾ ਹੁੰਦਾ ਹੈ।

17. ਉਸ ਸਰੀਰ ਨਾਲ ਧਰਮ ਰਾਜ ਦੇ ਭਾਰੇ ਡੰਡ ਨੂੰ ਪਾਇਕੇ ਤੇ ਦੁਖ ਭੋਗਕੇ ਆਪਣੀ ਪਹਿਲੀ ਬਨਾਵਟ ਵਿਚ ਪ੍ਰਿਥਵੀ ਆਦਿ ਪੰਜਾਂ ਤੱਤਾਂ ਵਿਚ ਹੀ ਰਲ ਜਾਂਦਾ ਹੈ।

18. ਲੰਗ ਨਾਮ ਸਰੀਰ ਵਿਚ ਪਿਆ ਹੋਇਆ ਜੀਵ ਵਾਸ਼ਨਾ ਕਰਕੇ ਕੀਤੇ ਹੋਏ ਪਾਪਾਂ ਨੂੰ ਭੋਗਕੇ ਤੇ ਫਿਰ ਪਾਪਾਂ ਤੋਂ ਛੁੱਟਕੇ ਭਾਰੇ ਬਲਵਾਨ ਮਹਾਨ ਤੇ ਪ੍ਰਮਾਤਮਾ ਦੀ ਸ਼ਰਨ ਲੈਂਦਾ ਹੈ।

19. ਆਲਸ ਤੋਂ ਵੱਖਰੇ ਹੋ ਕੇ ਮਹਾਨ ਤੇ ਪ੍ਰਮਾਤਮਾ ਦੋਵੇਂ ਰਲਕੇ ਜਿਹੜੇ ਧਰਮ ਤੇ ਅਧਰਮ ਕਰਕੇ ਜੀਵ ਇਸ ਲੋਕ ਤੇ ਪ੍ਰਲੋਕ ਵਿਚ ਸੁਖ ਦੁੱਖ ਪਾਉਂਦਾ ਹੈ ਉਸ ਧਰਮ ਨੂੰ ਤੇ ਭੋਗਣੇ ਤੋਂ ਬਾਕੀ ਰਹਿੰਦਿਆਂ ਪਾਪਾਂ ਤੋਂ ਬਚਾ ਲੈਂਦੇ ਹਨ।

20. ਜਦੋਂ ਜੀਵ ਧਰਮ ਬਹੁਤਾ ਤੇ ਪਾਪ ਥੋੜ੍ਹਾ ਕਰਦਾ ਹੈ ਤਾਂ ਪ੍ਰਲੋਕ ਵਿਚ ਦੁੱਖ ਪਾਉਂਦਾ ਹੈ।

21. ਜੇ ਪਾਪ ਬਹੁਤਾ ਤੇ ਧਰਮ ਥੋੜ੍ਹਾ ਕਰਦਾ ਹੈ ਤਾਂ ਜੀਵ ਪ੍ਰਲੋਕ ਵਿਚ ਦੁੱਖ ਪਾਉਂਦਾ ਹੈ।

22. ਧਰਮ ਰਾਜ ਦਾ ਡੰਡ ਭੋਗਕੇ ਤੇ ਪਾਪਾਂ ਤੋਂ ਰਹਿਤ ਹੋ ਕੇ ਤੇ ਜਿਥੋਂ ਲੰਗ ਨਾਮ ਸਰੀਰ ਉਪਜਯਾ ਹੈ ਉਸੇ ਵਿਚ ਫਿਰ ਆਪੋ ਆਪਣੇ ਤੱਤ੍ਰ ਮਿਲ ਜਾਂਦੇ ਹਨ।

23. ਆਪਣੇ ਚੇਤੇ ਨਾਲ ਇਸ ਜੀਵਾਂ ਦਾ ਇਹ ਹਾਲ ਸਮਝਕੇ ਹਰ ਵੇਲੇ ਦਿਲ ਨੂੰ ਜਿੱਤੀ ਰਖੇ।

24. ਸਤੋ, ਰਜੋ, ਤਮੋ, ਇਹ ਤ੍ਰੈਵੇ ਮਹਤ ਤਤ ਆਤਮਾ ਦੇ ਗੁਣ ਹਨ ਇਨ੍ਹਾਂ ਗੁਣਾਂ ਦਾ ਬੰਧਜਾ ਹੋਇਆ ਸਾਰੀਆਂ ਚੀਜ਼ਾਂ ਵਿਚ ਪ੍ਰਪੱਕ ਹੋਇਆ ਹੈ।

25. ਤ੍ਰਿਹਾਂ ਗੁਣਾਂ ਵਿਚੋਂ ਜਿਸ ਸਰੀਰ ਵਿਚ ਜਿਹੜਾ ਗੁਣ ਵਧੀਕ ਹੈ, ਉਸ ਸਰੀਰ ਨੂੰ ਉਹ ਗੁਣ ਉਸੇ ਗੁਣ ਵਿਚ ਵਧਾਉਂਦਾ ਹੈ।

26. ਸਤੋ ਗਿਆਨ, ਤੇ ਤਮੋਂ ਅਗਿਆਨ ਚੰਗੀ ਚੀਜ਼ ਰਾਗ ਆਦਿ ਦੀ ਚਾਹ ਤੇ ਨਾ ਚੰਗੀ ਚੀਜ਼ ਦਵੈਖ ਆਦਿ ਤੇ ਰਜ ਇਹ ਦੋਵੇਂ ਰਜੋ ਹਨ, ਸਾਰਾ ਸੰਸਾਰ ਇਨ੍ਹਾਂ ਤ੍ਰਿਹਾਂ ਗੁਣਾਂ ਵਿਚ ਘਿਰਿਆ ਹੋਇਆ ਹੈ।

27. ਜਦੋਂ ਆਤਮਾ ਨੂੰ ਪ੍ਰੀਤ ਕਰਕੇ ਸ਼ਾਂਤ ਤੇ ਸਿਧ ਰੂਪ ਵੇਖੇ ਤਾਂ ਸਤੋ ਗੁਣ ਸਮਝੇ।

28. ਜਦੋਂ ਆਤਮਾ ਨੂੰ ਦੁਖੀ ਤੇ ਰਿੰਜ ਵੇਖੇ ਤਾਂ ਰਜੋ ਗੁਣ ਸਮਝੇ ਉਹ ਰਜੋ ਗੁਣ ਸਾਰਿਆਂ ਸਰੀਰਾਂ ਤੇ ਆਤਮਾ ਪਾਸੋਂ ਬੜੇ ਔਖ ਕਰਕੇ ਦੂਰ ਹੋਣ ਵਾਲਾ ਹੈ।

29. ਜਿਹੜੇ ਵੇਲੇ ਆਤਮਾ ਨੂੰ ਮੋਹ ਕਰਕੇ ਵਿਸ਼ੇ ਰੂਪ ਤੇ ਗੁਪਤ ਵੇਖੇ ਉਸ ਵੇਲੇ ਤਮੋ ਗੁਣ ਸਮਝੇ ਉਹ ਤਮੋ ਗੁਣ ਦਲੀਲ ਤੇ ਸਮਝਾਣ ਯੋਗ ਨਹੀਂ ਹੈ।

30. ਇਨ੍ਹਾਂ ਤ੍ਰਿਹਾਂ ਗੁਣਾਂ ਦਾ ਫਲ ਜਿਹੜਾ ਉੱਤਮ, ਮਧਜਮ ਤੇ ਮਾੜਾ ਹੈ ਉਸਨੂੰ ਕਥਨ ਕਰਾਂਗੇ।

31. ਵੇਦ ਦਾ ਪੜ੍ਹਨਾ, ਤਪ, ਗਿਆਨ, ਪਵਿੱਤ੍ਰ, ਇੰਦ੍ਰੀਆਂ ਦਾ ਜਿੱਤਣਾ, ਧਰਮੀ ਕਰਮ, ਵੇਦ ਅਨੁਸਾਰ ਚਲਣਾ ਆਤਮਚਤਿੰਤਾ ਸਭੇ ਸਤੋ ਗੁਣ ਦੇ ਲੱਛਣ ਹਨ।

32. ਕੰਮ ਦੇ ਅਰੰਭ ਵਿਚ ਚਾਹ ਤੇ ਸੰਤੋਖ ਨਾ ਹੋਣਾ, ਵੱਡੇ ਕਾਰਜ ਨੂੰ ਹੱਥ ਪਾਵਣਾ, ਮਹਾਂ ਪ੍ਰੇਮ ਵਿਸ਼ਿਆਂ ਵਿਚ, ਇਹ ਸਭੋ ਰਜੋ ਗੁਣ ਦੇ ਲੱਛਣ ਹਨ।

33. ਲੋਭ, ਸੌਣਾ, ਆਲਸਜ, ਸਖਤ ਸੁਭਾਵ, ਨਾਸਤ ਪੁਣਾ, ਭਲੇ ਕਰਮਾਂ ਤੇ ਨਾ ਚਲਣਾ, ਮੰਗਣਾ, (ਪਰਮਾਦ) ਜਾਣਕੇ ਭੁੱਲਣਾ ਇਹ ਸਾਰੇ ਤਮੋ ਗੁਣ ਦੇ ਲੱਛਣ ਹਨ।

34. ਤ੍ਰੈ ਵੇਲੇ ਵਰਤਣ ਵਾਲੇ ਤ੍ਰਿਹਾਂ ਗੁਣਾਂ ਦਾ ਹਾਲ ਤ੍ਰੈਵੇ ਗੁਣ ਤੇ ਗੁਣਾਂ ਦਾ ਲੱਛਣ ਵੀ ਸਮਝਣੇ ਯੋਗ ਹਨ।

35. ਮਨੁੱਖ ਜਿਹੜਾ ਕੰਮ ਕਰਕੇ ਜਾਂ ਕਰਦਿਆਂ ਜਾਂ ਕਰਨੇ ਦੀ ਚਾਹ ਕਰਦਿਆਂ ਸ਼ਰਮਵਾਣ ਵਾਲਾ ਬਣੇ ਉਸ ਕੰਮ ਨੂੰ ਸਿਆਣੇ ਪੰਡਿਤ ਤਾਮਸ ਗੁਣ ਦਾ ਲੱਛਣ ਸਮਝਣ।

36. ਜਿਹੜਾ ਕੰਮ ਕਰਕੇ ਇਸ ਪ੍ਰਿਥਵੀ ਤੇ ਆਪਣੀ ਮਸ਼ਹੂਰੀ ਹੋਵਣ ਦੀ ਚਾਹ ਕਰਦਾ ਹੈ ਤੇ ਕਰਕੇ ਰਿੰਜਗੀ ਨਹੀਂ ਕਰਦਾ ਉਸ ਕਰਮ ਨੂੰ ਰਾਜਸ ਗੁਣ ਦਾ ਲੱਛਣ ਸਮਝੋ।

37. ਜਿਹੜਾ ਕੰਮ ਸਭਨਾਂ ਚੰਗਿਆਂ ਢੰਗਾਂ ਕਰਕੇ ਵੇਦ ਦੇ ਅਰਥ ਜਾਣਨ ਦੀ ਚਾਹ ਕਰਦਾ ਹੈ ਤੇ ਜੋ ਕੰਮ ਕਰਦਿਆਂ ਕੋਈ ਸ਼ਰਮ ਨਹੀਂ ਆਂਵਦੀ ਤੇ ਜਿਹੜਾ ਕੰਮ ਕੀਤਿਆਂ ਮਨੁੱਖ ਦਾ ਦਿਲ ਖੁਸ਼ ਹੁੰਦਾ ਹੈ ਤੇ ਰੱਜਦਾ ਹੈ ਉਹ ਕਰਮ ਨੂੰ ਸਤੋਗੁਣ ਲੱਛਣ ਵਾਲਾ

ਸਮਝਣਾ।

38. ਤਮੋ ਗੁਣ ਦਾ ਲੱਛਣ ਕਾਮਦੇਵ ਹੈ ਤੇ ਰਜੋ ਗੁਣ ਦਾ ਲੱਛਣ ਕਾਮਨਾ ਹੈ ਤੇ ਸਤੋ ਗੁਣ ਦਾ ਲੱਛਣ ਧਰਮ ਹੈ ਇਨ੍ਹਾਂ ਵਿਚੋਂ ਇਕ ਦੂਜੇ ਨਾਲੋਂ ਪਿਛਲਾ ਸ੍ਰੇਸ਼ਟ ਹੈ।

39. ਜਿਸ ਗੁਣ ਕਰਕੇ ਜੀਵ ਜਿਹੜੀ ਹਾਲਤ ਨੂੰ ਪਾਉਂਦਾ ਹੈ ਉਸ ਸਾਰੇ ਸੰਸਾਰ ਦੀ ਹਾਲਤ ਨੂੰ ਮੈਂ ਸੰਖੇਪ ਕਥਨ ਕਰਾਂਗਾ।

40. ਸਤੋ ਗੁਣ ਦੇਵ ਭਾਵ ਨੂੰ ਤੇ ਰਜੋ ਗੁਣ ਮਨੁੱਖ ਭਾਵ ਨੂੰ ਤੇ ਤਮੋਗੁਣ ਵਾਲੇ ਪਸ਼ੂ ਪੰਛੀ ਦੇ ਭਾਵ ਨੂੰ ਪਾਉਂਦੇ ਹਨ ਇਹ ਤ੍ਰੈ ਪ੍ਰਕਾਰ ਦੀ ਹਾਲਤ ਹੈ।

41. ਸਤੋ ਗੁਣ ਆਦਿ ਤ੍ਰੈ ਗੁਣਾਂ ਕਰਕੇ ਤ੍ਰੈ ਪ੍ਰਕਾਰ ਦੀ ਜਿਹੜੀ (ਗਤ) ਹਾਲਤ ਕਥਨ ਕੀਤੀ ਉਹ ਮੁਲਕ ਤੇ ਵੇਲੇ ਆਦਿ ਦੇ ਵਾਧੇ ਘਾਟੇ ਕਰਕੇ ਤੇ ਸੰਸਾਰ ਦੇ ਕਰਮਾਂ ਦੇ ਚਲਣੇ ਦੇ ਸਬਬੋਂ ਚੰਗਾ ਵਿਚਕਾਰਲਾ ਮਾੜਾ ਇਨ੍ਹਾਂ ਤ੍ਰਿਹਾਂ ਪ੍ਰਕਾਰਾਂ ਦੀ ਗਤਿ ਸਮਝਣਾ।

42. ਬ੍ਰਿਛ ਤੇ ਨਿੱਕੇ ਵੱਡੇ ਕੀੜੇ ਮਵੀਨ ਸੱਪ ਪਸ਼ੂ ਹਰਨ ਕੁਮਾ ਇਨ੍ਹਾਂ ਸਭਨਾਂ ਗੁਣਾਂ ਨੂੰ ਤਮੋ ਦੀ ਭੈੜੀ ਨੀਚ ਗਤ ਜਾਨਣਾ।

43. ਹਾਥੀ, ਘੋੜਾ, ਸ਼ੂਦਰ, ਮਲੇਛ ਸ਼ੇਰ ਬਘਿਆੜ, ਸੂਰ ਇਨ੍ਹਾਂ ਸਭਨਾਂ ਗੁਣਾਂ ਨੂੰ ਤਮੋਗੁਣ ਦੀ ਵਿਚਲੀ ਮੱਧਜਮ ਗਤ ਸਮਝਣਾ।

44. ਨਟ ਪੰਖੀ ਫਰੇਬ ਦਾ ਧਰਮ ਕਰਨ ਵਾਲੇ ਮਨੁੱਖ ਰਾਕਸ਼ ਜਿੰਨ ਪਿਸਾਚ ਇਨ੍ਹਾਂ ਗੁਣਾਂ ਨੂੰ ਤਮੋਗੁਣ ਦੀ ਉੱਤਮ ਚੰਗੀ ਗਤ ਸਮਝਣਾ।

45. ਬਰਾਯਤਾ ਖੱਤਰੀ ਦੀ ਹਮਜਾਤ ਤੀਵੀਂ ਵਿਚੋਂ ਉਪਜੀ ਹੋਈ ਸੰਤਾਨ ਜਿਸਦਾ ਕਥਨ ਦਸਵੇਂ ਅਧਿਆਇ ਵਿਚ ਹੋਇਆ ਹੈ ਤੇ (ਝਲ) ਸੋਟੀ ਨਾਲ ਮਾਰਨ ਵਾਲੇ ਤੇ (ਮਲ) ਪਹਿਲਵਾਨ ਤੇ ਨਟ ਅਖਾੜੇ ਕਰਨ ਵਾਲੇ ਤੇ ਹਥਿਆਰਾਂ ਨਾਲ ਗੁਜ਼ਾਰਾ ਕਰਨ ਵਾਲੇ ਜੁਆਰੀਏ ਸ਼ਰਾਬੀ ਇਹ ਸਭੇ ਗੁਣ ਰਜੋਗੁਣ ਦੀ ਨੀਚ ਗਤ ਸਮਝਣਾ।

46. ਰਾਜਾ ਖਤ੍ਰੀ ਰਾਜੇ ਦਾ ਪਰੋਹਤ ਵਿਦਿਆ ਦੇ ਝਗੜੇ ਨੂੰ ਚੰਗਾ ਸਮਝਣੇ ਵਾਲਾ ਦੁਖ ਨੂੰ ਵੀ ਚੰਗਾ ਜਾਨਣੇ ਵਾਲਾ ਇਹ ਸਭੇ ਗੁਣ ਰਜੋ ਗੁਣ ਦੀ ਮਧਮ ਗਤ ਸਮਝੇ।

47. ਗੰਧਰਬ, ਖਜਕ, ਜਖਜ ਤੇ ਦੇਵਤਿਆਂ ਦੇ ਪਿੱਛੇ ਤੁਰਨ ਵਾਲੇ ਵਿਦਿਆਧਰ ਤੇ ਅਪੱਛਰਾਂ ਇਹ ਸਾਰੇ ਗੁਣ ਹੀ ਰਜੋ ਗੁਣ ਦੀ ਉੱਤਮ ਗਤ ਸਮਝਣਾ।

48. ਤਪਸੀ, ਯਤੀ, ਬ੍ਰਾਹਮਣ ਤੇ ਖਿਨਾਂ ਅਪਛਰਾਂ ਦੇ ਪੁਸ਼ਪ ਬਿਬਾਨ ਤੇ ਚੜ੍ਹਕੇ ਤੁਰਨੇ ਵਾਲੇ ਤੇ ਤਾਰੇ ਤੇ ਦੈਂਤ ਇਨ੍ਹਾਂ ਸਭਨਾ ਨੂੰ ਸਤੋ ਗੁਣ ਦੀ ਨੀਂਦ ਗਤ ਸਮਝਣਾ।

49. ਯੱਗ ਕਰਨੇ ਵਾਲੇ ਰਿਖੀ ਦੇਵਤੇ ਵੇਦ ਅਨੁਸਾਰ ਚਲਣੇ ਵਾਲੇ ਜੋਤਿ ਸਗਨ ਖਿਵਤਸਰ ਪਿਤਰ ਗੁਨ, ਸਾਧੂ ਲੋਕ, ਇਨ੍ਹਾਂ ਸਭਨਾਂ ਗਤੀਆਂ ਨੂੰ ਸਤੋ ਗੁਣ ਮਧਮ ਗਤ ਸਮਝਣਾ।

50. ਬ੍ਰਹਮਾ ਜੀ ਤੇ ਸਾਰੇ ਜਗਤ ਨੂੰ ਉਤਪਤ ਕਰਨੇ ਵਾਲੇ ਤੇ ਸਭੇ ਪਰਜਾ ਪਤ ਧਰਮ ਮਹੱਤਤ ਇਨ੍ਹਾਂ ਸਭਨਾਂ ਗਤੀਆਂ ਨੂੰ ਸਤੋਗੁਣ ਦੀ ਉੱਤਮ ਗਤ ਸਮਝਣਾ।

51. ਮਨ, ਬਾਣੀ, ਸਰੀਰ ਤ੍ਰਿਹਾਂ ਕਰਮਾਂ ਦੇ ਸਾਧਨ ਵਿਚ ਇਨ੍ਹਾਂ ਤ੍ਰਿਹਾਂ ਕਰਮਾਂ ਕਰਕੇ ਤਿੰਨ ਪ੍ਰਕਾਰ ਦੇ ਕਰਮ ਸਤੋ ਰਜੋ ਤਮੋ ਹੋਏ ਤੇ ਨੀਚ ਮਧਜਮ, ਉੱਤਮ ਦੇ ਸਬੱਬੋਂ ਇਕ ਇਕ ਤਿੰਨ ਪ੍ਰਕਾਰ ਦੇ ਹੋਏ ਸਾਰੇ ਇਕੱਠੇ ਕੀਤਿਆਂ 9 ਬਣਦੇ ਹਨ ਸਾਰਾ ਜਗਤ ਪੰਜਾਂ ਤੱਤਾਂ ਤੋਂ ਬਣਿਆ ਹੋਇਆ ਹੈ ਇਸ ਨੂੰ ਮੈਂ ਦਸਣੇ ਦੇ ਵਾਸਤੇ ਕਥਨ ਕੀਤਾ ਇਸ ਕਰਕੇ ਹੋਰ ਗਤੀਆਂ ਹੋਰਨਾ ਪੁਸਤਕਾਂ ਵਿਚੋਂ ਦੇਖੋ।

52. ਮਨੁੱਖਾਂ ਵਿਚੋਂ ਮੂਰਖ ਤੇ ਨੀਚ ਮਨੁੱਖ ਮਨ ਦੇ ਪ੍ਰੇਰਨੇ ਨੂੰ ਮੰਨਕੇ ਧਰਮ ਕੀਤਾ ਹੋਇਆ ਤਿਆਗ ਕੀਤਿਆਂ ਭੈੜੀ ਗਤ ਨੂੰ ਪ੍ਰਾਪਤ ਹੁੰਦਾ ਹੈ।

53. ਇਸ ਦੁਨੀਆਂ ਤੇ ਜਿਸ ਤਰ੍ਹਾਂ ਕਰਮਾਂ ਅਨੁਸਾਰ ਜਿਹੜੀਆਂ ਜੂਨਾ ਨੂੰ ਪਾਉਂਦਾ ਹੈ ਉਹ ਸਭੇ ਕਥਨ ਕਰਨੇ ਹਾਂ।

54. ਬਹੁਤੇ ਬਰਸਾਂ ਤੱਕ ਘੋਰ ਨਰਕ ਨੂੰ ਭੋਗਕੇ ਪਾਪਾਂ ਨੂੰ ਛੱਡਦੇ ਹਨ ਤੇ ਬਾਕੀ ਬਚੇ ਪਾਪ ਦੇ ਅਨੁਸਾਰ ਮਹਾਂ ਪਾਪੀ ਮਨੁੱਖ ਜਗਤ ਵਿਚ ਜਨਮ ਪਾਉਂਦੇ ਹਨ।

55. ਬ੍ਰਾਹਮਣ ਨੂੰ ਮਾਰਨੇ ਵਾਲਾ ਕੁੱਤਾ, ਸੂਰ, ਖੋਤਾ, ਊਠ, ਗਾਏ, ਭੇਡ, ਹਰਨ, ਪੰਛੀ, ਚੰਡਾਲ, (ਪੁਕਸ) ਮਲੇਛ ਇਹਨਾਂ ਦੀ ਜੂਨ ਵਿਚ ਜਾਂਦਾ ਹੈ।

56. ਨਿੱਕੇ ਵੱਡੇ ਕੀੜੇ, ਭੰਬਟ, ਵਿਸ਼ਟਾ ਖਾਣੇ ਵਾਲੇ ਪੰਛੀ ਮਾਰਨ ਦੀ ਆਦਤ ਵਾਲੇ ਸ਼ੇਰ ਆਦਿ ਦੀ ਜੂਨ ਵਿਚ ਸ਼ਰਾਬ ਪੀਣ ਵਾਲਾ ਬ੍ਰਾਹਮਣ ਜਾਂਦਾ ਹੈ।

57. ਕਰੂੰਡੀ ਸੱਪ, ਸਾਹਨੇ ਪਾਣੀ ਦੇ ਜੀਵ ਡਿੰਗੇ ਤੁਰਨ ਵਾਲੇ ਜੀਵ ਪਿਸਾਚ ਹੋਰ ਮਾਰਨੇ ਦੀ ਆਦਤ ਵਾਲੇ ਜੀਵ ਇਹਨਾਂ ਦੀਆਂ ਜੂਨਾਂ ਵਿਚ ਸੋਨਾ ਚੁਰਾਉਣ ਵਾਲਾ ਬ੍ਰਾਹਮਣ ਹਜਾਰਾਂ ਵਾਰੀ ਜਾਂਦਾ ਹੈ।

58. ਘਾਹ ਤੇ (ਦੂਬ) ਖਬਲ ਆਦਿ (ਗਿਲਮਲਤਾ) ਜਿਮੀ ਵਿਚ ਦਾ ਫਲ ਕੱਚਾ ਮਾਸ ਖਾਣ ਵਾਲੇ ਗਿੱਦੜ ਆਦਿ ਤੇ ਹਣਿਓ ਵਾਲੇ ਸ਼ੇਰ ਆਦਿ (ਕਰੂਰ) ਕਠੋਰ ਕੰਮ ਕਰਨ ਦੀ ਜਿਨ੍ਹਾਂ ਜਾਨਵਰਾਂ ਦੀ ਆਦਤ ਹੈ ਬਘਿਆੜ ਆਦਿ ਦੀ ਜੂਨ ਵਿਚ ਮਾਤਾ ਦੇ ਭੋਗ ਕਰਨ ਵਾਲਾ ਸੈਂਕੜੇ ਵਾਰੀ ਜਾਂਦਾ ਹੈ।

59. ਜੀਵ ਦੇ ਮਾਰਨ ਦੀ ਆਦਤ ਵਾਲੇ ਤੇ ਕੱਚਾ ਮਾਸ ਖਾਣ ਵਾਲੇ ਤੇ ਨਾ ਖਾਣ ਵਾਲੀ ਚੀਜ਼ ਖਾਣ ਵਾਲੇ ਛੋਟੇ ਕੀੜੇ ਬਣਦੇ ਹਨ ਤੇ ਮਹਾਂ ਪਾਪੀਆਂ ਤੇ ਬਿਨਾਂ ਮਾਮੂਲੀ ਚੋਰ ਰਲਕੇ ਮਾਸ ਖਾਣ ਵਾਲੇ ਜੀਵਾਂ ਦੀ ਜੂਨ ਪਾਉਂਦੇ ਹਨ ਤੇ ਭੰਗਣ ਦੇ ਭੋਗਣ ਵਾਲਾ ਪ੍ਰੇਤ ਬਣਦਾ ਹੈ।

60. ਭ੍ਰਿਸ਼ਟ ਮਨੁੱਖਾਂ ਨਾਲ ਮੇਲ ਮੁਲਾਕਾਤ ਕਰਨੀ ਪਰਾਈ ਤੀਵੀਂ ਭੋਗਣਾ ਬ੍ਰਾਹਮਣਾਂ ਦਾ

ਸੋਨਾ ਚੁਰਾਣਾ ਇਹੋ ਜਿਹੇ ਕਰਮ ਕੀਤਿਆਂ ਬ੍ਰਹਮ ਰਾਕਸ਼ ਬਣਦਾ ਹੈ।

61. ਲੋਭ ਨਾਲ ਮਣੀਆਂ ਹੀਰੇ ਮੋਤੀ ਚੁਰਾਇਆਂ ਸੁਨਿਆਰ ਬਣਦਾ ਹੈ।

62. ਅਨਾਜ ਚੁਰਾਇਆਂ ਚੂਹਾਂ ਤੇ ਕਹਯੋਂ ਚੁਰਾਇਆਂ ਹੰਸ ਤੇ ਪਾਣੀ ਚੁਰਾਇਆਂ ਪਲੂ ਨਾਮ ਜੀਵ ਤੇ ਮਾਖਿਓਂ ਚੁਰਾਇਆਂ ਜੰਗਲ ਦੇ ਮਾਛੀ ਤੇ ਦੁੱਧ ਚੁਰਾਇਆਂ ਕਾਂ ਤੇ ਰਸ ਨੂੰ ਚੁਰਾਇਆਂ ਕੁੱਤਾ ਤੇ ਘਿਓ ਚੁਰਾਇਆਂ ਨੇਵਲਾ ਬਣਦਾ ਹੈ।

63. ਮਾਸ 1, ਚਰਬੀ 2, ਤੇਲ 3, ਲੂਣ 4, ਦਹੀਂ 5 ਦੇ ਚੁਰਾਇਆਂ ਵਾਰੀ ਲਿਖੀ ਅਨੁਸਾਰ ਖੋਤਾ 1 ਪਾਣੀ ਉਤੇ ਰਹਿਣੇ ਵਾਲਾ ਪੰਛੀ। 2 ਤੇਲ 3 ਪਕ ਪੰਖੀ ਤੇ ਝੀਂਗੜ 4 ਬਿਲਾਕਾਂ 5 ਪੰਛੀ ਹੁੰਦਾ ਹੈ।

64. ਕੀੜਿਆਂ ਦੇ ਇਕ ਢਿਡੋਂ ਕਢੇ ਹੋਏ ਸੂਤਰ ਦਾ ਕੱਪੜਾ ਤੇ ਅਲਸੀ ਦੀ ਛਿੱਲ ਦਾ ਬਣਿਆ ਹੋਇਆ ਕਪੜਾ ਤੇ ਕਪਾਹੀ 3 ਕਪੜਾ ਗਊ 4 ਤੇ ਗੁੜ 5 ਦੇ ਚੁਰਾਇਆਂ ਵਾਰੀ ਨਾਲ ਭੰਬੀਰੀ 1 ਡੱਡੂ, 2 ਕਰੁਜ਼ੂ, 3 ਗੋਹ, 4 ਗੁਦਰ, 5 ਪੰਛੀ ਬਣਦਾ ਹੈ।

65. ਮੁਸ਼ਕ ਕਪੂਰ ਚੁਰਾਵੇ ਤਾਂ ਛਛੂੰਦਰ, ਬਾਥੂ ਸਾਗ ਆਦਿ ਚੁਰਾਵੇ ਤਾਂ ਮੋਰ ਭਤ ਤੇ ਸੱਤੂ ਆਦਿ ਚੁਰਾਵੇ ਤਾਂ ਕੁੱਤਾ ਤੇ ਜੌਂ ਯਾਂ ਕਨਕ ਚੁਰਾਵੇ ਤਾਂ ਸਹਿਆ ਬਣਦਾ ਹੈ।

66. ਅਗਨ ਜਾਂ ਧੂਪ ਚੁਰਾਵੇ ਤਾਂ ਬਗਲਾ ਜੇ ਮੋਹਲੀ ਆਦਿਕ ਘਰ ਵਿਚੋਂ ਬਰਤਨ ਚੁਰਾਵੇ ਤਾਂ ਬਿਲੀ ਰਤਾ ਕਪੜਾ ਚੁਰਾਵੇ ਤਾਂ ਚਕੋਰ ਬਣਦਾ ਹੈ।

67. ਹਰਨ ਜਾਂ ਹਾਥੀ ਦੇ ਚੁਰਾਇਆਂ (ਭੰਡਾਰ) ਬਿੱਲਾ, ਘੋੜਾ, ਚੁਰਾਇਆਂ ਬਘਿਆੜ ਫਲ ਜਾਂ ਫੁਲ ਦੇ ਚੁਰਾਇਆਂ ਬਾਂਦਰ ਤੀਵੀਂ ਚੁਰਾਵੇ ਤਾਂ ਰਿੱਛ ਪੀਣ ਵਾਲਾ ਜਲ ਚੁਰਾਵੇ ਤਾਂ ਬਬੀਹਾ ਪੰਛੀ ਸਵਾਰੀ ਚੁਰਾਵੇ ਤਾਂ ਊਠ ਪਸੂ ਚੁਰਾਵੇ ਤਾਂ ਬੱਕਰਾ ਬਣਦਾ ਹੈ।

68. ਪਰਾਇਆ ਧਨ ਚੁਰਾਵੇ ਤੇ ਦੇਵਤੇ ਨੂੰ ਭੋਗ ਲਗਾਏ ਬਿਨਾਂ ਖਾਵੇ ਸਰਪਰ ਡਿੰਗਾ ਚਲਣ ਵਾਲੇ ਜੀਵਾਂ ਦੀ ਜੂਨ ਪਾਉਂਦਾ ਹੈ।

69. ਤੇ ਤੀਵੀਆਂ ਵੀ ਉਪਰ ਲਿਖੇ ਕਰਮ ਕਰਨ ਤਾਂ ਉਪਰ ਲਿਖੀਆਂ ਜੂਨਾਂ ਪਾਉਂਦੀਆਂ ਹਨ ਤੇ ਤੀਵੀਂ ਦੀ ਜੂਨ ਹੀ ਉਸ ਜਨਮ ਵਿਚ ਵੀ ਰਹਿੰਦੀਆਂ ਹਨ।

70. ਜੇ ਬਿਨਾਂ ਕਸ਼ਟ ਦੇ ਚਵਾਂਹ ਵਰਨਾਂ ਵਿਚੋਂ ਕੋਈ ਵਰਨ ਵੀ ਆਪਣਾ ਕਰਮ ਤਿਆਗੇ ਤਾਂ ਪਾਪ ਰੂਪ ਭੈੜੀ ਜੂਨ ਵਿਚ ਜਾ ਕੇ ਤੇ ਆਪਣੇ ਵੈਰੀਆਂ ਦੇ ਟਹਿਲੀਏ ਬਣਦੇ ਹਨ।

71. ਆਪਣੇ ਧਰਮ ਤੋਂ ਗਿਰਿਆ ਹੋਇਆ ਬ੍ਰਾਹਮਣ ਕੈ ਕੀਤੀ ਹੋਈ ਖਾਣ ਵਾਲਾ ਉਨਕਲਾਮਖ ਨਾਮ ਪ੍ਰੇਤ ਬਣਦਾ ਹੈ ਤੇ ਖੱਤਰੀ ਆਪਣੇ ਧਰਮੋਂ ਗਿਰਿਆ ਹੋਇਆ ਝਾੜਾ ਪੇਸ਼ਾਬ ਖਾਣ ਵਾਲਾ ਕਪਟੂ ਨਾਮ ਪ੍ਰੇਤ ਬਣਦਾ ਹੈ।

72. ਜਿਹੜਾ ਵੈਸ਼ਜ ਅਪਣੇ ਧਰਮੋਂ ਗਿਰੇ ਉਹ ਪਾਕ੍ਰਤ ਨੂੰ ਖਾ ਲੈਣੇ ਵਾਲਾ ਮਤੀ ਰਾਕਸ਼ ਨਾਮ ਪ੍ਰੇਤ ਬਣਦਾ ਹੈ ਤੇ ਸ਼ੂਦਰ ਆਪਣੇ ਧਰਮ ਤੋਂ ਗਿਰਿਆ ਹੋਵੇ ਤਾਂ ਉਹ ਕੀੜੇ ਖਾਣ

ਵਾਲਾ ਪ੍ਰੇਤ ਬਣਦਾ ਹੈ।

73. ਵਿਸ਼ਿਆਂ ਵਿਚ ਮਨ ਨੂੰ ਲਗਾਵਣ ਵਾਲਾ ਮਨੁੱਖ ਜਿਉਂ-ਜਿਉਂ ਵਿਸ਼ਿਆਂ ਨੂੰ ਚੰਗਾ ਸਮਝਦਾ ਹੈ ਉਸੇ ਹਾਰ ਤਿਵੇਂ-ਤਿਵੇਂ ਵਿਸ਼ੇ ਵਧਦੇ ਜਾਂਦੇ ਹਨ।

74. ਉਹ ਸਾਰੇ ਘੱਟ ਸਮਝ ਵਾਲੇ ਉਸ ਪਾਪ ਕਰਮਾਂ ਦੇ ਵਾਧੇ ਨਾਲ ਉਨ੍ਹਾਂ ਹੀ ਜੂਨਾ ਵਿਚ ਦੁਖ ਭੋਗਦੇ ਹਨ।

75. ਤੇ ਤਾਸਤ੍ਰਤ ਤਿਤਰਬਨ ਬੰਧਨ ਛੇਦਨ ਨਾਮ ਜੋ ਨਰਕ ਪਿਛੇ ਧਿਆਇ ਚੌਥੇ ਦੇ ਅੰਗ 89 ਤੇ 90 ਵਿਚ ਲਿਖੇ ਹਨ ਉਨ੍ਹਾਂ ਨਰਕਾਂ ਵਿਚ ਦੁਖ ਭੁਗਤਦੇ ਹਨ।

76. ਤੇ ਕਈ ਪ੍ਰਕਾਰ ਦੇ ਦੁਖ ਪਾਉਂਦੇ ਹਨ ਤੇ ਉਨ੍ਹਾਂ ਨੂੰ ਕਾਉਂ ਤੇ ਉਲੂ ਆਦਿ ਪੰਛੀ ਖਾਂਦੇ ਹਨ ਤੇ ਗਰਮ ਰੇਤੇ ਦੀ ਗਰਮੀ ਸਹਾਰਦੇ ਹਨ ਤੇ ਬੜੇ ਡਰਾਉਣੇ ਕੁੰਭੀ ਨਾਮ ਨਰਕ ਨੂੰ ਭੁਗਤਦੇ ਹਨ।

77. ਹਮੇਸ਼ਾ ਬੜੇ ਦੁਖਦਾਈ ਮਾੜੀਆਂ ਜੂਨਾ ਵਿਚ ਉਤਪਤ ਤੇ ਪਾਲੇ, ਗਰਮੀ ਦਾ ਦੁੱਖ, ਤੇ ਕਈ ਪ੍ਰਕਾਰ ਦਾ ਡਰ ਪਾਉਂਦੇ ਹਨ।

78. ਫਿਰ ਫਿਰ ਗਰਭ ਵਿਚ ਆਵਣਾ ਤੇ ਜਨਮ ਮਰਨ ਦਾ ਦੁੱਖ ਤੇ ਦੂਜੇ ਦੇ ਕਾਬੂ ਆ ਕੇ ਉਸਦੀ ਆਗਿਆ ਦਾ ਮੰਨਣਾ ਇਹੋ ਜਿਹੇ ਦੁੱਖ ਪਾਉਂਦੇ ਰਹਿੰਦੇ ਹਨ।

79. ਭਰਾਵਾਂ ਤੇ ਪਿਆਰਿਆਂ ਸਬੰਧੀਆਂ ਤੋਂ ਵਿਛੋੜਾ ਤੇ ਭੈੜੇ ਮਨੁੱਖਾਂ ਵਿਚ ਰਿਹਾਇਸ਼ ਤੇ ਧਨ ਇਕੱਠਾ ਹੋ ਕੇ ਫਿਰ ਮੁੱਕ ਜਾਵਣਾ ਤੇ ਮਿਤ੍ਰਾਂ ਵੈਰੀਆਂ ਦਾ ਮੇਲ ਹੋਣਾ ਇਹ ਸਭ ਕੰਮ ਵੇਖਦੇ ਤੇ ਦੁਖੀ ਹੁੰਦੇ ਹਨ।

80. ਨਾ ਦਵਾਈ ਦੇ ਯੋਗ ਬੁਢਾਪਾ ਤੇ ਰੋਗਾਂ ਦੇ ਦੁੱਖ ਤੇ ਕਈ ਪ੍ਰਕਾਰ ਦੇ ਦੁੱਖ ਸਹਾਰਨ ਤੋਂ ਪਿਛੋਂ ਮੌਤ ਨੂੰ ਪਾਉਂਦੇ ਹਨ।

81. ਜਿਹੜੇ ਖਿਆਲ ਨਾਲ ਜਿਸ *ਕਰਮ ਨੂੰ ਕਰਦਾ ਹੈ ਉਹੋ ਸਰੀਰ ਨੂੰ ਧਾਰਕੇ ਉਸ ਕਰਮ ਦੇ ਫਲ ਨੂੰ ਭੋਗਦਾ ਹੈ।

82. ਇਹ ਸਾਰਿਆਂ ਕਰਮਾਂ ਦਾ ਫਲ ਕਥਨ ਕੀਤਾ ਤੇ ਹੁਣ ਬ੍ਰਾਹਮਣ ਨੂੰ ਮੁਕਤ ਦੇਣ ਵਾਲੇ ਕਰਮਾਂ ਦਾ ਕਥਨ ਕਰਦੇ ਹਾਂ।

83. ਵੇਦ ਪੜ੍ਹਨਾ, ਜਪ, ਗਿਆਨ, ਇੰਦ੍ਰੀਆਂ ਦਾ ਨੇਮ (ਅਹਿੰਸਾ) ਜੀਵ ਨਾ ਮਾਰਨ, ਗੁਰੂ ਦੀ ਸੇਵਾ, ਇਹ ਸਾਰੇ ਕੰਮ ਹੀ ਭਾਰੀ ਕਲਿਆਣ ਦੇ ਦਾਤੇ ਹਨ।

84. ਇਨ੍ਹਾਂ ਸਭਨਾ ਭਲੇ ਕਰਮਾਂ ਵਿਚੋਂ ਸਭੇ ਕਰਮ ਮਨੁੱਖਾਂ ਨੂੰ ਮੁਕਤੀ ਦੇ ਵਾਸਤੇ ਬੜੇ

---

*ਭਾਈ, ਸਾਤਕ, ਰਾਜਸ, ਤਾਮਸ ਦੇ ਖਿਆਲ ਵਿਚ ਹੋ ਕੇ ਇਸ਼ਨਾਨ ਦਾਨ ਜੋਗ ਆਦਿ ਕਰੇ ਤਾਂ ਬਹੁਤਾ ਸਤੋ ਗੁਣ ਵਾਲਾ ਯਾ ਬਹੁਤ ਹੀ ਰਜੋਗੁਣ ਵਾਲਾ ਯਾ ਬਹੁਤ ਹੀ ਤਮੋਗੁਣ ਵਾਲਾ ਸਰੀਰ ਧਾਰਕੇ ਉਸ ਕਰਮ ਦੇ ਫਲ ਨੂੰ ਭੋਗਦਾ ਹੈ।

ਕਲਿਆਣ ਦੇਣ ਵਾਲੇ ਹਨ।

85. ਸਾਰਿਆਂ ਕਰਮਾਂ ਵਿਚੋਂ ਆਤਮਾ ਦਾ ਜਾਣਨਾ ਸ੍ਰੇਸ਼ਟ ਹੈ ਕਿਉਂ ਜੋ ਉਸੇ ਕਰਕੇ ਹੀ ਮੁਕਤ ਹੁੰਦਾ ਹੈ।

86. ਪਹਿਲੇ ਕੀਤੇ ਹੋਏ ਵੇਦ ਅਭਿਆਸ ਛੇ ਕਰਮਾਂ ਵਿਚ ਵੇਦਾਂ ਵਿਚ ਕਥਨ ਕੀਤਾ ਹੋਇਆ ਕਰਮ, ਆਤਮ ਗਿਆਨ ਇਸ ਲੋਕ ਤੇ ਪ੍ਰਲੋਕ ਵਿਚ ਮੁਕਤ ਵਾਸਤੇ ਹਰ ਵੇਲੇ ਸਮਝਣ ਯੋਗ ਹੈ।

87. ਉਸੇ ਕਿਰਪਾ ਰੂਪ ਵੇਦਕ ਕਰਮ ਜੋਗ, ਬ੍ਰਹਮ ਉਪਾਸ਼ਨਾ ਵਿਚ ਇਹ ਸਾਰਾ ਵੇਦ ਅਭਿਆਸ ਆਦਿ ਮੁਕ ਜਾਂਦੇ ਹਨ ਜਦੋਂ ਬ੍ਰਹਮ ਉਪਾਸ਼ਨਾ ਪ੍ਰਾਪਤ ਹੋਵੇ ਤਾਂ ਹੋਰ ਕੋਈ ਸਾਧਨ ਪਿੱਛੇ ਨਹੀਂ ਰਹਿ ਜਾਂਦਾ।

88. ਵੇਦਾਂ ਵਿਚ ਦੋ ਪ੍ਰਕਾਰ ਦਾ ਕਰਮ ਲਿਖਿਆ ਹੈ ਇਕ ਪਰ ਬਰਤ ਤੇ ਦੂਜਾ ਨਿਬਰਤ ਖੁਸ਼ੀ ਤੇ ਵਾਧੇ ਦੇ ਦੇਣ ਵਾਲਾ ਹੈ ਦੇਖੋ ਜੋਤ ਸਮੋਜ ਯੱਗ ਆਦਿ ਸੁਖਦਾਈ ਸਵਰਗ ਆਦਿ ਦੇਂਦਾ ਹੈ ਪਰ ਫਿਰ ਜਗਤ ਉਪਰ ਲੈ ਆਂਵਦਾ ਹੈ ਇਸ ਕਰਕੇ ਪਰਬਤ ਅਖਵਾਉਂਦਾ ਹੈ ਤੇ ਨਿਬ੍ਰਤ ਮੁਕਤ ਦਾਇਕ ਹੈ, ਜਿਹੜਾ ਕਰਮ ਮੁਕਤ ਵਾਸਤੇ ਹੈ ਉਹ ਨਿਬ੍ਰਤ ਹੈ ਫੇਰ ਜਗਤ ਵਿਚ ਨਹੀਂ ਲਿਆਉਂਦਾ।

89. ਇਸ ਲੋਕ ਤੇ ਪ੍ਰਲੋਕ ਦੀਆਂ ਕਾਮਨਾ ਪੂਰੀਆਂ ਕਰਨ ਲਈ ਜਿਹੜਾ ਕਰਮ ਹੈ ਉਹ ਪਰਬ੍ਰਤ ਅਖਵਾਉਂਦਾ ਹੈ ਅਤੇ ਪੂਰੇ ਗਿਆਨ ਵਾਲਾ ਕਰਮ ਨਿਬ੍ਰਤ ਅਖਵਾਉਂਦਾ ਹੈ।

90. ਪਰਬ੍ਰਿਤ ਕਰਮ ਕੀਤਿਆਂ ਦੇਵਤਿਆਂ ਜੇਹਿਆ ਹੁੰਦਾ ਹੈ ਤੇ ਨਿਬ੍ਰਤ ਕਰਮ ਦੇ ਕੀਤਿਆਂ ਪ੍ਰਿਥਵੀ ਆਦਿ ਪੰਜਾਂ ਤੱਤਾਂ ਨੂੰ ਜਿੱਤਦਾ ਹੈ ਤੇ ਫਿਰ ਜੂਨਾ ਵਿਚ ਨਹੀਂ ਆਂਵਦਾ।

91. ਸਭ ਜੀਵਾਂ ਵਿਚ ਆਪਣੇ ਆਤਮਾ ਤੇ ਆਪਣੇ ਵਿਚ ਜੀਵਾਂ ਦੇ ਆਤਮਿਆਂ ਨੂੰ ਸਮਝਕੇ ਉੱਤਮ ਯੱਗ ਕਰਨ ਵਾਲਾ ਮਨੁੱਖ ਬ੍ਰਹਮ ਭਾਓ ਨੂੰ ਪ੍ਰਾਪਤ ਹੁੰਦਾ ਹੈ।

92. ਬ੍ਰਾਹਮਣ ਅਰਥਾਤ ਬ੍ਰਹਮ ਗਿਆਨੀ ਅਗਨ ਹੋਤ੍ਰ ਆਦਿ ਕਰਮਾਂ ਨੂੰ ਤਿਆਗਕੇ ਬ੍ਰਹਮ ਧਿਆਨ, ਇੰਦ੍ਰੀਆਂ ਜਿੱਤਣੀਆਂ (ਪ੍ਰਣੋਦ) ਵੇਦ ਅਭਿਆਸ (ਉਪਨਿਸ਼ਦ) ਵੇਦ ਆਦਿ ਇਨ੍ਹਾਂ ਸਭਨਾ ਦਾ ਉਪਾਉ ਕਰੇ।

93. ਬ੍ਰਾਹਮਣ, ਖੱਤਰੀ, ਵੈਸ਼ ਦੇ ਜਨਮ ਨੂੰ ਫਲ ਸਾਥ ਕਰਨ ਵਾਲੇ ਆਤਮ ਗਿਆਨ ਤੇ ਵੇਦ ਅਭਿਆਸ ਆਦਿ ਕਰਮ ਹਨ ਪਰ ਫਿਰ ਵੀ ਬ੍ਰਾਹਮਣ ਦੇ ਜਨਮ ਨੂੰ ਦੂਜਿਆਂ ਨਾਲੋਂ ਵੱਧਕੇ ਹੈ ਇਸ ਵਾਸਤੇ ਇਸ ਕਰਮ ਨੂੰ ਕਰਕੇ ਕਰਨੇ ਯੋਗ ਸਭੇ ਕੰਮ ਕਰ ਚੁੱਕਦਾ ਹੈ।

94. ਵੇਦ ਹਰ ਸਮੇਂ ਪਿਤ੍ਰ ਦੇਵਤਾ ਮਨੁੱਖਾਂ ਦੀਆਂ ਅੱਖਾਂ ਹਨ ਵੇਦ ਤੇ ਸ਼ਾਸਤ੍ਰ ਦੋਵੇਂ

ਸੰਸੇ ਵਾਲੇ ਨਹੀਂ ਹਨ ਤੇ ਨਾਹੀਂ ਦਲੀਲਾਂ ਕਰਨ ਯੋਗ ਹਨ ਇਹ ਸ਼ਾਸਤ੍ਰ ਦੀ ਆਗਿਆ ਹੈ।

95. ਜਿਹੜੇ ਪੰਥ ਅਤੇ ਮਜ਼ਬ ਵੇਦ ਦੇ ਵਿਰੁੱਧ ਅਤੇ ਸ਼ਾਸਤ੍ਰ ਦੇ ਵਿਰੁੱਧ ਆਪਣੀ ਅਕਲ ਨਾਲ ਬਣੇ ਹੋਏ ਹਨ ਉਹ ਸਾਰੇ ਨਿਸਫਲ ਹਨ ਮੁਕਤ ਨਹੀਂ ਦੇ ਸਕਦੇ ਤੇ ਤਮੋਗੁਣ ਨਾਲ ਭਰੇ ਹੋਏ ਹਨ।

96. ਵੇਦ ਤੋਂ ਬਾਹਰਾ ਜੋ ਬਚਨ ਹੈ ਉਹ ਮਨੁੱਖਾਂ ਦਾ ਬਣਾਇਆ ਹੋਇਆ ਹੈ ਇਸ ਵਾਸਤੇ ਬਿਨਾਂ ਵੇਦ ਜੜ੍ਹ ਹੈ ਚਲੇ ਜਾਣ ਵਾਲੇ ਹਨ ਕਿਉਂ ਜੋ ਉਹਨਾਂ ਦੀ ਜੜ੍ਹ ਵੇਦ ਹੈ ਤੇ ਉਹ ਪ੍ਰਵਾਨ ਹਨ।

97. ਚਾਰੇ ਵਰਨ ਤ੍ਰੈ ਲੋਕੀ, ਚਾਰੇ ਆਸ੍ਰਮ ਤੇ ਭੂਤ, ਭਵਿੱਖਤ ਵਰਤਮਾਨ ਤੇ ਸਭੇ ਕਰਮ ਉਹ ਸਭੇ ਵੇਦ ਵਿਚੋਂ ਹੀ (ਮਸ਼ਹੂਰ ਹੁੰਦਾ) ਮਲੂਮ ਹੁੰਦਾ ਹੈ।

98. ਸਤੋ, ਰਜੋ, ਤਮੋ, ਤ੍ਰਿਹਾਂ ਗੁਣਾਂ ਤੋਂ ਉਤਪੰਨ ਹੋਏ ਸ਼ਬਦ ਸਪਰਸ਼, ਰੂਪ, ਰਸ, ਗੰਧ ਹੈ ਸਭੇ ਵੇਦ ਤੋਂ ਹੀ ਨਿਕਲਦੇ ਹਨ।

99. ਹਮੇਸ਼ਾ ਸਭ ਜੀਵਾਂ ਦੇ ਧਾਰਨ ਵਾਲਾ ਵੇਦ ਸ਼ਾਸਤ੍ਰ ਹੈ ਤੇ ਉਹ ਮਨੁੱਖ ਦਾ ਉੱਤਮ ਪੁਰਸ਼ਾਰਥ ਹੈ। ਇਸ ਗੱਲ ਨੂੰ ਮੈਂ ਮੰਨਦਾ ਹਾਂ।

100. ਫੌਜ ਦੇ ਮਾਲਕ ਦਾ ਕੰਮ ਰਾਜੇ ਦਾ ਸਜ਼ਾ ਦੇਣਾ ਸਾਰਿਆਂ ਲੋਕਾਂ ਦਾ ਰਾਜ ਅਧਿਕਾਰ ਇਹਨਾਂ ਸਭਨਾ ਨੂੰ ਵੇਦ ਸ਼ਾਸਤ੍ਰ ਜਾਨਣ ਵਾਲੇ ਹਨ।

101. ਜਿਸ ਤਰ੍ਹਾਂ ਭੜਕੀ ਹੋਈ ਅੱਗ ਸਿੱਨੇ ਬ੍ਰਿਛ ਨੂੰ ਵੀ ਸਾੜ ਦੇਂਦੀ ਹੈ ਇਸੇ ਤਰ੍ਹਾਂ ਵੇਦ ਸਮਝਣ ਵਾਲਾ ਆਪਣੇ ਕਰਮਾਂ ਦੇ ਦੋਖ ਨੂੰ ਸਾੜਦਾ ਹੈ।

102. ਵੇਦ ਸ਼ਾਸਤ੍ਰ ਦੇ ਅਸਲ ਤਾਤਪਰਜ ਨੂੰ ਸਮਝਣ ਵਾਲਾ ਕਿਸੇ ਆਸ਼ਰਮ ਵਿਚ ਰਹਿ ਕੇ ਮੁਕਤ ਯੋਗ ਹੁੰਦਾ ਹੈ।

103. ਜਿਹੜਾ ਕੁਝ ਵੀ ਨਹੀਂ ਜਾਣਦਾ ਉਸ ਨਾਲੋਂ ਇਕ ਪੋਥੀ ਪੜ੍ਹਨ ਵਾਲਾ ਵੱਡਾ ਹੈ ਤੇ ਜਿਹੜਾ ਪੜ੍ਹੇ ਹੋਏ ਨੂੰ ਨਹੀਂ ਭੁਲਾਉਂਦਾ ਉਹ ਉਸ ਨਾਲੋਂ ਵੀ ਵੱਡਾ ਹੈ ਤੇ ਜਿਹੜਾ ਪੜ੍ਹੇ ਹੋਏ ਦੇ ਅਰਥ ਸਮਝਦਾ ਹੈ ਉਹ ਉਸ ਨਾਲੋਂ ਵੀ ਵੱਡਾ ਹੈ ਤੇ ਵੇਦ ਅਨੁਸਾਰ ਕਰਮ ਕਰਨ ਵਾਲਾ ਉਸ ਨਾਲੋਂ ਵੀ ਵੱਡਾ ਹੈ।

104. ਤਪ ਆਪਣੀ ਧਰਮ ਵਿਦਿਆ ਤੇ ਬ੍ਰਹਮ ਗਿਆਨ ਇਹ ਦੋਵੇਂ ਬ੍ਰਾਹਮਣ ਦੀ ਮੁਕਤੀ ਦੇ ਸ੍ਰੇਸ਼ਟ ਉਪਾਵ ਹਨ ਕਿਉਂ ਜੋ ਤਪ ਨਾਲ ਪਾਪਾਂ ਨੂੰ ਨਸ਼ਟ ਕਰਦਾ ਹੈ ਤੇ ਵਿਦਿਆ ਕਰਕੇ ਮੋਖ ਪਾਉਂਦਾ ਹੈ।

105. ਧਰਮ ਦੇ ਸਿਧਾਂਤ ਨੂੰ ਜਾਣਨ ਦੀ ਚਾਹ ਵਾਲਾ ਮਨੁੱਖ (ਪ੍ਰਤੀਕਸ਼) ਸਾਹਮਣੇ (ਅਨੁਮਾਨ) ਜਾਹਰਾ ਕਈ ਪ੍ਰਕਾਰ ਦਾ ਸ਼ਬਦ ਸ਼ਾਸਤ੍ਰ ਵਿਚ ਆਖਿਆ ਹੋਇਆ ਇਨ੍ਹਾਂ ਤ੍ਰਿਹਾਂ ਬਾਤਾਂ ਨੂੰ ਚੰਗੀ ਤਰ੍ਹਾਂ ਨਾਲ ਸਮਝੇ।

106. ਵੇਦ ਤੇ ਸਿੰਮ੍ਰਤੀਆਂ ਨੂੰ ਜੇੜ੍ਹਾ ਚੰਗੀ ਦਲੀਲ ਕਰਕੇ ਢੂੰਡਦਾ ਹੈ ਤੇ ਉਹਨਾਂ ਦੇ ਅਸਲ ਤਾਤਪਰਜ ਨੂੰ ਜਾਣੇ ਉਹੀ ਧਰਮ ਨੂੰ ਸਮਝਕੇ ਜਾਣਦਾ ਹੈ ਹੋਰ ਕੋਈ ਨਹੀਂ ਜਾਣਦਾ।

107. ਭ੍ਰਿਗੂ ਜੀ ਆਖਦੇ ਹਨ ਕਿ ਅਸਾਂ ਮੋਖ ਦੇਣ ਵਾਲੇ ਸਭੋ ਹੀ ਕਰਮ ਕਥਨ ਕੀਤੇ, ਹੁਣ ਇਸ ਸ਼ਾਸਤ੍ਰ ਦੀਆਂ ਗੁਪਤ ਗੱਲਾਂ ਵੀ ਕਥਨ ਕਰਦੇ ਹਾਂ।

108. ਜਿਹੜਾ ਧਰਮ ਅਸਾਂ ਨੇ ਨਹੀਂ ਕਥਨ ਕੀਤਾ ਉਸਨੂੰ ਸ੍ਰੇਸ਼ਟ ਬ੍ਰਾਹਮਣ ਕਥਨ ਕਰਨ ਤਾਂ ਨਿਰਸੰਸੇ ਮੰਨਣਾ ਤੇ ਉਹ ਧਰਮ ਕਰਨਾ।

109. ਜਿਸਨੇ ਸਾਰੇ ਵੇਦ ਨੂੰ ਧਰਮ ਸੰਜੁਕਤ ਪੜ੍ਹਿਆ ਹੋਵੇ ਉਹੀ ਸ੍ਰੇਸ਼ਟ ਬ੍ਰਾਹਮਣ ਅਖਵਾਉਂਦਾ ਹੈ ਕਿਉਂ ਜੋ ਉਹਾ ਵੇਦ ਸੁਣਾਉਂਦਾ ਹੈ।

110. 10 ਤੋਂ ਵੱਧ ਭਾਵੇਂ ਤਿੰਨ ਤੋਂ ਵੱਧ ਜਿਹੜੀ ਬ੍ਰਾਹਮਣਾਂ ਦੀ ਪੰਚਾਇਤ ਹੈ ਉਹ ਪ੍ਰਸ਼ਟ ਅਖਵਾਉਂਦੀ ਹੈ ਜਿਹੜਾ ਧਰਮ ਉਹ ਪ੍ਰਸ਼ਟ ਦੱਸੇ ਉਹੋ ਕਰਨਾ ਚਾਹੀਦਾ ਹੈ।

111. ਤ੍ਰੈ ਵੇਦ ਦੀ ਇਕ (ਸਾਖਾ) ਵੇਦ ਦਾ ਹਿੱਸਾ ਪੜ੍ਹਨ ਵਾਲਾ ਸਤ ਤੇ ਸਿਮ੍ਰਤੀ ਅਨੁਸਾਰ, ਨਿਆਂ ਸ਼ਾਸਤ੍ਰ ਦੇ ਪੜ੍ਹਨ ਵਾਲਾ ਮੈਮਾਨਸਾ ਧਰਮ ਸ਼ਾਸਤ੍ਰ ਨਿਰੁਕਤ, ਇਨ੍ਹਾਂ ਸਭਨਾ ਨੂੰ ਜਾਣਨ ਵਾਲਾ ਬ੍ਰਹਮਚਾਰੀ ਗ੍ਰਿਹਸਤੀ, ਬਾਨ ਪ੍ਰਸਤੀ ਦਸਾਂ ਤੋਂ ਵਧੀਕ ਪੰਚਾਇਤ ਬਣਨ ਤਾਂ ਪ੍ਰਸ਼ਟ ਅਖਵਾਉਂਦਾ ਹੈ।

112. ਰਿਗ, ਯੁਜਰ, ਸ਼ਾਮ ਇਨ੍ਹਾਂ ਤ੍ਰਿਹਾਂ ਵੇਦਾਂ ਦੀ ਇਕ ਸਾਖ ਨੂੰ ਪੜ੍ਹਨ ਵਾਲਾ ਤੇ ਉਨ੍ਹਾਂ ਦਾ ਅਰਥ ਤੇ ਤਾਤਪਰਜ ਸਮਝਣ ਵਾਲੇ ਤ੍ਰੈ ਬ੍ਰਾਹਮਣ ਧਰਮ ਦੇ ਸੰਸੇ ਨੂੰ ਹਟਾਵਣ।

113. ਵੇਦ ਨੂੰ ਅਰਥ ਸਮੇਤ ਪੜ੍ਹਨੇ ਵਾਲਾ ਤੇ ਸਿਮ੍ਰਤੀਆਂ ਪੁਰਾਣ, ਮੀਮਾਂਸਾ ਨਿਆਇ ਇਨ੍ਹਾਂ ਸਭਨਾਂ ਦੇ ਤਾਤਪਰਜ ਨੂੰ ਜਾਣਨ ਵਾਲਾ ਇਕੱਲਾ ਵੀ ਜਿਹੜਾ ਧਰਮ ਦਸੇ ਉਹ ਹੀ ਧਰਮ ਹੈ ਤੇ ਜੇ ਦਸ ਹਜ਼ਾਰ ਮੂਰਖ ਧਰਮ ਦੱਸਣ ਉਹ ਧਰਮ ਨਹੀਂ ਹੈ।

114. ਬਰਤ ਤੇ ਮੰਤ੍ਰ ਤੋਂ ਹੀਣ ਨਿਰਾ ਜਾਤ ਨਾਲ ਹੀ ਜ਼ਿੰਦਗੀ ਦਾ ਗੁਜ਼ਾਰਾ ਕਰਨ ਵਾਲੇ ਹਜ਼ਾਰ ਵੀ ਹੋਵਣ ਤਾਂ ਪ੍ਰਸ਼ਟ ਨਹੀਂ ਅਖਵਾਉਂਦੇ।

115. ਤਮੋਗੁਣ ਵਾਲੇ ਮੂਰਖ ਧਰਮ ਦੇ ਜਾਣਨ ਤੋਂ ਹੀਣ ਜਿਹੜਾ ਪਾਪ ਦਾ ਪ੍ਰਾਸਚਿਤ ਦਸਦੇ ਹਨ ਉਨ੍ਹਾਂ ਨੂੰ ਉਹ ਪਾਪ ਸੌ ਹਿੱਸਾ ਹੋ ਕੇ ਚੰਬੜਦਾ ਹੈ।

116. ਭ੍ਰਿਗੂ ਜੀ ਆਖਦੇ ਹਨ ਕਿ ਹੇ ਰਿਖੀਓ ! ਤੁਹਾਨੂੰ ਕਲਿਆਣ ਦੇਣ ਵਾਲਾ ਧਰਮ ਦੱਸਿਆ ਹੈ ਜੇ ਬ੍ਰਾਹਮਣ ਇਸ ਧਰਮ ਨਾਲੋਂ ਨਾ ਵਿਛੜੇ ਤਾਂ ਪਰਮ ਗਤਿ ਪਾਉਂਦਾ ਹੈ।

117. ਲੋਕਾਂ ਦੇ ਭਲੇ ਵਾਸਤੇ ਮਨੂੰ ਭਗਵਾਨ ਨੇ ਇਸ ਤਰ੍ਹਾਂ ਬੜਾ ਗੁਪਤ ਧਰਮ ਸਾਨੂੰ ਦੱਸਿਆ।

☆☆☆

ISBN 81-7601-719-1
9788176017190

An I.S.O. 9001:2000 Certified Publishing House